ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 137| 21 to 27 August , 2024 | Ph.: (510) 240-5949 | Email: asrtimes@gmail.com

# ਵਿਸ਼ਵ ਜੰਗ ਦਾ ਪਹਿਲਾ ਪੜਾਅ ਸ਼ੁਰੂ, ਨਾਟੋ ਲਈ ਵੱਡਾ ਖ਼ਤਰਾ ਬਣਿਆ ਚੀਨ

## ਨਾਟੋ ਵੱਲੋਂ ਚੀਨ ਨੂੰ ਘੇਰਨ ਦੀ ਤਿਆਰੀ, ਪ੍ਰਸ਼ਾਂਤ ਮਹਾਸਾਗਰ ਵਿੱਚ ਜੰਗੀ ਬੇੜੇ ਕੀਤੇ ਇਕੱਠੇ

## ਯੂਕ੍ਰੇਨ ਡਰਟੀ ਬੰਬ ਨਾਲ ਕਰੇਗਾ ਹਮਲਾ... ਰੂਸ ਨੇ ਕੀਤਾ ਦਾਅਵਾ ਅਜਿਹਾ ਹੋਇਆ ਤਾਂ ਪ੍ਰਮਾਣੂ ਹਮਲਾ ਹੋਵੇਗਾ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਵਿਸ਼ਵ ਜੰਗ ਦਾ ਪਹਿਲਾ ਪੜਾਅ ਸ਼ੁਰੂ ਹੋ ਚੁਕਾ ਹੈ,ਜਿਸ ਦੀ ਜੜ੍ਹ ਅਮਰੀਕਾ ਹੈ ਜੋ ਪੂਰੇ ਵਿਸ਼ਵ ਵਿੱਚ ਥਾਣੇਦਾਰੀ ਕਰਨਾ ਚਾਹੁੰਦਾ ਹੈ। ਇੱਕ ਪਾਸੇ ਇਜ਼ਰਾਇਲ ਰਾਹੀਂ ਅਰਬ ਦੇਸਾਂ ਦਾ ਨਮਦਾ ਕਸ ਰਿਹਾ ਹੈ।ਰੂਸ ਨੂੰ ਯੂਕ੍ਰੇਨ ਨਾਲ ਜੰਗ ਵਿੱਚ ਫਸਾਈ ਬੈਠਾ ਹੈ ਤੇ ਯੂਕ੍ਰੇਨ ਦੀ ਮਦਦ ਕਰ ਰਿਹਾ ਹੈ।

ਨਿਊਯਾਰਕ ਤੋਂ ਨਿਊਜ਼ ਵੈਬਸਾਈਟ ਬਲੂਮਬਰਗ ਡਾਟ ਕਾਮ ਦੀ ਤਾਜ਼ਾ ਰਿਪੋਟ ਅਨੁਸਾਰ ਹੁਣ ਤੱਕ ਚੀਨ ’ਤੇ ਨਜ਼ਰ ਰੱਖ ਰਹੇ ਨਾਟੋ ਨੂੰ ਆਖਰਕਾਰ ਪ੍ਰਸ਼ਾਂਤ ਮਹਾਸਾਗਰ ਵਿੱਚ ਆਪਣੀ ਫੌਜੀ ਮੌਜੂਦਗੀ ਵਧਾਉਣ ਲਈ ਮਜਬੂਰ ਹੋਣਾ ਪਿਆ ਹੈ।ਹੁਣ ਤੱਕ ਨਾਟੋ ਸਿਰਫ਼ ਰੂਸ ਨੂੰ ਹੀ ਸਭ ਤੋਂ ਵੱਡਾ ਖ਼ਤਰਾ ਮੰਨਦਾ ਸੀ ਪਰ ਇਸ ਸਾਲ ਜੁਲਾਈ ਵਿੱਚ ਵਾਸ਼ਿੰਗਟਨ ਵਿੱਚ ਹੋਈ ਕਾਨਫਰੰਸ ਵਿੱਚ ਚੀਨ ਨੂੰ ਦੁਨੀਆ ਲਈ ਸਭ ਤੋਂ ਵੱਡਾ ਖ਼ਤਰਾ ਮੰਨਿਆ ਗਿਆ ਸੀ।ਉਦੋਂ ਤੋਂ ਚੀਨ ਨਾਟੋ ਦਾ ਨਿਸ਼ਾਨਾ ਬਣ ਗਿਆ ਹੈ। ਨਾਟੋ ਦੇ ਮੈਂਬਰ ਚੀਨ ਦੇ ਖ਼ਿਲਾਫ਼ ਫ਼ੌਜ ਵੀ ਤਾਇਨਾਤ ਕਰ ਰਹੇ ਹਨ। ਹੁਣ ਇਨ੍ਹਾਂ ਵਿੱਚ ਇਟਲੀ ਵੀ ਸ਼ਾਮਲ ਹੋ ਗਿਆ ਹੈ। ਪਹਿਲੀ ਵਾਰ, ਇਟਲੀ ਨੇ ਚੀਨ ਦੇ ਨਾਲ ਲੱਗਦੇ ਪ੍ਰਸ਼ਾਂਤ ਮਹਾਸਾਗਰ ਖੇਤਰ ਵਿੱਚ ਆਪਣਾ ਏਅਰਕ੍ਰਾਫਟ ਕੈਰੀਅਰ ਕੈਵੂਰ ਤਾਇਨਾਤ ਕੀਤਾ ਹੈ।

ਕੈਵੂਰ ਅਤੇ ਇੱਕ ਹੋਰ ਇਤਾਲਵੀ ਫ੍ਰੀਗੇਟ ਨੇ ਹਾਲ ਹੀ ਵਿੱਚ ਗੁਆਮ ਟਾਪੂ ਦੇ ਨੇੜੇ ਯੂ.ਐਸ. ਏਅਰਕ੍ਰਾਫਟ ਕੈਰੀਅਰ ਯੂ.ਐਸ.ਐਸ. ਨੇ ਅਬ੍ਰਾਹਮ ਲਿੰਕਨ ਨਾਲ ਮਿਲਕੇ ਅਭਿਆਸ ਕੀਤਾ ਸੀ। ਕੈਵਰ ਕੈਰੀਅਰ ਸਟ੍ਰਾਈਕ ਗਰੁੱਪ ਦੇ ਕਮਾਂਡਰ ਰੀਅਰ ਐਡਮਿਰਲ ਗਿਆਨਕਾਰਲੋ ਸਿਏਪੀਨਾ ਨੇ ਕਿਹਾ ਕਿ ਇਹ, ਸਾਡੀ ਸਾਂਝੀ ਤਾਕਤ ਤੇ ਸਾਡੀ ਯੋਗਤਾ ਦਾ ਇਕ ਪ੍ਰਦਰਸ਼ਨ ਹੈ। ਕੁਝ ਸੁਰੱਖਿਆ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਯੂਰਪੀਅਨ ਜਲ ਸੈਨਾ ਪ੍ਰਸ਼ਾਂਤ ਖੇਤਰ ਵਿੱਚ ਕਿਸੇ ਵੀ ਸੰਘਰਸ਼ ਵਿੱਚ ਇੱਕ ਅਗਾਂਹਵਧੂ ਭੂਮਿਕਾ ਨਿਭਾਉਣਗੇ।ਪਰ ਉਨ੍ਹਾਂ ਦੀ ਲਗਾਤਾਰ ਵਧਦੀ ਮੌਜੂਦਗੀ ਚੀਨ ਨਾਲ ਸਬੰਧਾਂ ਨੂੰ ਤਣਾਅਪੂਰਨ ਬਣਾ ਰਹੀ ਹੈ।ਯੂਰਪ ਹੁਣ ਚੀਨ ਦੇ ਨਿਸ਼ਾਨੇ ਉਪਰ ਹੈ।

ਚੀਨ ਤਾਇਵਾਨ ਦੇ ਕੋਲ ਲਗਾਤਾਰ ਲੜਾਕੂ ਅਤੇ ਬੰਬਾਰ ਜਹਾਜ਼ ਉਡਾ ਰਿਹਾ ਹੈ। ਖਦਸ਼ਾ ਹੈ ਕਿ ਚੀਨ ਕਿਸੇ ਵੀ ਸਮੇਂ ਤਾਈਵਾਨ ’ਤੇ ਹਮਲਾ ਕਰ ਸਕਦਾ ਹੈ। ਚੀਨ ਤਾਇਵਾਨ ਨਾਲ ਜੰਗ ਵਿੱਚ ਉਲਝ ਸਕਦਾ ਹੈ। ਅਮਰੀਕਾ ਨੇ ਤਾਈਵਾਨ ਦੀ ਰੱਖਿਆ ਕਰਨ ਦਾ ਵਾਅਦਾ ਕੀਤਾ ਹੈ। ਅਜਿਹੇ ਵਿੱਚ ਤਾਇਵਾਨ ’ਤੇ ਹਮਲੇ ਦੀ ਸਥਿਤੀ ਵਿੱਚ ਅਮਰੀਕਾ ਵੀ ਇਸ ਸੰਘਰਸ਼ ਵਿੱਚ ਸਿਧੇ -ਅਸਿਧੇ ਰੂਪ ਵਿੱਚ ਸ਼ਾਮਲ ਹੋ ਸਕਦਾ ਹੈ। ਅਜਿਹੇ ਸਮੇਂ, ਯੂਰਪੀਅਨ ਜਲ ਸੈਨਾਵਾਂ ਅਮਰੀਕੀ ਫੌਜੀ ਸ਼ਕਤੀ ਨੂੰ ਵਧਾ ਸਕਦੀਆਂ ਹਨ, ਜਿਵੇਂ ਕਿ ਅਮਰੀਕੀ ਜਹਾਜ਼ਾਂ ਲਈ ਵਾਧੂ ਪਲੇਟਫਾਰਮ ਪ੍ਰਦਾਨ ਕਰਨਾ, ਪਣਡੁੱਬੀ ਅਟੈਕ ਦੀਆਂ ਸਮਰੱਥਾਵਾਂ ਨੂੰ ਵਧਾਈ ਰਖਣਾ ਅਤੇ ਫੌਜੀ ਸਪਲਾਈ ਨੂੰ ਕਾਇਮ ਰੱਖਣਾ।ਨਾਟੋ ਦੇ ਮੈਂਬਰਾਂ ਦੇ ਵਿਚਾਲੇ ਰੱਖਿਆ ਸੰਧੀ ਹੈ ਜੋ ਸਿਰਫ ਯੂਰਪ ਅਤੇ ਉੱਤਰੀ ਅਮਰੀਕਾ ਵਿੱਚ ਹਮਲਿਆਂ ’ਤੇ ਲਾਗੂ ਹੁੰਦੀ ਹੈ, ਇਸ ਲਈ ਉਹ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਇੱਕ ਦੂਜੇ ਦੀ ਰੱਖਿਆ ਕਰਨ ਲਈ ਕਾਨੂੰਨੀ ਤੌਰ ’ਤੇ ਮਜਬੂਰ ਨਹੀਂ ਕੀਤਾ ਜਾ ਸਕਦਾ।

ਬ੍ਰਿਟਿਸ਼ ਏਅਰਕ੍ਰਾਫਟ ਕੈਰੀਅਰ ਐਚਐਮਐਸ ਪ੍ਰਿੰਸ ਆਫ ਵੇਲਜ਼ ਅਤੇ ਇਸਦਾ ਸਟ੍ਰਾਈਕ ਗਰੁੱਪ ਅਗਲੇ ਸਾਲ ਪ੍ਰਸ਼ਾਂਤ ਖੇਤਰ ਵਿੱਚ ਪਹੁੰਚਣ ਵਾਲਾ ਹੈ।



ਫਰਾਂਸ ਨੇ ਇਹ ਵੀ ਕਿਹਾ ਹੈ ਕਿ ਉਹ ਚਾਰਲਸ ਡੀ ਗੌਲ ਕੈਰੀਅਰ ਸਟ੍ਰਾਈਕ ਗਰੁੱਪ ਨੂੰ ਪ੍ਰਸ਼ਾਂਤ ਮਹਾਸਾਗਰ ਖੇਤਰ ਵਿੱਚ ਭੇਜੇਗਾ। ਇੱਕ ਸਟ੍ਰਾਈਕ ਸਮੂਹ ਇੱਕ ਏਅਰਕ੍ਰਾਫਟ ਕੈਰੀਅਰ ਦੇ ਆਲੇ ਦੁਆਲੇ ਬਣਾਈ ਗਈ ਇੱਕ ਛੋਟੀ ਜਿਹਾ ਸੈਨਿਕ ਦਲ ਹੁੰਦਾ ਹੈ ਜਿਸ ਵਿੱਚ ਆਮ ਤੌਰ ’ਤੇ ਵਿਨਾਸ਼ਕਾਰੀ, ਕਰੂਜ਼ਰ ਅਤੇ ਹੋਰ ਜਹਾਜ਼ਾਂ ਦੇ ਨਾਲ-ਨਾਲ ਲੜਾਕੂ ਜਹਾਜ਼ ਅਤੇ ਹੋਰ ਜਹਾਜ਼ ਸ਼ਾਮਲ ਹੁੰਦੇ ਹਨ। ਜਰਮਨੀ ਅਤੇ ਨੀਦਰਲੈਂਡ ਹੋਰ ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਦੇ ਮੈਂਬਰਾਂ ਵਿੱਚੋਂ ਇੱਕ ਹਨ ਜੋ ਖੇਤਰ ਵਿੱਚ ਜੰਗੀ ਜਹਾਜ਼ ਭੇਜਣ ਦੀ ਯੋਜਨਾ ਬਣਾ ਰਹੇ ਹਨ। ਇਸ ਕਾਰਨ ਯੂਰਪ, ਅਮਰੀਕਾ ਨਾਲ ਚੀਨ ਦਾ ਤਣਾਅ ਪੈਦਾ ਹੋ ਸਕਦਾ ਹੈ ਜੋ ਸਿਧੀ ਜੰਗ ਵਿੱਚ ਬਦਲ ਸਕਦਾ ਹੈ।

**ਰੂਸ ਤੇ ਯੂਕਰੇਨ ਤਿਖੀ ਜੰਗ ਵਿੱਚ**

**ਅਮਰੀਕਾ**

ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਲਗਾਤਾਰ ਵਧਦੀ ਜਾ ਰਹੀ ਹੈ। ਯੂਕਰੇਨ ਦੀ ਫ਼ੌਜ ਹੁਣ ਰੂਸ ਵਿੱਚ ਦਾਖਲ ਹੋ ਗਈ ਹੈ, ਜਿਸ ਨੇ ਪੁਤਿਨ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਦੌਰਾਨ ਰੂਸ ਨੇ ਦਾਅਵਾ ਕੀਤਾ ਹੈ ਕਿ ਯੂਕ੍ਰੇਨ ਡਰਟੀ ਬੰਬ ਨਾਲ ਹਮਲਾ ਕਰ ਸਕਦਾ ਹੈ।ਆਰ ਟੀ ਇੰਟਰਨੈਸ਼ਨਲ ਜੋ ਰੂਸ ਦੀ ਸਰਕਾਰੀ ਅਖਬਾਰ ਹੈ,ਉਸ ਅਨੁਸਾਰ ਕਈ ਰਿਪੋਰਟਾਂ ਵਿੱਚ, ਰੂਸੀ ਫ਼ੌਜੀ ਪੱਤਰਕਾਰਾਂ ਨੇ ਕਿਹਾ ਹੈ ਕਿ ਯੂਕ੍ਰੇਨ ਕਥਿਤ ਤੌਰ ’ਤੇ ਨਿਪ੍ਰੋਪੇਤ੍ਰੋਵਸਕ ਖੇਤਰ ਵਿੱਚ ਡਰਟੀ ਬੰਬ ਸਮੇਤ ਪ੍ਰਮਾਣੂ ਭੜਕਾਹਟ ਦੀ ਤਿਆਰੀ ਕਰ ਰਿਹਾ ਹੈ। ਰਿਪੋਰਟਾਂ ਮੁਤਾਬਕ ਯੂਕ੍ਰੇਨ ਦੀ ਫੌਜ ਰੂਸ ਦੇ ਕਬਜ਼ੇ ਵਾਲੇ ਜ਼ਪੋਰਿਜ਼ੀਆ ਨਿਊਕਲੀਅਰ ਪਾਵਰ ਪਲਾਂਟ ਅਤੇ ਰੂਸੀ ਕੁਰਸਕ ਨਿਊਕਲੀਅਰ ਪਾਵਰ ਪਲਾਂਟ ’ਤੇ ਹਮਲਾ ਕਰਨ ਦੀ ਯੋਜਨਾ ਬਣਾ ਰਹੀ ਹੈ। ਫ਼ੌਜੀ ਪ੍ਰਤੀਨਿਧੀ ਮਾਰਤ ਖੈਰੂਲਿਨ ਨੇ ਪਹਿਲਾਂ ਹੀ ਆਪਣੇ ਟੈਲੀਗ੍ਰਾਮ ਚੈਨਲ ’ਤੇ ਇਸ ਸੰਬੰਧੀ ਪਹਿਲਾਂ ਵੀ ਦਾਅਵਾ ਕੀਤਾ ਸੀ।

ਯੂਕਰੇਨ ਦੇ ਵਿਦੇਸ਼ ਮੰਤਰਾਲੇ ਨੇ ਪ੍ਰਮਾਣੂ ਊਰਜਾ ਪਲਾਂਟਾਂ ’ਤੇ ਡਰਟੀ ਬੰਬਾਂ ਨਾਲ ਹਮਲਾ ਕਰਨ ਦੇ ਰੂਸੀ ਦਾਅਵਿਆਂ ਨੂੰ ਰੱਦ ਕਰ ਦਿੱਤਾ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਰੂਸ ਨੇ ਯੂਕਰੇਨ ’ਤੇ ਡਰਟੀ ਬੰਬ ਹਮਲੇ ਦੀ ਯੋਜਨਾ ਬਣਾਉਣ ਦਾ ਦਾਅਵਾ ਕੀਤਾ ਹੈ। ਇਸ ਤੋਂ ਪਹਿਲਾਂ ਅਕਤੂਬਰ 2022 ਵਿੱਚ ਰੂਸ ਨੇ ਵੀ ਕਿਹਾ ਸੀ ਕਿ ਯੂਕ੍ਰੇਨ ਇੱਕ ਡਰਟੀ ਬੰਬ ਹਮਲੇ ਦੀ ਯੋਜਨਾ ਬਣਾ ਰਿਹਾ ਹੈ।

ਯਾਦ ਰਹੇ ਕਿ ਡਰਟੀ ਬੰਬ ਇੱਕ ਅਜਿਹਾ ਹਥਿਆਰ ਹੈ ਜਿਸ ਵਿੱਚ ਯੂਰੇਨੀਅਮ ਵਰਗੇ ਰੇਡੀਓ ਐਕਟਿਵ ਪਦਾਰਥ ਹੁੰਦੇ ਹਨ, ਜੋ ਧਮਾਕੇ ਨਾਲ ਹਵਾ ਵਿੱਚ ਖਿੱਲਰ ਜਾਂਦੇ ਹਨ। ਇਨ੍ਹਾਂ ਹਥਿਆਰਾਂ ਦਾ ਮਕਸਦ ਸਿਰਫ਼ ਖ਼ਤਰਨਾਕ ਰੇਡੀਏਸ਼ਨ ਫੈਲਾਉਣਾ ਹੈ, ਇਸ ਲਈ ਇਨ੍ਹਾਂ ਨੂੰ ਐਟਮ ਬੰਬ ਵਰਗੀ ਜ਼ਿਆਦਾ ਸ਼ੁੱਧ ਰੇਡੀਓਐਕਟਿਵ ਸਮੱਗਰੀ ਦੀ ਲੋੜ ਨਹੀਂ ਪੈਂਦੀ। ਡਰਟੀ ਬੰਬ ਬਣਾਉਣਾ ਪਰਮਾਣੂ ਹਥਿਆਰਾਂ ਨਾਲੋਂ ਬਹੁਤ ਸਸਤਾ ਹੁੰਦਾ ਹੈ ਅਤੇ ਇਸ ਦਾ ਅਟੈਕ ਤੇਜ਼ ਹੁੰਦਾ ਹੈ।

ਇਸ ਖਬਰ ਤੋਂ ਸਪੱਸ਼ਟ ਹੈ ਕਿ ਰੂਸ ਯੂਕ੍ਰੇਨ ਦੀ ਜੰਗ ਤਿਖੀ ਹੁੰਦੀ ਜਾ ਰਹੀ ਹੈ। ਯੂਕ੍ਰੇਨ ਦੀ ਪਿਠ ਉਪਰ ਅਮਰੀਕਾ ਤੇ ਯੂਰਪੀਅਨ ਦੇਸ਼ ਹਨ। ਇਸ ਕਾਰਨ ਰੂਸ ਚਿੜਿਆ ਹੋਇਆ ਹੈ। ਇਸ ਜੰਗ ਪਿਛੇ ਅਮਰੀਕਾ ਦਾ ਹਥ ਹੈ। ਹਥਿਆਰਾਂ ਦੀ ਮੰਡੀ ਇਹ ਜੰਗ ਦਾ ਕਾਰਨ ਹੈ। ਜੰਗ ਹੋਵੇਗੀ ਅਮਰੀਕਾ ਦੇ ਹਥਿਆਰ ਵਿਕਣਗੇ। ਪਰ ਸੁਪਰ ਤਾਕਤਾਂ ਨਹੀਂ ਜਾਣਦੀਆਂ ਕਿ ਪ੍ਰਮਾਣੂ ਯੁਧ ਛਿੜਿਆ ਤਾਂ ਦੁਨੀਆਂ ਤਬਾਹ ਹੋ ਜਾਵੇਗੀ।

ਰੂਸ ਅਮਰੀਕਾ ਦੀ ਨੀਤੀ ਤੋਂ ਤੰਗ ਆਕੇ ਪ੍ਰਮਾਣੂ ਸੰਧੀ ਵੀ ਤੋੜ ਸਕਦਾ ਹੈ।

ਅਮਰੀਕਾ ਅਤੇ ਰੂਸ ਕੋਲ ਦੁਨੀਆ ਦੇ ਪ੍ਰਮਾਣੂ ਹਥਿਆਰਾਂ ਦਾ 90% ਭੰਡਾਰ ਹੈ। ਸਾਲ 2010 ਵਿੱਚ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਉਸ ਸਮੇਂ ਦੇ ਰੂਸੀ ਰਾਸ਼ਟਰਪਤੀ ਦਮਿਤਰੀ ਮੇਦਵੇਦੇਵ ਨੇ ਇੱਕ ਸੰਧੀ ’ਤੇ ਦਸਤਖਤ ਕੀਤੇ ਸਨ, ਜਿਸ ਦਾ ਨਾਂ ਨਿਊ ਸਟਾਰਟ ਸੰਧੀ ਹੈ। ਇਸ ਸੰਧੀ ਦੇ ਤਹਿਤ ਇਹ ਤੈਅ ਕੀਤਾ ਗਿਆ ਸੀ ਕਿ ਅਮਰੀਕਾ ਅਤੇ ਰੂਸ ਕਿੰਨੇ ਪਰਮਾਣੂ ਹਥਿਆਰ ਬਣਾਉਣ ਦੇ ਸਮਰੱਥ ਹੋਣਗੇ, ਤਾਂ ਜੋ ਇਹ ਗਿਣਤੀ ਕਾਬੂ ਵਿੱਚ ਰਹੇ। ਇਹ ਵੀ ਤੈਅ ਕੀਤਾ ਗਿਆ ਸੀ ਕਿ ਕਿੰਨੀਆਂ ਮਿਜ਼ਾਈਲਾਂ ਤਿਆਰ ਹਾਲਤ ਵਿੱਚ ਹੋਣਗੀਆਂ। ਇਹ ਸੰਧੀ 2026 ਵਿੱਚ ਖਤਮ ਹੋਣ ਵਾਲੀ ਹੈ।

(ਬਾਕੀ ਸਫ਼ਾ 30 ’ਤੇ)

# ਵਿਦੇਸ਼ਾਂ ’ਚ ਪੜ੍ਹਾਈ ਦੀਆਂ ਸ਼ਰਤਾਂ ਸਖ਼ਤ ਹੋਣ ਕਾਰਨ ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਰੁਝਾਨ ਵਿੱਚ ਆਈ ਕਮੀ

## ਮੈਡੀਕਲ ਵਿਦਿਆਰਥੀਆਂ ਦਾ ਰੁਝਾਨ ਭਾਰਤ ਵਿੱਚ ਸਟੱਡੀ ਕਰਨ ਦਾ ਵਧਿਆ



-ਵਿਦੇਸ਼ਾਂ ਵਿੱਚ ਪੜ੍ਹਾਈ ਦੀਆਂ ਸ਼ਰਤਾਂ ਸਖ਼ਤ ਹੋਣ ਕਾਰਨ ਇਸ ਵਰ੍ਹੇ ਵਿਦੇਸ਼ ਜਾਣ ਦੇ ਚਾਹਵਾਨ ਨੌਜਵਾਨਾਂ ਵਿੱਚ ਰੁਚੀ ਘਟੀ ਹੈ। ਜਿਸ ਕਾਰਨ ਪੰਜਾਬ ਦੇ ਮੈਡੀਕਲ ਤੇ ਨਰਸਿੰਗ ਕਾਲਜਾਂ ਵਿੱਚ ਸੀਟਾਂ ਭਰ ਗਈਆਂ ਹਨ ਅਤੇ ਸਰਕਾਰੀ ਡਿਗਰੀ ਕਾਲਜਾਂ ਅੰਦਰ ਵੀ ਮੈਰਿਟ ਦਾ ਪੱਧਰ ਹੋਰ ਉੱਚਾ ਹੋ ਗਿਆ ਹੈ। ਰਾਜ ਦੇ 12 ਮੈਡੀਕਲ ਕਾਲਜਾਂ ਵਿੱਚ ਐਮ.ਬੀ.ਬੀ.ਐਸ. ਦੀ ਪੜ੍ਹਾਈ ਕਰ ਰਹੇ 1550 ਵਿਦਿਆਰਥੀਆਂ ਦੀਆਂ 5 ਫ਼ੀਸਦ ਫ਼ੀਸਾਂ ਵਿੱਚ ਵਾਧਾ ਹੋਇਆ ਹੈ। ਨੋਟੀਫਿਕੇਸ਼ਨ ਅਨੁਸਾਰ ਐਨ.ਆਰ.ਆਈ. ਸੀਟਾਂ ਦੀਆਂ ਫ਼ੀਸਾਂ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ ਹੈ। ਪਹਿਲਾਂ ਐਮ.ਬੀ.ਬੀ.ਐਸ. ਕੋਰਸਾਂ ਅੰਦਰ ਸੀਟਾਂ ਖਾਲੀ ਰਹਿ ਜਾਂਦੀਆਂ ਸਨ। ਹੁਣ ਵਿਦੇਸ਼ਾਂ ਅੰਦਰ ਖ਼ਾਸ ਕਰਕੇ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਹੋਰ ਯੂਰਪੀ ਮੁਲਕਾਂ ਅੰਦਰ ਭਾਰਤੀ ਵਿਦਿਆਰਥੀਆਂ ਲਈ ਬਾਰ੍ਹਵੀਂ ਦੀ ਜਗ੍ਹਾ ਗਰੈਜੂਏਸ਼ਨ ਦੀ ਸ਼ਰਤ ਲਗਾ ਦਿੱਤੀ ਗਈ ਹੈ।

ਇਸ ਤੋਂ ਬਾਅਦ ਵੀ ਉਥੋਂ ਦੀਆਂ ਸਰਕਾਰਾਂ ਉਨ੍ਹਾਂ ਲਈ ਵਰਕ ਪਰਮਿਟ ਤੇ ਪੀ.ਆਰ. ਦੇਣ ਦਾ ਫ਼ੈਸਲਾ ਕਰਨਗੀਆਂ। ਇਨ੍ਹਾਂ ਸ਼ਰਤਾਂ ਕਾਰਨ ਪੰਜਾਬ ਦੇ ਨੌਜਵਾਨਾਂ ਵਿੱਚ ਵੀ ਵਿਦੇਸ਼ ਜਾਣ ਦੀ ਰੁਚੀ ਘੱਟ ਨਜ਼ਰ ਆਈ ਹੈ। ਉਨ੍ਹਾਂ ਨੇ ਪੰਜਾਬ ਵਿੱਚ ਹੀ ਪੜ੍ਹਾਈ ਕਰਨ ਦਾ ਮਨ ਬਣਾ ਲਿਆ ਹੈ। ਪੰਜਾਬ ਦੇ ਨਰਸਿੰਗ ਕਾਲਜਾਂ ਵਿੱਚ ਵੀ ਸੀਟਾਂ ਪਹਿਲੀ ਕਾਊਂਸਿਲੰਗ ਵਿੱਚ ਹੀ ਭਰੇ ਜਾਣ ਦੀ ਖ਼ਬਰ ਸਾਹਮਣੇ ਆਈ ਹੈ। ਇਸ ਵਾਰ ਪੰਜਾਬ ਪੈਰਾ ਮੈਡੀਕਲ ਪ੍ਰਵੇਸ਼ ਪ੍ਰੀਖਿਆ (ਪੀ.ਪੀ.ਐਮ.ਟੀ.) ਵਿੱਚ ਪ੍ਰੀਖਿਆਰਥੀਆਂ ਦੀ ਗਿਣਤੀ ਪੰਜਾਬ ਦੀਆਂ ਕੁੱਲ ਸੀਟਾਂ ਤੋਂ ਦੁੱਗਣੀ ਸੀ। ਨਰਸਿੰਗ ਟਰੇਨਿੰਗ ਇੰਸਟੀਚਿਊਟ ਪੰਜਾਬ ਦੇ ਚੇਅਰਮੈਨ ਡਾ. ਮਨਜੀਤ ਸਿੰਘ ਢਿੱਲੋਂ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਇਸ ਸਾਲ ਨਰਸਿੰਗ ਕਾਲਜਾਂ ’ਚ ਦਾਖਲਿਆਂ ਨੂੰ ਦੇਖਦਿਆਂ ਫ਼ੀਸਾਂ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ। ਜਿਸ ਕਾਰਨ ਪੰਜਾਬ ਅੰਦਰ 5800 ਦੇ ਕਰੀਬ ਸਰਕਾਰੀ ਤੇ ਨਿੱਜੀ ਨਰਸਿੰਗ ਕਾਲਜਾਂ ਵਿੱਚ ਸੀਟਾਂ ਭਰ ਗਈਆਂ ਹਨ। ਇਸੇ ਹੀ ਤਰ੍ਹਾਂ ਪੰਜਾਬ ਦੇ ਸਰਕਾਰੀ ਤੇ ਗੈਰ ਸਰਕਾਰੀ ਡਿਗਰੀ ਕਾਲਜਾਂ ਵਿੱਚ ਦਾਖਲਿਆਂ ਦੀ ਗਿਣਤੀ ਵਧੀ ਹੈ।

ਮਾਮਲਾ ਵਿਦੇਸ਼ ਸੈਟਲ ਹੋਣ ਦਾ

# ਕੰਟਰੈਕਟ ਵਿਆਹ ਲਈ ਅੰਡਰ ਗ੍ਰੈਜੂਏਟ ਦੀ ਥਾਂ ਗਰੈਜੂਏਟ ਕੁੜੀਆਂ ਦੀ ਮੰਗ ਵਧੀ

## 'ਸਮਝੌਤਾ ਵਿਆਹਾਂ' ਵਿੱਚ ਹੋ ਰਹੇ ਨੇ ਫਰਾਡ, ਖ਼ਰਚਾ ਲੈ ਕੇ ਵਿਦੇਸ਼ ਜਾਣ ਮਗਰੋਂ ਮੁੱਕਰ ਜਾਂਦੀਆਂ ਨੇ ਕੁੜੀਆਂ

### ਕੈਨੇਡਾ ਦੇ ਨਿਯਮਾਂ ਵਿੱਚ ਬਦਲਾਅ ਹੋਣ ਕਾਰਨ ਇਹ ਝੁਕਾਅ ਹੋਇਆ

ਪੰਜਾਬ ਵਿੱਚ ਹੁਣ 'ਬੈਂਡ ਗਰਲਜ਼' ਦੀ ਵੁੱਕਤ ਘਟੀ ਹੈ ਜਿਨ੍ਹਾਂ ਦਾ ਲੜ ਫੜ ਕੇ ਨੌਜਵਾਨ ਵਿਦੇਸ਼ ਪੱਕਾ ਹੋਣ ਦਾ ਅਰਮਾਨ ਪਾਲਦੇ ਸਨ। ਵਕਤ ਨੂੰ ਹੁਣ ਮੋੜਾ ਪਿਆ ਹੈ। ਜਿਨ੍ਹਾਂ ਬਾਰ੍ਹਵੀਂ ਪਾਸ ਲੜਕੀਆਂ ਦੇ ਪੱਲੇ ਆਇਲਸ (ਆਇਲੈਟਸ) ਦੇ ਬੈਂਡ ਵੀ ਹਨ, ਪਰ ਉਨ੍ਹਾਂ ਨੂੰ ਵਿਦੇਸ਼ ਪੜ੍ਹਾਈ ਦਾ ਕੋਈ ਖਰਚਾ ਚੁੱਕਣ ਵਾਲਾ ਲੜਕਾ ਨਹੀਂ ਲੱਭ ਰਿਹਾ ਹੈ। ਕੈਨੇਡਾ ਨੇ ਨਿਯਮਾਂ 'ਚ ਸਖ਼ਤੀ ਕਰਕੇ ਵਿਦੇਸ਼ ਉਡਾਰੀ ਦੀਆਂ ਸੱਧਰਾਂ ਨੂੰ ਮਧੋਲਿਆ ਹੈ। ਕੋਈ ਸਮਾਂ ਸੀ ਜਦੋਂ ਬਾਰ੍ਹਵੀਂ ਪਾਸ ਆਇਲਸ ਬੈਂਡ ਪ੍ਰਾਪਤ ਲੜਕੀ ਲਈ ਕਤਾਰ ਲੱਗ ਜਾਂਦੀ ਸੀ।

ਸਮੁੱਚੇ ਪੰਜਾਬ ਵਿੱਚ ਇਹ ਰੁਝਾਨ ਰਿਹਾ ਹੈ ਕਿ ਆਇਲਸ ਬੈਂਡ ਵਾਲੀਆਂ ਲੜਕੀਆਂ ਦੇ ਮਾਪੇ ਓਦਾਂ ਦਾ ਵਰ ਤਲਾਸ਼ਦੇ ਸਨ ਜਿਹੜੇ ਲੜਕੀ ਦੀ ਵਿਦੇਸ਼ ਪੜ੍ਹਾਈ ਦਾ ਖਰਚਾ ਚੁੱਕਣ ਨੂੰ ਤਿਆਰ ਹੁੰਦੇ ਸਨ। ਕੈਨੇਡਾ ਨੇ ਹੁਣ ਇਹ ਲਾਜ਼ਮੀ ਕਰ ਦਿੱਤਾ ਹੈ ਕਿ ਵਿਦੇਸ਼ ਪੜ੍ਹਾਈ ਕਰਨ ਵਾਲੀ ਗਰੈਜੂਏਟ ਲੜਕੀ ਹੀ ਆਪਣੇ ਜੀਵਨ ਸਾਥੀ ਨੂੰ ਵਿਦੇਸ਼ ਬੁਲਾ ਸਕੇਗੀ। ਨਤੀਜਾ ਇਹ ਨਿਕਲਿਆ ਹੈ ਕਿ ਬੈਂਡਾਂ ਵਾਲੀਆਂ ਬਾਰ੍ਹਵੀਂ ਪਾਸ ਲੜਕੀਆਂ ਨੂੰ ਅਜਿਹੇ ਵਰ ਨਹੀਂ ਮਿਲ ਰਹੇ ਹਨ। ਹੁਣ ਗਰੈਜੂਏਟ ਲੜਕੀਆਂ ਦੀ ਪੁੱਛ ਵਧੀ ਹੈ ਕਿਉਂਕਿ ਗ੍ਰੈਜੂਏਟ ਲੜਕੀ ਆਪ ਤੇ ਪਰਿਵਾਰ ਸਹਿਤ ਕੈਨੇਡਾ ਪੀ.ਆਰ. ਲੈ ਸਕਦੀ ਹੈ। ਨਵੇਂ ਨਿਯਮ ਅੰਡਰ-ਗਰੈਜੂਏਟ ਕੋਰਸਜ਼ ਲਈ ਜਾ ਰਹੀਆਂ ਨਵੀਆਂ ਕੁੜੀਆਂ ਆਪਣੇ ਪਤੀ ਨੂੰ ਨਾਲ ਜਾਂ ਪੜ੍ਹਾਈ ਦੇ ਦੌਰਾਨ ਕੈਨਡਾ ਨਹੀਂ ਸੱਦ ਸਕਣਗੀਆਂ।



ਮੋਗਾ ਦੇ ਪਿੰਡ ਸੈਦੋਕੇ ਦਾ ਮੈਰਿਜ ਬਿਊਰੋ ਚਾਲਕ ਮਨਦੀਪ ਕੁਮਾਰ ਦੱਸਦਾ ਹੈ ਕਿ ਹੁਣ ਉਹ ਬੈਂਡ ਵਾਲੀਆਂ ਬਾਰ੍ਹਵੀਂ ਪਾਸ ਲੜਕੀਆਂ ਦੇ ਕੇਸ ਲੈਣੋਂ ਹਟ ਗਏ ਹਨ ਕਿਉਂਕਿ ਲੜਕਿਆਂ ਦੀ ਦਿਲਚਸਪੀ ਹੁਣ ਗਰੈਜੂਏਟ ਲੜਕੀਆਂ ਵੱਲ ਹੋ ਗਈ ਹੈ। ਜਿਆਦਾਤਰ ਕੰਟਰੈਕਟ ਵਿਆਹ ਦਾ ਰਿਵਾਜ ਹੈ।

ਆਸਟਰੇਲੀਆ ਦੀਆਂ ਫਾਈਲਾਂ ਬੰਦ ਹਨ ਜਦੋਂ ਕਿ ਕੈਨੇਡਾ ਵਿੱਚ ਸਪਾਊਸ ਵੀਜ਼ੇ ਲਈ ਲੜਕੀ ਦੀ ਗਰੈਜੂਏਸ਼ਨ ਹੋਣੀ ਲਾਜ਼ਮੀ ਹੈ। ਉਹ ਹੁਣ ਜ਼ਿਆਦਾ ਪੀ.ਆਰ. ਰਿਸ਼ਤੇ ਹੀ ਕਰਾਉਂਦੇ ਹਨ। ਚੇਤੇ ਰਹੇ ਕਿ ਮਾਲਵੇ ਵਿੱਚ ਇਹ ਰੁਝਾਨ ਸਭ ਤੋਂ ਵੱਧ ਰਿਹਾ ਹੈ। ਲੜਕੇ ਵਾਲਿਆਂ ਨੇ ਜ਼ਮੀਨਾਂ ਵੇਚ ਕੇ ਬੈਂਡਾਂ ਵਾਲੀਆਂ ਕੁੜੀਆਂ ਨੂੰ ਸਟੱਡੀ ਲਈ ਵਿਦੇਸ਼ ਭੇਜਿਆ ਸੀ।

ਅਸਲ ਵਿੱਚ ਇਹ 'ਸਮਝੌਤਾ ਵਿਆਹ' ਸਨ ਤੇ ਜਿਨ੍ਹਾਂ ਲੋੜਵੰਦ ਘਰਾਂ ਦੀਆਂ ਕੁੜੀਆਂ ਦੇ ਆਇਲਸ 'ਚੋਂ ਚੰਗੇ ਬੈਂਡ ਆ ਜਾਂਦੇ ਸਨ, ਉਨ੍ਹਾਂ ਨਾਲ ਸਮਝੌਤੇ ਤਹਿਤ ਮੁੰਡੇ ਵਾਲਾ ਪਰਿਵਾਰ ਕੁੜੀ ਦੀ ਪੜ੍ਹਾਈ ਦਾ ਸਮੁੱਚਾ ਖਰਚਾ ਚੁੱਕਦਾ ਅਤੇ ਬਦਲੇ ਵਿੱਚ ਲੜਕੀ ਵਿਆਹ ਕਰਾ ਕੇ ਲੜਕੇ ਨੂੰ ਵਿਦੇਸ਼ ਵਿੱਚ ਪੱਕਾ ਕਰਾਉਂਦੀ ਸੀ।

ਬਠਿੰਡਾ ਦੇ ਪਿੰਡ ਮੰਡੀ ਕਲਾਂ ਦਾ ਹਰਦੀਪ ਸਿੰਘ ਦੀਪਾ, ਜੋ ਵਿਚੋਲੇ ਦਾ ਕੰਮ ਕਰਦਾ ਹੈ, ਦਾ ਕਹਿਣਾ ਹੈ ਕਿ ਉਸ ਕੋਲ ਬਾਰ੍ਹਵੀਂ ਪਾਸ ਆਇਲਸ 'ਚੋਂ ਪੂਰੇ ਬੈਂਡ ਲੈਣ ਵਾਲੀਆਂ ਕੁੜੀਆਂ ਦੇ ਰਿਸ਼ਤੇ ਹਨ ਜਿਨ੍ਹਾਂ ਲਈ ਸੱਤ ਮਹੀਨੇ ਤੋਂ ਕੋਈ ਖਰਚਾ ਚੁੱਕਣ ਵਾਲਾ ਰਿਸ਼ਤਾ ਨਹੀਂ ਮਿਲਿਆ। ਉਹ ਦੱਸਦਾ ਹੈ ਕਿ ਹੁਣ ਪੀ.ਆਰ. ਵਾਲੀਆਂ ਕੁੜੀਆਂ ਤੇ ਮੁੰਡਿਆਂ ਦੀ ਜ਼ਿਆਦਾ ਮੰਗ ਵਧੀ ਹੈ। ਇਸੇ ਤਰ੍ਹਾਂ ਬਰਨਾਲਾ ਦੇ ਪਿੰਡ ਪੱਖੋ ਕਲਾਂ ਦਾ ਮੈਰਿਜ ਬਿਊਰੋ ਇੰਚਾਰਜ ਬੇਅੰਤ ਸਿੰਘ ਸਿੱਧੂ ਦੋ ਵਰ੍ਹਿਆਂ ਵਿੱਚ ਬੈਂਡਾਂ ਵਾਲੇ 33 ਰਿਸ਼ਤੇ ਕਰਾ ਚੁੱਕਾ ਹੈ। ਉਸ ਦਾ ਕਹਿਣਾ ਹੈ ਕਿ ਹੁਣ ਆਇਲਸ ਬੈਂਡ ਲੈਣ ਵਾਲੀਆਂ ਗਰੈਜੂਏਟ ਕੁੜੀਆਂ ਦੀ ਮੰਗ ਹੈ ਕਿਉਂਕਿ ਸਪਾਊਸ ਵੀਜ਼ੇ ਲਈ ਕੈਨੇਡਾ ਨੇ ਗਰੈਜੂਏਸ਼ਨ ਲਾਜ਼ਮੀ ਕਰ ਦਿੱਤੀ ਹੈ। ਉਹ ਦੱਸਦਾ ਹੈ ਕਿ ਉਸ ਕੋਲ ਦੋ ਤਿੰਨ ਅਜਿਹੇ ਰਿਸ਼ਤੇ ਆਏ ਹਨ ਜਿਨ੍ਹਾਂ ਲਈ ਕੋਈ ਲੜਕਾ ਮਿਲ ਨਹੀਂ ਰਿਹਾ ਹੈ।

'ਸਮਝੌਤਾ ਵਿਆਹਾਂ' ਵਿੱਚ ਲੰਘੇ ਵਰ੍ਹਿਆਂ ਵਿੱਚ ਫਰਾਡ ਕੇਸ ਵੀ ਕਾਫ਼ੀ ਹੋਏ ਹਨ। ਕੁੜੀਆਂ ਖਰਚਾ ਲੈ ਕੇ ਵਿਦੇਸ਼ ਜਾਣ ਮਗਰੋਂ ਮੁੱਕਰ ਜਾਂਦੀਆਂ ਸਨ। ਪੰਜਾਬ ਵਿੱਚ ਲੰਘੇ ਅੱਠ ਵਰ੍ਹਿਆਂ ਵਿੱਚ ਅਜਿਹੇ ਕਰੀਬ 300 ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ 'ਚ ਲੜਕੇ ਵਾਲਿਆਂ ਨੇ ਐੱਨ.ਆਰ.ਆਈ. ਥਾਣਿਆਂ ਵਿੱਚ ਲੜਕੀਆਂ ਖ਼ਿਲਾਫ਼ ਸ਼ਿਕਾਇਤਾਂ ਦਰਜ ਕਰਾਈਆਂ ਹਨ। ਇਨ੍ਹਾਂ ਚੱਕਰਾਂ 'ਚ ਕਈ ਲੜਕੇ ਇੱਥੇ ਖ਼ੁਦਕੁਸ਼ੀ ਵੀ ਕਰ ਚੁੱਕੇ ਹਨ। ਮਾਨਸਾ ਜ਼ਿਲ੍ਹੇ ਦੇ ਪਿੰਡ ਜੋਗਾ ਦਾ ਸੰਧੂ ਮੈਰਿਜ ਬਿਊਰੋ ਵਾਲਾ ਰਾਜਵਿੰਦਰ ਸਿੰਘ ਦੱਸਦਾ ਹੈ ਕਿ ਪਹਿਲਾਂ ਤਾਂ ਬੈਂਡਾਂ ਵਾਲੀ ਇੱਕ ਇੱਕ ਕੁੜੀ ਵਾਸਤੇ ਕਈ ਕਈ ਰਿਸ਼ਤੇ ਤਿਆਰ ਹੁੰਦੇ ਸਨ। ਪਿੰਡ ਚੱਕ ਬਖਤੂ ਦਾ ਗੁਰਪ੍ਰੀਤ ਸਿੰਘ ਦੱਸਦਾ ਹੈ ਕਿ ਹੁਣ ਤਾਂ ਬਾਰ੍ਹਵੀਂ ਪਾਸ ਆਇਲਸ ਬੈਂਡ ਲੈਣ ਵਾਲੀ ਕੁੜੀ ਦੇ ਮਾਪੇ ਇਹ ਪੇਸ਼ਕਸ਼ ਵੀ ਕਰ ਰਹੇ ਹਨ ਕਿ ਉਹ ਅੱਧਾ ਖਰਚਾ ਪੱਲਿਓਂ ਚੁੱਕ ਲੈਣਗੇ ਤੇ ਬਾਕੀ ਲੜਕੇ ਵਾਲੇ ਖਰਚਾ ਕਰ ਦੇਣ।

ਆਇਲਸ ਕੋਚਿੰਗ ਸੈਂਟਰ ਵਾਲੇ ਇੱਕ ਮਾਲਕ ਦਾ ਪ੍ਰਤੀਕਰਮ ਸੀ ਕਿ ਪਹਿਲਾਂ ਬਾਰ੍ਹਵੀਂ ਪਾਸ ਆਇਲਸ ਪਾਸ ਲੜਕੀਆਂ ਦੀ ਪੁੱਛ ਪੜਤਾਲ ਲਈ ਬਹੁਤ ਮਾਪੇ ਕੇਂਦਰਾਂ ਵਿੱਚ ਆਉਂਦੇ ਸਨ ਪਰ ਹੁਣ ਬਦਲੇ ਨਿਯਮਾਂ ਨੇ ਸਮਾਜਿਕ ਤਾਣਾ ਬਾਣਾ ਵੀ ਬਦਲ ਦਿੱਤਾ ਹੈ। ਅਖ਼ਬਾਰਾਂ ਵਿੱਚ ਵੀ ਮਾਪਿਆਂ ਨੂੰ ਬੈਂਡ ਵਾਲੀਆਂ ਕੁੜੀਆਂ ਦੇ ਇਸ਼ਤਿਹਾਰ ਹੁਣ ਵਾਰ ਵਾਰ ਦੇਣੇ ਪੈ ਰਹੇ ਹਨ। ਇਹ ਸਾਰਾ ਵਰਤਾਰਾ ਮਜਬੂਰੀ ਅਤੇ ਵਿਦੇਸ਼ ਜਾਣ ਦੀ ਲਾਲਸਾ ਦਾ ਪ੍ਰਗਟਾਵਾ ਕਰਦਾ ਹੈ।

**ਕੀ ਕਹਿੰਦੇ ਹਨ ਚਿੰਤਕ**

ਸਰੀ ਤੋਂ ਪੱਤਰਕਾਰ ਡਾ. ਗੁਰਵਿੰਦਰ ਸਿੰਘ ਧਾਲੀਵਾਲ ਕਹਿੰਦੇ ਹਨ ਕਿ ਜਿੰਨ੍ਹੀਆਂ ਧੱਜੀਆਂ ਵਿਆਹ ਨਿਯਮਾਂ ਦੀਆਂ ਪੰਜਾਬੀਆਂ ਨੇ ਉਡਾਈਆਂ ਹਨ, ਉਹ ਦੁਨੀਆਂ ਵਿੱਚ ਸ਼ਾਇਦ ਹੀ ਕਿਸੇ ਨੇ ਉਡਾਈਆਂ ਹੋਣ। ਉਹ ਕਹਿੰਦੇ ਹਨ, 'ਅਸੀਂ ਤਾਂ ਕਈ ਖ਼ਬਰਾਂ ਸੁਣ ਕੇ ਹੀ ਹੈਰਾਨ ਹੋ ਜਾਂਦੇ ਹਨ, ਜਦੋਂ ਪਤਾ ਲੱਗਦਾ ਕਿ ਪੰਜਾਬ ਵਿੱਚ ਮਾਂ-ਬਾਪ ਤੋਂ ਲੈ ਕੇ ਬਰਾਤ ਵੀ ਕਿਰਾਏ 'ਤੇ ਮਿਲ ਜਾਂਦੀ ਹੈ, ਲੋਕ ਤਾਂ ਵਿਦੇਸ਼ ਜਾਣ ਲਈ ਭੈਣਾਂ ਤੱਕ ਨਾਲ ਵਿਆਹ ਕਰਵਾ ਲੈਂਦੇ ਹਨ,

(ਬਾਕੀ ਸਫ਼ਾ 31 'ਤੇ)

### ਕੰਟਰੈਕਟ ਮੈਰਿਜ ਕੀ ਹੈ ?



ਪੰਜਾਬ ਵਿੱਚ ਨੌਜਵਾਨ ਖਾਸ ਕਰਕੇ ਮੁੰਡੇ, ਕੈਨੇਡਾ ਜਾਣ ਲਈ ਆਈਲੈਟਸ ਪਾਸ ਕਰਨ ਵਾਲੀ ਲੜਕੀ ਨਾਲ ਕੰਟ੍ਰੈਕਟ ਵਿਆਹ ਕਰਵਾਉਂਦੇ ਹਨ। ਦੋਵੇਂ ਜਣੇ ਉਦੋਂ ਤੱਕ ਇਕੱਠੇ ਰਹਿੰਦੇ ਹਨ ਜਦੋਂ ਤੱਕ ਉਹਨਾਂ ਨੂੰ ਕੈਨੇਡਾ ਦੀ ਪੀ. ਆਰ. ਨਹੀਂ ਮਿਲ ਜਾਂਦੀ ਫਿਰ ਉਹ ਅਲੱਗ ਹੋ ਜਾਂਦੇ ਹਨ। ਕੰਟ੍ਰੈਕਟ ਦੇ ਵਿਆਹ ਵਿੱਚ ਮੁੰਡੇ ਵਿਆਹ ਸਮਾਗਮ ਦਾ ਖਰਚਾ, ਲੜਕੀ ਦੀ ਕੈਨਡਾ ਵਿੱਚ ਪੜ੍ਹਾਈ ਦੀ ਫੀਸ ਅਤੇ ਹੋਰ ਖਰਚੇ ਚੱਕਦੇ ਹਨ। ਆਮ ਤੌਰ 'ਤੇ, ਲੜਕੀ ਕੈਨੇਡਾ ਚਲੀ ਜਾਂਦੀ ਹੈ, ਅਤੇ ਕੁਝ ਮਹੀਨਿਆਂ ਬਾਅਦ, ਉਹ ਆਪਣੇ ਪਤੀ ਦਾ ਓਪਨ ਵਰਕ ਪਰਮਿਟ ਅਪਲਾਈ ਕਰ ਦਿੰਦੀ ਹੈ ਜਾਂ ਫਿਰ ਮੁਡਾ ਤੇ ਕੁੜੀ ਵਿਆਹ ਤੋਂ ਬਾਅਦ ਭਾਰਤ ਤੋਂ ਕੈਨੇਡਾ ਦਾ ਵੀਜ਼ਾ ਜਾਂਦੇ ਹਨ।

ਪੰਜਾਬ ਦੀਆਂ ਖੇਤਰੀ ਭਾਸ਼ਾਵਾਂ ਦੇ ਅਖਬਾਰਾਂ ਵਿੱਚ ਵਿਆਹ ਸੰਬੰਧੀ ਕਾਲਮ ਇਸ਼ਤਿਹਾਰਾਂ ਨਾਲ ਭਰੇ ਹੋਏ ਹਨ, ਜਿੱਥੇ ਲੜਕੇ ਕੈਨੇਡਾ ਜਾਣ ਦੇ ਉਦੇਸ਼ ਨਾਲ ਵਿਆਹ ਅਤੇ ਪੜ੍ਹਾਈ ਦਾ ਸਾਰਾ ਖਰਚਾ ਚੁੱਕਣ ਦੀ ਪੇਸ਼ਕਸ਼ ਕਰਦੇ ਹੋਏ ਕੰਟ੍ਰੈਕਟ ਜਾਂ ਅਸਲੀ ਵਿਆਹ ਲਈ ਆਈਲੈਟਸ ਪਾਸ ਲੜਕੀ ਦੀ ਲੋੜ ਦੱਸੀ ਜਾਂਦੀ ਹੈ। ਨਿਯਮ ਬਦਲਣ ਨਾਲ ਗ੍ਰੈਜੂਏਟ ਲੜਕੀਆਂ ਦੀ ਡਿਮਾਂਡ ਵਧੀ ਹੈ ਜਿਹਨਾਂ ਦੇ 7 ਤੋਂ ਅੱਠ ਬੈਂਡ ਹਨ।

## ਪੰਜਾਬ ਦੀ ਧੀ ਸਤਵੀਰ ਕੌਰ ਕੈਨੇਡਾ ਪੁਲਿਸ 'ਚ ਬਤੌਰ ਜੇਲ੍ਹ ਸੁਪਰਡੈਂਟ ਹੋਈ ਭਰਤੀ



ਜਲੰਧਰ/ਏ.ਟੀ.ਨਿਊਜ਼ :ਸੰਗਰੂਰ ਦੇ ਪਿੰਡ ਬਡਰੁੱਖਾ ਦੀ ਸਤਵੀਰ ਕੌਰ ਕੈਨੇਡਾ ਪੁਲਿਸ ਵਿੱਚ ਬਤੌਰ ਜੇਲ੍ਹ ਸੁਪਰਡੈਂਟ ਭਰਤੀ ਹੋਈ ਹੈ। ਸਤਵੀਰ ਦੇ ਲਈ ਇਹ ਰਾਹ ਅਸਾਨ ਨਹੀ ਪਰਿਵਾਰ ਮੁਤਾਬਿਕ ਸਤਵੀਰ 2018 ਵਿੱਚ ਕੈਨੇਡਾ ਗਈ ਸੀ ਅਤੇ ਪੜ੍ਹਾਈ ਤੋਂ ਬਾਅਦ ਉਸ ਨੇ ਸਰਕਾਰੀ ਬੱਸ ਡਰਾਈਵਰ ਦੀ ਨੌਕਰੀ ਕੀਤੀ। ਸਤਵੀਰ ਕੌਰ ਬਰੰਪਟਨ ਵਿੱਚ ਜੇਲ੍ਹ ਸੁਪਰਡੈਂਟ ਲਈ ਚੁਣੀ ਗਈ ਹੈ ਅਤੇ 9 ਸਤੰਬਰ ਨੂੰ ਉਹ ਆਪਣਾ ਅਹੁਦਾ ਸੰਭਾਲਣ ਜਾ ਰਹੀ ਹੈ। ਸਤਵੀਰ ਦੇ ਪਿਤਾ ਆਪ ਵੀ ਜੇਲ੍ਹ ਵਿਭਾਗ ਵਿੱਚ ਸੇਵਾਵਾਂ ਨਿਭਾ ਚੁੱਕੇ ਹਨ ਉਨ੍ਹਾਂ ਦੀ ਤਿੰਨ ਧੀਆਂ ਅਤੇ ਇੱਕ ਪੁੱਤਰ ਹੈ।

ਪਿਤਾ ਨੇ ਦੱਸਿਆ ਧੀ ਸਤਵੀਰ ਅੱਜ ਇਸ ਕਦਰ ਕਾਬਿਲ ਹੋ ਚੁੱਕੀ ਹੈ ਕਿ ਉਸ ਨੇ ਮੈਨੂੰ 10 ਲੱਖ ਰੁਪਏ ਦੀ ਗੱਡੀ ਲੈ ਕੇ ਦਿੱਤੀ ਅਤੇ ਆਪਣੇ ਲਈ 43 ਲੱਖ ਰੁਪਏ ਦੀ ਕਾਰ ਖਰੀਦੀ। ਸਤਵੀਰ ਜਦੋਂ ਸਰਕਾਰੀ ਬੱਸ ਚਲਾਉਂਦੀ ਸੀ ਤਾਂ ਉਸਨੂੰ ਪੁਲਿਸ ਵਿੱਚ ਜੇਲ੍ਹ ਵਿਭਾਗ ਦੀ ਨੌਕਰੀ ਕੈਨੇਡਾ ਦੇ ਵਿੰਨੀਪੈਂਗ ਦੇ ਸਮੁੰਦਰ ਵਿੱਚ ਮਿਲ ਗਈ ਸੀ ਪਰ ਉਸਦਾ ਇਹ ਨੌਕਰੀ ਕਰਨ ਲਈ ਦਿਲ ਨਹੀਂ ਮੰਨਿਆ। 3 ਮਹੀਨਿਆਂ ਬਾਅਦ ਫਿਰ ਉਸਨੂੰ ਇਹ ਨੌਕਰੀ ਪ੍ਰਾਪਤ ਹੋਈ ਅਤੇ ਉਸਨੇ ਆਪਣੇ ਮਾਪਿਆਂ ਨਾਲ ਸਲਾਹ ਕਰਕੇ ਇਸ ਨੌਕਰੀ ਨੂੰ ਪ੍ਰਾਪਤ ਕੀਤਾ।

## ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਨੂੰ ਸੀਮਿਤ ਕਰਨ ਦਾ ਫ਼ੈਸਲਾ ਬਣ ਸਕਦਾ 14,000 ਨੌਕਰੀਆਂ ਲਈ ਖ਼ਤਰਾ

ਸਿਡਨੀ/ਏ.ਟੀ.ਨਿਊਜ਼: ਆਸਟਰੇਲੀਆ ਦੀਆਂ 39 ਵਿਆਪਕ ਯੂਨੀਵਰਸਿਟੀਆਂ ਦੇ ਸਮੂਹ 'ਯੂਨੀਵਰਸਿਟੀਜ਼ ਆਸਟਰੇਲੀਆ' ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਨੂੰ ਸੀਮਤ ਕਰਨ ਦਾ ਫ਼ੈਸਲਾ 14,000 ਨੌਕਰੀਆਂ ਲਈ ਖ਼ਤਰਾ ਬਣ ਸਕਦਾ ਹੈ। ਆਸਟਰੇਲੀਆ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ 'ਤੇ ਕੈਪ ਲਗਾਉਣ ਦਾ ਮਾਮਲਾ ਸਿਆਸੀ ਤੌਰ 'ਤੇ ਗਰਮਾ ਰਿਹਾ ਹੈ।

ਜਿੱਥੇ ਇੱਕ ਪਾਸੇ ਫ਼ੈਡਰਲ ਸਰਕਾਰ ਆਸਟਰੇਲੀਆ ਵਿੱਚ ਆਉਣ ਵਾਲੇ ਅੰਤਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 'ਤੇ ਸੀਮਾ ਲਗਾਉਣ ਲਈ ਭਾਵ ਗਿਣਤੀ ਸੀਮਿਤ ਕਰਨ ਲਈ 'ਓਵਰਸੀਜ਼ ਸਟੂਡੈਂਟ ਅਮੈਂਡਮੈਂਟ' ਨਾਮ ਦਾ ਬਿੱਲ ਪੇਸ਼ ਕਰਨ ਜਾ ਰਹੀ ਹੈ, ਦੂਜੇ ਪਾਸੇ ਇਸ ਬਿੱਲ ਦਾ ਖੰਡਨ ਹੋ ਰਿਹਾ ਹੈ। ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਪਿਛਲੇ ਸਾਲ ਆਸਟਰੇਲੀਆ ਦੇ ਜੀਡੀਪੀ ਵਿਕਾਸ ਵਿੱਚ ਅੱਧੇ ਤੋਂ ਵੱਧ ਹਿੱਸਾ ਪਾਇਆ ਸੀ ਤੇ ਲਗਭਗ



ਇਕੱਲਿਆਂ ਨੇ ਹੀ ਦੇਸ਼ ਨੂੰ ਮੰਦੀ ਤੋਂ ਬਚਾਇਆ ਸੀ।

ਆਸਟਰੇਲੀਆ ਯੂਨੀਵਰਸਿਟੀ ਸਮੂਹ ਦੇ ਮੁੱਖ ਕਾਰਜਕਾਰੀ ਅਧਿਕਾਰੀ ਲੂਕ ਸ਼ੀਹੀ ਨੇ ਇੱਕ ਬਿਆਨ ਵਿੱਚ ਸਰਕਾਰ ਦੇ ਇਸ ਫ਼ੈਸਲੇ ਨੂੰ ਰਾਜਨੀਤਕ ਹੱਥਕੰਡਾ ਦਸਿਆ ਹੈ। ਉਨ੍ਹਾਂ ਦਸਿਆ ਕਿ ਅੰਤਰਰਾਸ਼ਟਰੀ ਸਿਖਿਆ ਆਸਟਰੇਲੀਆ ਦਾ ਦੂਜਾ ਸੱਭ ਤੋਂ ਵੱਡਾ ਨਿਰਯਾਤ ਹੈ। ਇਹ ਨਵਾਂ ਨਿਯਮ ਕੀ ਹੈ ਅਤੇ ਇਸ ਦਾ ਅੰਤਰਾਸ਼ਟਰੀ ਵਿਦਿਆਰਥੀਆਂ ਅਤੇ ਆਸਟਰੇਲੀਆ ਦੇ ਕਾਲਜਾਂ ਤੇ ਕੀ ਅਸਰ ਪੈ ਸਕਦਾ ਹੈ।

ਅੰਤਰਾਸ਼ਟਰੀ ਸਿਖਿਆ ਆਸਟਰੇਲੀਆ ਦੇ ਅਰਥਵਿਵਸਥਾ ਲਈ ਲਗਭਗ 50 ਬਿਲੀਅਨ ਡਾਲਰ ਅਤੇ ਇੱਥੋਂ ਦੇ ਲੋਕਾਂ ਲਈ ਲਗਭਗ 2,50,000 ਨੌਕਰੀਆਂ ਲੈ ਕੇ ਆਉਂਦੀ ਹੈ। ਉਨ੍ਹਾਂ ਮੁਤਾਬਕ ਇਹ ਨਵਾਂ ਨਿਯਮ 14,000 ਨੌਕਰੀਆਂ ਲਈ ਖ਼ਤਰਾ ਬਣ ਸਕਦਾ ਹੈ।

## ਬਾਬਾ ਬਕਾਲਾ ਸਾਹਿਬ 'ਚ ਰੱਖੜ ਪੁੰਨਿਆ 'ਤੇ ਪੰਥਕ ਸਿਆਸਤ ਹੋਈ ਹੋਰ ਤੇਜ਼

# ਅਕਾਲੀ ਸੰਕਟ ਨੂੰ ਨਹੀਂ ਲੱਭ ਰਿਹਾ ਕੋਈ ਸੰਕਟਮੋਚਨ

## ਸਾਂਸਦ ਭਾਈ ਅੰਮ੍ਰਿਤਪਾਲ ਸਿੰਘ ਨੇ ਜੇਲ੍ਹ ਤੋਂ ਭੇਜਿਆ ਸੰਦੇਸ਼

ਬਲਰਾਜ ਪੰਨੂੰ






ਪੰਥ ਤੇਰੇ ਦੀਆਂ ਗੂੰਜਾਂ ਜੁਗੋ ਜੁਗ ਪੈਂਦੀਆਂ ਰਹਿਣਗੀਆਂ। ਪੰਥ ਦੇ ਨਾਲ ਸਬੰਧਿਤ ਗੂੰਜਾਂ ਰੱਖੜ ਪੁੰਨਿਆ 'ਤੇ ਦੋ ਸਟੇਜਾਂ 'ਤੇ ਪੈਂਦੀਆਂ ਸੁਣੀਆਂ। ਜੇ ਮੰਨੀਏ ਤਾਂ ਭਾਈ ਅੰਮ੍ਰਿਤਪਾਲ ਦੀ ਸਟੇਜ ਨੂੰ ਪੰਥਕ ਕਿਹਾ ਜਾ ਸਕਦਾ ਹੈ ਪਰ ਅਕਾਲੀ ਦਲ ਦੀ ਸਟੇਜ ਨੂੰ ਪੰਥਕ ਖੁੱਲ ਕੇ ਨਹੀਂ ਕਹਿ ਸਕਦੇ ਕਿਉਂਕਿ ਉਹ ਪਹਿਲਾਂ ਪੰਥਕ ਸੀ ਫਿਰ ਲੀਹੋਂ ਲੱਥੇ ਤੇ ਹੁਣ ਫੇਰ ਪੰਥਕ ਬਣਨ ਦੇ ਲਈ ਜੱਦੋ-ਜਹਿਦ ਕਰ ਰਹੇ ਨੇ। ਬਾਬਾ ਬਕਾਲਾ ਸਾਹਿਬ 'ਚ ਰੱਖੜ ਪੁੰਨਿਆ 'ਤੇ ਭਾਵੇਂ ਅਕਾਲੀ ਸਭ ਤੋਂ ਵੱਡੀ ਧਿਰ ਹੋ ਕੇ ਨਿੱਤਰੀ ਹੈ, ਤੇ ਕੋਈ ਸ਼ੱਕ ਨਹੀਂ ਕਿ ਅਕਾਲੀਆਂ ਦਾ ਪੰਡਾਲ ਬਹੁਤ ਵੱਡਾ ਹੁੰਦਾ ਹੈ ਤੇ ਉਸ ਵਿੱਚ ਭੀੜ ਵੀ ਬਹੁਤ ਹੁੰਦੀ ਹੈ, ਇਹ ਭੀੜ ਸੱਚ ਮੁਚ ਅਕਾਲੀਆਂ ਦੇ ਹੱਕ ਵਿੱਚ ਹੈ ? ਪਰ ਸੱਚ ਤਾਂ ਇਹ ਹੈ ਕਿ ਇਹ ਭੁਲੇਖਾ ਬਾਦਲ ਪਰਿਵਾਰ ਨੂੰ ਹੋ ਸਕਦਾ ਹੈ ਪਰ ਆਮ ਲੋਕਾਂ ਨੂੰ ਇਹਨਾਂ ਦੇ ਪੰਡਾਲ ਦੇ ਵਿੱਚ ਲੋੜਾਂ, ਗਰਜ਼ਾਂ ਤੇ ਕੁਰਸੀਆਂ ਦੇ ਭੁੱਖੇ ਲੋਕ ਬੈਠੇ ਨਜ਼ਰ ਆਉਂਦੇ ਹਨ। ਇਸ ਰੈਲੀ ਦੇ ਵਿੱਚ ਸੁਖਬੀਰ ਬਾਦਲ ਦੇ ਬਿਆਨ ਬਦਲਦੇ ਨਜ਼ਰ ਆਏ। ਤੁਹਾਨੂੰ ਯਾਦ ਹੋਣੈ ਹਰਸਿਮਰਤ ਕੌਰ ਬਾਦਲ ਪਾਰਲੀਮੈਂਟ ਵਿੱਚ ਅੰਮ੍ਰਿਤਪਾਲ ਦੇ ਹੱਕ ਵਿੱਚ ਬੜੀ ਕਾਹਲੀ ਦੇ ਨਾਲ ਭੁਗਤੀ ਸੀ ਪਰ ਸੁਖਬੀਰ ਬਾਦਲ ਨੇ ਇਸ ਵਾਰ ਸੁਰ ਬਦਲ ਲਏ ਤੇ ਕਿਹਾ ਕਿ "ਦੋ ਸਾਲ ਜੇਲ੍ਹ ਵਿੱਚ ਰਹਿਣ ਵਾਲੇ ਨੂੰ ਲੋਕ ਛੁਡਾਉਣ ਦੀਆਂ ਗੱਲਾਂ ਕਰਦੇ ਹਨ। ਬਾਦਲ ਸਾਹਿਬ 'ਤੇ 16 ਸਾਲ ਐਨ.ਐਸ.ਏ. ਲੱਗਿਆ ਰਿਹਾ।" ਸਾਨੂੰ 'ਤੇ ਪਤਾ ਨਹੀਂ ਉਹ ਕਿਹੜੇ ਸਾਲ ਸਨ ਜਦੋਂ ਬਾਦਲ ਸਾਹਿਬ ਐਨ.ਐਸ.ਏ .ਤਹਿਤ ਜੇਲ੍ਹ ਵਿੱਚ ਰਹੇ, ਇਹ ਰੱਬ ਜਾਣੇ ਜਾਂ ਸੁਖਬੀਰ ਬਾਦਲ। ਸੁਖਬੀਰ ਬਾਦਲ ਲੋਕਾਂ ਨੂੰ ਨਸੀਹਤ ਵੀ ਦਿੰਦੇ ਨਜ਼ਰ ਆਏ ਤੇ ਨਾਰਾਜ਼ਗੀ ਵੀ ਪ੍ਰਗਟਾਈ। ਉਹਨਾਂ ਕਿਹਾ ਕਿ "ਤੁਸੀਂ ਅੱਖਾਂ ਮੀਚੀਆਂ ਹੋਈਆਂ ਨੇ, ਗਲਤ ਸਰਕਾਰ ਚੁਣੀ ਹੈ। ਅਸੀਂ ਹੁੰਦੇ ਤਾਂ ਵਿਕਾਸ ਹੁਣ ਤੱਕ ਹੱਦਾਂ ਬੰਨੇ ਟੱਪ ਦਿੰਦਾ।" ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਸੁਖਬੀਰ ਬਾਦਲ ਹਾਲੇ ਵੀ ਲੋਕਾਂ ਦੇ ਵਿੱਚ ਗਲਤੀਆਂ ਕੱਢ ਰਹੇ ਨੇ। ਉਹਨਾਂ ਦੀਆਂ ਆਪਣੀਆਂ ਗਲਤੀਆਂ ਨੇ ਪਾਰਟੀ ਨੂੰ ਲੀਹੋਂ ਲਾਹ ਕੇ ਰੱਖ ਦਿੱਤਾ ਹੈ ਪਰ ਅੱਜ ਵੀ ਮੰਨਣ ਲਈ ਤਿਆਰ ਨਹੀਂ। ਭਲੇ ਮਾਨਸ, ਹਾਲੇ ਤਾਂ ਗਲਤੀਆਂ ਤੇ ਗੁਨਾਹਾਂ ਦਾ ਪੁਲੰਦਾ ਤੁਹਾਡਾ ਜਥੇਦਾਰ ਦੇ ਕੋਲ ਪਿਆ ਹੈ, ਨਿਮਾਣਾ ਸਿੱਖ ਬਣੇ ਸੀ ਤੁਸੀਂ ਥੋੜੇ ਦਿਨ ਪਹਿਲਾਂ, ਪਰ ਰੈਲੀਆਂ ਦੇ ਵਿੱਚ ਧੌਂਸ ਪੁਰਾਣੀ ਹੀ ਹੈ। ਇੱਕ ਗੱਲ ਹੋਰ ਉਹਨਾਂ ਨੇ ਸਪਸ਼ਟ ਕਰ ਦਿੱਤੀ ਕਿ ਪਾਰਟੀ ਪ੍ਰਧਾਨ ਮੈਂ ਹੀ ਰਹਾਂਗਾ। ਸਾਡਾ ਕੰਮ ਲੋਕਾਂ ਨੂੰ ਮਰਵਾਉਣਾ ਨਹੀਂ ਹੈ। ਇਕੱਠ ਤਾਂ ਅਸੀਂ ਵੀ ਬਥੇਰਾ ਕਰ ਲਈਏ। ਇਹ ਨਿਸ਼ਾਨਾ ਸਿੱਧਾ ਅੰਮ੍ਰਿਤਪਾਲ ਵੱਲ ਸੀ। ਬਾਦਲ ਸਾਹਿਬ ਨੇ ਰੋਣਾ ਇਸ ਗੱਲ ਦਾ ਵੀ ਰੋਇਆ ਕਿ ਸਾਡੀ ਪਾਰਟੀ ਦੇ ਪਿੱਛੇ ਏਜੰਸੀਆਂ ਦੇ ਬੰਦੇ ਹੱਥ ਧੋ ਕੇ ਪੈ ਗਏ ਹਨ। ਇਸ ਬਿਆਨ ਦੇ ਉੱਤੇ ਸਰਬਜੀਤ ਸਿੰਘ ਨੇ ਟਿੱਪਣੀ ਵੀ ਕੀਤੀ ਤੇ ਕਿਹਾ ਕਿ "ਸਾਬਤ ਕਰ ਦਿਓ ਕਿ ਜੇ ਮੇਰੇ ਏਜੰਸੀਆਂ ਦੇ ਨਾਲ ਲਿੰਕ ਹੋਣ ਤਾਂ ਮੈਂ ਸਿਆਸਤ ਛੱਡ ਦੇਵਾਂਗਾ।" ਉਹਨਾਂ ਨੇ ਕਿਹਾ ਕਿ "ਜਿਸ ਇਨਸਾਨ ਨੇ ਡੇਰਾ ਸੌਦਾ ਸਾਧ ਦੀ ਵੋਟ ਲੈਣ ਲਈ ਸਾਰਾ ਪੰਥ ਹੀ ਵੇਚ ਦਿੱਤਾ, ਉਹ ਸਾਨੂੰ ਅੱਜ ਏਜੰਸੀਆਂ ਦੇ ਬੰਦੇ ਦੱਸ ਰਿਹਾ ਹੈ।"

ਅਸਲ ਵਿੱਚ ਦੂਜਿਆਂ 'ਤੇ ਦੋਸ਼ ਮੜ੍ਹਨ ਦੀ ਬਜਾਏ ਸਾਡਾ ਖ਼ਿਆਲ ਹੈ ਕਿ ਰਣਨੀਤਿਕ ਭਾਸ਼ਣ ਦੇ ਵਿੱਚ ਵਫ਼ਾਦਾਰੀ ਜ਼ਰੂਰੀ ਹੈ। ਸੁਖਬੀਰ ਬਾਦਲ ਨੂੰ ਕਹਿਣਾ ਚਾਹੀਦਾ ਸੀ ਕਿ ਜੋ ਗਲਤੀਆਂ ਅਸੀਂ ਕੀਤੀਆਂ ਨੇ, ਉਹੀ ਗਲਤੀਆਂ ਸਾਡੇ ਤੋਂ ਬਾਅਦ ਵਾਲੀਆਂ ਸਰਕਾਰਾਂ ਕਰ ਰਹੀਆਂ ਨੇ। ਜੋ ਹਾਲ ਲੋਕਾਂ ਨੇ ਸਾਡਾ ਕੀਤਾ, ਜੇ ਇਹ ਸਰਕਾਰਾਂ ਨਾ ਸੁਧਰੀਆਂ ਤਾਂ ਲੋਕ ਸਾਡੇ ਵਾਲਾ ਹਾਲ ਇਹਨਾਂ ਦਾ ਵੀ ਕਰਨਗੇ। ਹੁਣ ਅਸੀਂ ਸੁਰਖ਼ੀਆਂ ਵਿੱਚ ਰਹਿਣ ਦੇ ਲਈ ਲੇਲ੍ਹੜੀਆਂ ਕੱਢ ਰਹੇ ਹਾਂ ਪੰਜਾਬ ਦੇ ਲੋਕਾਂ ਅੱਗੇ। ਜੇ ਇਹਨਾਂ ਨੇ ਲੋਕ ਭਲਾਈ ਕੰਮ ਨਾ ਕੀਤੇ ਤਾਂ ਤਰਲੇ ਇਹ ਵੀ ਕੱਢਣਗੇ। ਇਹ ਹੁੰਦਾ ਵਫ਼ਾਦਾਰੀ ਦੇ ਨਾਲ ਗਲਤੀਆਂ ਮੰਨਣਾ। ਪਰ ਨਹੀਂ, ਪ੍ਰਧਾਨ ਸਾਹਿਬ ਦੀ ਉਂਗਲ ਆਪਣੇ ਵੱਲ ਮੁੜਦੀ ਨਜ਼ਰ ਨਹੀਂ ਆਉਂਦੀ। ਸੁਖਬੀਰ ਬਾਦਲ ਕਿਸੇ ਰੈਲੀ ਦੇ ਵਿੱਚ ਬਿਨ੍ਹਾਂ ਸਿਰ ਪੈਰ ਤੋਂ ਕੋਈ ਗੱਲ ਨਾ ਕਰਨ ਇਹ ਹੋ ਨਹੀਂ ਸਕਦਾ। ਉਹਨਾਂ ਨੇ ਇੱਕ ਹਮਾਸ ਤੇ ਫਲਸਤੀਨ ਦੀ ਉਦਾਹਰਣ ਵੀ ਦਿੱਤੀ। ਇਜ਼ਰਾਇਲ ਦੇ ਪੱਖ ਵਿੱਚ ਉਹ ਪੂਰੀ ਤਰ੍ਹਾਂ ਖੜ੍ਹੇ ਹੋਏ ਤੇ ਸਾਬਤ ਕਰ ਦਿੱਤਾ ਕਿ ਮੈਂ ਉਦਾਹਰਣ ਦੇਣੀ ਸੀ ਦੇ ਦਿੱਤੀ, ਵੈਸੇ ਮੈਨੂੰ ਕਹਾਣੀ ਦੀ ਬਹੁਤੀ ਸਮਝ ਨਹੀਂ ਹੈਗੀ।

ਇਸ ਰੈਲੀ ਦੇ ਵਿੱਚ ਖਿੱਚ ਦਾ ਕੇਂਦਰ ਬਿਕਰਮ ਸਿੰਘ ਮਜੀਠੀਆ ਰਹੇ, 45 ਮਿੰਟ ਦੇ ਕਰੀਬ ਉਹਨਾਂ ਨੇ ਲੋਕਾਂ ਨੂੰ ਕੀਲੀ ਰੱਖਿਆ। ਕਲੋਲਾਂ ਦਾ ਉਹਨਾਂ ਦਾ ਆਪਣਾ ਅੰਦਾਜ਼ ਸੀ ਪਰ ਮਜੀਠੀਆ ਨੇ ਪੰਥ ਵਾਸਤੇ ਇਕੱਠੇ ਹੋਣ ਦੇ ਲਈ ਸਿੱਧੇ ਲਫ਼ਜ਼ਾਂ ਦੇ ਵਿੱਚ ਲੋਕਾਂ ਨੂੰ ਕਿਹਾ। ਪੰਥ ਪ੍ਰਗਟਾਵੇ ਦੇ ਵਿੱਚ ਲੈ ਕੇ ਆਉਣ ਲਈ ਪ੍ਰੋਗਰਾਮ ਉਲੀਕਣ ਵੱਲ ਇਸ਼ਾਰਾ ਕੀਤਾ। ਉਸ ਨੇ ਸਰਕਾਰ ਬਣਾਉਣ ਦੀ ਗੱਲ ਨਾ ਕਰਕੇ ਪੰਥ ਦੀ ਤਰਜਮਾਨੀ ਵਾਪਸ ਲਿਆਉਣ ਤੇ ਮੋਰਚਾ ਕਲਚਰ ਵੱਲ ਵਾਪਸੀ ਕਰਨ ਦੀ ਗੱਲ ਕਹੀ। ਮਜੀਠੀਆ ਦੇ ਇਹ ਸ਼ਬਦ ਕਿ "ਪ੍ਰਧਾਨ ਸਾਹਿਬ ਕੁਝ ਖੜਕਾ ਦੜਕਾ ਵੀ ਕਰੋ, ਇੰਝ ਗੱਲ ਨਹੀਂ ਬਣਨੀ", ਪੰਡਾਲ ਦੇ ਵਿੱਚ ਬੈਠੇ ਲੋਕਾਂ ਵਿੱਚ



ਰੂਹ ਫੂਕ ਗਏ ਪਰ ਪੰਜ ਇਲੈਕਸ਼ਨਾਂ ਦੇ ਵਿੱਚ ਲਗਾਤਾਰ ਹਾਰਨ ਦੇ ਬਾਵਜੂਦ ਵੀ ਸੁਖਬੀਰ ਬਾਦਲ ਸਰਕਾਰ ਬਣਾਉਣ ਦੀ ਗੱਲ ਕਰਦੇ ਰਹੇ ਤੇ ਬਿਕਰਮ ਮਜੀਠੀਆ ਪੰਥ ਦੀ ਤਰਜਮਾਨੀ ਵਾਪਸ ਲਿਆਉਣ 'ਤੇ ਅੜਿਆ ਰਿਹਾ। ਪਰ ਸੁਖਬੀਰ ਬਾਦਲ ਵੱਲੋਂ ਮਜੀਠੀਆ ਦੀ ਪੰਥ ਵਾਲੀ ਗੱਲ ਦਾ ਹੁੰਗਾਰਾ ਨਾ ਦੇਣਾ ਤੇ ਦੋਵਾਂ ਲੀਡਰਾਂ ਦੇ ਅਲੱਗ ਅਲੱਗ ਵਿਚਾਰ ਇੱਕੋ ਪਾਰਟੀ ਇੱਕੋ ਸਟੇਜ 'ਤੇ ਲੋਕਾਂ ਨੂੰ ਦੁਚਿੱਤੀ ਵਿੱਚ ਪਾ ਗਏ। ਭਾਈ ਅੰਮ੍ਰਿਤਪਾਲ ਦੀ ਸਟੇਜ ਦੇ ਵਿੱਚ ਮੋਰਚੇ ਦਾ ਐਲਾਨ ਕਰ ਦਿੱਤਾ ਗਿਆ। ਮਤੇ ਵੀ ਪਾਸ ਹੋਏ ਨੇ ਤੇ ਅੰਮ੍ਰਿਤਪਾਲ ਵੱਲੋਂ ਜੇਲ੍ਹ ਤੋਂ ਭੇਜਿਆ ਗਿਆ ਪੱਤਰ ਵੀ ਇਸ ਮੌਕੇ ਪੜ੍ਹਿਆ ਗਿਆ। ਇਸ ਪੱਤਰ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ "ਸਾਡਾ ਕੌਮੀ ਨਿਸ਼ਾਨਾ ਸਪਸ਼ਟ ਹੈ ਜਿਸ ਨੂੰ ਸਾਰੀ ਕੌਮ ਰੋਜ਼ਾਨਾ ਅਰਦਾਸ ਤੋਂ ਬਾਅਦ 'ਰਾਜ ਕਰੇਗਾ ਖ਼ਾਲਸਾ' ਦੇ ਸੰਕਲਪ ਵਜੋਂ ਦੁਹਰਾਉਂਦੀ ਹੈ।" ਉਹਨਾਂ ਕਿਹਾ ਕਿ "ਜਿਹੜੀ ਹਕੂਮਤ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕਰ ਸਕਦੀ, ਉਸ ਤੋਂ ਨਿਆਂ ਦੀ ਆਸ ਨਹੀਂ ਰੱਖੀ ਜਾ ਸਕਦੀ।"

ਇਸ ਸਟੇਜ ਤੋਂ 20 ਅਕਤੂਬਰ ਤੱਕ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨੂੰ ਅਲਟੀਮੇਟਮ ਦੇ ਦਿੱਤਾ ਗਿਆ ਹੈ ਕਿ ਜੇ 20 ਅਕਤੂਬਰ ਤੱਕ ਡਿਬਰੂਗੜ੍ਹ ਜੇਲ੍ਹ ਵਾਲਿਆਂ ਨੂੰ ਰਿਹਾਅ ਨਹੀਂ ਕਰੋਗੇ ਤਾਂ ਅਸੀਂ ਅਕਾਲ ਤਖ਼ਤ ਸਾਹਮਣੇ ਅਰਦਾਸ ਕਰਕੇ ਸੰਘਰਸ਼ ਸ਼ੁਰੂ ਕਰਾਂਗੇ। ਕੀ ਇਹ ਸੰਘਰਸ਼ ਇਕੱਲਾ ਡਿਬਰੂਗੜ੍ਹ ਵਾਲਿਆਂ ਲਈ ਹੋਵੇਗਾ ਜਾਂ ਹੋਰ ਬੰਦੀ ਸਿੰਘਾਂ ਦੀ ਰਿਹਾਈ ਲਈ ਵੀ ? ਇਹ ਅਜੇ ਸਾਫ਼ ਨਹੀਂ ਹੈ। ਉਹਨਾਂ ਦੀ ਸਟੇਜ 'ਤੇ ਕਿਸਾਨ ਸੰਘਰਸ਼ ਦੇ ਹੱਕ ਵਿੱਚ ਡਟਣ ਦੀ ਗੱਲ ਕੀਤੀ ਗਈ ਤੇ ਐਸ. ਜੀ. ਪੀ. ਸੀ. ਦੀਆਂ ਵੋਟਾਂ ਬਣਾਉਣ ਦਾ ਮਤਾ ਵੀ ਪਾਸ ਕੀਤਾ ਗਿਆ। ਭਾਈ ਅੰਮ੍ਰਿਤਪਾਲ ਦੇ ਪਿਤਾ ਨੇ ਕਿਹਾ ਕਿ ਉਹਨਾਂ ਦਾ ਮਕਸਦ ਸਭ ਨੂੰ ਇੱਕ ਝੰਡੇ ਥੱਲੇ ਇਕੱਠਾ ਕਰਨਾ ਹੈ। 'ਵਾਰਿਸ ਪੰਜਾਬ ਦੇ' ਜਥੇਬੰਦੀ, ਲੱਖਾ ਸਿਧਾਣਾ ਤੇ ਹੋਰ ਵੀ ਕਈ ਵੱਖ- ਵੱਖ ਪਾਰਟੀਆਂ ਦੇ ਬੰਦੇ ਦੂਜੀ ਸਟੇਜ ਦਾ ਹਿਸਾ ਬਣੇ। ਜਿਸ ਤਰ੍ਹਾਂ ਅਕਾਲੀ ਸਟੇਜ 'ਤੇ ਦੋ ਵੱਡੇ ਲੀਡਰਾਂ ਦੀ ਵੱਖੋ ਵੱਖਰੀ ਰਮਜ਼ ਵੇਖਣ ਨੂੰ ਮਿਲੀ, ਉਸੇ ਤਰ੍ਹਾਂ ਭਾਈ ਅੰਮ੍ਰਿਤਪਾਲ ਦੀ ਸਟੇਜ 'ਤੇ ਵੀ ਵੱਖੋਂ ਵੱਖਰੇ ਰਾਗ ਤੇ ਵੱਖੋ ਵੱਖਰੇ ਸੁਰ ਨਜ਼ਰ ਪਏ। ਖ਼ੈਰ, ਇਸ ਧਿਰ ਨੇ ਹਾਲੇ ਸ਼ੇਪ ਲੈਣੀ ਹੈ, ਆਪਣਾ ਤਾਣਾ ਬਾਣਾ ਬੁਣਨਾ ਹੈ ਪਰ ਚੜ੍ਹਦੀਕਲਾ ਵਾਲੀ ਪਾਣ ਦੀ ਲਿਸ਼ਕੋਰ ਪੈਂਦੀ ਸਾਫ਼ ਦਿਸਦੀ ਹੈ। ਉਧਰ ਅਕਾਲੀ ਦਲ ਦਾ ਸੂਰਜ ਡਲਕੋ ਹੀਣਾ ਹੈ ਕਿਉਂਕਿ ਸੰਘਰਸ਼ਾਂ ਦੇ ਵਿਚੋਂ ਨਿਕਲੀ ਪਾਰਟੀ ਆਪਣੀ ਸਟੇਜ 'ਤੇ ਸੰਘਰਸ਼ ਦੀ ਬਾਤ ਪਾਉਣੋਂ ਖੁੰਝਦੀ ਨਜ਼ਰ ਆਈ। 'ਪੂਰਾ ਪੰਜਾਬ ਸਾਡੀ ਮੁੱਠੀ ਵਿੱਚ ਹੈ' ਸੋਚਣ ਵਾਲੀ ਅਕਾਲੀ ਪਾਰਟੀ ਇਹ ਨਹੀਂ ਸਮਝ ਰਹੀ ਕਿ ਪੰਜਾਬ ਕਦੇ ਚੁੱਪ ਨਹੀਂ ਰਹਿੰਦਾ। ਇਸ ਦੇ ਸੱਜਿਓਂ ਖੱਬਿਓਂ ਕੁਝ ਨਾ ਕੁਝ ਵਾਪਰਦਾ ਰਹਿੰਦਾ ਹੈ। ਪੰਜਾਬ ਆਜ਼ਾਦ ਹੈ, ਜਿਸ ਕਿਸੇ ਨੇ ਵੀ ਨਿੱਜੀ ਹਿੱਤ ਦੇ ਲਈ ਇਸ ਨੂੰ ਮੁੱਠੀ ਵਿੱਚ ਕਰਨ ਦੀ ਕੋਸ਼ਿਸ਼ ਕੀਤੀ ਹੈ ਪੰਜਾਬ ਉਸ ਦੀਆਂ ਮੁੱਠੀਆਂ ਖਾਲੀ ਕਰ ਦਿੰਦਾ ਹੈ। ਕਿਸੇ ਨੇ ਸੱਚ ਹੀ ਲਿਖਿਆ ਹੈ ਕਿ ਪੰਜਾਬ ਉਜਾੜਨ ਵਾਲੇ ਖ਼ੁਦ ਹੀ ਉੱਜੜ ਗਏ, ਪੰਜਾਬ ਗੁਰਾਂ ਦੀ ਕਿਰਪਾ ਦੇ ਨਾਲ ਵਸਦਾ ਹੈ।

## ਸੁਖਬੀਰ ਨੇ ਸੰਤ ਲੌਂਗੋਵਾਲ ਦੇ ਪੰਥਕ ਏਜੰਡਿਆਂ ਨੂੰ ਵਿਸਾਰਿਆ: ਢੀਂਡਸਾ

ਲੌਂਗੋਵਾਲ/ ਏ.ਟੀ.ਨਿਊਜ਼ : ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ 'ਤੇ ਸ਼ਹੀਦੀ ਕਾਨਫਰੰਸ ਵਿੱਚ ਹੋਏ ਰਿਕਾਰਡਤੋੜ ਇਕੱਠ ਤੋਂ ਬਾਗੋਬਾਗ ਹੋਏ ਅਕਾਲੀ ਦਲ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਆਪਣੇ ਮਿਸ਼ਨ ਵਿੱਚ ਜਲਦੀ ਸਫਲ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਚਾਰ ਦਹਾਕੇ ਪਹਿਲਾਂ ਪੰਥ ਅਤੇ ਪੰਜਾਬ ਦੇ ਭਲੇ ਦੀ ਸੋਚ ਲੈ ਕੇ ਤੁਰੇ ਸਨ ਪਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਨੇ ਪੰਥ ਦੇ ਏਜੰਡਿਆਂ ਤੇ ਪੰਜਾਬ ਦੇ ਭਲੇ ਦੀ ਸੋਚ ਦੀ ਥਾਂ ਇੱਕ ਅਜਿਹੀ ਸੋਚ ਨੂੰ ਪ੍ਰਫੁੱਲਤ ਕੀਤਾ ਜਿਸ ਦਾ ਅਕਾਲੀ ਵਿਚਾਰਧਾਰਾ ਨਾਲ ਕੋਈ ਸਰੋਕਾਰ ਹੀ ਨਹੀਂ ਸੀ। ਹਰੇਕ ਜਥੇਬੰਦੀ ਦੀ ਭਰੋਸੇਯੋਗਤਾ ਉਸ ਦੇ ਸਿਧਾਂਤਾਂ, ਰਵਾਇਤਾਂ ਤੇ ਲੋਕ ਪੱਖੀ ਨੀਤੀਆਂ ਉੱਪਰ ਟਿਕੀ ਹੁੰਦੀ ਹੈ ਪਰ ਸੁਖਬੀਰ ਸਿੰਘ ਬਾਦਲ ਦੇ ਤਾਂ ਨੁਕਤੇ ਵੀ ਇਸ ਨਾਲ ਮੇਲ ਨਹੀਂ ਖਾਂਦੇ।



ਉਨ੍ਹਾਂ ਭਗਵੰਤ ਮਾਨ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਸਰਕਾਰ ਨੇ ਪੰਜਾਬ ਦੀ ਤਾਕਤ ਨੂੰ ਹੀ ਕਮਜ਼ੋਰ ਨਹੀਂ ਕੀਤਾ ਸਗੋਂ ਪੰਜਾਬ ਦੇ ਹਰ ਵਰਗ ਨੂੰ ਹਰ ਖੇਤਰ ਵਿੱਚ ਕਮਜ਼ੋਰ ਕਰ ਦਿੱਤਾ ਹੈ। ਸੁਧਾਰ ਲਹਿਰ ਦੇ ਆਗੂ ਤੇ ਸਾਬਕਾ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਐਲਾਨ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਜਲਦੀ ਹੀ ਬੰਦੀ ਸਿੰਘਾਂ ਦੀ ਰਿਹਾਈ, ਪੰਥਕ ਮਸਲਿਆਂ ਤੇ ਪੰਜਾਬ ਦੇ ਹਿੱਤਾਂ ਲਈ ਵੱਡਾ ਸੰਘਰਸ਼ ਸ਼ੁਰੂ ਕਰੇਗਾ। ਸੁਖਬੀਰ ਸਿੰਘ ਬਾਦਲ ਦੀ ਅਕਾਲੀ ਦਲ ਨੂੰ ਖ਼ਤਮ ਕਰਨ ਦੀ ਮੁਹਿੰਮ ਖ਼ਤਮ ਹੋ ਚੁੱਕੀ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨੂੰ ਤੇਜ਼ ਕਰਨ ਲਈ ਪੰਜਾਬ ਦੇ ਲੋਕ ਅੱਗੇ ਆ ਗਏ ਹਨ। ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੂੰ ਏਜੰਸੀਆਂ ਨੇ ਘੇਰਿਆ ਹੋਇਆ ਹੈ। ਏਜੰਸੀਆਂ ਹੀ ਉਸ ਨੂੰ ਸ਼੍ਰੋਮਣੀ ਅਕਾਲੀ ਦਲ ਖ਼ਿਲਾਫ਼ ਕਾਰਵਾਈ ਤੇ ਗ਼ਲਤ ਕੰਮ ਕਰਵਾ ਰਹੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਰੱਖੜ ਪੁੰਨਿਆ ਦੇ ਮੇਲੇ 'ਤੇ ਸੁਖਬੀਰ ਸਿੰਘ ਬਾਦਲ ਸਿੱਖੀ ਪਹਿਰਾਵੇ ਵਿਰੋਧੀ ਪ੍ਰਚਾਰ ਕਰ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਹੋਣ ਨਾਤੇ ਸਿੱਖੀ ਪਹਿਰਾਵੇ ਬਾਰੇ ਗਲਤ ਬਿਆਨਬਾਜ਼ੀ ਕਰਨਾ ਸ਼ੋਭਦਾ ਨਹੀਂ। ਇਸ ਕਰ ਕੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸੁਖਬੀਰ ਬਾਦਲ ਦੀ ਟਿੱਪਣੀ ਦਾ ਸਖ਼ਤ ਨੋਟਿਸ ਲੈਣਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸੁਖਬੀਰ ਬਾਦਲ ਦੀਆਂ ਗੰਭੀਰ ਗ਼ਲਤੀਆਂ, ਅਣਗਹਿਲੀਆਂ ਤੇ ਗਲਤ ਸੋਚ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਜ਼ੀਰੋ ਕਰ ਦਿੱਤਾ ਹੈ ਤੇ ਲੋਕ ਹੁਣ ਬਾਦਲ ਪਰਿਵਾਰ ਨੂੰ ਵਾਪਸੀ ਦਾ ਮੌਕਾ ਕਦੇ ਨਹੀਂ ਦੇਣਗੇ। ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਸੁਧਾਰ ਲਹਿਰ ਸ਼ੁਰੂ ਹੋਣ ਕਰਕੇ ਹੀ ਸੁਖਬੀਰ ਸਿੰਘ ਬਾਦਲ ਦੇ ਪੰਥ ਵਿਰੋਧੀ ਤੇ ਪੰਜਾਬ ਵਿਰੋਧੀ ਨੁਕਤੇ ਉਜਾਗਰ ਹੋਏ ਹਨ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਕਾਰਜਕਾਰੀ ਮੈਂਬਰਾਂ ਇੰਦਰਮੋਹਨ ਸਿੰਘ ਲਖਮੀਰਵਾਲਾ ਤੇ ਤੇਜਾ ਸਿੰਘ ਕਮਾਲਪੁਰ ਦੀ ਪਤਨੀ ਬੀਬੀ ਮਲਕੀਤ ਕੌਰ ਨੇ ਸੁਖਬੀਰ ਸਿੰਘ ਬਾਦਲ ਦੇ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨਾਲ ਜੁੜਨ ਦਾ ਐਲਾਨ ਕੀਤਾ। ਸਮਾਗਮ ਨੂੰ ਬੀਬੀ ਜਗੀਰ ਕੌਰ, ਸੁੱਚਾ ਸਿੰਘ ਛੋਟੇਪੁਰ, ਸਰਬਣ ਸਿੰਘ ਫਿਲੌਰ, ਗਗਨਦੀਪ ਸਿੰਘ ਬਰਨਾਲਾ, ਰਣਧੀਰ ਸਿੰਘ ਰੱਖੜਾ, ਬਲਦੇਵ ਸਿੰਘ ਮਾਨ, ਸੁਰਿੰਦਰ ਸਿੰਘ ਰਾਠਾਂ ਆਦਿ ਨੇ ਵੀ ਸੰਬੋਧਨ ਕੀਤਾ।

# ਵਿਸ਼ਵ ਬਨਾਮ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ

## ਪੂਰੀ ਦੁਨੀਆਂ ਦੀਆਂ ਨਜ਼ਰਾਂ ਅਮਰੀਕੀ ਰਾਸ਼ਟਰਪਤੀ ਦੀ ਚੋਣ 'ਤੇ ਲੱਗੀਆਂ

### ਜੇਕਰ ਟਰੰਪ ਸੱਤਾ 'ਚ ਆਏ ਤਾਂ ਅਮਰੀਕਾ 'ਚ ਲੱਖਾਂ ਗ਼ੈਰ-ਦਸਤਾਵੇਜ਼ੀ ਪਰਵਾਸੀਆਂ ਨੂੰ ਮਿਲ ਸਕਦੈ ਦੇਸ਼ ਨਿਕਾਲਾ

ਵਿਸ਼ਵ ਦੀ ਵੱਡੀ ਮਹਾਂਸ਼ਕਤੀ ਮੰਨੇ ਜਾਂਦੇ ਅਮਰੀਕਾ ਵਿੱਚ ਨਵੰਬਰ ਮਹੀਨੇ ਹੋਣ ਜਾ ਰਹੀਆਂ ਰਾਸ਼ਟਰਪਤੀ ਚੋਣਾਂ ਲਈ ਇਸ ਸਮੇਂ ਮੈਦਾਨ ਪੂਰੀ ਤਰ੍ਹਾਂ ਭਖਿਆ ਹੋਇਆ ਹੈ। ਇਹਨਾਂ ਚੋਣਾਂ ਦੌਰਾਨ ਸਾਬਕਾ ਰਾਸ਼ਟਰਪਤੀ ਟਰੰਪ ਅਤੇ ਕਮਲਾ ਹੈਰਿਸ ਵਿਚਾਲੇ ਗਹਿਗੱਚ ਮੁਕਾਬਲਾ ਹੋ ਰਿਹਾ ਹੈ। ਰਾਸ਼ਟਰਪਤੀ ਅਹੁਦੇ ਦੇ ਦੋਵੇਂ ਉਮੀਦਵਾਰ ਹੀ ਅਮਰੀਕਾ ਦੇ ਵੋਟਰਾਂ ਅੱਗੇ ਆਪੋ ਆਪਣੀਆਂ ਨੀਤੀਆਂ ਅਤੇ ਰਾਸ਼ਟਰਪਤੀ ਬਣਨ ਤੋਂ ਬਾਅਦ ਕੀਤੇ ਜਾਣ ਵਾਲੇ ਕੰਮਾਂ ਦਾ ਵੇਰਵਾ ਪੇਸ਼ ਕਰ ਰਹੇ ਹਨ ਤਾਂ ਕਿ ਅਮਰੀਕਾ ਦੇ ਲੋਕ ਉਹਨਾਂ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਸਕਣ ਤੇ ਉਹਨਾਂ ਨੂੰ ਵੋਟਾਂ ਪਾ ਕੇ ਜੇਤੂ ਬਣਾ ਦੇਣ। ਪੂਰੇ ਵਿਸ਼ਵ ਦੀਆਂ ਨਜ਼ਰਾਂ ਇਸ ਸਮੇਂ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵੱਲ ਲੱਗੀਆਂ ਹੋਈਆਂ ਹਨ ਕਿਉਂਕਿ ਅਮਰੀਕਾ ਦਾ ਜੋ ਵੀ ਨਵਾਂ ਰਾਸ਼ਟਰਪਤੀ ਬਣੇਗਾ ਉਸ ਦੀਆਂ ਨੀਤੀਆਂ ਦਾ ਅਸਰ ਪੂਰੀ ਦੁਨੀਆਂ 'ਤੇ ਹੀ ਵੇਖਣ ਨੂੰ ਮਿਲੇਗਾ।

ਇਸ ਸਮੇਂ ਜੋਅ ਬਾਇਡਨ ਅਮਰੀਕਾ ਦੇ ਰਾਸ਼ਟਰਪਤੀ ਹਨ, ਜਿਨ੍ਹਾਂ ਦੀਆਂ ਅਮਰੀਕਾ ਆਉਣ ਵਾਲੇ ਗੈਰ ਕਾਨੂੰਨੀ ਪ੍ਰਵਾਸੀਆਂ, ਜਿਨ੍ਹਾਂ ਨੂੰ ਗੈਰ-ਦਸਤਾਵੇਜ਼ੀ ਪ੍ਰਵਾਸੀ ਵੀ ਕਿਹਾ ਜਾਂਦਾ ਹੈ, ਬਾਰੇ ਨੀਤੀਆਂ ਉਦਾਰ ਹਨ। ਜੋਅ ਬਾਇਡਨ ਵੱਲੋਂ ਵਿਸ਼ਵ ਦੇ ਵੱਖ- ਵੱਖ ਮੁਲਕਾਂ ਤੋਂ ਅਮਰੀਕਾ ਆਉਣ ਵਾਲੇ 33 ਲੱਖ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਸ਼ਰਨ ਦਿੱਤੀ ਗਈ ਹੈ ਅਤੇ 9 ਲੱਖ ਗ੍ਰੀਨ ਕਾਰਡ ਧਾਰਕਾਂ ਨੂੰ ਜਲਦ ਹੀ ਨਾਗਰਿਕਤਾ ਮਿਲ ਸਕਦੀ ਹੈ। ਸਿਆਸਤ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਵੋਟਾਂ ਦੌਰਾਨ ਫ਼ਾਇਦਾ ਹਾਸਲ ਕਰਨ ਲਈ ਲੱਖਾਂ ਪ੍ਰਵਾਸੀਆਂ ਨੂੰ ਆਉਣ ਵਾਲੇ ਮਹੀਨਿਆਂ ਵਿੱਚ ਨਾਗਰਿਕਤਾ ਦਿੱਤੀ ਜਾਵੇਗੀ। ਜਦੋਂਕਿ ਟਰੰਪ ਸਪਸ਼ਟ ਐਲਾਨ ਕਰ ਚੁੱਕੇ ਹਨ ਕਿ ਜੇ ਉਹ ਰਾਸ਼ਟਰਪਤੀ ਬਣ ਜਾਂਦੇ ਹਨ ਤਾਂ ਗੈਰਕਾਨੂੰਨੀ ਪ੍ਰਵਾਸੀਆਂ ਦਾ ਅਮਰੀਕਾ ਆਉਣਾ ਪੂਰੀ ਤਰ੍ਹਾਂ ਬੰਦ ਕਰ ਦੇਣਗੇ। ਇਸ ਤੋਂ ਇਲਾਵਾ ਟਰੰਪ ਦਾ ਇਹ ਵੀ ਕਹਿਣਾ ਹੈ ਕਿ ਅਮਰੀਕਾ ਵਿੱਚ ਹੋਰਨਾਂ ਦੇਸ਼ਾਂ ਤੋਂ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਉਹਨਾਂ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਅਮਰੀਕਾ ਦੀ ਨਾਗਰਿਕਤਾ ਨਹੀਂ ਦਿੱਤੀ ਜਾਵੇਗੀ ਸਗੋਂ ਉਹਨਾਂ




ਵਿਦਿਆਰਥੀਆਂ ਨੂੰ ਉਹਨਾਂ ਦੀ ਪੜ੍ਹਾਈ ਮੁਕੰਮਲ ਹੋਣ ਤੋਂ ਬਾਅਦ ਵਾਪਸ ਉਹਨਾਂ ਦੇ ਦੇਸ਼ ਭੇਜ ਦਿੱਤਾ ਜਾਵੇਗਾ।

ਅਮਰੀਕਾ ਦੇ ਡਾਲਰ ਦੀ ਕੀਮਤ ਲਗਾਤਾਰ ਵੱਧਦੀ ਜਾ ਰਹੀ ਹੈ, ਜਿਸ ਕਾਰਨ ਪੂਰੀ ਦੁਨੀਆਂ ਵਿੱਚ ਅਮਰੀਕਾ ਆਪਣਾ ਸਿੱਕਾ ਚਲਾਉਣ ਦੇ ਯਤਨ ਕਰ ਰਿਹਾ ਹੈ। ਅਮਰੀਕਾ ਆਪਣੀਆਂ ਸਾਮਰਾਜੀ ਨੀਤੀਆਂ ਦਾ ਲਗਾਤਾਰ ਵਿਸਤਾਰ ਕਰ ਰਿਹਾ ਹੈ। ਅਮਰੀਕਾ ਦੇ ਡਾਲਰ ਦੀ ਲਗਾਤਾਰ ਵਧਦੀ ਕੀਮਤ ਕਾਰਨ ਅਤੇ ਅਮਰੀਕਾ ਵਿੱਚ ਨਾਗਰਿਕਾਂ ਦਾ ਉੱਚਾ ਰਹਿਣ ਸਹਿਣ ਅਤੇ ਮਿਲਦੀਆਂ ਉੱਚ ਕੁਆਲਿਟੀ ਦੀਆਂ ਬੁਨਿਆਦੀ ਸਹੂਲਤਾਂ ਕਾਰਨ ਦੁਨੀਆਂ ਦੇ ਵੱਖ- ਵੱਖ ਮੁਲਕਾਂ ਦੇ ਵੱਡੀ ਗਿਣਤੀ ਲੋਕ ਅਮਰੀਕਾ ਜਾਣ ਲਈ ਤਰਲੋਮੱਛੀ ਹੋ ਰਹੇ ਹਨ, ਜਿਨ੍ਹਾਂ ਵਿੱਚ ਪੰਜਾਬੀਆਂ ਦੀ ਬਹੁਗਿਣਤੀ ਵੀ ਸ਼ਾਮਲ ਹੈ। ਪੰਜਾਬੀ ਹਰ ਹੀਲਾ ਵਰਤ ਕੇ ਅਮਰੀਕਾ ਜਾਣ ਲਈ ਕਾਹਲੇ ਪਏ ਹੋਏ ਹਨ।

ਅਮਰੀਕਾ ਦੀ ਅਸਲ ਹਾਲਤ ਇਸ ਸਮੇਂ ਇਹ ਹੈ ਕਿ ਅਮਰੀਕਾ ਵਿੱਚ ਨੌਕਰੀਆਂ ਦਾ ਸੰਕਟ ਚੱਲ ਰਿਹਾ ਹੈ ਪਰ ਜੇਕਰ ਟਰੰਪ ਚੋਣ ਜਿੱਤ ਜਾਂਦੇ ਹਨ ਤਾਂ ਸਥਿਤੀ ਬਦਲ ਸਕਦੀ ਹੈ। ਅਮਰੀਕਾ ਵਿੱਚ ਇਸ ਵੇਲੇ ਅਜਿਹੀ ਸਥਿਤੀ ਬਣੀ ਹੋਈ ਹੈ ਕਿ ਲੋਕ ਨੌਕਰੀਆਂ ਲੱਭਣ ਲਈ ਸੰਘਰਸ਼ ਕਰ ਰਹੇ ਹਨ ਪਰ ਜੇਕਰ ਡੋਨਾਲਡ ਟਰੰਪ ਰਾਸ਼ਟਰਪਤੀ ਬਣ ਜਾਂਦੇ ਹਨ ਤਾਂ ਇਹ ਸਥਿਤੀ ਉਲਟ ਹੋ ਸਕਦੀ ਹੈ। ਚੋਣਾਂ ਦੌਰਾਨ ਇਹ ਬਹੁਤ ਚਰਚਾ ਵਿੱਚ ਹੈ ਕਿ ਟਰੰਪ ਸੱਤਾ ਵਿੱਚ ਆਉਣ 'ਤੇ ਜਲਦੀ ਤੋਂ ਜਲਦੀ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੇ ਹਨ। ਜੇਕਰ ਸਮੂਹਿਕ ਦੇਸ਼ ਨਿਕਾਲੇ ਦੀ ਇਹ ਪ੍ਰਣਾਲੀ ਲਾਗੂ ਹੋ ਜਾਂਦੀ ਹੈ, ਤਾਂ ਇਸ ਨਾਲ ਅਮਰੀਕਾ ਵਿੱਚ ਮਜ਼ਦੂਰਾਂ ਦੀ ਘਾਟ ਪੈਦਾ ਹੋਣ ਦੀ ਬਹੁਤ ਸੰਭਾਵਨਾ ਹੈ।

ਦੂਜੇ ਪਾਸੇ ਇਹ ਵੀ ਅਸਲੀਅਤ ਹੈ ਕਿ ਲੱਖਾਂ ਗੈਰ ਕਾਨੂੰਨੀ/ ਗੈਰ-ਦਸਤਾਵੇਜ਼ੀ ਪ੍ਰਵਾਸੀ ਅਮਰੀਕਾ ਵਿੱਚ ਖੇਤੀਬਾੜੀ ਤੋਂ ਲੈ ਕੇ ਉਸਾਰੀ ਤੱਕ ਕਈ ਖੇਤਰਾਂ ਵਿੱਚ ਕੰਮ ਕਰਦੇ ਹਨ। ਸੁਵਿਧਾ ਸਟੋਰਾਂ, ਮੋਟਲਾਂ ਅਤੇ ਗੈਸ ਸਟੇਸ਼ਨਾਂ ਸਮੇਤ ਕਾਰੋਬਾਰਾਂ ਵਿੱਚ ਕੰਮ ਕਰਨ ਵਾਲੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਦੀ ਗਿਣਤੀ ਵੀ ਘੱਟ ਨਹੀਂ ਹੈ। ਅਮਰੀਕਾ ਵਿੱਚ ਖੇਤੀਬਾੜੀ ਸੈਕਟਰ ਵਿੱਚ ਲਗਭਗ ਅੱਧੇ ਕਰਮਚਾਰੀ, ਯਾਨੀ ਲਗਭਗ ਸਾਢੇ ਨੌਂ ਲੱਖ ਕਾਮੇ, ਗੈਰ-ਦਸਤਾਵੇਜ਼ਿਤ ਹਨ। ਜੇਕਰ ਡੋਨਾਲਡ ਟਰੰਪ ਇਨ੍ਹਾਂ ਸਾਰੇ ਲੋਕਾਂ ਨੂੰ ਡਿਪੋਰਟ ਕਰਨਾ ਸ਼ੁਰੂ ਕਰ ਦਿੰਦੇ ਹਨ ਤਾਂ ਜ਼ਾਹਿਰ ਹੈ ਕਿ ਅਮਰੀਕਾ ਵਿੱਚ ਭਾਰੀ ਹਫੜਾ-ਦਫੜੀ ਮੱਚ ਸਕਦੀ ਹੈ ਅਤੇ ਇਹ ਵੀ ਸੰਭਾਵਨਾ ਹੈ ਕਿ ਅਜਿਹੇ ਵਰਕਰ ਦੇਸ਼ ਨਿਕਾਲੇ ਦੇ ਡਰੋਂ ਭੱਜ ਜਾਣਗੇ। ਵੱਡਾ ਸਵਾਲ ਇਹ ਹੈ ਕਿ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਦਾ ਕੀ ਹੋਵੇਗਾ ਜੇਕਰ ਉਹ ਅਮਰੀਕਾ ਦੇ ਖੇਤਾਂ, ਉਸਾਰੀ ਸਾਈਟਾਂ ਅਤੇ ਛੋਟੇ ਕਾਰੋਬਾਰਾਂ 'ਤੇ ਕੰਮ ਕਰਨਾ ਬੰਦ ਕਰ ਦੇਣਗੇ।

ਪਿਛਲੇ ਸਾਲ ਫਲੋਰੀਡਾ ਦੇ ਰਿਪਬਲਿਕਨ ਰਾਜ ਨੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ 'ਤੇ ਸਖ਼ਤ ਪਾਬੰਦੀਆਂ ਲਗਾਈਆਂ, ਜਿਸ ਕਾਰਨ ਵੱਡੀ ਗਿਣਤੀ ਵਿੱਚ ਕਾਮੇ ਆਪਣੀਆਂ ਨੌਕਰੀਆਂ ਤੋਂ ਦੂਰ ਚਲੇ ਗਏ, ਬਹੁਤ ਸਾਰੇ ਖੇਤ ਲੋਕਾਂ ਨੂੰ ਕੰਮ ਕਰਨ ਤੋਂ ਬਿਨਾਂ ਛੱਡ ਦਿੱਤੇ ਗਏ ਅਤੇ ਉਸਾਰੀ ਦੀਆਂ ਥਾਂਵਾਂ ਰੁਕ ਗਈਆਂ। ਟਰੰਪ ਅਤੇ ਉਨ੍ਹਾਂ ਦੀ ਪਾਰਟੀ ਦਾ ਕਹਿਣਾ ਹੈ ਕਿ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਨਾਲ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਅਤੇ ਕੰਮ ਕਰਨ ਵਾਲੇ ਲੋਕਾਂ ਨੂੰ ਦੇਸ਼ ਵਿਚੋਂ ਕੱਢਿਆ ਅਤੇ ਅਮਰੀਕੀਆਂ ਲਈ ਨੌਕਰੀਆਂ ਪੈਦਾ ਹੋਣਗੀਆਂ, ਪਰ ਅਸਲੀਅਤ ਇਹ ਹੈ ਕਿ ਅਮਰੀਕਾ ਵਿੱਚ ਨੌਕਰੀਆਂ ਦੇ ਮੌਕੇ ਪੈਦਾ ਕਰਨ ਦੀ ਬਜਾਏ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਆਰਥਿਕ ਅਰਾਜਕਤਾ ਅਤੇ ਬਹੁਤ ਸਾਰੇ ਲੋਕਾਂ ਲਈ ਕਰਮਚਾਰੀਆਂ ਦੀ ਘਾਟ ਪੈਦਾ ਕਰਨਗੇ ਅਤੇ ਕਾਰੋਬਾਰ ਠੱਪ ਹੋ ਜਾਣਗੇ। ਇਨ੍ਹਾਂ ਵਿੱਚੋਂ ਅਮਰੀਕਾ ਦਾ ਰਾਜ ਜਿੱਥੇ ਖੇਤੀਬਾੜੀ ਅਤੇ ਡੇਅਰੀ ਉਦਯੋਗ ਵੱਡੇ ਪੱਧਰ 'ਤੇ ਹੈ, ਸਭ ਤੋਂ ਵੱਧ ਪ੍ਰਭਾਵਿਤ ਹੋਵੇਗਾ।

ਅਮਰੀਕਾ ਵਿੱਚ ਕੁਝ ਖਾਸ ਕਿਸਮ ਦੇ ਰੁਜ਼ਗਾਰ ਵੀਜ਼ੇ ਉਪਲਬਧ ਨਾ ਹੋਣ ਕਾਰਨ, ਇਹ ਸੈਕਟਰ ਸਥਾਈ ਮਜ਼ਦੂਰਾਂ ਨੂੰ ਲੱਭਣ ਲਈ ਸੰਘਰਸ਼ ਕਰ ਰਹੇ ਹਨ ਅਤੇ ਜਨਤਕ ਦੇਸ਼ ਨਿਕਾਲੇ ਵਰਗੀ ਕੋਈ ਵੀ ਲਹਿਰ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਵਧਾ ਸਕਦੀ ਹੈ। ਅਮਰੀਕਾ ਦੀ ਨੈਸ਼ਨਲ ਮਿਲਕ ਪ੍ਰੋਡਿਊਸਰਜ਼ ਫੈਡਰੇਸ਼ਨ ਦੀ ਰਿਪੋਰਟ ਅਨੁਸਾਰ ਇਸ ਉਦਯੋਗ ਦੇ 51 ਫ਼ੀਸਦੀ ਮਜ਼ਦੂਰ ਗੈਰ-ਦਸਤਾਵੇਜ਼ ਹਨ ਅਤੇ ਅਮਰੀਕਾ ਦਾ 80 ਫ਼ੀਸਦੀ ਦੁੱਧ ਪੈਦਾ ਕਰਨ ਪਿੱਛੇ ਉਨ੍ਹਾਂ ਦੀ ਸਖ਼ਤ ਮਿਹਨਤ ਹੈ। ਜੇਕਰ ਉਨ੍ਹਾਂ ਨੂੰ ਅਮਰੀਕਾ ਛੱਡਣਾ ਪਿਆ ਤਾਂ ਅਮਰੀਕਾ 'ਚ ਦੁੱਧ ਦੀ ਸਪਲਾਈ ਬੰਦ ਹੋ ਸਕਦੀ ਹੈ। ਜਿਨ੍ਹਾਂ ਰਾਜਾਂ ਵਿੱਚ ਗੈਰ-ਦਸਤਾਵੇਜ਼ ਰਹਿਤ ਪ੍ਰਵਾਸੀ ਰਾਜ ਦੀ ਆਰਥਿਕਤਾ ਅਤੇ ਕਾਰੋਬਾਰਾਂ ਵਿੱਚ ਬਹੁਤ ਮਹੱਤਵਪੂਰਨ ਹਨ, ਉੱਥੇ ਅਜਿਹੀ ਸਥਿਤੀ ਹੈ ਜਿੱਥੇ ਟਰੰਪ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਦੇ ਮੁੱਦੇ 'ਤੇ ਹਾਰ ਸਕਦੇ ਹਨ। ਅਮਰੀਕਾ ਵਿੱਚ ਸਭ ਤੋਂ ਵੱਡੇ ਇਲੈਕਟੋਰਲ ਕਾਲਜ ਵਾਲੇ ਰਾਜਾਂ ਵਿੱਚ 75 ਪ੍ਰਤੀਸ਼ਤ ਖੇਤੀਬਾੜੀ ਕਰਮਚਾਰੀ ਗੈਰ-ਦਸਤਾਵੇਜ਼ਿਤ ਹਨ। ਕੈਲੀਫ਼ੋਰਨੀਆ ਅਤੇ ਫਲੋਰੀਡਾ ਵਰਗੇ ਰਾਜਾਂ ਵਿੱਚ ਭਰਪੂਰ ਫਲ ਅਤੇ ਅਨਾਜ ਦੀਆਂ ਫਸਲਾਂ ਹਨ, ਪਰ ਕੋਈ ਗੈਰ-ਦਸਤਾਵੇਜ਼ ਕਰਮਚਾਰੀ ਨਹੀਂ ਹਨ।

ਅਮਰੀਕਾ ਵਿੱਚ ਸਾਬਕਾ ਰਾਸ਼ਟਰਪਤੀ ਟਰੰਪ ਉਪਰ ਹੋਏ ਹਮਲੇ ਤੋਂ ਬਾਅਦ ਉਨ੍ਹਾਂ ਦੀ ਚੋਣ ਮੁਹਿਮ ਇਕਦਮ ਹੀ ਤੇਜ਼ ਹੋ ਗਈ ਸੀ ਅਤੇ ਉਨ੍ਹਾਂ ਦੀ ਸਥਿਤੀ ਕਾਫ਼ੀ ਮਜ਼ਬੂਤ ਹੋ ਗਈ ਸੀ ਪਰ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਮੈਦਾਨ ਵਿਚੋਂ ਹਟ ਜਾਣ ਅਤੇ ਕਮਲਾ ਹੈਰਿਸ ਦੇ ਰਾਸ਼ਟਰਪਤੀ ਚੋਣ ਮੈਦਾਨ ਵਿੱਚ ਆ ਜਾਣ ਕਾਰਨ ਸਥਿਤੀ ਬਦਲ ਗਈ ਹੈ। ਕੁਝ ਸਰਵੇਖਣਾਂ ਵਿੱਚ ਹੁਣ ਅਮਰੀਕਾ ਦੇ ਕੁਝ ਰਾਜਾਂ ਵਿੱਚ ਕਮਲਾ ਹੈਰਿਸ ਵਿਰੋਧੀ ਉਮੀਦਵਾਰ ਟਰੰਪ ਤੋਂ ਅੱਗੇ ਦਸੀ ਜਾ ਰਹੀ ਹੈ। ਦੂਜੇ ਪਾਸੇ ਟਰੰਪ ਵੀ ਆਪਣੀ ਜਿੱਤ ਨੂੰ ਪੱਕੀ ਸਮਝ ਰਹੇ ਹਨ ਅਤੇ ਇੱਕ ਤਰ੍ਹਾਂ ਜੇਤੂ ਉਮੀਦਵਾਰ ਵਜੋਂ ਹੀ ਆਪਣੀਆਂ ਸਰਗਰਮੀਆਂ ਚਲਾ ਰਹੇ ਹਨ। ਟਰੰਪ ਵੱਲੋਂ ਤਾਂ ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਜੇ ਉਹ ਅਮਰੀਕਾ ਦੇ ਰਾਸ਼ਟਰਪਤੀ ਬਣ ਜਾਂਦੇ ਹਨ ਤਾਂ ਉਹ ਦੁਨੀਆਂ ਵਿੱਚ ਤੀਜਾ ਵਿਸ਼ਵ ਯੁੱਧ ਨਹੀਂ ਹੋਣ ਦੇਣਗੇ। ਟਰੰਪ ਦੇ ਰਾਸ਼ਟਰਪਤੀ ਬਣਨ ਦੀ ਸੰਭਾਵਨਾ ਦੀ ਚਰਚਾ ਤੇਜ਼ ਹੋਣ ਕਾਰਨ ਹੀ ਹੁਣ ਯੂਕ੍ਰੇਨ ਨੇ ਵੀ ਰੂਸ ਪ੍ਰਤੀ ਆਪਣੀ ਸੁਰ ਬਦਲ ਲਈ ਹੈ ਅਤੇ ਰੂਸ ਨਾਲ ਗੱਲਬਾਤ ਲਈ ਸਹਿਮਤ ਹੋ ਗਿਆ ਹੈ। ਯੂਕ੍ਰੇਨ ਨੂੰ ਮਹਿਸੂਸ ਹੋ ਰਿਹਾ ਹੈ ਕਿ ਜੇ ਟਰੰਪ ਅਮਰੀਕਾ ਦੇ ਰਾਸ਼ਟਰਪਤੀ ਬਣ ਗਏ ਤਾਂ ਟਰੰਪ ਅਮਰੀਕਾ ਵੱਲੋਂ ਯੂਕ੍ਰੇਨ ਨੂੰ ਦਿੱਤੀ ਜਾ ਰਹੀ ਹਥਿਆਰਾਂ ਅਤੇ ਹੋਰ ਸਮਾਨ ਦੀ ਮਦਦ ਨੂੰ ਰੋਕ ਸਕਦੇ ਹਨ। ਕੁਝ ਇਹੋ ਜਿਹੀ ਹੀ ਸੋਚ ਇਜ਼ਰਾਇਲ ਦੀ ਹੈ, ਇਸ ਸਮੇਂ ਅਮਰੀਕਾ ਇਜ਼ਰਾਇਲ ਦੀ ਮਦਦ ਕਰ ਰਿਹਾ ਹੈ। ਇਜ਼ਰਾਇਲ ਨੂੰ ਵੀ ਲੱਗਦਾ ਹੈ ਕਿ ਜੇ ਟਰੰਪ ਅਮਰੀਕਾ ਦੇ ਰਾਸ਼ਟਰਪਤੀ ਬਣ ਗਏ ਤਾਂ ਅਮਰੀਕੀ ਮਦਦ ਮਿਲਣੀ ਬੰਦ ਹੋ ਸਕਦੀ ਹੈ। ਇਸੇ ਕਾਰਨ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਤੋਂ ਪਹਿਲਾਂ ਹੀ ਇਜ਼ਰਾਇਲ ਨੇ ਗਾਜ਼ਾ ਪੱਟੀ 'ਤੇ ਆਪਣੇ ਹਮਲੇ ਤੇਜ਼ ਕਰ ਦਿੱਤੇ ਹਨ। ਭਾਵੇਂ ਕਿ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵਿੱਚ ਜਿੱਤ ਹਾਰ ਦਾ ਫੈਸਲਾ ਅਮਰੀਕੀਆਂ ਦੀਆਂ ਵੋਟਾਂ ਹੀ ਕਰਨਗੀਆਂ, ਜੋ ਕਿ ਨਵੰਬਰ ਮਹੀਨੇ ਪਾਈਆਂ ਜਾਣਗੀਆਂ, ਪਰ ਹੁਣੇ ਤੋਂ ਹੀ ਟਰੰਪ ਅਤੇ ਕਮਲਾ ਦੀ ਜਿੱਤ ਹਾਰ ਸਬੰਧੀ ਕਿਆਸ ਅਰਾਈਆਂ ਦਾ ਦੌਰ ਜਾਰੀ ਹੈ। ਦੋਵਾਂ ਹੀ ਧਿਰਾਂ ਦੇ ਸਮਰਥਕ ਚੋਣਾਂ ਵਿੱਚ ਆਪੋ ਆਪਣੇ ਉਮੀਦਵਾਰ ਦੀ ਜਿੱਤ ਹੋਣ ਦੇ ਦਾਅਵੇ ਕਰ ਰਹੇ ਹਨ। ਅਮਰੀਕਾ ਦਾ ਅਗਲਾ ਰਾਸ਼ਟਰਪਤੀ ਕੌਣ ਬਣੇਗਾ, ਇਸ ਦਾ ਪਤਾ ਤਾਂ ਉਥੇ ਵੋਟਾਂ ਪੈਣ ਤੋਂ ਬਾਅਦ ਹੀ ਲੱਗੇਗਾ।

## ਇਰਾਨ ਨੇ ਡੋਨਾਲਡ ਟਰੰਪ ਦੀ ਮੁਹਿੰਮ ਨੂੰ ਹੈਕ ਕੀਤਾ, ਐਫ.ਬੀ.ਆਈ. ਨੇ ਪੁਸ਼ਟੀ ਕੀਤੀ

ਨਿਊਯਾਰਕ/ਏ.ਟੀ.ਨਿਊਜ਼ :ਅਮਰੀਕੀ ਖੁਫ਼ੀਆ ਅਧਿਕਾਰੀਆਂ ਨੇ ਕਿਹਾ ਕਿ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮੁਹਿੰਮ ਨੂੰ ਹੈਕ ਕਰਨ ਪਿੱਛੇ ਇਰਾਨ ਦਾ ਹੱਥ ਸੀ।

ਅਮਰੀਕਾ ਦੀ ਖੁਫ਼ੀਆ ਏਜੰਸੀ ਐਫ.ਬੀ.ਆਈ. ਅਤੇ ਹੋਰ ਜਾਂਚ ਏਜੰਸੀਆਂ ਨੇ ਇਸ ਦੀ ਪੁਸ਼ਟੀ ਕਰਦੇ ਬਿਆਨ ਜਾਰੀ ਕੀਤੇ ਹਨ। ਬਿਆਨ 'ਚ ਕਿਹਾ ਗਿਆ ਹੈ, "ਇਰਾਨ ਨੇ ਅਮਰੀਕੀ ਚੋਣਾਂ 'ਚ ਦਖ਼ਲ-ਅੰਦਾਜ਼ੀ ਕਰਨ ਦਾ ਫੈਸਲਾ ਕੀਤਾ ਸੀ ਤਾਂ ਜੋ ਲੋਕਤੰਤਰੀ ਸੰਸਥਾਵਾਂ 'ਚ ਅਸਹਿਮਤੀ ਪੈਦਾ ਕੀਤੀ ਜਾ ਸਕੇ।"

ਬਿਆਨ ਵਿੱਚ ਕਿਹਾ ਗਿਆ ਹੈ, 'ਇਰਾਨ ਨੇ ਸੋਸ਼ਲ ਇੰਜੀਨੀਅਰਿੰਗ ਅਤੇ ਦੋਵਾਂ ਸਿਆਸੀ ਪਾਰਟੀਆਂ ਦੇ ਰਾਸ਼ਟਰਪਤੀ ਮੁਹਿੰਮਾਂ ਨੂੰ ਸ਼ਾਮਲ ਕਰਨ ਵਾਲੇ ਹੋਰ ਯਤਨਾਂ ਰਾਹੀਂ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਹੈ।'

ਹਾਲ ਹੀ ਵਿੱਚ, ਡੋਨਾਲਡ ਟਰੰਪ ਦੀ ਮੁਹਿੰਮ ਨੇ ਕਿਹਾ ਕਿ ਇਰਾਨੀ ਹੈਕਰਾਂ ਨੇ ਉਸ ਦੇ ਅੰਦਰੂਨੀ ਸੰਚਾਰ ਨੂੰ ਹੈਕ ਕਰਨ ਦੇ ਪਿੱਛੇ ਸੀ। ਹਾਲਾਂ ਕਿ ਟਰੰਪ ਦੀ ਮੁਹਿੰਮ ਦੇ ਇਸ ਦਾਅਵੇ ਨੂੰ ਇਰਾਨੀ ਅਧਿਕਾਰੀਆਂ ਨੇ ਰੱਦ ਕਰ ਦਿੱਤਾ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੀ ਭਾਰਤ ਨਾਲ 'ਡਬਲ ਗੇਮ' ਖੇਡ ਰਿਹੈ ਰੂਸ?

## ਰੂਸ ਨੇ ਗੁਪਤ ਤਰੀਕੇ ਨਾਲ ਪਾਕਿਸਤਾਨ ਨੂੰ ਵੇਚੇ ਸੁਪਰਕੈਮ ਡਰੋਨ

## ਪਾਕਿਸਤਾਨ ਅਤੇ ਰੂਸ ਦਾ ਰਵਾਇਤੀ ਤੌਰ 'ਤੇ ਨਹੀਂ ਹੈ ਫ਼ੌਜੀ ਗਠਜੋੜ



ਮਾਸਕੋ/ਏ.ਟੀ.ਨਿਊਜ਼ : ਭਾਰਤ ਨੂੰ ਆਪਣਾ ਸਭ ਤੋਂ ਚੰਗਾ ਮਿੱਤਰ ਕਹਿਣ ਵਾਲੇ ਰੂਸ ਨੇ ਪਾਕਿਸਤਾਨ ਨੂੰ ਸੁਪਰਕੈਮ ਡਰੋਨ ਵੇਚੇ ਹਨ। ਸੁਪਰਕੈਮ ਡਰੋਨ ਦੁਸ਼ਮਣ ਦੇ ਇਲਾਕੇ ਦੀ ਜਾਸੂਸੀ ਦੇ ਨਾਲ-ਨਾਲ ਹਮਲਾ ਵੀ ਕਰ ਸਕਦਾ ਹੈ। ਇਹ ਡਰੋਨ ਪੇਲੋਡ ਵੀ ਲਿਜਾ ਸਕਦਾ ਹੈ।ਪਾਕਿਸਤਾਨ ਨੂੰ ਇਸ ਡਰੋਨ ਦੀ ਵਿਕਰੀ ਦਾ ਖੁਲਾਸਾ ਖੁਦ ਡਿਵੈਲਪਰ ਅਨਮੈਨਡ ਸਿਸਟਮ ਗਰੁੱਪ ਨੇ ਆਰਮੀ-2024 ਇੰਟਰਨੈਸ਼ਨਲ ਮਿਲਟਰੀ-ਟੈਕਨੀਕਲ ਫੋਰਮ ਦੌਰਾਨ ਕੀਤਾ ਹੈ। ਸੁਪਰਕੈਮ ਡਰੋਨ ਐਸ-350 ਸੱਤ ਘੰਟਿਆਂ ਤੱਕ ਹਵਾ ਵਿੱਚ ਰਹਿ ਸਕਦਾ ਹੈ ਅਤੇ ਲੰਬੀ ਦੂਰੀ 'ਤੇ ਜਾਣਕਾਰੀ ਦਾ ਸੰਚਾਰ ਕਰ ਸਕਦਾ ਹੈ। ਹਾਲਾਂਕਿ, ਕੁਝ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਪਾਕਿਸਤਾਨ ਪਹਿਲਾਂ ਹੀ ਭਾਰਤੀ ਸਰਹੱਦ 'ਤੇ ਇਸ ਸੁਪਰਕੈਮ ਡਰੋਨ ਦੀ ਵਰਤੋਂ ਕਰ ਰਿਹਾ ਹੈ। ਇਸ ਤੋਂ ਬਾਅਦ ਇਹ ਸਵਾਲ ਵੀ ਉੱਠ ਰਿਹਾ ਹੈ ਕਿ ਕੀ ਰੂਸ ਭਾਰਤ ਨਾਲ ਦੋਹਰੀ ਖੇਡ ਖੇਡ ਰਿਹਾ ਹੈ ?

**ਰੂਸ 'ਤੇ ਧੋਖਾਧੜੀ ਦਾ ਸ਼ੱਕ ਕਿਉਂ ਹੈ ?**

ਇਸ ਸਾਲ ਜੁਲਾਈ ਦੇ ਸ਼ੁਰੂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੱਛਮੀ ਦੇਸ਼ਾਂ ਦੇ ਵਿਰੋਧ ਦੇ ਬਾਵਜੂਦ ਰੂਸ ਦਾ ਦੌਰਾ ਕੀਤਾ ਸੀ। ਇਸ ਦੌਰਾਨ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਗਲੇ ਲਗਾਉਂਦੇ ਹੋਏ ਇੱਕ ਤਸਵੀਰ ਵੀ ਵਾਇਰਲ ਹੋਈ ਸੀ। ਅਮਰੀਕਾ ਅਤੇ ਯੂਕ੍ਰੇਨ ਸਮੇਤ ਕਈ ਪੱਛਮੀ ਦੇਸ਼ਾਂ ਨੇ ਵੀ ਪੁਤਿਨ ਨੂੰ ਗਲੇ ਲਗਾਉਣ ਲਈ ਭਾਰਤ ਦੀ ਆਲੋਚਨਾ ਕੀਤੀ ਸੀ। ਹਾਲਾਂਕਿ ਇਸ ਦੌਰਾਨ ਇਕ ਹੋਰ ਤਸਵੀਰ ਸਾਹਮਣੇ ਆਈ ਸੀ, ਜਿਸ 'ਚ ਰੂਸੀ ਰੱਖਿਆ ਮੰਤਰਾਲੇ ਦੇ ਸੀਨੀਅਰ ਅਧਿਕਾਰੀ ਪਾਕਿਸਤਾਨੀ ਫੌਜੀ ਅਧਿਕਾਰੀਆਂ ਨਾਲ ਮੁਲਾਕਾਤ ਕਰਦੇ ਨਜ਼ਰ ਆ ਰਹੇ ਸਨ। ਇਸ ਮੀਟਿੰਗ ਨੂੰ ਭਾਰਤ ਲਈ ਖ਼ਤਰਾ ਵੀ ਦੱਸਿਆ ਗਿਆ ਕਿਉਂਕਿ ਪਾਕਿਸਤਾਨ ਅਤੇ ਰੂਸ ਦਾ ਰਵਾਇਤੀ ਤੌਰ 'ਤੇ ਫ਼ੌਜੀ ਗਠਜੋੜ ਨਹੀਂ ਹੈ।

**ਸੁਪਰਕੈਮ ਡਰੋਨ ਕਿੰਨਾ ਖਤਰਨਾਕ ਹੈ ?**

ਸੁਪਰਕੈਮ ਆਪਣੀ ਰਣਨੀਤਕ ਅਤੇ ਤਕਨੀਕੀ ਉੱਤਮਤਾ ਲਈ ਜਾਣਿਆ ਜਾਂਦਾ ਹੈ। ਇਹ ਡਰੋਨ ਚੁਣੌਤੀਪੂਰਨ ਮੌਸਮ ਵਿੱਚ ਵੀ ਤਿੰਨ ਘੰਟੇ ਤੱਕ ਉੱਡ ਸਕਦਾ ਹੈ ਅਤੇ ਉੱਚ ਗੁਣਵੱਤਾ ਵਾਲੇ ਵੀਡੀਓ ਭੇਜ ਸਕਦਾ ਹੈ। ਇਸਦੀ ਵਰਤੋਂ ਸੁਰੱਖਿਆ, ਜਾਸੂਸੀ, ਨਕਸ਼ੇ ਬਣਾਉਣ ਅਤੇ ਅਪਰਾਧਿਕ ਗਤੀਵਿਧੀਆਂ ਦਾ ਪਤਾ ਲਗਾਉਣ ਲਈ ਵੀ ਕੀਤੀ ਜਾ ਸਕਦੀ ਹੈ। ਅਮਰੀਕੀ ਸਰਕਾਰ ਦੀ ਵੈੱਬਸਾਈਟ ਨੇ ਰੂਸੀ ਸੁਪਰਕੈਮ ਨੂੰ ਦੁਨੀਆਂ ਦੇ ਚੋਟੀ ਦੇ ਡਰੋਨਾਂ ਵਿੱਚ ਸ਼ਾਮਲ ਕੀਤਾ ਹੈ, ਇਸਦੀ ਸੰਚਾਲਨ ਕਾਰਗੁਜ਼ਾਰੀ, ਭਰੋਸੇਯੋਗਤਾ ਅਤੇ ਪ੍ਰਭਾਵ ਨੂੰ ਦਰਸਾਉਂਦਾ ਹੈ।

**ਯੂਕ੍ਰੇਨ ਯੁੱਧ ਵਿੱਚ ਸੁਪਰਕੈਮ ਡਰੋਨ ਦੀ ਵਰਤੋ**

ਰੂਸ ਨੇ ਯੂਕ੍ਰੇਨ ਦੇ ਨਾਲ ਚੱਲ ਰਹੇ ਸੰਘਰਸ਼ ਵਿੱਚ ਸੁਪਰਕੈਮ ਡਰੋਨਾਂ ਦੀ ਤਾਇਨਾਤੀ ਵਿੱਚ ਮਹੱਤਵਪੂਰਨ ਵਾਧਾ ਕੀਤਾ ਹੈ। 30 ਜੁਲਾਈ ਨੂੰ, ਰੋਸਟੈਕ ਦੇ ਸੀਈਓ ਸਰਗੇਈ ਚੇਮੇਜ਼ੋਵ ਨੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਸੁਪਰਕੈਮ ਤਕਨਾਲੋਜੀ ਵਿੱਚ ਤਰੱਕੀ ਬਾਰੇ ਜਾਣਕਾਰੀ ਦਿੱਤੀ। ਚੇਮੇਜ਼ੋਵ ਨੇ ਕਿਹਾ ਕਿ ਸੁਪਰਕੈਮ ਡਰੋਨ ਹੁਣ ਖੋਜ ਅਤੇ ਕਾਮੀਕੇਜ਼ ਦੋਨਾਂ ਰੂਪਾਂ ਵਿੱਚ ਉਪਲਬਧ ਹੈ। ਇਨ੍ਹਾਂ ਡਰੋਨਾਂ ਦਾ ਉਤਪਾਦਨ ਤੇਜ਼ੀ ਨਾਲ ਹੋਇਆ ਹੈ। ਸਿਰਫ ਪੰਜ ਮਹੀਨਿਆਂ ਵਿੱਚ 30,000 ਵਰਗ ਮੀਟਰ ਵਿੱਚ ਫੈਲੀ ਇੱਕ ਨਵੀਂ ਨਿਰਮਾਣ ਸਹੂਲਤ ਸਥਾਪਤ ਕੀਤੀ ਗਈ ਹੈ। ਸੁਪਰਕੈਮ ਡਰੋਨ ਜੰਗ ਦੇ ਮੈਦਾਨ 'ਤੇ ਆਪਣੀ ਕੀਮਤ ਸਾਬਤ ਕਰ ਰਹੇ ਹਨ, ਖਾਸ ਕਰਕੇ ਜਦੋਂ ਹਾਵਿਟਜ਼ਰਾਂ ਦੇ ਨਾਲ ਜੋੜ ਕੇ ਵਰਤਿਆ ਜਾਂਦਾ ਹੈ। ਯੂਕ੍ਰੇਨ ਯੁੱਧ ਵਿੱਚ, ਰੂਸੀ ਓਪਰੇਟਰ ਯੂਕ੍ਰੇਨੀ ਫਾਇਰਿੰਗ ਪੋਜੀਸ਼ਨਾਂ ਅਤੇ ਫੀਲਡ ਡਿਪੂਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲੱਭ ਸਕਦੇ ਹਨ ਅਤੇ ਬੇਅਸਰ ਕਰ ਸਕਦੇ ਹਨ।

## ਨਰਿੰਦਰ ਮੋਦੀ ਕਰਨਗੇ ਯੂਕ੍ਰੇਨ ਦਾ ਦੌਰਾ



ਨਵੀਂ ਦਿੱਲੀ/ਏ.ਟੀ.ਨਿਊਜ਼: ਪ੍ਰਧਾਨ ਮੰਤਰੀ ਨਰਿੰਦਰ ਮੋਦੀ 23 ਅਗਸਤ ਨੂੰ ਯੂਕ੍ਰੇਨ ਦਾ ਦੌਰਾ ਕਰਨਗੇ। ਕੋਈ ਭਾਰਤੀ ਪ੍ਰਧਾਨ ਮੰਤਰੀ 30 ਸਾਲਾਂ ਬਾਅਦ ਇੱਥੇ ਆਉਣਗੇ। ਪੀਐਮ ਮੋਦੀ ਦੀ ਯੂਕ੍ਰੇਨ ਯਾਤਰਾ ਮਾਸਕੋ ਵਿੱਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਮੁਲਾਕਾਤ ਦੇ ਇੱਕ ਮਹੀਨੇ ਬਾਅਦ ਹੋ ਰਹੀ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤ ਹਮੇਸ਼ਾ ਹੀ ਯੂਕਰੇਨ 'ਚ ਜੰਗ ਨੂੰ ਸੁਲਝਾਉਣ ਲਈ ਕੂਟਨੀਤੀ ਅਤੇ ਗੱਲਬਾਤ ਦੀ ਵਕਾਲਤ ਕਰਦਾ ਰਿਹਾ ਹੈ, ਤਾਂ ਜੋ ਸਥਾਈ ਸ਼ਾਂਤੀ ਸਥਾਪਿਤ ਹੋ ਸਕੇ।

ਯੂਕ੍ਰੇਨ ਦੇ ਰਾਸ਼ਟਰਪਤੀ ਦਫ਼ਤਰ ਨੇ ਇੱਕ ਬਿਆਨ ਵਿੱਚ ਕਿਹਾ, 23 ਅਗਸਤ ਨੂੰ, ਯੂਕ੍ਰੇਨ ਦੇ ਰਾਸ਼ਟਰੀ ਝੰਡਾ ਦਿਵਸ 'ਤੇ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਯੂਕ੍ਰੇਨ ਦੀ ਅਧਿਕਾਰਤ ਯਾਤਰਾ ਕਰਨਗੇ। ਬਿਆਨ 'ਚ ਅੱਗੇ ਕਿਹਾ ਗਿਆ ਹੈ ਕਿ ਇਸ ਯਾਤਰਾ ਦੌਰਾਨ ਵਿਸ਼ੇਸ਼ ਤੌਰ 'ਤੇ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਨਸਕੀ ਨਾਲ ਦੁਵੱਲੇ ਅਤੇ ਬਹੁਪੱਖੀ ਸਹਿਯੋਗ ਦੇ ਮੁੱਦਿਆਂ 'ਤੇ ਚਰਚਾ ਹੋਵੇਗੀ। ਇਸ ਤੋਂ ਇਲਾਵਾ ਉਮੀਦ ਕੀਤੀ ਜਾ ਰਹੀ ਹੈ ਕਿ ਇਸ ਦੌਰਾਨ ਯੂਕ੍ਰੇਨ ਅਤੇ ਭਾਰਤ ਵਿਚਾਲੇ ਕਈ ਦਸਤਾਵੇਜ਼ਾਂ 'ਤੇ ਦਸਤਖਤ ਕੀਤੇ ਜਾਣਗੇ।

## ਮਹਿੰਗਾਈ, ਬੇਰੁਜ਼ਗਾਰੀ, ਸੁਸਤ ਆਰਥਿਕਤਾ ਕਾਰਨ ਚੀਨ 'ਚ ਛੜਿਆਂ ਦੀ ਗਿਣਤੀ ਵਧੀ, ਜਨਮ ਦਰ ਘਟੀ



ਚੀਨ ਵਿੱਚ ਵਿਆਹ ਕਰਵਾਉਣ ਵਾਲੇ ਜੋੜਿਆਂ ਦੀ ਗਿਣਤੀ ਵਿੱਚ ਲਗਾਤਾਰ ਕਮੀ ਆ ਰਹੀ ਹੈ। ਚੀਨ ਵਿੱਚ 2024 'ਚ ਵਿਆਹ ਕਰਵਾਉਣ ਵਾਲੇ ਨੌਜਵਾਨਾਂ ਦੀ ਗਿਣਤੀ ਪਿਛਲੇ 12 ਸਾਲਾਂ ਵਿੱਚ ਸਭ ਤੋਂ ਘੱਟ ਰਹੀ ਹੈ। ਇਸ ਕਾਰਨ ਚੀਨ ਵਿੱਚ ਜਨਮ ਦਰ ਘਟ ਰਹੀ ਹੈ, ਜਿਸ ਕਾਰਨ ਆਉਣ ਵਾਲੇ ਸਾਲਾਂ ਵਿੱਚ ਕੰਮਕਾਜੀ ਆਬਾਦੀ ਦੀ ਗਿਣਤੀ ਵਿੱਚ ਕਮੀ ਆ ਸਕਦੀ ਹੈ।

ਇਹ ਚੀਨ ਲਈ ਆਪਣੀ ਆਰਥਿਕਤਾ ਨੂੰ ਮਜ਼ਬੂਤ ਰੱਖਣ ਲਈ ਇੱਕ ਨਵੀਂ ਚੁਣੌਤੀ ਪੈਦਾ ਕਰ ਸਕਦਾ ਹੈ, ਜੋ ਪਹਿਲਾਂ ਹੀ ਆਪਣੀ ਬੁੱਢੀ ਆਬਾਦੀ ਤੋਂ ਪਰੇਸ਼ਾਨ ਹੈ। ਚੀਨ ਦੇ ਅਧਿਕਾਰਤ ਅੰਕੜਿਆਂ ਮੁਤਾਬਕ ਇਸ ਸਾਲ ਦੀ ਪਹਿਲੀ ਛਿਮਾਹੀ 'ਚ ਵਿਆਹ ਕਰਵਾਉਣ ਵਾਲੇ ਚੀਨੀ ਜੋੜਿਆਂ ਦੀ ਗਿਣਤੀ 2013 ਤੋਂ ਬਾਅਦ ਸਭ ਤੋਂ ਹੇਠਲੇ ਪੱਧਰ 'ਤੇ ਆ ਗਈ ਹੈ। ਇਸ ਦਾ ਇੱਕ ਵੱਡਾ ਕਾਰਨ ਉੱਥੋਂ ਦੀ ਸੁਸਤ ਆਰਥਿਕਤਾ ਅਤੇ ਰਹਿਣ-ਸਹਿਣ ਦੀ ਵਧਦੀ ਲਾਗਤ ਹੈ। ਅਜਿਹੀ ਸਥਿਤੀ ਵਿੱਚ ਜ਼ਿਆਦਾਤਰ ਨੌਜਵਾਨ ਵਿਆਹ ਦੀਆਂ ਯੋਜਨਾਵਾਂ ਨੂੰ ਟਾਲ ਕਰ ਰਹੇ ਹਨ ਕਿਉਂਕਿ ਉਹ ਆਪਣੇ ਆਪ ਨੂੰ ਹੋਰ ਜ਼ਿੰਮੇਵਾਰੀਆਂ ਚੁੱਕਣ ਦੇ ਯੋਗ ਨਹੀਂ ਸਮਝਦੇ ਹਨ।

ਹੁਣ ਜੇਕਰ ਘੱਟ ਵਿਆਹ ਹੋਣਗੇ ਤਾਂ ਘੱਟ ਬੱਚੇ ਪੈਦਾ ਹੋਣਗੇ ਜਿਸ ਨਾਲ ਦੇਸ਼ ਵਿੱਚ ਜਨਮ ਦਰ ਘਟੇਗੀ। ਅਜਿਹੇ 'ਚ ਵਿਆਹ ਤੋਂ ਬਚਣ ਵਾਲੇ ਇਨ੍ਹਾਂ ਨੌਜਵਾਨਾਂ ਅਤੇ ਘਟਦੀ ਜਨਮ ਦਰ ਨੇ ਚੀਨੀ ਸਰਕਾਰ ਅਤੇ ਨੀਤੀ ਨਿਰਮਾਤਾਵਾਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਦਰਅਸਲ, ਉੱਥੇ ਦੀ ਸਰਕਾਰ ਆਬਾਦੀ ਨੂੰ ਵਧਾਉਣ ਲਈ ਕਈ ਪ੍ਰੋਗਰਾਮ ਚਲਾ ਰਹੀ ਹੈ। ਪਰ ਨੌਜਵਾਨਾਂ ਵਿਚ ਵਿਆਹ ਦਾ ਰੁਝਾਨ ਘਟਦਾ ਜਾ ਰਿਹਾ ਹੈ। ਚੀਨ ਵਿਚ ਵਿਆਹ ਰਜਿਸਟ੍ਰੇਸ਼ਨ ਦੇ ਅੰਕੜਿਆਂ ਮੁਤਾਬਕ ਇਸ ਸਾਲ ਦੀ ਪਹਿਲੀ ਛਿਮਾਹੀ ਵਿਚ ਕੁੱਲ 34 ਲੱਖ ਜੋੜਿਆਂ ਨੇ ਵਿਆਹ ਕਰਵਾਇਆ, ਜਦੋਂ ਕਿ 2023 ਦੇ ਪਹਿਲੇ ਛੇ ਮਹੀਨਿਆਂ ਵਿਚ ਲਗਭਗ 39 ਲੱਖ ਵਿਆਹ ਹੋਏ, ਯਾਨੀ ਜਨਵਰੀ-ਜੂਨ ਦਰਮਿਆਨ ਕਰੀਬ 5 ਲੱਖ ਘੱਟ ਵਿਆਹ ਹੋਏ।

(ਬਾਕੀ ਸਫ਼ਾ 30 'ਤੇ)

## ਸਾਲ 2050 ਤੱਕ ਮਰਦਾਂ ਵਿੱਚ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵਧਣ ਦੀ ਸੰਭਾਵਨਾ

### ਔਰਤਾਂ ਦੇ ਮੁਕਾਬਲੇ ਮਰਦਾਂ ਨੂੰ ਕੈਂਸਰ ਹੋਣ ਦਾ ਖ਼ਤਰਾ ਜ਼ਿਆਦਾ



ਲੰਡਨ/ਏ.ਟੀ.ਨਿਊਜ਼ : ਕੈਂਸਰ ਇਹ ਇੱਕ ਅਜਿਹੀ ਬਿਮਾਰੀ ਹੈ ਜਿਸ ਦੀ ਕੋਈ ਸੀਮਾ ਨਹੀਂ ਹੈ, ਇਹ ਕਿਸੇ ਵੀ ਉਮਰ ਵਿੱਚ ਕਿਸੇ ਨੂੰ ਵੀ ਹੋ ਸਕਦੀ ਹੈ। ਇਹ ਪੂਰੇ ਪਰਿਵਾਰ ਦੇ ਸਮਾਜਿਕ-ਆਰਥਿਕ ਪਿਛੋਕੜ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਹਾਲਾਂਕਿ, ਇੱਕ ਤਾਜ਼ਾ ਖੋਜ ਨੇ ਇਸ ਬਾਰੇ ਬਹੁਤ ਚਿੰਤਾ ਪ੍ਰਗਟ ਕੀਤੀ ਹੈ, ਸਾਲ 2050 ਤੱਕ ਮਰਦਾਂ ਵਿੱਚ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵਧਣ ਵਾਲੀ ਹੈ। ਜਿਵੇਂ-ਜਿਵੇਂ ਵਿਸ਼ਵ ਪੱਧਰ 'ਤੇ ਜੀਵਨ ਦੀ ਸੰਭਾਵਨਾ ਵੱਧ ਰਹੀ ਹੈ, ਕੈਂਸਰ ਹੋਣ ਦਾ ਖ਼ਤਰਾ ਵੀ ਵਧ ਰਿਹਾ ਹੈ। ਬੁੱਢੇ ਮਰਦ ਕੁਝ ਕਿਸਮਾਂ ਦੇ ਕੈਂਸਰ ਲਈ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ, ਜਿਵੇਂ ਕਿ ਪ੍ਰੋਸਟੇਟ ਅਤੇ ਫੇਫੜਿਆਂ ਦਾ ਕੈਂਸਰ, ਜੋ ਕਿ ਮਰਦਾਂ ਵਿੱਚ ਕੈਂਸਰ ਦੇ ਸਭ ਤੋਂ ਆਮ ਰੂਪ ਹਨ।

ਇਹ ਖੋਜ ਪੂਰੇ 185 ਦੇਸ਼ਾਂ ਨੂੰ ਅਧਾਰ ਮੰਨ ਕੇ ਕੀਤੀ ਗਈ ਹੈ

ਖੋਜਕਰਤਾਵਾਂ ਨੇ ਮਰਦਾਂ ਵਿੱਚ ਕੈਂਸਰ ਦੀਆਂ ਘਟਨਾਵਾਂ ਅਤੇ ਮੌਤ ਦਰ ਦਾ ਅੰਦਾਜ਼ਾ ਲਗਾਉਣ ਲਈ 185 ਦੇਸ਼ਾਂ ਅਤੇ ਖੇਤਰਾਂ ਦੇ ਨਾਲ-ਨਾਲ 30 ਕੈਂਸਰ ਦੀਆਂ ਕਿਸਮਾਂ ਅਤੇ ਜਨਸੰਖਿਆ ਡੇਟਾ ਨੂੰ ਦੇਖਿਆ। ਇਸ ਖੋਜ ਵਿੱਚ ਖੋਜਕਰਤਾਵਾਂ ਨੇ ਪਾਇਆ ਕਿ ਮਰਦ ਔਰਤਾਂ ਦੇ ਮੁਕਾਬਲੇ ਸਿਗਰਟਨੋਸ਼ੀ ਅਤੇ ਸ਼ਰਾਬ ਪੀਣ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ, ਜਿਸ ਨਾਲ ਉਨ੍ਹਾਂ ਵਿੱਚ ਕੈਂਸਰ ਅਤੇ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦਾ ਖਤਰਾ ਵੱਧ ਜਾਂਦਾ ਹੈ। ਇਸ ਤੋਂ ਇਲਾਵਾ, ਮਰਦਾਂ ਨੂੰ ਕੰਮ 'ਤੇ ਕਾਰਸੀਨੋਜਨਾਂ ਦੇ ਸੰਪਰਕ ਵਿੱਚ ਆਉਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ ਅਤੇ ਕੈਂਸਰ ਲਈ ਜਾਂਚ ਕੀਤੇ ਜਾਣ ਦੀ ਸੰਭਾਵਨਾ ਘੱਟ ਹੁੰਦੀ ਹੈ।

**65 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਹੈ ਖਤਰਾ**

ਖੋਜਕਰਤਾਵਾਂ ਦੇ ਅਨੁਸਾਰ, 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਮਰਦਾਂ ਵਿੱਚ ਛੋਟੇ ਮਰਦਾਂ ਨਾਲੋਂ ਘੱਟ ਬਚਣ ਦੀ ਦਰ ਸੀ ਕਿਉਂਕਿ ਉਹ ਥੈਰੇਪੀ ਪ੍ਰਤੀ ਘੱਟ ਸਹਿਣਸ਼ੀਲ ਹੁੰਦੇ ਹਨ ਅਤੇ ਜੀਵਨ ਵਿੱਚ ਬਾਅਦ ਵਿੱਚ ਜਾਂਚ ਪ੍ਰਾਪਤ ਕਰਦੇ ਹਨ। ਇਸ ਤੋਂ ਇਲਾਵਾ, ਉਨ੍ਹਾਂ ਵਿੱਚੋਂ ਕੁਝ ਸਿਹਤ ਸੰਭਾਲ ਲਈ ਭੁਗਤਾਨ ਕਰਨ ਵਿੱਚ ਅਸਮਰੱਥ ਹਨ। ਇਸ ਸਮੇਂ ਦੌਰਾਨ, ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਕੈਂਸਰ ਨਾਲ ਮਰਨ ਵਾਲੇ ਬਜ਼ੁਰਗਾਂ ਦੀ ਗਿਣਤੀ 3.4 ਮਿਲੀਅਨ ਤੋਂ ਵੱਧ ਕੇ 7.7 ਮਿਲੀਅਨ ਹੋ ਜਾਵੇਗੀ, ਜਦੋਂ ਕਿ ਨਵੇਂ ਕੇਸਾਂ ਦੀ ਗਿਣਤੀ 2022 ਵਿੱਚ 6 ਮਿਲੀਅਨ ਤੋਂ ਵੱਧ ਕੇ 2050 ਤੱਕ 13.1 ਮਿਲੀਅਨ ਹੋ ਜਾਵੇਗੀ।

ਖੋਜਕਰਤਾਵਾਂ ਨੇ ਵੱਖ-ਵੱਖ ਦੇਸ਼ਾਂ ਦੀ ਆਰਥਿਕ ਸਥਿਤੀ ਦੇ ਅਨੁਸਾਰ ਕੈਂਸਰ ਵਿੱਚ ਅੰਤਰ ਵੀ ਪਛਾਣੇ ਹਨ, ਖੋਜਕਰਤਾਵਾਂ ਨੇ ਲਿਖਿਆ, 2022 ਅਤੇ 2050 ਦੇ ਵਿਚਕਾਰ, ਅਫਰੀਕਾ ਅਤੇ ਪੂਰਬੀ ਮੈਡੀਟੇਰੀਅਨ ਵਿੱਚ, ਘਟਨਾਵਾਂ ਦੇ ਮਾਮਲਿਆਂ ਅਤੇ ਮੌਤਾਂ ਦੀ ਗਿਣਤੀ ਵਿੱਚ 2.5 ਗੁਣਾ ਵਾਧਾ ਹੋਣ ਦਾ ਅਨੁਮਾਨ ਹੈ। ਇਸਦੇ ਉਲਟ, ਯੂਰਪ ਵਿੱਚ ਲਗਭਗ ਅੱਧੇ ਵਾਧੇ ਦਾ ਅਨੁਮਾਨ ਹੈ।

**2022 ਤੋਂ 2050 ਤੱਕ ਇਸ ਪ੍ਰਤੀਸ਼ਤ ਵਿੱਚ ਵਾਧਾ ਹੋਵੇਗਾ**

2022 ਤੋਂ 2050 ਤੱਕ 87% ਤੋਂ ਵੱਧ ਦੇ ਵਾਧੇ ਦੇ ਨਾਲ, 2050 ਵਿੱਚ ਦੁਨੀਆਂ ਭਰ ਵਿੱਚ ਕੈਂਸਰ ਦੇ ਕੇਸਾਂ ਅਤੇ ਮੌਤਾਂ ਦਾ ਮੁੱਖ ਕਾਰਨ ਫੇਫੜਿਆਂ ਦਾ ਕੈਂਸਰ ਹੋਣ ਦੀ ਸੰਭਾਵਨਾ ਹੈ। ਇਸ ਤੋਂ ਬਾਅਦ ਕੋਲੋਰੈਕਟਲ ਅਤੇ ਪ੍ਰੋਸਟੇਟ ਕੈਂਸਰ ਆਉਂਦਾ ਹੈ। ਪ੍ਰੋਸਟੇਟ ਕੈਂਸਰ 2050 ਤੱਕ ਹੋਰ ਜਾਨਲੇਵਾ ਬਣਨ ਜਾ ਰਿਹਾ ਹੈ। ਇਸ ਦੇ ਨਾਲ ਹੀ ਚਮੜੀ ਦੇ ਕੈਂਸਰ ਕਾਰਨ ਜ਼ਿਆਦਾ ਲੋਕਾਂ ਦੀ ਮੌਤ ਹੋ ਸਕਦੀ ਹੈ।

# ਜੰਮੂ-ਕਸ਼ਮੀਰ ਅਤੇ ਹਰਿਆਣਾ ’ਚ ਚੋਣ ਯੁੱਧ ਸ਼ੁਰੂ

## ਦੇਸ਼ ਦੀ ਕੇਂਦਰੀ ਸਿਆਸਤ ’ਤੇ ਵੀ ਪ੍ਰਭਾਵ ਪਾਉਣਗੇ ਜੰਮੂ-ਕਸ਼ਮੀਰ ਅਤੇ ਹਰਿਆਣਾ ਦੇ ਚੋਣ ਨਤੀਜੇ

### ਜੰਮੂ-ਕਸ਼ਮੀਰ ’ਚ ਇੱਕ ਦਹਾਕੇ ਬਾਅਦ ਹੋ ਰਹੀਆਂ ਨੇ ਵਿਧਾਨ ਸਭਾ ਚੋਣਾਂ

ਭਾਰਤੀ ਚੋਣ ਕਮਿਸ਼ਨ ਨੇ ਜੰਮੂ ਕਸ਼ਮੀਰ ਤੇ ਹਰਿਆਣਾ ਵਿਧਾਨ ਸਭਾਵਾਂ ਦੀਆਂ ਚੋਣਾਂ ਲਈ ਤਰੀਕਾਂ ਦਾ ਐਲਾਨ ਕਰ ਦਿੱਤਾ ਹੈ। ਜੰਮੂ ਕਸ਼ਮੀਰ ਵਿੱਚ ਲਗਪਗ ਇਕ ਦਹਾਕੇ ਮਗਰੋਂ 18 ਸਤੰਬਰ ਤੋਂ ਤਿੰਨ ਗੇੜਾਂ ਵਿੱਚ ਅਸੈਂਬਲੀ ਚੋਣਾਂ ਹੋਣਗੀਆਂ। ਚੋਣ ਕਮਿਸ਼ਨ ਦੇ ਇਸ ਐਲਾਨ ਨਾਲ ਪੰਜ ਸਾਲ ਪਹਿਲਾਂ ਧਾਰਾ 370 ਮਨਸੂਖ਼ ਕੀਤੇ ਜਾਣ ਮਗਰੋਂ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਲੋਕਾਂ ਲਈ ਸਰਕਾਰ ਚੁਣਨ ਦਾ ਰਾਹ ਪੱਧਰਾ ਹੋ ਗਿਆ ਹੈ। ਹਰਿਆਣਾ ਦੀ 90 ਮੈਂਬਰੀ ਅਸੈਂਬਲੀ ਦੀ ਚੋਣ ਲਈ 1 ਅਕਤੂਬਰ ਨੂੰ ਵੋਟਾਂ ਪੈਣਗੀਆਂ ਤੇ ਦੋਵਾਂ ਚੋਣਾਂ ਦੇ ਨਤੀਜਿਆਂ ਦਾ ਐਲਾਨ 4 ਅਕਤੂਬਰ ਨੂੰ ਕੀਤਾ ਜਾਵੇਗਾ। ਚੋਣ ਕਮਿਸ਼ਨ ਨੇ ਕਿਹਾ ਕਿ ਮੌਸਮ ਦੀ ਖਰਾਬੀ ਤੇ ਕੁਦਰਤੀ ਆਫਤਾਂ ਕਰਕੇ ਫਿਲਹਾਲ 46 ਵਿਧਾਨ ਸਭਾ ਸੀਟਾਂ ਤੇ ਵਾਇਨਾਡ ਲੋਕ ਸਭਾ ਸੀਟ ’ਤੇ ਜ਼ਿਮਨੀ ਚੋਣਾਂ ਦਾ ਐਲਾਨ ਨਹੀਂ ਕੀਤਾ ਗਿਆ, ਪਰ ਹਾਲਾਤ ’ਚ ਸੁਧਾਰ ਹੁੰਦੇ ਹੀ ਛੇ ਮਹੀਨਿਆਂ ਅੰਦਰ ਜ਼ਿਮਨੀ ਚੋਣ ਕਰਵਾਈ ਜਾਵੇਗੀ।

ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਚੋਣ ਕਮਿਸ਼ਨਰਾਂ ਗਿਆਨੇਸ਼ ਕੁਮਾਰ ਤੇ ਸੁਖਬੀਰ ਸਿੰਘ ਸੰਧੂ ਦੀ ਮੌਜੂਦਗੀ ਵਿੱਚ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਨੂੰ ਦੱਸਿਆ ਕਿ ਚੋਣ ਪ੍ਰੋਗਰਾਮ ਤਹਿਤ ਜੰਮੂ ਕਸ਼ਮੀਰ ਵਿੱਚ ਪਹਿਲੇ ਗੇੜ ਤਹਿਤ 24 ਸੀਟਾਂ ਜਦੋਂਕਿ ਦੂਜੇ ਤੇ ਤੀਜੇ ਗੇੜ ਲਈ ਕ੍ਰਮਵਾਰ 26 ਤੇ 40 ਸੀਟਾਂ ਲਈ ਵੋਟਾਂ ਪੈਣਗੀਆਂ।ਚੋਣ ਕਮਿਸ਼ਨ ਦਾ ਕਹਿਣਾ ਹੈ ਕਿ 90 ਮੈਂਬਰੀ ਜੰਮੂ ਕਸ਼ਮੀਰ ਅਸੈਂਬਲੀ ਲਈ ਤਿੰਨ ਗੇੜਾਂ ’ਚ ਚੋਣਾਂ ਦੌਰਾਨ 18 ਸਤੰਬਰ, 25 ਸਤੰਬਰ ਤੇ 1 ਅਕਤੂਬਰ ਨੂੰ ਵੋਟਾਂ ਪੈਣਗੀਆਂ।

ਭਾਰਤ ਦੇ ਚੋਣ ਕਮਿਸ਼ਨ ਵੱਲੋਂ ਜੰਮੂ -ਕਸ਼ਮੀਰ ਅਤੇ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਲਈ ਮਿਤੀਆਂ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਜੰਮੂ -ਕਸ਼ਮੀਰ ਅਤੇ ਹਰਿਆਣਾ ਵਿੱਚ ਚੋਣ ਯੁੱਧ ਸ਼ੁਰੂ ਹੋ ਗਿਆ ਹੈ ਅਤੇ ਸਿਆਸੀ ਸਰਗਰਮੀਆਂ ਵਿੱਚ ਇੱਕ ਦਮ ਤੇਜ਼ੀ ਆ ਗਈ ਹੈ।

**ਹਰਿਆਣਾ ਦੀ ਚੋਣ ਮੁਹਿੰਮ :** ਵਿਧਾਨ ਸਭਾ ਚੋਣਾਂ ਦੇ ਐਲਾਨ ਦੇ ਨਾਲ ਹੀ ਕਿਆਸ ਅਰਾਈਆਂ ਦਾ ਦੌਰ ਸ਼ੁਰੂ ਹੋ ਗਿਆ ਹੈ ਕਿ ਹਰਿਆਣਾ ਵਿੱਚ ਚੋਣਾਂ ਜਿੱਤ ਕੇ ਭਾਜਪਾ ਹੈਟ੍ਰਿਕ ਮਾਰੇਗੀ ਜਾਂ ਕਾਂਗਰਸ ਸੱਤਾ ਵਿੱਚ ਵਾਪਸੀ ਕਰੇਗੀ ਜਾਂ ਕੋਈ ਹੋਰ ਪਾਰਟੀ ਹਰਿਆਣਾ ਵਿੱਚ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਜਾਵੇਗੀ। ਸੱਤਾਧਾਰੀ ਭਾਜਪਾ ਸਮੇਤ ਕਾਂਗਰਸ ਅਤੇ ਹੋਰ ਸਿਆਸੀ ਪਾਰਟੀਆਂ ਕਾਫ਼ੀ ਸਮਾਂ ਪਹਿਲਾਂ ਤੋਂ ਹੀ ਵਿਧਾਨ ਸਭਾ ਚੋਣਾਂ ਲਈ ਤਿਆਰੀਆਂ ਕਰ ਰਹੀਆਂ ਹਨ ਪਰ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਚੋਣ ਲੜਨ ਵਾਲੀਆਂ ਸਾਰੀਆਂ ਸਿਆਸੀ ਪਾਰਟੀਆਂ ਪੂਰੀ ਤਰ੍ਹਾਂ ਸਰਗਰਮ ਹੋ ਗਈਆਂ ਹਨ। ਚੋਣ ਕਮਿਸ਼ਨ ਅਨੁਸਾਰ ਹਰਿਆਣਾ ਵਿੱਚ ਵਿਧਾਨ ਸਭਾ ਲਈ 1 ਅਕਤੂਬਰ ਨੂੰ ਵੋਟਾਂ ਪਾਈਆਂ ਜਾਣਗੀਆਂ, ਜਿਨ੍ਹਾਂ ਦੇ ਨਤੀਜੇ 4 ਅਕਤੂਬਰ ਨੂੰ ਐਲਾਨ ਜਾਣਗੇ।




ਹਰਿਆਣਾ ਵਿਧਾਨ ਸਭਾ ਚੋਣਾਂ ਨੂੰ ਇਸ ਕਾਰਨ ਵੀ ਅਹਿਮੀਅਤ ਦਿੱਤੀ ਜਾ ਰਹੀ ਹੈ ਕਿਉਂਕਿ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਗਠਜੋੜ ਦੀ ਤੀਜੀ ਜਿੱਤ ਤੋਂ ਬਾਅਦ ਦੇਸ਼ ਵਿੱਚ ਪਹਿਲੀ ਵਾਰ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਇਹਨਾਂ ਚੋਣਾਂ ਦੇ ਨਤੀਜੇ ਜਿਥੇ ਹਰਿਆਣਾ ਦੇ ਸਿਆਸੀ ਸਮੀਕਰਨ ਬਦਲਣਗੇ, ਉਥੇ ਇਹਨਾਂ ਚੋਣਾਂ ਦੇ ਨਤੀਜੇ ਦੇਸ਼ ਦੀ ਸਿਆਸਤ ’ਤੇ ਵੀ ਪ੍ਰਭਾਵ ਪਾਉਣਗੇ।

**ਹਰਿਆਣਾ ਦੀ ਸਿਆਸੀ ਸਥਿਤੀ :** ਹਰਿਆਣਾ ਦੀ ਸਿਆਸੀ ਸਥਿਤੀ ’ਤੇ ਜੇ ਨਜ਼ਰ ਮਾਰੀਏ ਤਾਂ ਇਸ ਸਮੇਂ ਹਰਿਆਣਾ ਦੀ ਰਾਜਨੀਤੀ ਵਿੱਚ ਭਾਜਪਾ, ਕਾਂਗਰਸ, ਆਮ ਆਦਮੀ ਪਾਰਟੀ, ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.), ਇੰਡੀਅਨ ਨੈਸ਼ਨਲ ਲੋਕ ਦਲ ਅਤੇ ਬਹੁਜਨ ਸਮਾਜ ਪਾਰਟੀ ਗਠਜੋੜ ਸਰਗਰਮ ਹਨ, ਜੋ ਕਿ ਪੂਰੇ ਜੋਰ ਸ਼ੋਰ ਨਾਲ ਇਹਨਾਂ ਚੋਣਾਂ ਵਿੱਚ ਹਿੱਸਾ ਲੈ ਰਹੀਆਂ ਹਨ। ਭਾਜਪਾ ਹਰਿਆਣਾ ਵਿਧਾਨ ਸਭਾ ਚੋਣਾਂ ਇਕੱਲਿਆਂ ਹੀ ਲੜ ਰਹੀ ਹੈ।ਭਾਜਪਾ ਵੱਲੋਂ ਤਾਂ ਇਹ ਚੋਣਾਂ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਵਿੱਚ ਲੜੀਆਂ ਜਾ ਰਹੀਆਂ ਹਨ। ਕਾਂਗਰਸ ਨੇ ਭਾਵੇਂ ਅਜੇ ਮੁੱਖ ਮੰਤਰੀ ਚਿਹਰੇ ਦਾ ਐਲਾਨ ਨਹੀਂ ਕੀਤਾ ਹੈ, ਪਰ ਕਾਂਗਰਸ ਵਿੱਚ ਕਈ ਸਿਆਸੀ ਆਗੂ ਹਨ, ਜੋ ਕਿ ਕਾਂਗਰਸ ਪਾਰਟੀ ਦਾ ਮੁੱਖ ਮੰਤਰੀ ਚਿਹਰਾ ਬਣਨਾ ਚਾਹੁੰਦੇ ਹਨ।ਸ਼ਾਇਦ ਇਸੇ ਕਰਕੇ ਹੀ ਕਾਂਗਰਸ ਨੇ ਕਿਸੇ ਝੰਜਟ ਵਿੱਚ ਫਸਣ ਦੀ ਥਾਂ ਮੁੱਖ ਮੰਤਰੀ ਦਾ ਚਿਹਰਾ ਹੀ ਨਹੀਂ ਐਲਾਨਿਆਂ ਤਾਂ ਕਿ ਸਾਰੇ ਆਗੂਆਂ ਦਾ ਸਾਥ ਲਿਆ ਜਾ ਸਕੇ। ਇਹਨਾਂ ਚੋਣਾਂ ਦੌਰਾਨ ਨੈਸ਼ਨਲ ਲੋਕ ਦਲ ਅਤੇ ਬਹੁਜਨ ਸਮਾਜ ਪਾਰਟੀ ਵਿਚਾਲੇ ਸਿਆਸੀ ਸਮਝੌਤਾ ਹੋ ਗਿਆ ਹੈ ਅਤੇ ਦੋਵੇਂ ਪਾਰਟੀਆਂ ਗਠਜੋੜ ਬਣਾ ਕੇ ਇਹ ਚੋਣਾਂ ਲੜ ਰਹੀਆਂ ਹਨ।ਇਸ ਸਿਆਸੀ ਗਠਜੋੜ ਵੱਲੋਂ ਅਭੈ ਸਿੰਘ ਚੌਟਾਲਾ ਨੂੰ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਬਣਾਇਆ ਗਿਆ ਹੈ ਅਤੇ ਅਭੈ ਸਿੰਘ ਚੌਟਾਲਾ ਦੀ ਅਗਵਾਈ ਵਿੱਚ ਹੀ ਇਸ ਗਠਜੋੜ ਵੱਲੋਂ ਚੋਣਾਂ ਲੜੀਆਂ ਜਾ ਰਹੀਆਂ ਹਨ। ਹੁਣ ਸਭ ਦੀਆਂ ਨਜ਼ਰਾਂ ਜਨਨਾਇਕ ਜਨਤਾ ਪਾਰਟੀ ਵੱਲ ਲੱਗੀਆਂ ਹੋਈਆਂ ਹਨ ਕਿਉਂਕਿ ਇਹ ਪਾਰਟੀ ਇਕੱਲਿਆਂ ਚੋਣਾਂ ਲੜੇਗੀ ਜਾਂ ਕਿਸੇ ਹੋਰ ਧਿਰ ਨਾਲ ਸਮਝੌਤਾ ਕਰੇਗੀ। ਇਸ ਸਬੰਧੀ ਇਸ ਪਾਰਟੀ ਵੱਲੋਂ ਅਜੇ ਤਕ ਕੋਈ ਐਲਾਨ ਨਹੀਂ ਕੀਤਾ ਗਿਆ। ਇਸ ਪਾਰਟੀ ਵੱਲੋਂ ਉਂਝ ਵਿਧਾਨ ਸਭਾ ਚੋਣਾਂ ਲਈ ਸਰਗਰਮੀਆਂ ਪੂਰੀ ਤਰਾਂ ਤੇਜ ਕਰ ਦਿੱਤੀਆਂ ਗਈਆਂ ਹਨ।

ਜੇ ਭਾਜਪਾ ਦੀ ਗੱਲ ਕੀਤੀ ਜਾਵੇ ਤਾਂ ਹਰਿਆਣਾ ਵਿੱਚ ਭਾਜਪਾ ਪਿਛਲੇ 10 ਸਾਲ ਤੋਂ ਰਾਜ ਕਰ ਰਹੀ ਹੈ ਅਤੇ ਇਸ ਸਮੇਂ ਹਰਿਆਣਾ ਵਿੱਚ ਭਾਜਪਾ ਕੋਲ ਬੂਥ ਪੱਧਰ ਤੱਕ ਮਜ਼ਬੂਤ ਸੰਗਠਨਾਤਮਕ ਢਾਂਚਾ ਹੈ। ਭਾਜਪਾ ਨੇ ਇਹਨਾਂ ਚੋਣਾਂ ਦੀ ਤਿਆਰੀ ਬਹੁਤ ਪਹਿਲਾਂ ਤੋਂ ਸ਼ੁਰੂ ਕਰ ਦਿੱਤੀ ਸੀ ਜਿਸ ਕਰਕੇ ਭਾਜਪਾ ਆਪਣੇ ਆਪ ਨੂੰ ਕਾਫ਼ੀ ਮਜ਼ਬੂਤ ਸਮਝ ਰਹੀ ਹੈ। ਇਸ ਸਭ ਦੇ ਬਾਵਜੂਦ ਭਾਜਪਾ ਨੂੰ ਇਸ ਸਮੇਂ ਸੱਤਾ ਵਿਰੋਧੀ ਲਹਿਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਜਿਥੋਂ ਤੱਕ ਕਾਂਗਰਸ ਦਾ ਸਵਾਲ ਹੈ ਤਾਂ ਇਹਨਾਂ ਚੋਣਾਂ ਦੌਰਾਨ ਕਾਂਗਰਸ ਭਾਜਪਾ ਅੱਗੇ ਵੱਡੀ ਚੁਣੌਤੀ ਬਣ ਕੇ ਉਭਰੀ ਹੈ। ਲੋਕ ਸਭਾ ਚੋਣਾਂ ਦੌਰਾਨ ਵੀ ਕਾਂਗਰਸ ਹਰਿਆਣਾ ਦੀਆਂ 10 ਲੋਕ ਸਭਾ ਸੀਟਾਂ ਵਿਚੋਂ 5 ਲੋਕ ਸਭਾ ਚੋਣਾਂ ਜਿੱਤ ਕੇ ਆਪਣੀ ਤਾਕਤ ਦਾ ਪ੍ਰਦਰਸ਼ਨ ਕਰ ਚੁੱਕੀ ਹੈ। ਕਾਂਗਰਸ ਦੇ ਦੋ ਵਾਰ ਮੁੱਖ ਮੰਤਰੀ ਰਹੇ ਭੁਪਿੰਦਰ ਸਿੰਘ ਹੁੱਡਾ, ਕੁਮਾਰੀ ਸੈਲਜਾ ਅਤੇ ਰਣਦੀਪ ਸਿੰਘ ਸੂਰਜੇਵਾਲਾ ਵਿਅਕਤੀਗਤ ਰੂਪ ਵਿੱਚ ਵੋਟਰਾਂ ਦੇ ਵੱਡੇ ਵਰਗਾਂ ਨੂੰ ਪ੍ਰਭਾਵਿਤ ਕਰਦੇ ਹਨ ਪਰ ਹੁੱਡਾ ਅਤੇ ਸੈਲਜਾ ਦੇ ਵੱਖ- ਵੱਖ ਧੜੇ ਸਰਗਰਮ ਹੋਣ ਕਾਰਨ ਕਾਂਗਰਸ ਨੂੰ ਨੁਕਸਾਨ ਵੀ ਹੋ ਸਕਦਾ ਹੈ। ਕਾਂਗਰਸ ਇਸ ਸਮੇਂ ਹਰਿਆਣਾ ਵਿੱਚ ਸੱਤਾ ਵਿਰੋਧੀ ਲਹਿਰ ਦਾ ਲਾਭ ਉਠਾਉਣ ਦਾ ਵੀ ਯਤਨ ਕਰ ਰਹੀ ਹੈ। ਹਰਿਆਣਾ ਵਿੱਚ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਸਾਢੇ ਚਾਰ ਸਾਲ ਤੱਕ ਸਰਕਾਰ ਦਾ ਹਿੱਸਾ ਰਹਿਣ ਕਾਰਨ ਕਾਫ਼ੀ ਮਜ਼ਬੂਤ ਹੋ ਚੁੱਕੀ ਹੈ। ਜੇ.ਜੇ.ਪੀ. ਰਾਜ ਦੇ ਪੇਂਡੂ ਇਲਾਕਿਆਂ ਵਿੱਚ ਕਾਫ਼ੀ ਪ੍ਰਭਾਵ ਰਖਦੀ ਹੈ ਅਤੇ ਦੇਵੀ ਲਾਲ ਦੀ ਵਿਰਾਸਤ ’ਤੇ ਦਾਅਵਾ ਕਰਦੀ ਹੈ। ਦੁਸ਼ਅੰਤ ਚੌਟਾਲਾ ਜਾਟ ਭਾਈਚਾਰੇ ਦੇ ਮੁੱਖ ਨੇਤਾ ਹਨ, ਜੋ ਨੌਜਵਾਨਾਂ ਨੂੰ ਪ੍ਰੇਰਨ ਵਿੱਚ ਅਕਸਰ ਸਫਲ ਹੋ ਜਾਂਦੇ ਹਨ। ਇਸ ਪਾਰਟੀ ਦੀ ਮੁੱਖ ਟੇਕ ਜਾਟ ਭਾਈਚਾਰੇ ਦੀਆਂ ਵੋਟਾਂ ’ਤੇ ਹੈ। ਹਰਿਆਣਾ ਵਿੱਚ ਜਾਟ ਭਾਈਚਾਰੇ ਦੀਆਂ ਵੀ ਬਹੁਤ ਵੋਟਾਂ ਹਨ।

ਜੇ ਹੁਣ ਇੰਡੀਅਨ ਨੈਸ਼ਨਲ ਲੋਕਦਲ ਦੀ ਗੱਲ ਕੀਤੀ ਜਾਵੇ ਤਾਂ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੀ ਅਗਵਾਈ ਵਾਲੀ ਇਸ ਪਾਰਟੀ ਦਾ ਪਿੰਡਾਂ ਵਿੱਚ ਮਜ਼ਬੂਤ ਵੋਟ ਆਧਾਰ ਹੈ। ਬਸਪਾ ਨਾਲ ਗਠਜੋੜ ਤੋਂ ਬਾਅਦ ਇਸ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੀ ਹੈ। ਇਸ ਸਮੇਂ ਇਹ ਗਠਜੋੜ ਉਹਨਾਂ ਵੋਟਰਾਂ ਨੂੰ ਆਪਣਾ ਸਮਰਥਕ ਬਣਾਉਣ ਦੇ ਯਤਨ ਕਰ ਰਿਹਾ ਹੈ ਜੋਕਿ ਭਾਜਪਾ ਅਤੇ ਕਾਂਗਰਸ ਤੋਂ ਨਿਰਾਸ਼ ਹੋ ਚੁੱਕੇ ਹਨ।

ਆਮ ਆਦਮੀ ਪਾਰਟੀ ਹਰਿਆਣਾ ਵਿੱਚ ਪੰਜਾਬ ਅਤੇ ਦਿੱਲੀ ਵਿੱਚ ਆਪਣੀਆਂ ਸਰਕਾਰਾਂ ਵੱਲੋਂ ਸ਼ੁਰੂ ਕੀਤੀਆਂ ਹੋਈਆਂ ਕਲਿਆਣਕਾਰੀ ਯੋਜਨਾਵਾਂ ਦੇ ਗੁਣ ਗਾ ਰਹੀ ਹੈ। ਇਸ ਪਾਰਟੀ ਦੇ ਆਗੂਆਂ ਦਾ ਕਹਿਣਾ ਹੈ ਕਿ ਹਰਿਆਣਾ ਦੇ ਲੋਕ ਭਾਜਪਾ ਅਤੇ ਕਾਂਗਰਸ ਤੋਂ ਪੂਰੀ ਤਰ੍ਹਾਂ ਨਿਰਾਸ਼ ਹੋ ਚੁੱਕੇ ਹਨ, ਜਿਸ ਕਰਕੇ ਉਹ ਆਮ ਆਦਮੀ ਪਾਰਟੀ ਨੂੰ ਹੁੰਗਾਰਾ ਭਰ ਰਹੇ ਹਨ। ਜ਼ਿਕਰ ਯੋਗ ਹੈ ਕਿ ਆਮ ਆਦਮੀ ਪਾਰਟੀ ਪਿਛਲੀਆਂ ਵਿਧਾਨ ਸਭਾ ਚੋਣਾਂ ਵੀ ਲੜ ਚੁੱਕੀ ਹੈ ਪਰ ਉਸ ਵਿੱਚ ਇਸ ਪਾਰਟੀ ਨੂੰ ਸਫਲਤਾ ਨਹੀਂ ਸੀ ਮਿਲੀ।

**ਸਿਆਸੀ ਹਵਾ ਦਾ ਰੁਖ :** ਹਰਿਆਣਾ ਵਿਧਾਨ ਸਭਾ ਚੋਣਾਂ ਲੜ ਰਹੀਆਂ ਸਾਰੀਆਂ ਹੀ ਸਿਆਸੀ ਪਾਰਟੀਆਂ ਆਪੋ ਆਪਣੀ ਜਿੱਤ ਦੇ ਦਾਅਵੇ ਕਰ ਰਹੀਆਂ ਹਨ। ਭਾਜਪਾ ਆਗੂ ਦਾਅਵਾ ਕਰ ਰਹੇ ਹਨ ਕਿ ਉਹਨਾਂ ਦੀ ਸਰਕਾਰ ਤੋਂ ਹਰ ਵਰਗ ਸੰਤੁਸ਼ਟ ਹੈ ਅਤੇ ਭਾਜਪਾ ਨੂੰ ਹਰ ਵਰਗ ਤੋਂ ਸਮਰਥਨ ਮਿਲ ਰਿਹਾ ਹੈ, ਜਿਸ ਕਰਕੇ ਭਾਜਪਾ ਦਾ ਹਰਿਆਣਾ ਦੀ ਸੱਤਾ ਵਿੱਚ ਮੁੜ ਆਉਣਾ ਨਿਸ਼ਚਿਤ ਹੈ। ਦੂਜੇ ਪਾਸੇ ਕਾਂਗਰਸ ਕਹਿ ਰਹੀ ਹੈ ਕਿ ਹਰਿਆਣਾ ਦੀ ਭਾਜਪਾ ਸਰਕਾਰ ਤੋਂ ਲੋਕ ਅੱਕ ਚੁੱਕੇ ਹਨ ਅਤੇ ਉਹ ਇਸ ਸਰਕਾਰ ਨੂੰ ਚਲਦਾ ਕਰਨ ਲਈ ਕਾਹਲੇ ਪਏ ਹੋਏ ਹਨ। ਕਾਂਗਰਸ ਦੇ ਆਗੂ ਤਾਂ ਇਹ ਵੀ ਕਹਿ ਰਹੇ ਹਨ ਕਿ ਭਾਜਪਾ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਨਿਰਾਸ਼ ਆਮ ਲੋਕ ਕਾਂਗਰਸ ਨੂੰ ਸਮਰਥਨ ਦੇ ਰਹੇ ਹਨ। ਆਮ ਆਦਮੀ ਪਾਰਟੀ ਦੇ ਆਗੂ ਦਾਅਵਾ ਕਰ ਰਹੇ ਹਨ ਕਿ ਪੰਜਾਬ ਵਾਂਗੂੰ ਹਰਿਆਣਾ ਦੇ ਲੋਕ ਵੀ ਸਿਆਸਤ ਵਿੱਚ ਬਦਲਾਓ ਚਾਹੁੰਦੇ ਹਨ, ਇਸ ਕਾਰਨ ਉਹ ਆਮ ਆਦਮੀ ਪਾਰਟੀ ਨੂੰ ਪੂਰਾ ਸਮਰਥਨ ਦੇ ਰਹੇ ਹਨ। ‘ਆਪ’ ਆਗੂਆਂ ਦਾ ਕਹਿਣਾ ਹੈ ਕਿ ਹਰਿਆਣਾ ਦੇ ਲੋਕਾਂ ਨੇ ਭਾਜਪਾ ਦਾ ਸ਼ਾਸਨ ਵੀ ਵੇਖਿਆ ਹੈ ਅਤੇ ਕਾਂਗਰਸ ਦਾ ਸ਼ਾਸਨ ਵੀ ਵੇਖਿਆ ਹੈ, ਦੋਵਾਂ ਪਾਰਟੀਆਂ ਦੇ ਸ਼ਾਸਨ ਵਿੱਚ ਆਮ ਲੋਕ ਖੱਜਲ ਖੁਆਰ ਹੀ ਹੋਏ ਹਨ। ਇਸ ਕਰਕੇ ਹੀ ਹਰਿਆਣਾ ਵਿੱਚ ਹੁਣ ਬਦਲਾਓ ਲਿਆਉਣ ਦੀ ਤਿਆਰੀ ਹੋ ਰਹੀ ਹੈ। ਨੈਸ਼ਨਲ ਲੋਕ ਦਲ ਅਤੇ ਬਹੁਜਨ ਸਮਾਜ ਪਾਰਟੀ ਗਠਜੋੜ ਦਾ ਦਾਅਵਾ ਹੈ ਕਿ ਹਰਿਆਣਾ ਦੇ ਵੋਟਰ ਉਹਨਾਂ ਦੇ ਗਠਜੋੜ ਨੂੰ ਹੁੰਗਾਰਾ ਭਰ ਰਹੇ ਹਨ। ਬਸਪਾ ਆਗੂਆਂ ਦਾ ਕਹਿਣਾ ਹੈ ਕਿ ਹਰਿਆਣਾ ਦੇ ਦਲਿਤ ਵਰਗ ਦਾ ਸਮਰਥਨ ਉਨ੍ਹਾਂ ਦੇ ਸਿਆਸੀ ਗਠਜੋੜ ਨੂੰ ਮਿਲ ਰਿਹਾ ਹੈ,ਜਿਸ ਕਾਰਨ ਉਹਨਾਂ ਦੇ ਗਠਜੋੜ ਦੇ ਉਮੀਦਵਾਰਾਂ ਦੀ ਜਿੱਤ ਦੀ ਸੰਭਾਵਨਾ ਜਿਆਦਾ ਹੈ। ਜਨਨਾਇਕ ਜਨਤਾ ਪਾਰਟੀ ਆਪਣੇ ਸਿਆਸੀ ਪੱਤੇ ਹੋਲੀ ਹੋਲੀ ਖੋਲ ਰਹੀ ਹੈ। ਇਸ ਪਾਰਟੀ ਨੇ ਭਾਵੇਂ ਅਜੇ ਇਹ ਐਲਾਨ ਨਹੀਂ ਕੀਤਾ ਕਿ ਇਹ ਵਿਧਾਨ ਸਭਾ ਚੋਣਾਂ ਇਕੱਲਿਆਂ ਲੜੇਗੀ ਜਾਂ ਕਿਸੇ ਸਿਆਸੀ ਪਾਰਟੀ ਨਾਲ ਗਠਜੋੜ ਕਰੇਗੀ ਪਰ ਇਸ ਪਾਰਟੀ ਦੇ ਆਗੂ ਵੀ ਆਪਣੀ ਪਾਰਟੀ ਦੇ ਜਨ ਆਧਾਰ ਵਿੱਚ ਵਾਧਾ ਹੋਣ ਅਤੇ ਚੋਣਾਂ ਵਿੱਚ ਆਪਣੀ ਪਾਰਟੀ ਦੇ ਉਮੀਦਵਾਰਾਂ ਦੀ ਜਿੱਤ ਹੋਣ ਦੇ ਦਾਅਵੇ ਜਰੂਰ ਕਰ ਰਹੇ ਹਨ।

### ਹਰਿਆਣਾ ’ਚ ਭਾਜਪਾ ਮਾਰੇਗੀ ਹੈਟ੍ਰਿਕ ਜਾਂ ਕਾਂਗਰਸ ਤੇ ਹੋਰ ਪਾਰਟੀਆਂ ਦੀ ਬਣੇਗੀ ਸਰਕਾਰ ?

## ਜੰਮੂ ਕਸ਼ਮੀਰ : ਦਹਿਸ਼ਤਗਰਦੀ ਤੋਂ ਲੋਕਤੰਤਰ ਵੱਲ ਯਤਨ



ਕਸ਼ਮੀਰ ਕੁਦਰਤੀ ਸੁੰਦਰਤਾ ਨਾਲ ਭਰਪੂਰ ਇਲਾਕਾ ਹੈ ਪਰ ਪਿਛਲੇ ਕੁਝ ਸਾਲਾਂ ਤੋਂ ਇਹ ਇਲਾਕਾ ਦਹਿਸ਼ਤਗਰਦੀ ਦੀ ਮਾਰ ਹੇਠ ਹੈ ਅਤੇ ਪਿਛਲੇ ਕਈ ਸਾਲਾਂ ਤੋਂ ਕਸ਼ਮੀਰ ਵਿੱਚ ਅਸ਼ਾਂਤੀ ਫੈਲੀ ਹੋਈ ਹੈ, ਜਿਸ ਕਾਰਨ ਉਥੋਂ ਦੇ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਸ਼ਮੀਰ ਦੇ ਲੋਕਾਂ ਉੱਪਰ ਇਸ ਸਮੇਂ ਅੱਤਵਾਦੀਆਂ ਅਤੇ ਸੁਰੱਖਿਆ ਦਸਤਿਆਂ ਦੀ ਸਖ਼ਤੀ ਦੀ ਦੋਹਰੀ ਮਾਰ ਪੈ ਰਹੀ ਹੈ। ਹੁਣ ਜੰਮੂ ਕਸ਼ਮੀਰ ਵਿੱਚ ਚੋਣਾਂ ਦੇ ਐਲਾਨ ਤੋਂ ਬਾਅਦ ਉਮੀਦ ਬਣੀ ਹੈ ਕਿ ਸ਼ਾਇਦ ਉਥੇ ਸ਼ਾਂਤੀ ਆ ਜਾਵੇ। ਜੰਮੂ-ਕਸ਼ਮੀਰ ਵਿੱਚ ਹਾਲਾਤ ਸੁਖਾਵੇਂ ਨਾ ਹੋਣ ਕਾਰਨ ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਜੰਮੂ ਕਸ਼ਮੀਰ ਨਾਲ ਸਬੰਧਿਤ ਸਾਰੇ ਉਮੀਦਵਾਰਾਂ ਨੂੰ ਉਨ੍ਹਾਂ ਦੀਆਂ ਸਿਆਸੀ ਪਾਰਟੀਆਂ ਦੀ ਮੰਗ ਮੁਤਾਬਕ ਲੋੜੀਂਦੀ ਸੁਰੱਖਿਆ ਮੁਹੱਈਆ ਕੀਤੀ ਜਾਵੇਗੀ। ਇਸ ਦੇ ਪੁਨਰਗਠਨ ਲਈ ਨਵੇਂ ਸਿਰਿਓਂ ਹੱਦਬੰਦੀ ਦਰਕਾਰ ਸੀ ਜਿਸ ਤਹਿਤ ਇਸ ਦੇ ਸਿਆਸੀ ਧਰਾਤਲ ਵਿੱਚ ਤਬਦੀਲੀ ਵਾਕਿਆ ਹੋ ਗਈ ਹੈ। ਹੁਣ ਜੰਮੂ ਖੇਤਰ ਦੀਆਂ ਵਿਧਾਨ ਸਭਾ ਸੀਟਾਂ ਦੀ ਗਿਣਤੀ 37 ਤੋਂ ਵਧਾ ਕੇ 43 ਕਰ ਦਿੱਤੀ ਗਈ ਹੈ। ਕਸ਼ਮੀਰ ਦੀਆਂ ਸੀਟਾਂ ਦੀ ਗਿਣਤੀ 46 ਤੋਂ 47 ਹੋ ਗਈ ਹੈ। ਇਸ ਨਾਲ ਚੁਣਾਵੀ ਨਤੀਜੇ ਹੀ ਨਹੀਂ ਸਗੋਂ ਚੋਣਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਬਣਨ ਵਾਲੇ ਗੱਠਜੋੜ ਅਸਰ ਅੰਦਾਜ਼ ਹੋਣਗੇ।ਜੰਮੂ ਕਸ਼ਮੀਰ ਵਿੱਚ 10 ਸਾਲ ਬਾਅਦ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਜੰਮੂ ਕਸ਼ਮੀਰ ਵਿੱਚ ਪਿਛਲੀਆਂ ਅਸੈਂਬਲੀ ਚੋਣਾਂ ਨਵੰਬਰ-ਦਸੰਬਰ 2014 ਵਿੱਚ ਪੰਜ ਗੇੜਾਂ ਤਹਿਤ ਹੋਈਆਂ ਸਨ ਅਤੇ ਉਦੋਂ ਇਹ ਇੱਕ ਰਾਜ ਸੀ ਤੇ ਲਦਾਖ ਇਸ ਦਾ ਹਿੱਸਾ ਸੀ।ਜੰਮੂ-ਕਸ਼ਮੀਰ ਵਿਧਾਨ ਸਭਾ ਦੀਆਂ ਕੁੱਲ 90 ਸੀਟਾਂ ਹਨ ਜਿਨ੍ਹਾਂ ’ਚੋਂ 74 ਸੀਟਾਂ ਜਨਰਲ, 9 ਐੱਸ.ਟੀ. ਤੇ 7 ਐੱਸ.ਸੀ. ਲਈ ਹਨ। ਕੁੱਲ ਵੋਟਾਂ 87.9 ਲੱਖ ਹਨ ਜਿਨ੍ਹਾਂ ਵਿੱਚ ਮਹਿਲਾ 44,62 ਲੱਖ, ਪੁਰਸ਼ 44.46 ਲੱਖ ਅਤੇ ਸਰਕਾਰੀ ਕਰਮਚਾਰੀ 76092 ਹਨ। ਪਹਿਲੀ ਵਾਰ ਵੋਟ ਪਾਉਣ ਵਾਲੇ 3.71 ਲੱਖ ਹਨ। ਇੱਥੇ ਅਗਸਤ 2019 ਤੋਂ ਬਾਅਦ ਵਿਧਾਨ ਸਭਾ ਚੋਣਾਂ ਨਹੀਂ ਹੋਈਆਂ। ਪਹਿਲਾਂ ਵਿਧਾਨ ਸਭਾ ਹਲਕਿਆਂ ਦੀ ਹੱਦਬੰਦੀ ਨਾ ਹੋਣ ਨੂੰ ਚੋਣਾਂ ਨਾ ਕਰਵਾਉਣ ਦਾ ਕਾਰਨ ਦੱਸਿਆ ਜਾ ਰਿਹਾ ਸੀ ਜਦਕਿ ਹੱਦਬੰਦੀ 2022 ਵਿੱਚ ਮੁਕੰਮਲ ਹੋ ਗਈ ਸੀ। ਜੰਮੂ ’ਚ ਭਾਜਪਾ ਤੇ ਕਾਂਗਰਸ ਦਰਮਿਆਨ ਸਪੱਸ਼ਟ ਤੌਰ ’ਤੇ ਸਿੱਧਾ ਮੁਕਾਬਲਾ ਹੋਵੇਗਾ। ਇਸ ਤੋਂ ਉਲਟ ਕਸ਼ਮੀਰ ਵਿੱਚ ਮੈਦਾਨ ਸਾਰਿਆਂ ਲਈ ਖੁੱਲ੍ਹਾ ਹੈ ਜਿੱਥੇ ਅਬਦੁੱਲਾ ਦੀ ਨੈਸ਼ਨਲ ਕਾਨਫਰੰਸ (ਐੱਨਸੀ) ਅਤੇ ਮਹਿਬੂਬਾ ਮੁਫ਼ਤੀ ਦੀ ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀਡੀਪੀ), ਸੱਜਾਦ ਲੋਨ ਦੀ ਜੰਮੂ ਕਸ਼ਮੀਰ ਪੀਪਲਜ਼ ਕਾਨਫਰੰਸ, ਅਲਤਾਫ਼ ਬੁਖਾਰੀ ਦੀ ਜੇਐਂਡਕੇ ਅਪਨੀ ਪਾਰਟੀ ਅਤੇ ਸਾਬਕਾ ਕਾਂਗਰਸ ਨੇਤਾ ਗ਼ੁਲਾਮ ਨਬੀ ਆਜ਼ਾਦ ਦੀ ਡੈਮੋਕਰੈਟਿਕ ਪ੍ਰੋਗਰੈਸਿਵ ਆਜ਼ਾਦ ਪਾਰਟੀ ਦੇ ਨਾਲ ਚੋਣ ਮੈਦਾਨ ਵਿੱਚ ਹੋਵੇਗੀ ਜਦੋਂਕਿ ਕੱਟੜਵਾਦੀ ਵਿਚਾਰਧਾਰਾ ਵੱਲ ਝੁਕਾਅ ਰੱਖਦੇ ਆਜ਼ਾਦ ਉਮੀਦਵਾਰ ਮੁਕਾਬਲੇ ਨੂੰ ਹੋਰ ਵੀ ਸਖ਼ਤ ਬਣਾਉਣਗੇ।ਪੰਜ ਸਾਲ ਪਹਿਲਾਂ ਭਾਰਤੀ ਜਨਤਾ ਪਾਰਟੀ ਨੇ ਲੋਕ ਸਭਾ ਵਿੱਚ ਬਹੁਮਤ ਦੇ ਜ਼ੋਰ ’ਤੇ 5 ਅਗਸਤ 2019 ਨੂੰ ਸੰਸਦ ਵਿੱਚ ਬਿੱਲ ਲਿਆ ਕੇ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਰਾਜ ਦਾ ਦਰਜਾ ਦੇਣ ਵਾਲੀ ਸੰਵਿਧਾਨ ਦੀ ਧਾਰਾ 370 ( 35- ਏ) ਨੂੰ ਮਨਸੂਖ ਕਰ ਕੇ ਸੂਬੇ ਨੂੰ ਦੋ ਕੇਂਦਰ ਸ਼ਾਸਿਤ ਰਾਜਾਂ ਜੰਮੂ-ਕਸ਼ਮੀਰ ਅਤੇ ਲਦਾਖ ਵਿੱਚ ਵੰਡ ਦਿੱਤਾ ਸੀ। ਪੰਜ ਅਗਸਤ 2024 ਨੂੰ ਕਾਂਗਰਸ ਤੇ ਪੀਪਲਜ਼ ਡੈਮੋਕ੍ਰੈਟਿਕ ਪਾਰਟੀ ਨੇ ਕਾਂਗਰਸ ਦੇ ਸੂਬਾਈ ਪ੍ਰਧਾਨ ਰਸੂਲ ਵਿਕਾਰ ਵਾਨੀ ਅਤੇ ਪੀਡੀਪੀ ਦੀ ਚੇਅਰਪਰਸਨ ਮਹਿਬੂਬਾ ਮੁਫ਼ਤੀ ਦੀ ਅਗਵਾਈ ਹੇਠ ਜੰਮੂ-ਕਸ਼ਮੀਰ ਵਿੱਚ ‘ਕਾਲਾ ਦਿਨ’ ਮਨਾਇਆ ਸੀ। ਇਸ ਮੌਕੇ ਦੋਹਾਂ ਆਗੂਆਂ ਨੇ ਕਿਹਾ ਸੀ ਕਿ 5 ਅਗਸਤ ਨਾ ਸਿਰਫ਼ ਜੰਮੂ-ਕਸ਼ਮੀਰ ਦੇ ਲੋਕਾਂ ਲਈ ਕਾਲਾ ਦਿਨ ਹੈ ਬਲਕਿ ਭਾਰਤ ਦੇ ਲੋਕਤੰਤਰ ’ਤੇ ਇੱਕ ਕਲੰਕ ਦੇ ਰੂਪ ਵਿੱਚ ਦਰਜ ਕੀਤਾ ਜਾਵੇਗਾ। ਕਾਂਗਰਸ ਪ੍ਰਧਾਨ ਵਾਨੀ ਨੇ ਕਾਲੇ ਕੱਪੜੇ ਪਾ ਕੇ ਰੋਸ ਪ੍ਰਦਰਸ਼ਨ ਕੀਤਾ ਸੀ। ਨੈਸ਼ਨਲ ਕਾਨਫਰੰਸ, ਪੀਡੀਪੀ, ਪੀਪਲਜ਼ ਕਾਨਫਰੰਸ ਅਤੇ ਆਪਣੀ ਪਾਰਟੀ ਦੇ ਆਗੂਆਂ ਨੇ ਉਨ੍ਹਾਂ ਨੂੰ ਘਰਾਂ ਵਿੱਚ ਨਜ਼ਰਬੰਦ ਕੀਤੇ ਜਾਣ ਦਾ ਦਾਅਵਾ ਕੀਤਾ ਸੀ।

(ਬਾਕੀ ਸਫ਼ਾ 30 ’ਤੇ)

# 12 ਫ਼ੀਸਦੀ ਭਾਰਤੀ ਮਸਾਲੇ ਸਿਹਤ ਲਈ ਘਾਤਕ ਸਾਬਤ ਹੋਏ

## ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ਼ ਇੰਡੀਆ ਟੈਸਟਿੰਗ ਵਿੱਚ 474 ਨਮੂਨੇ ਫੇਲ੍ਹ

## ਉਤਪਾਦਾਂ ਵਿੱਚ ਕੀਟਨਾਸ਼ਕ ਦੀ ਜ਼ਿਆਦਾ ਮਾਤਰਾ ਹੋਣ ਕਾਰਨ ਕੈਂਸਰ ਹੋਣ ਦਾ ਖ਼ਤਰਾ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਵਿੱਚ ਵਿਕਣ ਵਾਲੇ 12% ਮਸਾਲੇ ਗੁਣਵੱਤਾ ਅਤੇ ਸੁਰੱਖਿਆ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੇ ਹਨ। ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ਼ ਇੰਡੀਆ ਨੇ 4054 ਮਸਾਲਿਆਂ ਦੇ ਨਮੂਨਿਆਂ ਦੀ ਜਾਂਚ ਕੀਤੀ, ਜਿਨ੍ਹਾਂ ਵਿੱਚੋਂ 474 ਨਮੂਨੇ ਖਾਣਯੋਗ ਨਹੀਂ ਸਨ। ਮਈ ਤੋਂ ਜੁਲਾਈ ਦਰਮਿਆਨ ਹੋਈ ਇਸ ਜਾਂਚ ਦੀ ਜਾਣਕਾਰੀ ਆਰ.ਟੀ.ਆਈ. ਰਾਹੀਂ ਹਾਸਲ ਕੀਤੀ ਗਈ ਹੈ। ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ਼ ਇੰਡੀਆ ਨੇ ਅਪ੍ਰੈਲ-ਮਈ 2024 ਵਿੱਚ ਸਿੰਗਾਪੁਰ ਅਤੇ ਹਾਂਗਕਾਂਗ ਵਿੱਚ ਮਸਾਲਿਆਂ ਦੀ ਗੁਣਵੱਤਾ ਅਤੇ ਪਾਬੰਦੀ ਦੀਆਂ ਖ਼ਬਰਾਂ 'ਤੇ ਸਵਾਲ ਉਠਾਏ ਜਾਣ ਤੋਂ ਬਾਅਦ ਇਹ ਟੈਸਟ ਸ਼ੁਰੂ ਕੀਤਾ ਸੀ।

ਫੂਡ ਅਥਾਰਟੀ ਐਫ.ਐਸ.ਐਸ.ਏ.ਆਈ. ਨੇ ਆਪਣੇ ਜਵਾਬ ਵਿੱਚ ਕਿਹਾ ਕਿ ਟੈਸਟ ਕੀਤੇ ਗਏ ਮਸਾਲਿਆਂ ਦੇ ਬ੍ਰਾਂਡ ਵੇਰਵੇ ਉਪਲਬਧ ਨਹੀਂ ਹਨ ਪਰ ਉਹ ਗੁਣਵੱਤਾ ਅਤੇ ਸੁਰੱਖਿਆ ਮਾਪਦੰਡਾਂ ਨੂੰ ਪੂਰਾ ਨਾ ਕਰਨ ਵਾਲੀਆਂ ਕੰਪਨੀਆਂ ਵਿਰੁੱਧ ਕਾਰਵਾਈ ਕਰ ਰਹੀ ਹੈ। ਇਸ ਦੇ ਨਾਲ ਹੀ, ਐਮ.ਡੀ.ਐਚ. ਅਤੇ ਐਵਰੈਸਟ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਉਤਪਾਦ ਖਪਤਕਾਰਾਂ ਲਈ ਸੁਰੱਖਿਅਤ ਹਨ।

2023-24 ਵਿੱਚ 37,425 ਕਰੋੜ ਰੁਪਏ ਦੇ ਮਸਾਲਿਆਂ ਦਾ ਨਿਰਯਾਤ



ਐਮ.ਡੀ.ਐਚ. ਅਤੇ ਐਵਰੈਸਟ ਦੇ ਮਸਾਲੇ ਭਾਰਤੀ ਮਾਰਕੀਟ ਦੇ ਨਾਲ-ਨਾਲ ਦੁਨੀਆ ਭਰ ਵਿੱਚ ਵੇਚੇ ਜਾਂਦੇ ਹਨ। ਜਿਓਨ ਮਾਰਕੀਟ ਰਿਸਰਚ ਅਨੁਸਾਰ, 2022 ਵਿੱਚ ਭਾਰਤ ਦੇ ਘਰੇਲੂ ਮਸਾਲਾ ਬਾਜ਼ਾਰ ਦੀ ਕੀਮਤ 87,608 ਕਰੋੜ ਰੁਪਏ ਤੋਂ ਵੱਧ ਸੀ। ਵਿੱਤੀ ਸਾਲ 2023-24 ਵਿੱਚ ਭਾਰਤ ਤੋਂ ਮਸਾਲਿਆਂ ਦੇ ਨਿਰਯਾਤ ਦਾ ਮੁੱਲ 37,425 ਕਰੋੜ ਰੁਪਏ ਤੋਂ ਵੱਧ ਹੋਣ ਦਾ ਅਨੁਮਾਨ ਹੈ।

ਸਿੰਗਾਪੁਰ-ਹਾਂਗਕਾਂਗ ਵਿੱਚ ਭਾਰਤੀ ਮਸਾਲਿਆਂ ਵਿੱਚ ਕੀਟਨਾਸ਼ਕ ਅਪ੍ਰੈਲ 2024 ਵਿੱਚ, ਹਾਂਗਕਾਂਗ ਅਤੇ ਸਿੰਗਾਪੁਰ ਵਿੱਚ ਸਰਕਾਰ ਦੁਆਰਾ ਐਮ.ਡੀ.ਐਚ. ਅਤੇ ਐਵਰੈਸਟ ਦੇ ਚਾਰ ਮਸਾਲਿਆਂ 'ਤੇ ਪਾਬੰਦੀ ਲਗਾਉਣ ਤੋਂ ਬਾਅਦ, ਭਾਰਤ ਸਰਕਾਰ ਨੇ ਹੁਣ ਫੂਡ ਕਮਿਸ਼ਨਰਾਂ ਨੂੰ ਸਾਰੀਆਂ ਕੰਪਨੀਆਂ ਦੇ ਮਸਾਲਿਆਂ ਦੇ ਨਮੂਨੇ ਇਕੱਠੇ ਕਰਨ ਲਈ ਕਿਹਾ ਸੀ। ਮੀਡੀਆ ਰਿਪੋਰਟਾਂ 'ਚ ਦਾਅਵਾ ਕੀਤਾ ਗਿਆ ਸੀ ਕਿ ਦੋਵਾਂ ਕੰਪਨੀਆਂ ਦੇ ਇਨ੍ਹਾਂ ਉਤਪਾਦਾਂ 'ਚ ਕੀਟਨਾਸ਼ਕ 'ਈਥਲੀਨ ਆਕਸਾਈਡ' ਦੀ ਜ਼ਿਆਦਾ ਮਾਤਰਾ ਹੋਣ ਕਾਰਨ ਪਾਬੰਦੀ ਲਗਾਈ ਗਈ ਸੀ। ਇਨ੍ਹਾਂ ਉਤਪਾਦਾਂ ਵਿੱਚ ਇਸ ਕੀਟਨਾਸ਼ਕ ਦੀ ਜ਼ਿਆਦਾ ਮਾਤਰਾ ਹੋਣ ਕਾਰਨ ਕੈਂਸਰ ਹੋਣ ਦਾ ਖਤਰਾ ਹੈ।

ਹਾਂਗਕਾਂਗ ਦੇ ਫੂਡ ਸੇਫਟੀ ਡਿਪਾਰਟਮੈਂਟ ਨੇ ਕਿਹਾ ਸੀ ਕਿ ਐਮ.ਡੀ.ਐਚ. ਗਰੁੱਪ ਦੇ ਤਿੰਨ ਮਸਾਲਿਆਂ ਦੇ ਮਿਸ਼ਰਣਾਂ - ਮਦਰਾਸ ਕਰੀ ਪਾਊਡਰ, ਸਾਂਭਰ ਮਸਾਲਾ ਪਾਊਡਰ ਅਤੇ ਕਰੀ ਪਾਊਡਰ ਵਿੱਚ ਉੱਚ ਮਾਤਰਾ ਵਿੱਚ ਐਥੀਲੀਨ ਆਕਸਾਈਡ ਪਾਇਆ ਗਿਆ ਸੀ। ਇਹ ਕਾਰਸੀਨੋਜਨਿਕ ਕੀਟਨਾਸ਼ਕ ਐਵਰੈਸਟ ਦੇ ਫਿਸ਼ ਕਰੀ ਮਸਾਲਾ ਵਿੱਚ ਵੀ ਪਾਇਆ ਗਿਆ ਸੀ।

# ਵੈਕਲਾਵ ਹੈਵਲ ਸੈਂਟਰ ਵੱਲੋਂ ਅਰੁੰਧਤੀ ਰਾਏ 'ਡਿਸਟਰਬਿੰਗ ਦ ਪੀਸ' ਪੁਰਸਕਾਰ ਨਾਲ ਸਨਮਾਨਿਤ

ਨਵੀਂ ਦਿੱਲੀ/ਏ.ਟੀ.ਨਿਊਜ਼: ਮਸ਼ਹੂਰ ਲੇਖਿਕਾ ਅਰੁੰਧਤੀ ਰਾਏ ਨੂੰ ਅਮਰੀਕਾ ਸਥਿਤ 'ਡਿਸਟਰਬਿੰਗ ਦ ਪੀਸ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਸਾਲ 2024 ਲਈ ਇਹ ਪੁਰਸਕਾਰ ਗੈਰ-ਲਾਭਕਾਰੀ ਸੰਸਥਾ ਵੈਕਲਾਵ ਹੈਵਲ ਸੈਂਟਰ ਵਲੋਂ ਦਿੱਤਾ ਗਿਆ ਸੀ। ਇਹ ਪੁਰਸਕਾਰ ਅਰੁੰਧਤੀ ਰਾਏ ਦੇ ਨਾਲ ਇਰਾਨ ਦੀ ਔਰਤ ਤੌਮਾਜ਼ ਸਲੇਹੀ ਨੂੰ ਸਾਂਝੇ ਤੌਰ 'ਤੇ ਦਿੱਤਾ ਗਿਆ ਸੀ। ਸਲੇਹੀ ਨੂੰ ਇਰਾਨ ਦੀ ਸਰਕਾਰ ਦੇ ਖ਼ਿਲਾਫ਼ ਸਿਆਸੀ ਵਿਰੋਧ ਪ੍ਰਦਰਸ਼ਨਾਂ ਲਈ ਗੀਤ ਲਿਖਣ ਲਈ ਜਾਣਿਆ ਜਾਂਦਾ ਹੈ।


ਪੁਰਸਕਾਰ ਦੀ ਘੋਸ਼ਣਾ ਕਰਦੇ ਹੋਏ ਜਿਊਰੀ ਮੈਂਬਰ ਸਲਿਲ ਤ੍ਰਿਪਾਠੀ ਨੇ ਕਿਹਾ ਕਿ ਰਾਏ ਭਾਰਤ ਦੇ ਹਾਸ਼ੀਏ 'ਤੇ ਪਏ ਅਤੇ ਵਾਂਝੇ ਲੋਕਾਂ ਲਈ ਆਵਾਜ਼ ਉਠਾਉਂਦੇ ਹਨ। ਉਨ੍ਹਾਂ ਕਿਹਾ ਕਿ ਬੁਕਰ ਪੁਰਸਕਾਰ ਜੇਤੂ ਲੇਖਕਾ ਉਨ੍ਹਾਂ ਲੋਕਾਂ ਦੀ ਆਵਾਜ਼ ਉਠਾਉਂਦੀ ਹੈ ਜਿਨ੍ਹਾਂ ਦੀਆਂ ਜ਼ਮੀਨਾਂ ਵੱਡੇ ਕਾਰੋਬਾਰ ਲਈ ਹਥਿਆਈਆਂ ਗਈਆਂ ਹਨ, ਜੋ ਭਾਰਤ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਦਾ ਵਿਰੋਧ ਕਰਦੇ ਹਨ, ਜੋ ਦਲਿਤਾਂ ਲਈ ਬੋਲਦੇ ਹਨ ਅਤੇ ਜੋ ਸਵੈ-ਨਿਰਣੇ ਲਈ ਲੜਦੇ ਹਨ, ਪੀੜਤਾਂ ਦੀ ਮਦਦ ਕਰਦੇ ਹਨ।

ਵੈਕਲਾਵ ਹੈਵਲ ਸੈਂਟਰ ਹਰ ਸਾਲ ਇੱਕ ਦਲੇਰ ਸਖਸ਼ੀਅਤ ਨੂੰ ਇਨਾਮ ਦਿੰਦਾ ਹੈ। ਇਸ ਦੇ ਨਾਲ ਹੀ ਇਹ ਮਨੁੱਖੀ ਅਧਿਕਾਰਾਂ ਲਈ ਲੜ ਰਹੇ ਵਿਸ਼ਵ ਲੇਖਕਾਂ ਨੂੰ ਸਾਹਮਣੇ ਲਿਆਉਣਾ ਚਾਹੁੰਦਾ ਹੈ। ਅਵਾਰਡ ਦਾ ਨਾਮ ਵੈਕਲਾਵ ਹੈਵਲ ਦੇ ਨਾਮ ਉੱਤੇ ਰੱਖਿਆ ਗਿਆ ਹੈ ਜੋ ਇੱਕ ਲੇਖਕ ਅਤੇ ਰਾਜਨੀਤਿਕ ਵਿਰੋਧੀ ਸੀ ਜੋ ਬਾਅਦ ਵਿੱਚ ਚੈਕੋਸਲੋਵਾਕੀਆ ਦਾ ਰਾਸ਼ਟਰਪਤੀ ਬਣਿਆ। ਅਤੇ ਇਸ ਨਾਲ ਉਹ ਚੈੱਕ ਗਣਰਾਜ ਦਾ ਪਹਿਲਾ ਰਾਸ਼ਟਰਪਤੀ ਸੀ।ਇਸ ਐਵਾਰਡ ਤਹਿਤ 4.19 ਲੱਖ ਰੁਪਏ ਦਿੱਤੇ ਜਾਂਦੇ ਹਨ। ਇਸਦੇ ਨਾਲ ਹੀ, ਇਸਨੂੰ ਇੱਕ ਨਿੱਜੀ ਸਮਰਥਨ ਮੰਨਿਆ ਜਾਂਦਾ ਹੈ ਜੋ ਇਸਦੇ ਅੰਦਰ ਹੈਵਲ ਦੀ ਵਿਰਾਸਤ ਰੱਖਦਾ ਹੈ ਅਤੇ ਦੁਨੀਆਂ ਭਰ ਦੇ ਬਹੁਤ ਸਾਰੇ ਲੇਖਕਾਂ ਦੇ ਧਿਆਨ ਵਿੱਚ ਵੀ ਆਉਂਦਾ ਹੈ ਜੋ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਿਰੁੱਧ ਲੜ ਰਹੇ ਹਨ।

ਜੂਨ ਦੇ ਮਹੀਨੇ ਵਿੱਚ, ਰਾਏ ਨੂੰ 2024 ਲਈ 'ਪੈਨ ਪਿੰਟਰ' ਪੁਰਸਕਾਰ ਵੀ ਮਿਲਿਆ ਸੀ। ਜਿਸ ਦੀ ਸਥਾਪਨਾ 2009 ਵਿੱਚ ਨੋਬਲ ਪੁਰਸਕਾਰ ਵਿਜੇਤਾ ਅਤੇ ਨਾਟਕਕਾਰ ਹੈਰੋਲਡ ਪਿੰਟਰ ਦੀ ਯਾਦ ਵਿੱਚ ਕੀਤੀ ਗਈ ਸੀ।



## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**









# ਮੋਦੀ ਸਰਕਾਰ ਦੇ ਸੈਕੂਲਰ ਸਿਵਲ ਕੋਡ ਦੀ ਫੂਕ ਨਿਕਲੀ

## ਟੀ.ਡੀ.ਪੀ. ਅਤੇ ਜੇਡੀ-ਯੂ ਵਲੋਂ ਮੋਦੀ ਦੇ ਫੈਸਲੇ ਦਾ ਵਿਰੋਧ,ਕਿਹਾ ਕਿ ਸਾਰੇ .ਫੈਸਲੇ ਸਲਾਹ ਨਾਲ ਹੋਣਗੇ

ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੇ 78ਵੇਂ ਆਜ਼ਾਦੀ ਦਿਹਾੜੇ ਮੌਕੇ ਲਾਲ ਕਿਲੇ ਦੀ ਫ਼ਸੀਲ ਤੋਂ ਦੇਸ਼ ਨੂੰ ਆਪਣੇ ਲਗਾਤਾਰ 11ਵੇਂ ਸੰਬੋਧਨ ਵਿਚ ਜਿੱਥੇ 'ਸੈਕੁਲਰ' ਸਿਵਲ ਕੋਡ ਨੂੰ ਸਮੇਂ ਦੀ ਲੋੜ ਦੱਸਿਆ, ਉਥੇ ਇਕੋ ਵੇਲੇ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਕਰਵਾਉਣ ਦੀ ਵਕਾਲਤ ਕੀਤੀ। ਇਕਸਾਰ ਸਿਵਲ ਕੋਡ (ਯੂਸੀਸੀ) ਤੇ 'ਇੱਕ ਰਾਸ਼ਟਰ ਇੱਕ ਚੋਣ' ਦੋਵੇਂ ਹੀ ਸੱਤਾਧਾਰੀ ਭਾਜਪਾ ਦੇ ਚੋਣ ਮੈਨੀਫੈਸਟੋ ਵਿੱਚ ਸ਼ਾਮਲ ਹਨ।

ਉਨ੍ਹਾਂ ਆਪਣੀ ਗੱਲ ਰੱਖਣ ਲਈ ਸੁਪਰੀਮ ਕੋਰਟ ਦੇ ਫੈਸਲਿਆਂ ਦਾ ਵੀ ਹਵਾਲਾ ਦਿੱਤਾ। ਸ੍ਰੀ ਮੋਦੀ ਨੇ ਕਿਹਾ, "ਸਮਾਜ ਦਾ ਇੱਕ ਵੱਡਾ ਵਰਗ ਮੰਨਦਾ ਹੈ ਤੇ ਇਹ ਸੱਚ ਵੀ ਹੈ ਕਿ ਮੌਜੂਦਾ ਸਿਵਲ ਕੋਡ ਇੱਕ ਤਰੀਕੇ ਨਾਲ ਫਿਰਕੂ ਸਿਵਲ ਕੋਡ ਹੈ। ਅਸੀਂ 75 ਸਾਲ ਇਸ ਫਿਰਕੂ ਸਿਵਲ ਕੋਡ ਨਾਲ ਕੱਢੇ ਹਨ। ਇਹ ਸਿਵਲ ਕੋਡ ਹੈ ਜੋ ਪੱਖਪਾਤ ਨੂੰ ਹੱਲਾਸ਼ੇਰੀ ਦਿੰਦਾ ਹੈ। ਇਹ ਦੇਸ਼ ਨੂੰ ਧਾਰਮਿਕ ਲੀਹਾਂ 'ਤੇ ਵੰਡਦਾ ਹੈ ਤੇ ਨਾਬਰਾਬਰੀ ਦਾ ਪ੍ਰਚਾਰ ਪਾਸਾਰ ਕਰਦਾ ਹੈ। ਹੁਣ ਸਾਨੂੰ ਸੈਕੁਲਰ ਸਿਵਲ ਕੋਡ ਵੱਲ ਵਧਣਾ ਹੋਵੇਗਾ। ਦੇਸ਼ ਵਿੱਚ ਧਰਮ-ਨਿਰਪੱਖ ਸਿਵਲ ਕੋਡ ਸਮੇਂ ਦੀ ਲੋੜ ਹੈ। ਇਹ ਸੰਵਿਧਾਨ ਦੀ ਰੂਹ ਹੈ। ਸਿਆਸੀ ਮਾਹਿਰ ਆਖਦੇ ਹਨ ਕਿ ਇਸ ਕਨੂੰਨ ਨੂੰ ਲਾਗੂ ਕਰਨਾ ਮੋਦੀ ਲਈ ਸੌਖਾ ਨਹੀਂ। ਇਹ ਗੱਲ ਉਨ੍ਹਾਂ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੀ ਕਹੀ ਸੀ। ਤਦ ਇਹ ਗਲ ਅਲੱਗ ਸੀ. ਉਸ ਸਮੇਂ ਲੋਕ ਸਭਾ ਵਿੱਚ ਭਾਰਤੀ ਜਨਤਾ ਪਾਰਟੀ ਕੋਲ ਬਹੁਮਤ ਸੀ ਅਤੇ ਹੁਣ ਆਮ ਚੋਣਾਂ ਵਿੱਚ ਭਾਜਪਾ ਦੇ ਖੰਭ ਉਖੜ ਗਏ ਹਨ।ਭਾਜਪਾ ਕੋਲ ਬਹੁਮਤ ਨਹੀਂ ਹੈ। ਇਸ ਕਾਰਨ ਉਹ ਇਹ ਕਾਨੂੰਨ ਲਾਗੂ ਨਹੀਂ ਕਰ ਸਕਣਗੇ।

**ਵਿਰੋਧੀ ਧਿਰਾਂ ਵੱਲੋਂ ਸਖਤ ਵਿਰੋਧ**

ਵਿਰੋਧੀ ਧਿਰਾਂ ਨੇ ਆਜ਼ਾਦੀ ਦਿਹਾੜੇ ਦੀ ਤਕਰੀਰ ਵਿੱਚ 'ਫਿਰਕੂ ਸਿਵਲ ਕੋਡ' ਬਾਰੇ ਟਿੱਪਣੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨਿਖੇਧੀ ਕਰਦਿਆਂ ਉਨ੍ਹਾਂ 'ਤੇ 'ਵੰਡਪਾਊ ਏਜੰਡੇ' ਦੇ ਪ੍ਰਚਾਰ ਪਾਸਾਰ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਟਿੱਪਣੀ ਸੰਵਿਧਾਨ ਨਿਰਮਾਤਾ ਬੀਆਰ ਅੰਬੇਡਕਰ ਦਾ 'ਵੱਡਾ ਅਪਮਾਨ' ਹਨ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਦਾਅਵਾ ਕੀਤਾ ਕਿ ਸ੍ਰੀ ਮੋਦੀ ਨੇ ਲਾਲ ਕਿਲੇ ਦੀ ਫ਼ਸੀਲ ਤੋਂ ਆਪਣੀ 'ਈਰਖਾ, ਸ਼ਰਾਰਤ ਤੇ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀ ਆਪਣੀ ਸਮਰੱਥਾ ਦੀ ਖੁੱਲ੍ਹ ਕੇ ਨੁਮਾਇਸ਼ ਕੀਤੀ।' ਇਹ ਕਹਿਣਾ ਕਿ ਹੁਣ ਤੱਕ ਸਾਡੇ ਕੋਲ 'ਫ਼ਿਰਕੂ ਸਿਵਲ ਕੋਡ' ਸੀ ਡਾ. ਅੰਬੇਦਕਰ, ਜੋ ਹਿੰਦੂ ਪਰਸਨਲ ਲਾਅਜ਼ (ਜਿਨ੍ਹਾਂ 1950ਵਿਆਂ ਦੇ ਮੱਧ ਵਿੱਚ ਹਕੀਕੀ ਰੂਪ ਲਿਆ) ਵਿੱਚ ਸੁਧਾਰਾਂ ਦੇ ਮਹਾਨ ਚੈਂਪੀਅਨ ਦਾ ਵੱਡਾ ਨਿਰਾਦਰ ਹੈ। ਆਰ.ਐੱਸ.ਐੱਸ. ਤੇ ਜਨ ਸੰਘ ਇਨ੍ਹਾਂ ਸੁਧਾਰਾਂ ਦਾ ਜਮ ਕੇ ਵਿਰੋਧ ਕਰਦੇ ਰਹੇ ਹਨ।" ਉਧਰ ਸੀ.ਪੀ.ਆਈ. ਦੇ ਜਨਰਲ ਸਕੱਤਰ ਡੀ. ਰਾਜਾ ਨੇ ਕਿਹਾ ਕਿ ਸ੍ਰੀ ਮੋਦੀ ਨੇ ਆਜ਼ਾਦੀ ਦਿਹਾੜੇ ਦੀ ਆਪਣੀ ਤਕਰੀਰ ਵਿੱਚ ਦੇਸ਼ ਨੂੰ ਇਕਜੁੱਟ ਕਰਨ ਤੇ ਲੋਕਾਂ ਨੂੰ ਪ੍ਰੇਰਨਾ ਦੇਣ ਲਈ ਕੋਈ ਮੁੱਦਾ ਨਹੀਂ ਰੱਖਿਆ। ਉਨ੍ਹਾਂ ਕਿਹਾ, "ਸ੍ਰੀ ਮੋਦੀ ਨੇ ਜੋ ਕੁਝ ਬੋਲਿਆ ਉਹ ਆਰ.ਐੱਸ.ਐੱਸ. ਦਾ ਵੰਡਪਾਊ ਏਜੰਡਾ ਹੈ। ਪ੍ਰਧਾਨ ਮੰਤਰੀ ਨੇ 2047 ਦੀ ਗੱਲ ਕੀਤੀ, ਪਰ ਉਹ ਦੇਸ਼ ਦੀ ਅਨੇਕਤਾ ਤੇ ਵੰਨ-ਸੁਵੰਨਤਾ ਦੀ ਗੱਲ ਕਰਨ ਵਿਚ ਨਾਕਾਮ ਰਹੇ। ਉਹ ਦੇਸ਼ 'ਤੇ ਇਕਸਾਰਤਾ ਥੋਪਣ ਦੀ ਕੋਸ਼ਿਸ਼ ਕਰ ਰਹੇ ਹਨ।"



**ਭਾਜਪਾ ਦੇ ਬਹੁਤੇ ਭਾਈਵਾਲਾਂ ਨੇ ਯੂ.ਸੀ.ਸੀ. ਨਾਲੋਂ ਦੂਰੀ ਬਣਾਈ**

ਭਾਜਪਾ ਦੇ ਬਹੁਤੇ ਭਾਈਵਾਲਾਂ ਨੇ ਇਕਸਾਰ ਸਿਵਲ ਕੋਡ (ਯੂ.ਸੀ.ਸੀ.) ਦੀ ਹਮਾਇਤ ਬਾਰੇ ਹਾਲ ਦੀ ਘੜੀ ਆਪਣੇ ਪੱਤੇ ਖੋਲ੍ਹਣ ਤੋਂ ਇਨਕਾਰ ਕਰ ਦਿੱਤਾ ਹੈ। ਮੋਦੀ ਸਰਕਾਰ ਲਈ ਕਾਮਨ ਸਿਵਲ ਕੋਡ ਬਿੱਲ ਪਾਸ ਕਰਵਾਉਣਾ ਆਸਾਨ ਨਹੀਂ ਹੋਵੇਗਾ।ਮੋਦੀ ਦੇ ਇਸ ਐਲਾਨ ਤੋਂ ਬਾਅਦ, ਮੁਸਲਿਮ ਨੇਤਾਵਾਂ ਦੇ ਇੱਕ ਸਮੂਹ ਨੇ ਸੱਤਾਧਾਰੀ ਐਨ.ਡੀ.ਏ. ਗਠਜੋੜ ਦੇ ਨੇਤਾ ਤੇਲਗੂ ਦੇਸ਼ਮ ਪਾਰਟੀ ਦੇ ਨੇਤਾ ਐਨ ਚੰਦਰਬਾਬੂ ਨਾਇਡੂ ਨਾਲ ਮੁਲਾਕਾਤ ਕੀਤੀ। ਨਾਇਡੂ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਜਦੋਂ ਤੱਕ ਉਹ ਕੇਂਦਰੀ ਸ਼ਕਤੀ ਵਿੱਚ ਹਿੱਸੇਦਾਰ ਹਨ, 'ਸੈਕੂਲਰ ' ਕੋਡ ਵਰਗੀ ਕੋਈ ਪਹਿਲਕਦਮੀ ਨਹੀਂ ਹੋਵੇਗੀ। ਜਨਤਾ ਦਲ (ਯੂ) ਵਿੱਚ ਵੀ ਬੇਚੈਨੀ ਦੇਖਣ ਨੂੰ ਮਿਲੀ ਹੈ।ਨਤੀਜੇ ਵਜੋਂ 16 ਅਗਸਤ ਨੂੰ ਭਾਜਪਾ ਪ੍ਰਧਾਨ ਜੇ ਪੀ ਨੱਡਾ ਦੇ ਘਰ ਐਨ ਡੀ ਏ ਦੀ ਮੀਟਿੰਗ ਸੱਦਣੀ ਪਈ। ਇਹ ਵੀ ਫੈਸਲਾ ਕੀਤਾ ਗਿਆ ਕਿ ਹਰ ਮਹੀਨੇ ਐਨਡੀਏ ਦੀ ਤਾਲਮੇਲ ਕਮੇਟੀ ਦੀ ਮੀਟਿੰਗ ਹੋਵੇਗੀ ਅਤੇ ਉਥੇ ਹੀ ਨੀਤੀਗਤ ਫੈਸਲੇ ਲਏ ਜਾਣਗੇ। ਫਿਲਹਾਲ ਇਸ ਦਾ ਮਤਲਬ ਇਹ ਹੈ ਕਿ ਮੋਦੀ ਵੱਲੋਂ ਕੀਤੇ ਗਏ ਐਲਾਨ ਦੇ ਪ੍ਰਚਾਰ ਤੋਂ ਭਾਜਪਾ ਨੂੰ ਭਾਵੇਂ ਜੋ ਵੀ ਸਿਆਸੀ ਲਾਭ ਮਿਲ ਜਾਵੇ, ਉਸ ਨਾਲ ਸਬੰਧਤ ਬਿੱਲ ਪਾਸ ਕਰਵਾਉਣਾ ਆਸਾਨ ਨਹੀਂ ਹੋਵੇਗਾ। ਇਸ ਤੋਂ ਇਹ ਸੰਕੇਤ ਦੇ ਤੌਰ 'ਤੇ ਲਿਆ ਜਾ ਸਕਦਾ ਹੈ ਕਿ ਭਾਜਪਾ ਹੁਣ ਪਿਛਲੀ ਲੋਕ ਸਭਾ ਵਾਂਗ ਕਿਸੇ ਹੋਰ ਰਾਏ 'ਤੇ ਵਿਚਾਰ ਕੀਤੇ ਬਿਨਾਂ ਵਿਵਾਦਪੂਰਨ ਬਿੱਲਾਂ ਨੂੰ ਅੱਗੇ ਵਧਾਉਣ ਦੀ ਸਮਰੱਥਾ ਨਹੀਂ ਰੱਖਦੀ। ਇਸ ਦੇ ਲਈ ਉਸ ਨੂੰ ਘੱਟੋ-ਘੱਟ ਆਪਣੇ ਗਠਜੋੜ ਅੰਦਰ ਘੱਟੋ-ਘੱਟ ਸਹਿਮਤੀ ਬਣਾਉਣੀ ਪਵੇਗੀ।

ਟੀ.ਡੀ.ਪੀ. ਅਤੇ ਜੇਡੀ-ਯੂ ਵਕਫ਼ ਬੋਰਡ ਬਿੱਲ ਤੱਕ ਚੁੱਪ ਰਹੇ, ਪਰ ਹੁਣ ਉਨ੍ਹਾਂ ਨੂੰ ਆਪਣੀ ਰਾਜਨੀਤੀ ਲਈ ਖ਼ਤਰਾ ਨਜ਼ਰ ਆਉਣ ਲੱਗਾ ਹੈ। ਹੁਣ ਦੇਖਣਾ ਇਹ ਹੈ ਕਿ ਮੋਦੀ-ਸ਼ਾਹ ਦੀ ਲੀਡਰਸ਼ਿਪ ਇਸ ਸਥਿਤੀ ਨੂੰ ਸੰਭਾਲਣ 'ਚ ਕਾਮਯਾਬ ਹੁੰਦੀ ਹੈ ਜਾਂ ਨਹੀਂ। ਉਧਰ ਭਾਜਪਾ ਦੀ ਦੂਜੀ ਸਭ ਤੋਂ ਵੱਡੀ ਭਾਈਵਾਲ ਜੇ.ਡੀ.ਯੂ. ਨੇ ਕਿਹਾ ਕਿ ਪਾਰਟੀ ਅਜਿਹੇ ਕਿਸੇ ਸੁਧਾਰ ਦੀ ਹਮਾਇਤ ਕਰੇਗੀ। ਪਾਰਟੀ ਦੇ ਤਰਜਮਾਨ ਕੇਸੀ ਤਿਆਗੀ ਨੇ ਕਿਹਾ ਕਿ ਉਹ ਧਾਰਮਿਕ ਸਮੂਹਾਂ ਤੇ ਰਾਜਾਂ ਸਣੇ ਸਾਰੇ ਸਬੰਧਤ ਭਾਈਵਾਲਾਂ ਨਾਲ ਸਹਿਮਤੀ ਬਣਾਉਣ ਮਗਰੋਂ ਹੀ ਜ਼ੋਰ ਅਜ਼ਮਾਈ ਕਰਨਗੇ।

### ਕੀ ਹੈ ਇਹ ਬਿਲ

ਯੂ.ਸੀ.ਸੀ. ਵਿੱਚ ਯੂ ਦਾ ਮਤਲਬ ਯੂਨੀਫਾਰਮ, ਸੀ ਮਤਲਬ ਸਿਵਿਲ ਅਤੇ ਦੂਜੇ ਸੀ ਦਾ ਮਤਲਬ ਕੋਡ ਮਤਲਬ ਯੂਨੀਫਾਰਮ ਸਿਵਲ ਕੋਡ। ਪੰਜਾਬੀ ਵਿੱਚ ਇਹ ਸ਼ਬਦ ਸਾਂਝਾ ਸਿਵਲ ਕੋਡ ਜਾਂ ਇੱਕਸਾਰ ਨਾਗਰਿਕਤਾ ਵਜੋਂ ਆਇਆ ਹੈ। ਸਧਾਰਨ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਉਹ ਕਾਨੂੰਨ ਜੋ ਭਾਰਤ ਦੇ ਸਾਰੇ ਕਾਨੂੰਨ ਨਾਗਰਿਕਾਂ ਲਈ ਜਾਤੀ, ਧਰਮ, ਜਨਮ, ਲਿੰਗ, ਕਬੀਲੇ ਦੀ ਪਰਵਾਹ ਕੀਤੇ ਬਿਨਾਂ ਲਾਗੂ ਹੁੰਦੇ ਹਨ। ਯੂ.ਸੀ.ਸੀ. ਦੇਸ਼ ਦੇ ਕਰੋੜਾਂ ਲੋਕਾਂ ਨਾਲ ਜੁੜਿਆ ਹੋਇਆ ਹੈ। ਇਹ ਪੰਜਾਬੀਆਂ ਤੇ ਸਿੱਖਾਂ ਨਾਲ ਵੀ ਜੁੜਿਆ ਹੋਇਆ ਹੈ।

### ਯੂ.ਸੀ.ਸੀ. ਦੇ ਦਾਇਰੇ ਵਿੱਚ ਕੀ ਆਉਂਦਾ ਹੈ ?



ਯੂ.ਸੀ.ਸੀ. ਦੇ ਦਾਇਰੇ ਵਿੱਚ ਉਹ ਵਿਰਾਸਤੀ ਮਾਮਲੇ ਆਉਣਗੇ ਜੋ ਪੀੜ੍ਹੀ ਦਰ ਪੀੜ੍ਹੀ ਚੱਲ ਰਹੇ ਹਨ, ਜਿਵੇਂ ਜਾਇਦਾਦ ਅਤੇ ਹੋਰ ਸੰਪੱਤੀ, ਜ਼ਮੀਨ ਨੂੰ ਟ੍ਰਾਂਸਫਰ ਕਰਨਾ ਵੀ ਇਸ ਦੇ ਦਾਇਰੇ ਵਿੱਚ ਆਉਂਦਾ ਹੈ।

ਵਿਆਹ ਦੇ ਰੀਤੀ ਰਿਵਾਜ਼ਾਂ 'ਤੇ ਵੀ ਯੂ.ਸੀ.ਸੀ. ਦਾ ਅਸਰ ਪਵੇਗਾ ਕਿਉਂਕਿ ਯੂ.ਸੀ.ਸੀ. ਵਿੱਚ ਇੱਕ ਕਾਨੂੰਨੀ ਨਿਯਮ ਹੋਵੇਗਾ, ਜੋ ਸਾਰਿਆਂ ਨੂੰ ਮੰਨਣਾ ਪੈਂਦਾ ਹੈ।

ਵਿਆਹ ਤੋਂ ਬਾਅਦ ਹੋਣ ਵਾਲੇ ਝਗੜੇ ਵੀ ਇਸ ਦੇ ਦਾਇਰੇ ਵਿੱਚ ਆਉਣਗੇ ਜਿਵੇਂ ਤਲਾਕ ਵਰਗੇ ਮਾਮਲੇ ਵੀ ਇਸ ਦੇ ਅੰਡਰ ਆਉਣਗੇ। ਇਸ ਤੋਂ ਇਲਾਵਾ ਤਲਾਕ ਤੋਂ ਬਾਅਦ ਜਵਾਕਾਂ ਨੂੰ ਗੋਦ ਲੈਣ ਵੇਲੇ ਜਾਂ ਬੱਚਿਆਂ ਦੀ ਕਸਟੱਡੀ ਵਰਗੇ ਮਾਮਲਿਆਂ 'ਤੇ ਵੀ ਇਸ ਦਾ ਅਸਰ ਪਵੇਗਾ। ਬੱਚਿਆਂ ਦੇ ਮਾਪਿਆਂ ਦੇ ਅਧਿਕਾਰ ਵੀ ਇਸ ਦੇ ਅਸਰ ਤੋਂ ਵਾਂਝੇ ਨਹੀਂ ਰਹਿ ਸਕਦੇ।

ਸਧਾਰਨ ਭਾਸ਼ਾ ਵਿੱਚ ਗੱਲ ਕੀਤੀ ਜਾਵੇ ਤਾਂ ਜਨਮ ਤੋਂ ਲੈ ਕੇ ਵਿਆਹ ਅਤੇ ਬੁਢਾਪੇ ਤੱਕ ਪੀੜ੍ਹੀ-ਦਰ-ਪੀੜ੍ਹੀ ਜੋ ਵੀ ਨਿੱਜੀ ਮਾਮਲੇ ਹਨ ਇਸ ਦੇ ਦਾਇਰੇ ਵਿੱਚ ਹੋਵੇਗਾ।

# ਬਦਲ ਰਿਹੈ ਭਾਰਤ ਦਾ ਅੰਦਰੂਨੀ ਮੁਹਾਂਦਰਾ

## ਕੀ ਭਾਰਤ ਸੱਚਮੁੱਚ ਅਮਨਪਸੰਦ ਦੇਸ਼ ਹੈ ?

## ਅਮਨ ਦੀ .ਫਸਲ ਬੀਜਣ ਦੀ ਥਾਂ ਕੀਤੀ ਜਾ ਰਹੀ ਹੈ ਨ.ਫਰਤ ਦੀ ਖੇਤੀ

ਭਾਰਤ ਦੇ ਸੱਤਾਧਾਰੀ ਸਿਆਸਤਦਾਨ ਅਕਸਰ ਦਾਅਵਾ ਕਰਦੇ ਹਨ ਕਿ ਭਾਰਤ ਅਮਨ ਪਸੰਦ ਦੇਸ਼ ਹੈ। ਕੇਂਦਰੀ ਸੱਤਾਧਾਰੀਆਂ ਵੱਲੋਂ ਇਸ ਸਮੇਂ ਭਾਰਤ ਵੱਲੋਂ ਰੂਸ ਅਤੇ ਯੂਕ੍ਰੇਨ ਵਿਚਾਲੇ ਹੋ ਰਹੀ ਜੰਗ ਨੂੰ ਰੋਕਣ ਲਈ ਯਤਨ ਕਰਨ ਦੇ ਦਾਅਵੇ ਵੀ ਕੀਤੇ ਜਾ ਰਹੇ ਹਨ। ਇਹਨਾਂ ਸੱਤਾਧਾਰੀਆਂ ਵੱਲੋਂ ਪ੍ਰਧਾਨਮੰਤਰੀ ਮੋਦੀ ਨੂੰ ਚਮਤਕਾਰੀ ਸ਼ਖਸੀਅਤ ਦੇ ਤੌਰ 'ਤੇ ਪੇਸ਼ ਕੀਤਾ ਜਾ ਰਿਹਾ ਹੈ। ਪਰ ਦੇਸ਼ ਦੇ ਵੱਖ- ਵੱਖ ਰਾਜਾਂ ਵਿੱਚ ਵੱਖ ਵੱਖ ਵਰਗਾਂ ਵਿਚਾਲੇ ਫੈਲਿਆ ਤਨਾਓ ਅਤੇ ਅਸ਼ਾਂਤੀ ਕੁਝ ਵੱਖਰੀ ਹੀ ਤਸਵੀਰ ਪੇਸ਼ ਕਰ ਰਹੇ ਹਨ।

ਭਾਰਤ ਵਿੱਚ ਪਿਛਲੇ ਕੁਝ ਸਾਲਾਂ ਤੋਂ ਫਿਰਕੂ ਤਨਾਓ ਲਗਾਤਾਰ ਵੱਧ ਰਿਹਾ ਹੈ ਅਤੇ ਵੱਖ-ਵੱਖ ਵਰਗਾਂ ਵਿਚਾਲੇ ਸੰਘਰਸ਼ ਹੋ ਰਿਹਾ ਹੈ। ਇਹਨਾਂ ਵਿੱਚੋਂ ਕਈ ਸੂਬੇ ਤਾਂ ਅਜਿਹੇ ਹਨ ਜਿਥੇ ਭਾਜਪਾ ਦੀਆਂ ਡਬਲ ਇੰਜਣ ਵਾਲੀਆਂ ਸਰਕਾਰਾਂ ਹਨ, ਫਿਰ ਵੀ ਉਹਨਾਂ ਰਾਜਾਂ ਵਿੱਚ ਹਿੰਸਾ ਹੋ ਰਹੀ ਹੈ, ਜੋ ਕਿ ਕਈ ਸਵਾਲ ਵੀ ਖੜੇ ਕਰ ਰਹੀ ਹੈ।

ਕੁਝ ਬੁੱਧੀਜੀਵੀ ਇਹ ਕਹਿ ਰਹੇ ਹਨ ਕਿ ਇਹ ਭਾਰਤ ਵਿੱਚ ਆਮ ਵਰਤਾਰਾ ਨਹੀਂ ਹੈ ਸਗੋਂ ਪਿਛਲੇ ਕੁਝ ਸਾਲਾਂ ਤੋਂ ਅਜਿਹਾ ਮਾਹੌਲ ਬਣਾਇਆ ਜਾ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਵੱਖ- ਵੱਖ ਭਾਈਚਾਰਿਆ ਅਤੇ ਵਰਗਾਂ ਵਿੱਚ ਇੱਕ ਦੂਜੇ ਵਿਰੁੱਧ ਨਫ਼ਰਤ ਪੈਦਾ ਹੋ ਰਹੀ ਹੈ। ਕਈ ਰਾਜਾਂ ਵਿੱਚ ਨਿੱਕੀ ਜਿਹੀ ਚਿੰਗਾੜੀ ਤੋਂ ਵੱਡੇ ਭਾਂਬੜ ਬਲ ਰਹੇ ਹਨ। ਜਿਥੋਂ ਤਕ ਸਰਕਾਰ, ਪੁਲਿਸ ਅਤੇ ਪ੍ਰਸ਼ਾਸਨ ਦਾ ਸਵਾਲ ਹੈ ਤਾਂ ਇਹ ਸਾਰੇ ਵੀ ਇਕ ਕਟਹਿਰੇ ਵਿੱਚ ਖੜੇ ਨਜ਼ਰ ਆ ਰਹੇ ਹਨ। ਹਿੰਸਕ ਘਟਨਾਂਵਾਂ ਵਾਪਰਨ ਵੇਲੇ ਅਕਸਰ ਪ੍ਰਸ਼ਾਸਨ ਅਤੇ ਪੁਲਿਸ ਮੂਕ ਦਰਸ਼ਕ ਬਣੇ ਨਜ਼ਰ ਆਉਂਦੇ ਹਨ, ਜਦੋਂ ਕਿ ਉਹਨਾਂ ਦੀ ਜਿੰਮੇਵਾਰੀ ਹਿੰਸਾ ਹੋਣ ਤੋਂ ਰੋਕਣ ਦੀ ਹੈ। ਹਿੰਸਾ ਭੜਕਣ ਤੋਂ ਬਾਅਦ ਹੀ ਅਕਸਰ ਪ੍ਰਸ਼ਾਸਨ ਅਤੇ ਪੁਲਿਸ ਹਰਕਤ ਵਿੱਚ ਆਉਂਦੇ ਹਨ ਅਤੇ ਹਿੰਸਾ ਪ੍ਰਭਾਵਿਤ ਇਲਾਕਿਆਂ ਵਿੱਚ ਇੰਟਰਨੈਟ ਬੰਦ ਕਰਕੇ ਜਾਂ ਧਾਰਾ 144 ਲਗਾ ਕੇ ਖਾਨਾਪੂਰਤੀ ਕਰ ਲਈ ਜਾਂਦੀ ਹੈ। ਹੈਰਾਨੀ ਤਾਂ ਇਸ ਗਲ ਦੀ ਹੈ ਕਿ ਅਕਸਰ ਹਿੰਸਾ ਭੜਕਣ ਤੋਂ ਬਾਅਦ ਹੀ ਸਰਕਾਰ, ਪ੍ਰਸ਼ਾਸਨ ਅਤੇ ਪੁਲਿਸ ਜਾਗਦੇ ਹਨ, ਜਦੋਂਕਿ ਜਦੋਂ ਹਿੰਸਾ ਭੜਕਾਉਣ ਲਈ ਭੂਮਿਕਾ ਬੰਨੀ ਜਾਂਦੀ ਹੈ, ਉਸ ਸਮੇਂ ਕੋਈ ਠੋਸ ਕਦਮ ਚੁੱਕਣ ਦੀ ਥਾਂ ਸਰਕਾਰ, ਪ੍ਰਸ਼ਾਸਨ ਅਤੇ ਪੁਲਿਸ ਸਰਗਰਮ ਨਹੀਂ ਹੁੰਦੇ, ਜਿਸ ਕਰਕੇ ਕਿਸੇ ਨਾ ਕਿਸੇ ਇਲਾਕੇ ਵਿੱਚ ਅਚਾਨਕ ਕਿਸੇ ਕਾਰਨ ਤਨਾਓ ਪੈਦਾ ਹੁੰਦਾ ਹੈ, ਜੋ ਕਿ ਬਾਅਦ ਵਿੱਚ ਵੱਡੀ ਹਿੰਸਾ ਵਿੱਚ ਬਦਲ ਜਾਂਦਾ ਹੈ।



ਦੇਸ਼ ਆਖਰਕਾਰ ਉਸ ਮੁਕਾਮ 'ਤੇ ਖੜ੍ਹਾ ਨਜ਼ਰ ਆ ਰਿਹਾ ਹੈ, ਜਿੱਥੇ ਪਿਛਲੇ ਦਹਾਕੇ ਤੋਂ ਇਸ ਤੱਕ ਪਹੁੰਚਣ ਲਈ ਸੁਚੱਜੀ ਯੋਜਨਾ ਬਣਾਈ ਅਤੇ ਲਾਗੂ ਕੀਤੀ ਜਾ ਰਹੀ ਹੈ। ਭਾਵੇਂ ਇਸ ਦਾ ਬਲੂਪ੍ਰਿੰਟ ਤਿਆਰ ਕਰਕੇ ਲਗਭਗ ਇੱਕ ਸਦੀ ਤੋਂ ਸਮਾਜ ਦੇ ਸਾਹਮਣੇ ਰੱਖਿਆ ਗਿਆ ਸੀ, ਪਰ ਪਿਛਲੇ 8-9 ਸਾਲਾਂ ਵਿੱਚ ਇਸ ਨੂੰ ਰਾਜ ਸੱਤਾ ਅਤੇ ਸੱਤਾਧਾਰੀ ਧਿਰ ਦਾ ਸਮਰਥਨ ਪ੍ਰਾਪਤ ਹੋਇਆ ਹੈ। ਇਸ ਸ਼ਕਤੀ ਅਤੇ ਸਮਰਥਨ ਦੇ ਖ਼ੂਨੀ ਨਤੀਜੇ ਦੀ ਝਲਕ ਵੱਖ ਵੱਖ ਰਾਜਾਂ ਦੇ ਵੱਖ-ਵੱਖ ਇਲਾਕਿਆਂ ਵਿੱਚ ਫੈਲੀ ਹਿੰਸਾ ਤੋਂ ਮਿਲ ਜਾਂਦੀ ਹੈ। ਭਾਰਤ ਦੇ ਬਹੁਤੇ ਹਿੱਸਿਆਂ ਵਿੱਚ, ਕਦੇ ਇਕੱਲੇ, ਕਦੇ ਇੱਕ ਸਮੂਹ ਵਿੱਚ, ਅਜਿਹੀਆਂ ਧਮਕੀਆਂ ਉਨ੍ਹਾਂ ਸਾਰਿਆਂ ਨੂੰ ਮਿਲ ਰਹੀਆਂ ਹਨ ਜਿਨ੍ਹਾਂ ਨੂੰ ਇੱਕ ਵੱਖਰੇ ਸਮਾਜ ਦਾ ਹਿੱਸਾ ਮੰਨਿਆ ਗਿਆ ਹੈ ਅਤੇ ਬਹੁਗਿਣਤੀ ਵਿੱਚੋਂ ਦੂਜੇ ਨਾਗਰਿਕ ਦਾ ਦਰਜਾ ਦਿੱਤਾ ਗਿਆ ਹੈ। ਇਨ੍ਹਾਂ ਨਾਅਰਿਆਂ ਦਾ ਸ਼ਿਕਾਰ ਉਹ ਲੋਕ ਵੀ ਹਨ ਜੋ ਇਸ ਨਾਲ ਅਸਹਿਮਤ ਹਨ ਅਤੇ ਇਹ ਮੰਨਦੇ ਹਨ ਕਿ ਇਹ ਦੇਸ਼ ਓਨਾ ਹੀ ਘੱਟ ਗਿਣਤੀਆਂ ਦਾ ਹੈ ਜਿੰਨਾ ਦੂਜਿਆਂ ਦਾ।

ਭਾਰਤ ਵਿੱਚ ਸਹਿਣਸ਼ੀਲਤਾ ਦੀ ਥਾਂ ਅਸਹਿਣਸ਼ੀਲਤਾ ਵੱਧਦੀ ਜਾ ਰਹੀ ਹੈ। ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਬੱਸ-ਟਰੇਨ 'ਚ ਸਫਰ ਕਰਨ ਸਮੇਂ ਸਹਿ-ਯਾਤਰੀਆਂ ਵਿਚਕਾਰ ਸਿਆਸੀ ਚਰਚਾ ਹੁੰਦੀ ਹੈ। ਇਸ ਤੋਂ ਇਲਾਵਾ ਚੌਕਾਂ, ਚਾਹ, ਪਾਨ, ਨਾਈ ਦੀਆਂ ਦੁਕਾਨਾਂ ਤੋਂ ਲੈ ਕੇ ਆਡੀਟੋਰੀਅਮਾਂ ਅਤੇ ਇਕੱਠਾਂ ਤੱਕ ਹਰ ਤਰ੍ਹਾਂ ਦੀਆਂ ਬਹਿਸਾਂ ਹਮੇਸ਼ਾਂ ਹੁੰਦੀਆਂ ਰਹਿੰਦੀਆਂ ਹਨ, ਇਨ੍ਹਾਂ ਵਿੱਚ ਸਿਆਸੀ ਬਹਿਸਾਂ ਵੀ ਸ਼ਾਮਲ ਹਨ। ਵਿਚਾਰਾਂ ਨਾਲ ਅਸਹਿਮਤੀ ਦੇ ਬਾਵਜੂਦ ਵੀ ਅਜਿਹੀਆਂ ਚਰਚਾਵਾਂ ਹੁੰਦੀਆਂ ਰਹਿੰਦੀਆਂ ਹਨ ਪਰ ਹੁਣ ਇਹ ਬਹਿਸਾਂ ਅਤੇ ਵਿਚਾਰ ਵੀ ਹਿੰਸਕ ਰੂਪ ਧਾਰਦੇ ਜਾ ਰਹੇ ਹਨ। ਇਸ ਕਰਕੇ ਆਮ ਆਦਮੀ ਹੁਣ ਘਰ ਤੋਂ ਬਾਹਰ ਕੋਈ ਵੀ ਸਿਆਸੀ ਗੱਲ ਕਰਨ ਤੋਂ ਗੁਰੇਜ ਕਰਨ ਲੱਗਿਆ ਹੈ।

ਅੱਜ ਭਾਰਤ ਦਾ ਹਾਲ ਇਹ ਹੋ ਗਿਆ ਹੈ ਕਿ ਭਾਰਤ ਦੀ ਸਿਆਸਤ ਦਾ ਮੁਹਾਂਦਰਾ ਹੀ ਬਦਲ ਗਿਆ ਹੈ। ਹਾਲ ਹੀ ਦੇ ਸਾਲਾਂ ਦੀ ਰਾਜਨੀਤੀ ਇਸ ਤਰ੍ਹਾਂ ਬਦਲ ਗਈ ਹੈ ਕਿ ਅਸਹਿਣਸ਼ੀਲਤਾ ਹੁਣ ਆਪਣੇ ਸਿਖਰ 'ਤੇ ਹੈ। ਵਿਚਾਰਧਾਰਕ ਵਿਰੋਧੀਆਂ ਅਤੇ ਦੂਜੇ ਧਰਮਾਂ ਦੇ ਪੈਰੋਕਾਰਾਂ ਨੂੰ ਦੇਸ਼ ਦਾ ਦੁਸ਼ਮਣ ਦੱਸਣਾ, ਉਨ੍ਹਾਂ ਨੂੰ ਗੱਦਾਰ ਕਹਿਣਾ, ਉਨ੍ਹਾਂ ਨੂੰ ਪਾਕਿਸਤਾਨ-ਅਫਗਾਨਿਸਤਾਨ, ਨਕਸਲਵਾਦੀਆਂ ਵਿੱਚ ਭੇਜਣਾ, ਉਨ੍ਹਾਂ ਨੂੰ ਧਰਮ ਵਿਰੋਧੀ ਸਾਬਤ ਕਰਨਾ ਸੰਵਾਦ ਕਲਾ ਦੀ ਕਾਢ ਹੈ ਜਿਸ ਨੇ ਸਹਿਣਸ਼ੀਲ ਅਤੇ ਸੱਭਿਅਕ ਲੋਕਾਂ ਨੂੰ ਇਸ ਤੋਂ ਦੂਰ ਕਰ ਦਿੱਤਾ ਹੈ। ਹੁਣ ਵਾਦ-ਵਿਵਾਦ ਦਾ ਖੇਤਰ ਅੰਨ੍ਹੀ ਸ਼ਰਧਾ, ਤਰਕ ਅਤੇ ਵਿਵੇਕ ਤੋਂ ਸੱਖਣਾ ਅਤੇ ਬੇ-ਪੜ੍ਹਿਆਂ ਦੇ ਅਧੀਨ ਹੋ ਗਿਆ ਹੈ। ਉੱਥੇ ਤੱਥਾਂ ਅਤੇ ਹਕੀਕਤਾਂ 'ਤੇ ਆਧਾਰਿਤ ਚਰਚਾ ਘੱਟ ਹੈ ਅਤੇ ਗਾਲੀ-ਗਲੋਚ ਨਾਲ ਭਰੀ ਭਾਸ਼ਾ ਬੇਬਾਕ ਹੈ। ਵੱਡੀ ਗਿਣਤੀ ਲੋਕ ਨਵੇਂ ਸੱਭਿਆਚਾਰ ਦਾ ਹਿੱਸਾ ਹਨ ਜੋ ਦੇਸ਼ ਭਗਤੀ ਦੇ ਨਾਂ 'ਤੇ ਟਰੋਲ ਫੌਜ ਦੇ ਮੈਂਬਰ ਬਣ ਗਏ ਹਨ।

ਜੇਕਰ ਨ.ਫਰਤ ਭਰੇ ਬੋਲਾਂ ਅਤੇ ਹਿੰਸਕ ਵਿਵਹਾਰ 'ਤੇ ਰੋਕ ਨਾ ਲਗਾਈ ਗਈ ਤਾਂ ਭਾਰਤ ਦਾ ਸਮਾਜ ਉਸ ਮੁਕਾਮ 'ਤੇ ਖੜ੍ਹਾ ਹੋ ਜਾਵੇਗਾ ਜਿੱਥੋਂ ਇਸਨੂੰ ਵਾਪਸ ਲਿਆਉਣਾ ਅਸੰਭਵ ਹੋ ਜਾਵੇਗਾ।

## ਦਰਪਣ ਝੂਠ ਨਹੀਂ ਬੋਲਦਾ

# ਕੀ ਅਕਾਲ ਤਖ਼ਤ ਤੋਂ ਅਕਾਲੀ ਲੀਡਰਾਂ ਦੀ ਜੁਆਬਦੇਹੀ ਹੋਵੇਗੀ ?

## ਬਾ.ਗੀ ਤੇ ਦਾ.ਗੀ ਅਕਾਲੀ ਆਗੂ ਅਨੰਦਪੁਰ ਸਾਹਿਬ ਦੇ ਮਤੇ ਤੋਂ ਭਗੌੜੇ ਕਿਉ ਹਨ ?

ਕੋਈ ਵੀ ਅਕਾਲੀ ਆਗੂ ਚਾਹੇ ਬਾਗੀ ਹਨ ਚਾਹੇ ਦਾਗੀ ਹਨ, ਸਭ ਨੇ ਅਨੰਦਪੁਰ ਮਤੇ ਨੂੰ ਬੇਦਾਵਾ ਦਿੱਤਾ ਹੋਇਆ ਹੈ। ਅੱਧੀ ਕੌਮ ਮੋਰਚਿਆਂ ਵਿੱਚ ਤਬਾਹ ਕਰਕੇ ਲਹੂ ਲੁਹਾਨ ਕਰਕੇ ਸਿੱਖ ਪੰਥ ਨੂੰ ਨਿਤਾਣਾ ਕਰਨ ਤੇ ਗੁਲਾਮ ਬਣਾਉਣ ਦੀ ਕੋਸ਼ਿਸ਼ ਕੀਤੀ ਕਿ ਜਿਵੇਂ ਅਸੀਂ ਕਹਿੰਦੇ ਹਾਂ ਸਾਡੀ ਖੇਡ ਖੇਡੀ ਜਾਵੇ। ਮਤਲਬ ਕਿ ਅਸੀਂ ਬਾਕੀ ਪਾਰਟੀਆਂ ਵਰਗੇ ਹੀ ਹਾਂ। ਸੱਤਾ ਦੀ ਭੁੱਖ, ਅਨੰਦਪੁਰ ਮਤੇ ਦਾ ਤਿਆਗ ਅਕਾਲੀ ਲੀਡਰਸ਼ਿਪ ਦੇ ਧੋਖਿਆਂ ਦੀ ਕਹਾਣੀ ਹੈ। ਇਸੇ ਕਰਕੇ ਅਨੰਦਪੁਰ ਮਤੇ ਨੂੰ ਵਿਸਾਰਨ ਵਾਲੇ ਸੰਤ ਹਰਚੰਦ ਸਿੰਘ ਲੌਂਗੋਵਾਲ ਇਨ੍ਹਾਂ ਸੱਤਾ ਲਾਲਸਾ ਰੱਖਣ ਵਾਲਿਆਂ ਦੇ ਮਹਾਗੁਰੂ ਸਨ ਤੇ ਇਸੇ ਕਰਕੇ ਅਕਾਲੀ ਲੀਡਰਸ਼ਿਪ ਲੌਂਗੋਵਾਲ ਦੀਆਂ ਬਰਸੀਆਂ ਮਨਾਉਂਦੇ ਹਨ ਜਿਸ ਨੇ ਸਿੱਖ ਪੰਥ ਤੇ



ਪੰਜਾਬ ਦੇ ਹੱਕਾਂ ਨਾਲ ਧੋਖਾ ਕੀਤਾ।

### ਕੀ ਸੀ ਅਨੰਦਪੁਰ ਦਾ ਮਤਾ

ਭਾਰਤ ਵਿੱਚ ਜੇ ਕਿਸੇ ਖੇਤਰੀ ਏਜੰਡੇ ਨੇ ਕਦੇ ਕੌਮੀ ਸਿਆਸਤ ਦਾ ਰੁਖ਼ ਤੈਅ ਕੀਤਾ ਹੈ, ਤਾਂ ਉਹ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ 'ਅਨੰਦਪੁਰ ਸਾਹਿਬ ਦਾ ਮਤਾ' ਹੈ।

ਮਤੇ ਵਿੱਚ ਲਿਖਿਆ ਗਿਆ ਹੈ, 'ਸ਼੍ਰੋਮਣੀ ਅਕਾਲੀ ਦਲ ਦਾ ਰਾਜਸੀ ਨਿਸ਼ਾਨਾ, ਨਿਸ਼ਚਿਤ ਤੌਰ 'ਤੇ ਸਾਹਿਬ ਦਸਮ ਪਾਤਸ਼ਾਹ ਦੇ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖ਼ਾਲਸਾ ਪੰਥ ਦੇ 'ਮਨ-ਮੰਦਰ' ਵਿੱਚ ਉਕਰਿਆ ਚੱਲਿਆ ਆ ਰਿਹਾ ਹੈ, ਜਿਸ ਦਾ ਮਨੋਰਥ 'ਖਾਲਸਾ ਜੀ ਦੇ ਬੋਲ-ਬਾਲੇ' ਹੈ। ਇਸ ਮਤੇ ਵਿੱਚ ਅੱਗੇ ਲਿਖਿਆ ਗਿਆ ਹੈ, 'ਖਾਲਸਾ ਜੀ ਦੇ ਇਸ ਜਨਮ ਸਿੱਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ-ਕਾਲ ਅਤੇ ਰਾਜਸੀ ਵਿਧਾਨ ਦੀ ਸਿਰਜਨਾ-ਪ੍ਰਾਪਤੀ, ਸ਼ੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।'ਇਹੀ ਰਾਜਸੀ ਨਿਸ਼ਾਨਾ ਯਾਨੀ ਸਿਆਸੀ ਉਦੇਸ਼ ਫੈਡਰਲਿਜ਼ਮ ਸੀ।

ਇਹ ਮਤਾ ਅਖੀਰ ਰਾਜੀਵ-ਲੌਂਗੋਵਾਲ ਸਮਝੌਤੇ ਅਧੀਨ ਸਰਕਾਰੀਆ ਕਮਿਸ਼ਨ ਕੋਲ ਭੇਜ ਦਿੱਤਾ ਗਿਆ ਅਤੇ ਫਿਰ ਸੂਬੇ ਵਿੱਚ ਅਕਾਲੀ ਸਿਆਸਤ ਤੋਂ ਦੂਰ ਹੋ ਗਿਆ।ਆਨੰਦਪੁਰ ਮਤੇ ਦਾ ਤਿਆਗ ਅਕਾਲੀ ਆਗੂਆਂ ਦੀ ਸਿਆਸੀ ਮੌਤ ਸੀ।

ਇਸ ਮਤੇ ਦਾ ਨਿਸ਼ਾਨਾ ਸੀ ਕੰਗਾਲੀ ਭੁੱਖ ਨੰਗ ਤੇ ਥੁੜ੍ਹ ਨੂੰ ਦੂਰ ਕਰਨਾ, ਨਿਆਂਕਾਰ ਤੇ ਚੰਗੇ ਨਿਜ਼ਾਮ ਨੂੰ ਕਾਇਮ ਕਰਨ ਲਈ ਦੌਲਤ ਤੇ ਉਪਜ ਨੂੰ ਵਧਾਉਣਾ ਤੇ ਮੌਜੂਦਾ ਕਾਣੀ ਵੰਡ ਤੇ ਲੁੱਟ-ਖਸੁੱਟ ਨੂੰ ਦੂਰ ਕਰਨਾ ।

ਗੁਰਮਤਿ ਆਸ਼ੇ ਅਨੁਸਾਰ ਅਨਪੜ੍ਹਤਾ, ਛੂਤ-ਛਾਤ ਤੇ ਜ਼ਾਤ-ਪਾਤ ਦੇ ਵਿਤਕਰੇ ਨੂੰ ਹਟਾਉਣਾ ।

ਮੰਦੀ ਸਿਹਤ ਤੇ ਬੀਮਾਰੀ ਨੂੰ ਦੂਰ ਕਰਨ ਦੇ ਉਪਾਓ, ਨਸ਼ਿਆਂ ਦੀ ਨਿਖੇਧੀ ਅਤੇ ਬੰਦਸ਼ ਤੇ ਸਰੀਰਕ ਅਰੋਗਤਾ ਦਾ ਵਾਧਾ, ਜਿਸ ਨਾਲ ਕੌਮ ਵਿੱਚ ਉਤਸ਼ਾਹ ਜਾਗੇ ਤੇ ਉਹ ਕੌਮੀ ਬਚਾਉ ਲਈ ਤਿਆਰ ਹੋ ਸੱਕੇ ।

ਇਹ ਮਨੋਰਥ ਸਪਸ਼ਟ ਕਰਦਾ ਹੈ ਕਿ ਅਨੰਦਪੁਰ ਸਾਹਿਬ ਦੇ ਮਤੇ ਦਾ ਰਾਜਨੀਤਕ ਮੰਤਵ ਖ਼ਾਲਸੇ ਦੇ ਬੋਲ ਬਾਲੇ, ਲੋੜੀਂਦਾ ਦੇਸ ਕਾਲ ਅਤੇ ਰਾਜਸੀ ਵਿਧਾਨ ਦੀ ਸਿਰਜਣਾ ਸੀ ।

ਸੁਆਲ ਇਹ ਹੈ ਕਿਉਂ ਭਗੌੜੀ ਹੈ ਅਕਾਲੀ ਲੀਡਰਸ਼ਿਪ ਪੰਥਕ ਨਿਸ਼ਾਨੇ ਤੋਂ ।ਸਿੱਧਾ ਤੇ ਸਾਦਾ ਜੁਆਬ ਹੈ ਕਿ ਇਨ੍ਹਾਂ ਦਾ ਨਿਸ਼ਾਨਾ ਸੱਤਾ ਹਾਸਿਲ ਕਰਨਾ ਹੈ। ਇਹ ਅਜੋਕੇ ਧਨਾਢ ਜਾਗੀਰਦਾਰ ਸੱਤਾ ਦੀ ਲਾਲਸਾ ਰੱਖਣ ਵਾਲੇ ਅਕਾਲੀ ਆਗੂਆਂ ਨੂੰ ਅਨੰਦਪੁਰ ਦਾ ਮਤਾ ਤੇ ਪੰਜਾਬ ਕਾਜ ਦੇ ਲਈ ਸੰਘਰਸ਼ ਪਸੰਦ ਨਹੀਂ ਹੈ। ਉਹ ਇਹ ਆਖਦੇ ਹਨ ਇਹ ਪੁਰਾਣੀਆਂ ਗਲਾਂ ਹਨ।ਇਹ ਅਕਾਲੀ ਆਗੂ ਆਖਦੇ ਹਨ 1920 ਵਾਲੀ ਅਕਾਲੀ ਵਿਰਾਸਤ ਨਹੀਂ ਚਲਣੀ, ਕਿਉਂ ਕਿ ਉਸ ਸਮੇਂ ਦਾ ਸਿੱਖ ਕਿਰਦਾਰ ਹੁਣ ਨਹੀਂ ਹੈ।

ਕੀ ਪੰਥ ਦੇ ਨਿਸ਼ਾਨੇ ਤੋਂ ਭਗੌੜੇ ਹੋਣ ਵਾਲੇ ਅਕਾਲੀ ਆਗੂਆਂ ਨੂੰ ਸਿੱਖ ਪੰਥ ਮਨਜੂਰ ਕਰੇਗਾ। ਕੀ ਜਥੇਦਾਰ ਅਕਾਲ ਤਖ਼ਤ ਪੰਥਕ ਵਿਰਾਸਤ ਦੀ ਰੱਖਿਆ ਲਈ ਤੇ ਪੰਥਕ ਨਿਸ਼ਾਨਾ ਬਚਾਉਣ ਲਈ ਉਪਰਾਲਾ ਕਰਨਗੇ। ਦੋਸ਼ੀ ਲੀਡਰਸ਼ਿਪ ਨੂੰ ਕਟਿਹਰੇ ਵਿੱਚ ਖੜਾ ਕਰਨਗੇ।


# ਭਾਰਤ 'ਚ ਸਿੱਖ ਨਿਸ਼ਾਨੇ ਉੱਪਰ ਕਿਉਂ ?

## ਭਾਸ਼ਾ ਵਿਭਾਗ ਪੰਜਾਬ ਦੀ ਫ਼ਿਰਕੂ ਅ.ਫਸਰਸ਼ਾਹੀ ਨੂੰ ਗੁਰਦੁਆਰਾ ਸ਼ਬਦ ਤੋਂ ਕਿਉਂ ਇਤਰਾਜ਼ ਹੈ ?

## ਮੁੰਬਈ ਦੇ ਸਿੱਖ ਟੀ.ਟੀ.ਈ ਨਾਲ ਰੇਲ੍ਹ 'ਚ ਫ਼ਿਰਕੂ ਗੁੰਡਿਆਂ ਵੱਲੋਂ ਕੁਟਮਾਰ, ਦਾੜੀ ਦੀ ਕੀਤੀ ਬੇਅਦਬੀ

ਸਿੱਖਾਂ ਦੀਆਂ ਮੁਸ਼ਕਿਲਾਂ ਤਾਂ ਭਾਰਤ ਦੀ ਆਜ਼ਾਦੀ ਤੋਂ ਲੈ ਕੇ ਕੌੜੀ ਵੇਲ ਵਾਂਗੂੰ ਵਧਦੀਆਂ ਹੀ ਜਾ ਰਹੀਆਂ ਹਨ।ਆਜ਼ਾਦੀ ਤੋਂ ਪਹਿਲਾਂ ਸਿੱਖਾਂ ਦੇ ਪੋਟਿਆਂ ਉਤੇ ਗਿਣੇ ਜਾਣ ਜੋਗੇ ਹੀ ਮੁੱਦੇ ਸਨ, ਪਰ ਅੱਜ ਸਿਰ ਦੇ ਵਾਲਾਂ ਤੋਂ ਵੀ ਸੰਘਣੇ ਹੋ ਚੁੱਕੇ ਹਨ।ਜੇ ਕਿਤੇ ਉਸ ਸਮੇਂ ਦੀ ਭਾਰਤੀ ਲੀਡਰਸ਼ਿਪ ਵਾਅਦਾ ਖ਼ਿਲਾਫ਼ੀ ਨਾ ਕਰਦੀ ਅਤੇ ਸਿੱਖਾਂ ਨਾਲ ਕੀਤੇ ਕੌਲ ਇਕਰਾਰ ਹੂ-ਬ-ਹੂ ਨਿਭਾਅ ਜਾਂਦੀ ਤਾਂ ਸ਼ਾਇਦ ਅੱਜ ਸਿਰਫ ਸਿੱਖਾਂ ਦੀ ਹੀ ਨਹੀਂ, ਸਗੋਂ ਸਾਰੇ ਭਾਰਤ ਦੀ ਕਿਸਮਤ ਹੀ ਕੁੱਝ ਹੋਰ ਹੁੰਦੀ, ਪਰ ਭਾਰਤੀ ਲੀਡਰਸ਼ਿਪ ਦੀ ਬੇਰੁਖੀ ਤੇ ਫਿਰਕੂਵਾਦ ਦਿਨ-ਬ-ਦਿਨ ਵੱਧਦੀ ਹੀ ਗਈ, ਜਿਸ ਕਰਕੇ ਸਿੱਖਾਂ ਵਿੱਚ ਨਿਰਾਸਤਾ ਹੋਣੀ ਕੁਦਰਤੀ ਸੀ ਅਤੇ ਸਿੱਖ ਬਹਾਦਰ ਤੇ ਜੁਝਾਰੂ ਕੌਮ ਹੋਣ ਕਰਕੇ, ਚੁੱਪ ਵੀ ਨਹੀਂ ਬੈਠ ਸਕਦੇ ਸਨ, ਇਸ ਕਰਕੇ ਸਿੱਖਾਂ ਨੂੰ ਸੰਘਰਸ਼ ਦਾ ਰਸਤਾ ਚੁਣਨਾ ਪੈ ਗਿਆ। ਸਿੱਖਾਂ ਦੀ ਬੋਲੀ,ਸਿੱਖ ਸਰੂਪ ਫਿਰਕਾਪ੍ਰਸਤਾਂ, ਫਿਰਕੂ ਅਫਸਰਸ਼ਾਹੀ, ਫਿਰਕੂ ਸਿਆਸਤ ਦੇ ਨਿਸ਼ਾਨੇ ਉਪਰ ਹੈ। ਇਥੋਂ ਤੱਕ ਭਾਸ਼ਾ ਵਿਭਾਗ, ਪੰਜਾਬ ਸਰਕਾਰ ਪੰਜਾਬੀ ਬੋਲੀ ਨੂੰ ਮਿਟਾਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ।

ਇਹ ਫਿਰਕੂ ਰਾਜਨੀਤੀ ਦਾ ਖਾਸਾ ਹੈ ਕਿ ਕਿਸੇ ਧਰਮ ਦੀ ਬੋਲੀ ਸਭਿਆਚਾਰ ਮਿਟਾ ਦਿਉ ਤਾਂ ਉਹ ਕੌਮ ਗੋਡਿਆਂ ਭਾਰ ਹੋ ਜਾਂਦੀ ਹੈ। ਸਿੱਖਾਂ





ਨਾਲ ਵੀ ਅਜਿਹਾ ਹੋ ਰਿਹਾ ਹੈ। ਕਾਨਵਿੰਟ ਸਕੂਲਾਂ ਵਿੱਚ ਪੰਜਾਬੀ ਬੋਲਣ ਉਪਰ ਵੀ ਪਾਬੰਦੀ ਹੈ। ਇਹ ਇੱਕ ਫਿਰਕੂ ਵਰਤਾਰਾ ਹੈ।

ਹੁਣੇ ਜਿਹੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕਤਰ ਜਸਵਿੰਦਰ ਸਿੰਘ ਐਡਵੋਕੇਟ ਅਨੁਸਾਰ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸੱਤਵੀਂ ਜਮਾਤ ਦੀ ਪੰਜਾਬੀ ਕਿਤਾਬ ਦੇ ਦੋ ਐਡੀਸ਼ਨ ਨੱਥੀ ਕਰਕੇ ਭਾਸ਼ਾ ਵਿਭਾਗ ਦੀ ਫਿਰਕੂ ਅਫਸਰਸ਼ਾਹੀ ਦਾ ਪਰਦਾਫਾਸ਼ ਕੀਤਾ ਕਿ ਸੱਤਵੀ ਕਲਾਸ ਦੇ ਸਿਲੇਬਸ ਦੇ ਨਵੇਂ ਐਡੀਸ਼ਨ ਦੀ ਕਹਾਣੀ ਬਲਦਾਂ ਵਾਲਾ ਪਿਆਰਾ ਸਿੰਘ ਦੀ ਪਹਿਲੀ ਹੀ ਸਤਰ ਵਿੱਚ ਗੁਰਦੁਆਰਾ ਸਾਹਿਬ ਦਾ ਜ਼ਿਕਰ ਕੱਟ ਦਿੱਤਾ ਗਿਆ ਹੈ।

ਜ਼ਾਹਿਰ ਹੈ ਕਿ ਇਹ ਸੋਚ ਸਮਝ ਕੇ ਹੀ ਕੱਟਿਆ ਗਿਆ ਹੋਣਾ ਹੈ।

ਅਸਲ ਮਸਲਾ ਇਹ ਹੈ ਕਿ ਪੰਜਾਬ ਸਿੱਖਿਆ ਸਕੂਲ ਬੋਰਡ ਉਪਰ ਫਿਰਕੂ ਅਫਸਰਸ਼ਾਹੀ ਭਾਰੂ ਹੈ ਜਿਸ ਨੂੰ ਗੁਰਦੁਆਰਾ ,ਸਿੱਖ ਧਰਮ ਚੰਗੇ ਨਹੀਂ ਲਗਦੇ। ਇਹ ਆਰੀਆ ਸਮਾਜੀ ਸਵਾਮੀ ਦਇਆ ਨੰਦ ਦੀ ਰਾਹ ਤੁਰੇ ਹੋਏ ਹਨ।

(ਬਾਕੀ ਸਫ਼ਾ 30 'ਤੇ)

# ਮੋਦੀ ਦਾ 'ਇੱਕ ਦੇਸ਼, ਇੱਕ ਚੋਣ' ਦਾ ਨਾਅਰਾ ਫ਼ਲਾਪ ਕਿਉਂ ਹੋਇਆ ?

## ਚੋਣ ਕਮਿਸ਼ਨ ਚਾਰ ਰਾਜਾਂ ਦੀਆਂ ਚੋਣਾਂ ਇਕੱਠੀਆਂ ਨਾ ਕਰਾ ਸਕਿਆ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਗਭਗ ਹਰ ਸਾਲ 15 ਅਗਸਤ 'ਤੇ ਲਾਲ ਕਿਲ੍ਹੇ ਤੋਂ ਆਪਣੇ ਭਾਸ਼ਣ 'ਚ ਹੋਰ ਗੱਲਾਂ ਤੋਂ ਇਲਾਵਾ 'ਵੰਨ ਨੇਸ਼ਨ, ਵੰਨ ਇਲੈਕਸ਼ਨ' (ਇੱਕ ਦੇਸ਼, ਇੱਕ ਚੋਣ) ਦੀ ਚਰਚਾ ਜ਼ਰੂਰ ਕਰਦੇ ਹਨ। ਇਸ ਵਾਰ ਵੀ ਉਨ੍ਹਾਂ ਇਹ ਚਰਚਾ ਇਸ ਅੰਦਾਜ਼ ਵਿੱਚ ਕੀਤੀ, ਮੰਨੋ ਜਿਵੇਂ ਹੁਣ ਉਹ ਇਸ 'ਤੇ ਸੱਚਮੁੱਚ ਅਮਲ ਕਰਨ ਦਾ ਇਰਾਦਾ ਰੱਖਦੇ ਹਨ, ਪਰ ਉਨ੍ਹਾਂ ਦਾ ਇਹ ਇਰਾਦਾ ਇੱਕ ਦਿਨ ਬਾਅਦ ਹੀ ਗ਼ੁਬਾਰਾ ਸਾਬਿਤ ਹੋ ਗਿਆ।

ਅਗਲੇ ਹੀ ਦਿਨ 16 ਅਗਸਤ ਨੂੰ ਚੋਣ ਕਮਿਸ਼ਨ ਨੇ ਉਸ ਗ਼ੁਬਾਰੇ ਵਿੱਚ ਪਿੰਨ ਚੁਭੋ ਕੇ ਉਸ ਦੀ ਹਵਾ ਕੱਢ ਦਿੱਤੀ। ਜ਼ਿਕਰਯੋਗ ਹੈ ਕਿ ਇਸ ਸਾਲ ਚਾਰ ਰਾਜਾਂ 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਉਮੀਦ ਸੀ ਕਿ



ਚੋਣ ਕਮਿਸ਼ਨ ਪ੍ਰਧਾਨ ਮੰਤਰੀ ਦੇ ਇਰਾਦੇ ਮੁਤਾਬਿਕ ਚਾਰਾਂ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਅਤੇ ਵੱਖ-ਵੱਖ ਰਾਜਾਂ 'ਚ ਲਗਭਗ 30 ਵਿਧਾਨ ਸਭਾ ਸੀਟਾਂ ਦੀਆਂ ਜ਼ਿਮਨੀ ਚੋਣਾਂ ਇਕੱਠਿਆਂ ਕਰਵਾਉਣ ਦਾ ਐਲਾਨ ਕਰੇਗਾ, ਪਰ ਇੰਝ ਨਾ ਹੋਇਆ। ਕਮਿਸ਼ਨ ਨੇ ਸਿਰਫ਼ ਹਰਿਆਣਾ ਅਤੇ ਜੰਮੂ-ਕਸ਼ਮੀਰ ਦੀਆਂ ਚੋਣਾਂ ਦਾ ਪ੍ਰੋਗਰਾਮ ਹੀ ਐਲਾਨਿਆ। ਦੱਸਣਯੋਗ ਹੈ ਕਿ ਹਰਿਆਣਾ ਅਤੇ ਮਹਾਰਾਸ਼ਟਰ ਵਿਧਾਨ ਸਭਾ ਦੀਆਂ ਚੋਣਾਂ ਹਮੇਸ਼ਾ ਇਕੱਠਿਆਂ ਹੁੰਦੀਆਂ ਸਨ, ਪਰ ਇਸ ਵਾਰ ਮਹਾਰਾਸ਼ਟਰ ਦੀਆਂ ਚੋਣਾਂ ਵੀ ਹਰਿਆਣਾ ਦੇ ਨਾਲ ਐਲਾਨੀਆਂ ਨਹੀਂ ਗਈਆਂ। ਚੋਣ ਕਮਿਸ਼ਨ ਨੇ ਇਸ ਪਿੱਛੇ ਜੋ ਕਾਰਨ ਦੱਸੇ ਹਨ, ਉਹ ਬੇਹੱਦ ਲੱਚਰ ਅਤੇ ਹਾਸੋਹੀਣੇ ਹਨ। ਕਮਿਸ਼ਨ ਨੇ ਖ਼ਾਸ ਤੌਰ 'ਤੇ ਸੁਰੱਖਿਆ ਬਲਾਂ ਦੀ ਉਪਲਬਧਤਾ ਦੀ ਦਲੀਲ ਦਿੱਤੀ। ਸਵਾਲ ਹੈ ਕਿ ਜਦੋਂ ਚਾਰ ਰਾਜਾਂ ਦੀ ਚੋਣ ਕਰਵਾਉਣ ਲਾਇਕ ਹੀ ਸੁਰੱਖਿਆ ਬਲ ਦੇਸ਼ 'ਚ ਉਪਲਬਧ ਨਹੀਂ ਹਨ ਤਾਂ ਫਿਰ ਸਾਰੀਆਂ ਚੋਣਾਂ ਇਕੱਠਿਆਂ ਕਰਵਾਉਣ ਲਈ ਉਹ ਸੁਰੱਖਿਆ ਬਲ ਕਿੱਥੋਂ ਲਿਆਏਗਾ ? ਜ਼ਾਹਿਰ ਹੈ ਕਿ ਕਮਿਸ਼ਨ ਨੇ ਜੋ ਫ਼ੈਸਲਾ ਕੀਤਾ ਹੈ, ਉਹ ਰਾਜਨੀਤਕ ਕਾਰਨਾਂ ਨਾਲ ਸਰਕਾਰ ਦੇ ਕਹਿਣ 'ਤੇ ਕੀਤਾ ਗਿਆ ਹੈ ਅਤੇ ਇਸ ਨਾਲ ਸਾਬਿਤ ਹੋਇਆ ਹੈ ਕਿ 'ਵੰਨ ਨੇਸ਼ਨ, ਵੰਨ ਇਲੈਕਸ਼ਨ' ਮਹਿਜ਼ ਇੱਕ ਸ਼ਿਗੂਫ਼ਾ ਹੈ।

# ਆਖ਼ਿਰ ਮਾਇਆਵਤੀ ਨੂੰ ਬਹੁਜਨ ਰਾਜਨੀਤੀ ਵੱਲ ਪਰਤਣਾ ਪਿਆ

## ਦਲਿਤ ਵੋਟ ਦੂਜੀਆਂ ਪਾਰਟੀਆਂ ਵਿੱਚ ਵੰਡਿਆ ਗਿਆ

ਲੋਕ ਸਭਾ ਚੋਣਾਂ 'ਚ ਬਹੁਜਨ ਸਮਾਜਵਾਦੀ ਪਾਰਟੀ (ਬਸਪਾ) ਇੱਕ ਵੀ ਸੀਟ ਨਹੀਂ ਜਿੱਤ ਸਕੀ, ਕਿਉਂਕਿ ਉਸ ਦੇ ਮੁੱਖ ਦਲਿਤ ਵੋਟ ਦੂਜੀਆਂ ਪਾਰਟੀਆਂ ਦੇ ਪਾਲੇ ਵਿੱਚ ਚਲੇ ਗਏ ਸਨ। ਹੁਣ ਬਸਪਾ ਸੁਪਰੀਮੋ ਮਾਇਆਵਤੀ ਨਵੀਂ ਰਣਨੀਤੀ ਅਜ਼ਮਾ ਰਹੀ ਹੈ, ਤਾਂ ਕਿ ਮੂਲ ਗੱਲਾਂ 'ਤੇ ਪਰਤ ਕੇ ਪਾਰਟੀ ਦੀਆਂ ਬਹੁਜਨ ਯੋਜਨਾਵਾਂ ਨੂੰ ਨਵੇਂ ਸਿਰਿਓਂ ਤਿਆਰ ਕੀਤਾ ਜਾ ਸਕੇ।ਉਨ੍ਹਾਂ ਨੇ ਕੇਂਦਰ ਸਰਕਾਰ ਕੋਲੋਂ ਜਾਤੀ ਆਧਾਰਿਤ ਮਰਦਮਸ਼ੁਮਾਰੀ



ਕਰਵਾਉਣ ਦੀ ਮੰਗ ਵੀ ਕੀਤੀ ਹੈ। ਹਾਲਾਂਕਿ, ਪਾਰਟੀ ਦੇ ਸਾਹਮਣੇ ਚੁਣੌਤੀ ਨਾ ਸਿਰਫ਼ ਬ੍ਰਾਹਮਣ, ਮੁਸਲਿਮ ਅਤੇ ਗ਼ੈਰ-ਯਾਦਵ ਪੱਛੜੇ ਵਰਗ ਦੀਆਂ ਵੋਟਾਂ ਨੂੰ ਵਾਪਸ ਜਿੱਤਣ ਦੀ ਹੈ, ਜਿਸ ਰਣਨੀਤੀ ਨੇ ਇਸ ਨੂੰ 2007 'ਚ ਸੱਤਾ 'ਚ ਪਹੁੰਚਾਇਆ, ਸਗੋਂ ਲਗਭਗ 21 ਫ਼ੀਸਦੀ ਦਲਿਤ ਵੋਟਾਂ ਨੂੰ ਵੀ ਵਾਪਸ ਜਿੱਤਣ ਦੀ ਵੀ ਹੈ, ਜਿਸ ਵਿੱਚ 12 ਫ਼ੀਸਦੀ ਜਾਟਵ ਹਨ, ਜੋ ਮਾਇਆਵਤੀ ਦੀ ਜਾਤੀ ਹੈ।

(ਬਾਕੀ ਸਫ਼ਾ 30 'ਤੇ)

# ਖੇਡਾਂ ਵਿੱਚ ਭਾਰਤ ਦੀ ਅਜਿਹੀ ਦੁਰਦਸ਼ਾ ਕਿਓਂ ?

## ਸੋਨੇ ਦਾ ਤ.ਗਮਾ ਕਿਉਂ ਨਹੀਂ ਜਿੱਤ ਸਕਿਆ ਭਾਰਤ ?

## ਪਾਕਿਸਤਾਨ ਨੇ ਸੋਨੇ ਦਾ ਤ.ਗਮਾ ਜਿੱਤਕੇ ਭਾਰਤ ਨੂੰ ਪਛਾੜਿਆ

ਭਾਰਤ ਦੀ ਉਲੰਪਿਕ ਟੀਮ ਛੇ ਤ.ਗਮੇ ਲੈ ਕੇ ਪੈਰਿਸ ਤੋਂ ਪਰਤੀ ਹੈ, ਜਿਸ ਵਿੱਚ ਇੱਕ ਚਾਂਦੀ ਦਾ ਤ.ਗਮਾ ਅਤੇ ਪੰਜ ਕਾਂਸੀ ਦੇ ਤ.ਗਮੇ ਸ਼ਾਮਲ ਹਨ। ਭਾਰਤ ਕੋਈ ਵੀ ਸੋਨ ਤ.ਗਮਾ ਨਹੀਂ ਜਿੱਤ ਸਕਿਆ। ਇਸ ਲਈ ਛੇ ਤ.ਗਮਿਆਂ ਦੇ ਬਾਵਜੂਦ ਭਾਰਤ ਤ.ਗਮਾ ਸੂਚੀ ਵਿੱਚ 71ਵੇਂ ਸਥਾਨ ’ਤੇ ਰਿਹਾ। ਦੂਜੇ ਪਾਸੇ ਪਾਕਿਸਤਾਨ ਦੇ ਅਰਸ਼ਦ ਨਦੀਮ ਨੇ ਜੈਵਲਿਨ ਥ੍ਰੋਅ ਵਿੱਚ ਸੋਨ ਤ.ਗਮਾ ਜਿੱਤਿਆ ਹੈ, ਜੋ ਉਸ ਦਾ ਇੱਕੋ ਇੱਕ ਤ.ਗਮਾ ਹੈ, ਇਸੇ ਕਰਕੇ ਪਾਕਿਸਤਾਨ ਤ.ਗਮੇ ਦੀ ਸੂਚੀ ਵਿੱਚ ਭਾਰਤ ਤੋਂ ਉਪਰ ਹੈ। ਭਾਰਤ ਨੇ ਪਿਛਲੀ ਵਾਰ ਦੇ ਮੁਕਾਬਲੇ ਇੱਕ ਤ.ਗਮਾ ਘੱਟ ਜਿੱਤਿਆ ਸੀ ਅਤੇ ਨੀਰਜ ਚੋਪੜਾ ਇਕੱਲੇ ਅਜਿਹੇ ਖਿਡਾਰੀ ਸਨ ਜਿਨ੍ਹਾਂ ਨੇ ਦੂਜੀ ਵਾਰ ਤ.ਗਮਾ ਜਿੱਤਿਆ ਸੀ। ਬਾਕੀ ਸਾਰੇ ਨਵੇਂ ਮੈਡਲ ਜੇਤੂ ਹਨ।

ਹਾਲਾਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ 15 ਅਗਸਤ ਨੂੰ ਲਾਲ ਕਿਲੇ ਤੋਂ ਭਾਸ਼ਣ ਦੇ ਰਹੇ ਸਨ ਤਾਂ ਉਨ੍ਹਾਂ ਕਿਹਾ ਸੀ ਕਿ ਭਾਰਤ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਵਾਲਾ ਦੇਸ਼ ਬਣ ਜਾਵੇਗਾ। ਵਰਤਮਾਨ ਵਿੱਚ ਇਹ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਵਾਲਾ ਦੇਸ਼ ਹੈ ਅਤੇ ਕੁਝ ਸਮਾਂ ਪਹਿਲਾਂ ਇਹ ਸੱਤਵੇਂ ਅਤੇ ਇਸ ਤੋਂ ਪਹਿਲਾਂ 10ਵੇਂ ਸਥਾਨ ’ਤੇ ਸੀ ਪਰ ਇਸ ਅਨੁਪਾਤ ਵਿੱਚ ਭਾਰਤ ਨੂੰ ਉਲੰਪਿਕ ਤ.ਗਮਾ ਸੂਚੀ ਵਿੱਚ ਥਾਂ ਕਿਉਂ ਨਹੀਂ ਮਿਲਦੀ ? ਧਿਆਨ ਰਹੇ ਕਿ ਪੈਰਿਸ ਉਲੰਪਿਕ ਵਿੱਚ ਦੁਨੀਆਂ ਦੇ 6 ਚੋਟੀ ਦੀ ਅਰਥਵਿਵਸਥਾ ਵਾਲੇ ਦੇਸ਼ਾਂ ਨੇ ਮੈਡਲ ਟੇਬਲ ਵਿੱਚ ਟਾਪ 10 ਵਿੱਚ ਜਗ੍ਹਾ ਬਣਾਈ ਸੀ। ਜੇਕਰ ਅਮਰੀਕਾ ਸਭ ਤੋਂ ਵੱਡੀ ਅਰਥਵਿਵਸਥਾ ਹੈ ਤਾਂ ਮੈਡਲ ਟੇਬਲ ਵਿੱਚ ਪਹਿਲੇ ਨੰਬਰ ’ਤੇ ਹੈ ਅਤੇ ਜੇਕਰ ਚੀਨ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਹੈ ਤਾਂ ਉਹ ਦੂਜੇ ਨੰਬਰ ’ਤੇ ਹੈ। ਇਸੇ ਤਰ੍ਹਾਂ ਜਰਮਨੀ, ਜਾਪਾਨ, ਬ੍ਰਿਟੇਨ ਅਤੇ ਫਰਾਂਸ ਨੂੰ ਵੀ ਸਿਖਰਲੇ ਦਸ ਵਿੱਚ ਥਾਂ ਮਿਲੀ ਹੈ। ਦੂਜੇ ਪਾਸੇ, ਭਾਰਤ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਵਾਲਾ ਦੇਸ਼ ਹੈ ਅਤੇ ਤ.ਗਮਾ ਸੂਚੀ ਵਿੱਚ 71ਵੇਂ ਸਥਾਨ ’ਤੇ ਹੈ। ਜੇਕਰ ਗੋਲਡ ਮੈਡਲਾਂ ਨੂੰ ਹਟਾ ਦਿੱਤਾ ਜਾਵੇ ਤਾਂ ਕੁੱਲ ਮੈਡਲਾਂ ਦੇ ਮਾਮਲੇ ’ਚ ਭਾਰਤ 37ਵੇਂ ਸਥਾਨ ’ਤੇ ਹੈ। ਇਹ ਇਸਦੀ ਅਰਥਵਿਵਸਥਾ ਦੇ ਆਕਾਰ ਦੇ ਲਿਹਾਜ਼ ਨਾਲ ਵੀ ਬਹੁਤ ਮਾੜੀ ਹੈ ਪਰ ਪ੍ਰਤੀ ਵਿਅਕਤੀ ਆਮਦਨ ਦੇ ਲਿਹਾਜ਼ ਨਾਲ ਕੁਝ ਬਿਹਤਰ ਹੈ। ਕੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਵਾਲਾ ਦੇਸ਼ ਬਣਨ ਤੋਂ ਬਾਅਦ ਇਸ ਵਿੱਚ ਕੋਈ ਬਦਲਾਅ ਆਵੇਗਾ ?ਲੋੜ ਇਸ ਗੱਲ ਦੀ ਹੈ ਕਿ ਖੇਡ ਪ੍ਰਬੰਧਾਂ ਵਿੱਚ ਖਾਸ ਧਿਆਨ ਦਿੱਤਾ ਜਾਵੇ ਤੇ ਅਫਸਰਸ਼ਾਹੀ ਉਪਰ ਕੰਟਰੋਲ ਕੀਤਾ ਜਾਵੇ ਜੋ ਸਿਫਾਰਸ਼ੀ ਭਰਤੀ ਕਰਦੀ ਹੈ ਤੇ ਖਿਡਾਰੀਆਂ ਦਾ ਸ਼ੋਸ਼ਣ ਕਰਦੀ ਹੈ।



## ਵਿਨੇਸ਼ ਦਾ ਸੁਆਗਤ

ਪੈਰਿਸ ਉਲੰਪਿਕ ’ਚ 100 ਗ੍ਰਾਮ ਭਾਰ ਜ਼ਿਆਦਾ ਹੋਣ ਕਾਰਨ ਅਯੋਗ ਕਰਾਰ ਦਿੱਤੀ ਗਈ ਪਹਿਲਵਾਨ ਵਿਨੇਸ਼ ਫੋਗਾਟ ਦੀ ਦੇਸ਼ ਵਾਪਸੀ ਹੋ ਗਈ ਹੈ। ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਪੁੱਜੀ ਵਿਨੇਸ਼ ਫੋਗਾਟ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਦੌਰਾਨ ਪਹਿਲਵਾਨ ਬਜਰੰਗ ਪੂਨੀਆ, ਸਾਕਸ਼ੀ ਮਲਿਕ ਤੇ ਕਾਂਗਰਸੀ ਸੰਸਦ ਮੈਂਬਰ ਦੀਪੇਂਦਰ ਹੁੱਡਾ ਸਮੇਤ ਵੱਡੀ ਗਿਣਤੀ ’ਚ ਲੋਕਾਂ ਨੇ ਵਿਨੇਸ਼ ਦਾ ਸਵਾਗਤ ਕੀਤਾ। ਹਾਲਾਂਕਿ ਬਜਰੰਗ ਪੂਨੀਆ ਤੇ ਸਾਕਸ਼ੀ ਮਲਿਕ ਨੂੰ ਮਿਲਣ ਮੌਕੇ ਵਿਨੇਸ਼ ਫੋਗਾਟ ਭਾਵੁਕ ਹੋ ਗਈ ਤੇ ਆਪਣੇ ਹੰਝੂਆਂ ਨੂੰ ਰੋਕ ਨਹੀਂ ਪਾਈ। ਹਵਾਈ ਅੱਡੇ ਤੋਂ ਨਿਕਲਣ ਤੋਂ ਬਾਅਦ ਖੁੱਲ੍ਹੀ ਜੀਪ ਵਿਚ ਨਜ਼ਰ ਆਈ ਵਿਨੇਸ਼ ਫੋਗਾਟ ਦੀਆਂ ਅੱਖਾਂ ਨਮ ਸਨ। ਦੱਸਣਯੋਗ ਹੈ ਕਿ ਪੈਰਿਸ ਉਲੰਪਿਕ ’ਚ ਲਗਾਤਾਰ ਤਿੰਨ ਜਿੱਤ ਦਰਜ ਕਰਨ ਤੋਂ ਬਾਅਦ ਫਾਈਨਲ ’ਚ ਥਾਂ ਬਣਾਈ ਸੀ, ਪਰ ਫਾਈਨਲ ਮੈਚ ਦੀ ਸਵੇਰ ਨੂੰ ਵਿਨੇਸ਼ ਫੋਗਾਟ ਨੂੰ 100 ਗ੍ਰਾਮ ਭਾਰ ਜ਼ਿਆਦਾ ਹੋਣ ਕਾਰਨ ਅਯੋਗ ਕਰਾਰ ਦੇ ਦਿੱਤਾ ਗਿਆ। ਉਲੰਪਿਕ ’ਚ ਮੈਡਲ ਜਿੱਤਣ ਦਾ ਸੁਪਨਾ ਚਕਨਾਚੂਰ ਹੋਣ ਤੋਂ ਬਾਅਦ ਵਿਨੇਸ਼ ਨੇ ਕੁਸ਼ਤੀ ਤੋਂ ਸੰਨਿਆਸ ਦਾ ਐਲਾਨ ਕਰ ਦਿੱਤਾ ਸੀ।

## ਕੀ ਵਿਨੇਸ਼ ਦੀ ਹਾਰ ਪਿਛੇ ਬ੍ਰਿਜਭੂਸ਼ਨ ਦਾ ਹੱਥ ਹੈ ?



ਪੈਰਿਸ ਉਲੰਪਿਕ ਵਿੱਚ 50 ਕਿੱਲੋ ਭਾਰ ਵਰਗ ਵਿੱਚ ਵਿਨੇਸ਼ ਫੋਗਾਟ ਨਾਲ ਜੋ ਹੋਇਆ, ਉਸ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਕਹਾਣੀਆਂ ਪ੍ਰਚਲਿਤ ਹਨ। ਸਾਰੀਆਂ ਕਹਾਣੀਆਂ ਸਾਜਿਸ਼ ਥਿਊਰੀ ਨਾਲ ਜੁੜੀਆਂ ਹਨ। ਉਨ੍ਹਾਂ ਵਿਚੋਂ ਇੱਕ ਕਹਾਣੀ ਇਹ ਹੈ ਕਿ ਭਾਰਤੀ ਕੁਸ਼ਤੀ ਮਹਾਸੰਘ ਦੇ ਸਾਬਕਾ ਪ੍ਰਧਾਨ ਅਤੇ ਭਾਜਪਾ ਦੇ ਸਾਬਕਾ ਸੰਸਦ ਮੈਂਬਰ ਬ੍ਰਿਜਭੂਸ਼ਨ ਸ਼ਰਨ ਸਿੰਘ ਨੇ ਯਕੀਨੀ ਬਣਾਇਆ ਕਿ ਵਿਨੇਸ਼ ਫੋਗਾਟ ਨੂੰ ਤ.ਗਮਾ ਨਾ ਮਿਲੇ। ਜੇਕਰ ਵਿਨੇਸ਼ ਸੋਨ ਜਾਂ ਚਾਂਦੀ ਤ.ਗਮਾ ਲੈ ਕੇ ਆਉਂਦੀ ਤਾਂ ਸਭ ਤੋਂ ਜ਼ਿਆਦਾ ਕਿਰਕਿਰੀ ਬ੍ਰਿਜਭੂਸ਼ਨ ਦੀ ਹੁੰਦੀ ਅਤੇ ਉਸ ਤੋਂ ਬਾਅਦ ਭਾਜਪਾ ਤੇ ਕੇਂਦਰ ਸਰਕਾਰ ਦੀ ਹੁੰਦੀ। ਜਿਸ ਸਮੇਂ ਮਹਿਲਾ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਨੂੰ ਲੈ ਕੇ ਵਿਨੇਸ਼ ਨੇ ਧਰਨਾ ਦਿੱਤਾ ਸੀ, ਉਸ ਸਮੇਂ ਬ੍ਰਿਜਭੂਸ਼ਨ ਨੇ ਕਿਹਾ ਸੀ ਕਿ ਉਹ ਉਲੰਪਿਕ ਲਈ ਕੁਆਲੀਫਾਈ ਵੀ ਨਹੀਂ ਕਰ ਸਕੇਗੀ।

ਇਸ ਲਈ ਸਾਜਿਸ਼ ਥਿਊਰੀ ਪ੍ਰਚਾਰਿਤ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਬ੍ਰਿਜਭੂਸ਼ਨ ਦਹਾਕਿਆਂ ਤੱਕ ਕੁਸ਼ਤੀ ਸੰਘਾਂ ਦੀ ਰਾਜਨੀਤੀ ਨਾਲ ਜੁੜਿਆ ਰਿਹਾ ਹੈ ਅਤੇ ਉਸ ਨੇ ਆਪਣੇ ਸੰਪਰਕਾਂ ਦਾ ਫਾਇਦਾ ਚੁੱਕ ਕੇ ਭਾਰਤੀ ਕੁਸ਼ਤੀ ਸੰਘ ਦੇ ਕਾਰਜਕਾਰੀ ਪ੍ਰਧਾਨ ਸੰਜੈ ਸਿੰਘ ਨੂੰ ਪੈਰਿਸ ਭੇਜਿਆ ਅਤੇ ਉੱਥੇ ਉਲੰਪਿਕ ਸੰਘ ਦੇ ਆਪਣੇ ਸੰਪਰਕਾਂ ਰਾਹੀਂ ਇਹ ਯਕੀਨੀ ਬਣਾਇਆ ਕਿ ਵਿਨੇਸ਼ ਨੂੰ ਤ.ਗਮਾ ਨਾ ਮਿਲੇ। ਹਾਲਾਂਕਿ ਇਸ ਦਾ ਕੋਈ ਆਧਾਰ ਹੈ ਜਾਂ ਨਹੀਂ ਹੈ, ਇਹ ਜਾਂਚ ਦਾ ਵਿਸ਼ਾ ਹੈ।

ਪਰ ਇਹ ਸਵਾਲ ਜ਼ਰੂਰ ਹੈ ਕਿ, ਕੀ ਸੱਚਮੁੱਚ ਬ੍ਰਿਜਭੂਸ਼ਨ ਦੇ ਹੱਥ ਇੰਨੇ ਲੰਬੇ ਹਨ ਕਿ ਉਹ ਉਲੰਪਿਕ ਵਿੱਚ ਤ.ਗਮਾ ਰੁਕਵਾ ਸਕਦਾ ਹੈ ? ਵਿਨੇਸ਼ ਦਾ ਭਾਰ ਕਿਵੇਂ ਵਧਿਆ,ਇਸ ਦੀ ਜਾਂਚ ਕਿਉਂ ਨਹੀਂ ਹੋ ਰਹੀ ? ਫਿਲਹਾਲ, ਇਹ ਸਵਾਲ ਵੀ ਹੈ ਕਿ ਵਿਨੇਸ਼ ਫੋਗਾਟ ਨਿਯਮ ਤਹਿਤ ਖੇਡ ਕੇ ਫਾਈਨਲ ਤੱਕ ਪਹੁੰਚੀ ਸੀ ਤਾਂ ਉਨ੍ਹਾਂ ਨੂੰ ਚਾਂਦੀ ਦਾ ਤਗਮਾ ਯਕੀਨੀ ਤੌਰ ’ਤੇ ਮਿਲਣਾ ਚਾਹੀਦਾ ਸੀ, ਉਹ ਕਿਉਂ ਨਹੀਂ ਮਿਲਿਆ ?

## ਦਸ ਜ਼ਿਲ੍ਹਿਆਂ ਦੇ ਸਰਕਾਰੀ ਸਕੂਲਾਂ ਵਿੱਚ ਬਣਨਗੇ ਸ਼ੂਟਿੰਗ ਰੇਂਜ: ਬੈਂਸ

ਐਸ.ਏ.ਐਸ. ਨਗਰ (ਮੋਹਾਲੀ)/ ਏ.ਟੀ.ਨਿਊਜ਼ : ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਐਲਾਨ ਕੀਤਾ ਹੈ ਕਿ ਪੰਜਾਬ ਦੇ 10 ਜ਼ਿਲ੍ਹਿਆਂ ਦੇ ਸਰਕਾਰੀ ਸਕੂਲਾਂ ਵਿੱਚ 10 ਮੀਟਰ ਦੀਆਂ ਸ਼ੂਟਿੰਗ ਰੇਂਜਾਂ ਬਣਾਈਆਂ ਜਾਣਗੀਆਂ ਤੇ ਇਸ ਦੇ ਨਾਲ ਹੀ ਹਾਕੀ ਐਸਟਰੋਟਰਫ ਤੇ ਸਵਿਮਿੰਗ ਪੂਲ ਵੀ ਬਣਾਏ ਜਾਣਗੇ। ਉਹ ਮੋਹਾਲੀ ਦੇ ਫੇਜ਼-6 ਸਥਿਤ ਸ਼ੂਟਿੰਗ ਰੇਂਜ ਵਿੱਚ ਪੰਜਾਬ ਰਾਈਫਲ ਸ਼ੂਟਿੰਗ ਐਸੋਸੀਏਸ਼ਨ ਵੱਲੋਂ ਕਰਵਾਈ ਗਈ 59ਵੀਂ ਪੰਜਾਬ ਰਾਜ ਸ਼ੂਟਿੰਗ ਚੈਂਪੀਅਨਸ਼ਿਪ ਦੇ ਇਨਾਮ ਵੰਡ ਤੇ ਸਨਮਾਨ ਸਮਾਗਮ ਵਿੱਚ ਸੰਬੋਧਨ ਕਰ ਰਹੇ ਸਨ। ਦੱਸਣਯੋਗ ਹੈ ਕਿ ਇਸ ਚੈਂਪੀਅਨਸ਼ਿਪ ’ਚ ਰਾਈਫਲ ਤੇ ਪਿਸਟਲ ਦੇ ਵੱਖ-ਵੱਖ ਉਮਰ ਵਰਗਾਂ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ 1700 ਤੋਂ ਵੱਧ ਨਿਸ਼ਾਨੇਬਾਜ਼ਾਂ ਨੇ ਹਿੱਸਾ ਲਿਆ। ਸ੍ਰੀ ਬੈਂਸ ਨੇ ਕਿਹਾ ਕਿ ਸੂਬੇ ਦੇ ਅੱਠ ਹਜ਼ਾਰ ਸਕੂਲਾਂ ਦੀਆਂ ਚਾਰਦੀਵਾਰੀਆਂ ਕਰਵਾਈਆਂ ਗਈਆਂ ਹਨ, 135 ਸਕੂਲਾਂ ਵਿੱਚ ਵਿਦਿਆਰਥੀਆਂ ਲਈ ਬੱਸ ਸੇਵਾ ਵੀ ਸ਼ੁਰੂ ਕੀਤੀ ਗਈ ਹੈ। 2000 ਸਕੂਲਾਂ ਨੂੰ ਵਾਈ-ਫਾਈ ਨਾਲ ਲੈਸ ਕਰ ਦਿੱਤਾ ਗਿਆ ਹੈ ਤੇ ਰਹਿੰਦੇ ਸਕੂਲ ਵੀ ਜਲਦੀ ਹੀ ਵਾਈ-ਫਾਈ ਨਾਲ ਲੈਸ ਕਰ ਦਿੱਤੇ ਜਾਣਗੇ। ਉਨ੍ਹਾਂ ਨੇ ਸ਼ੂਟਿੰਗ ਐਸੋਸੀਏਸ਼ਨ ਨੂੰ 10 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਤੇ ਖੁਦ ਵੀ ਏਅਰ ਪਿਸਟਲ ਨਾਲ ਨਿਸ਼ਾਨੇ ਲਾਏ। ਇਸ ਮੌਕੇ ਪੈਰਿਸ ਉਲੰਪਿਕ ਖੇਡਾਂ ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਵਾਲੇ ਪੰਜਾਬ ਦੇ ਨਿਸ਼ਾਨੇਬਾਜ਼ਾਂ ਸਿਫ਼ਤ ਕੌਰ ਸਮਰਾ, ਅੰਜੁਮ ਮੋਦਗਿਲ, ਅਰਜੁਨ ਬਬੂਟਾ, ਅਰਜਨ ਸਿੰਘ ਚੀਮਾ ਤੇ ਵਿਜੈਵੀਰ ਸਿੱਧੂ ਅਤੇ ਵਿਸ਼ਵ ਚੈਂਪੀਅਨ ਅਮਨਪ੍ਰੀਤ ਸਿੰਘ ਨੂੰ 75-75 ਹਜ਼ਾਰ ਰੁਪਏ ਦੀ ਰਾਸ਼ੀ, ਇਸੇ ਤਰ੍ਹਾਂ ਏਸ਼ਿਆਈ ਖੇਡਾਂ, ਵਿਸ਼ਵ ਕੱਪ ਤੇ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਨਾਮ ਰੌਸ਼ਨ ਕਰਨ ਵਾਲੇ ਨਿਸ਼ਾਨੇਬਾਜ਼ਾਂ ਗਨੀਮਤ ਸੇਖੋਂ ਨੂੰ 50 ਹਜ਼ਾਰ ਰੁਪਏ ਦੀ ਰਾਸ਼ੀ, ਗੁਰਜੋਤ ਸਿੰਘ ਖੰਗੂੜਾ, ਭਵਤੇਗ ਸਿੰਘ ਗਿੱਲ, ਹਰਮੇਹਰ ਸਿੰਘ ਲਾਲੀ ਨੂੰ 25-25 ਹਜ਼ਾਰ ਰੁਪਏ, ਰਾਜ ਕੰਵਰ ਸਿੰਘ ਸੰਧੂ, ਸਰਤਾਜ ਟਿਵਾਣਾ ਤੇ ਜੈਸਮੀਨ ਕੌਰ ਨੂੰ 15-15 ਹਜ਼ਾਰ ਰੁਪਏ ਅਤੇ ਕੋਚ ਸੁਖਰਾਜ ਕੌਰ ਤੇ ਗੁਰਪ੍ਰੀਤ ਸਿੰਘ ਨੂੰ 25-25 ਹਜ਼ਾਰ ਰੁਪਏ ਦੀ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਸਾਬਕਾ ਸੀਨੀਅਰ ਆਈ.ਏ.ਐੱਸ. ਅਧਿਕਾਰੀ ਸਵਰਨ ਸਿੰਘ ਬੋਪਾਰਾਏ ਨੇ ਪੰਜਾਬ ਦੀ ਪਹਿਲੀ ਸ਼ੂਟਿੰਗ ਰੇਂਜ ਤੇ ਉਸ ਵਿੱਚੋਂ ਪੈਦਾ ਹੋਏ ਕੌਮੀ ਤੇ ਕੌਮਾਂਤਰੀ ਪੱਧਰ ਦੇ ਖਿਡਾਰੀਆਂ ਬਾਰੇ ਜਾਣਕਾਰੀ ਦਿੱਤੀ। ਐਸੋਸੀਏਸ਼ਨ ਦੇ ਪ੍ਰਧਾਨ ਉਲੰਪੀਅਨ ਗੁਰਬੀਰ ਸਿੰਘ ਸੰਧੂ ਨੇ ਮੁੱਖ ਮਹਿਮਾਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮੋਹਾਲੀ ਸਥਿਤ ਰੇਂਜ ਨੂੰ ਵੀ ਹੋਰ ਵਿਕਸਤ ਕੀਤਾ ਜਾਵੇਗਾ।



## ਸਿੱਖਾਂ ਵਿਰੁਧ ਭੜਕਾਹਟ ਪੈਦਾ ਕਰਨ ਵਾਲੀ ਫ਼ਿਲਮ ਉੱਪਰ ਰੋਕ ਲੱਗੇ : ਸਰਬਜੀਤ ਸਿੰਘ ਖ਼ਾਲਸਾ

ਫਰੀਦਕੋਟ/ ਏ.ਟੀ.ਨਿਊਜ਼: ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਸੰਸਦ ਮੈਂਬਰ ਕੰਗਨਾ ਰਨੌਤ ਦੀ ਨਵੀਂ ਫ਼ਿਲਮ ‘ਐਮਰਜੈਂਸੀ’ ਵਿੱਚ ਸਿੱਖਾਂ ਨੂੰ ਗ਼ਲਤ ਢੰਗ ਨਾਲ ਪੇਸ਼ ਕਰਨ ਦੀ ਸਖ਼ਤ ਨਿਖੇਧੀ ਕੀਤੀ ਹੈ ਅਤੇ ਕੇਂਦਰ ਸਰਕਾਰ ਨੂੰ ਫ਼ਿਲਮ ’ਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਹੈ।



ਇੱਕ ਪ੍ਰੈਸ ਬਿਆਨ, ’ਚ ਉਨ੍ਹਾਂ ਕਿਹਾ ਕਿ ਇਸ ਫ਼ਿਲਮ ਨਾਲ ਸਮਾਜ ਅੰਦਰ ਅਮਨ-ਕਾਨੂੰਨ ਦੀ ਸਥਿਤੀ ਖ਼ਰਾਬ ਹੋਣ ਦਾ ਖਦਸ਼ਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਫ਼ਿਲਮ ਅੰਦਰ ਸਿੱਖਾਂ ਨੂੰ ਵੱਖਵਾਦੀ ਜਾਂ ਦਹਿਸ਼ਤਗਰਦ ਵਜੋਂ ਫ਼ਿਲਮਾਇਆ ਗਿਆ ਹੈ ਤਾਂ ਇਹ ਇਕ ਡੂੰਘੀ ਸਾਜ਼ਸ਼ ਹੈ। ਉਨ੍ਹਾਂ ਕਿਹਾ, “ਸਿੱਖਾਂ ਪ੍ਰਤੀ ਹੋਰਨਾਂ ਕੌਮਾਂ ਅੰਦਰ ਨ.ਫਰਤ ਪੈਦਾ ਕਰਨ ਲਈ ਇਹ ਫ਼ਿਲਮ ਇੱਕ ਮਨੋਵਿਗਿਆਨਕ ਹਮਲਾ ਹੈ, ਜਿਸ ਉੱਪਰ ਸਰਕਾਰ ਨੂੰ ਅਗਾਊਂ ਨੋਟਿਸ ਲੈਂਦਿਆਂ ਰੋਕ ਲਗਾਉਣੀ ਚਾਹੀਦੀ ਹੈ।”

ਸੰਸਦ ਮੈਂਬਰ ਨੇ ਕਿਹਾ, “ਦੇਸ਼ ਅੰਦਰ ਸਿੱਖਾਂ ਉਪਰ ਨ.ਫਰਤੀ ਹਮਲੇ ਹੋਣ ਦੀਆਂ ਖ਼ਬਰਾਂ ਅਕਸਰ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ, ਅਜਿਹੇ ਵਿੱਚ ਇਹ ਫ਼ਿਲਮ ਸਿੱਖਾਂ ਪ੍ਰਤੀ ਨ.ਫਰਤ ਫੈਲਾਉਣ ਦਾ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਇਸ ਦੇਸ਼ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ, ਜਿਨ੍ਹਾਂ ਨੂੰ ਫ਼ਿਲਮਾਂ ਰਾਹੀਂ ਪੂਰੀ ਤਰ੍ਹਾਂ ਉਜਾਗਰ ਨਹੀਂ ਕੀਤਾ ਗਿਆ ਪ੍ਰੰਤੂ ਸਿੱਖਾਂ ਨੂੰ ਬਦਨਾਮ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਕੋਲਕਾਤਾ ਕਾਂਡ: ਡਾਕਟਰਾਂ ਨੇ ਹੜਤਾਲੀ ਟੈਂਟਾਂ ’ਚ ਕੀਤਾ ਮਰੀਜ਼ਾਂ ਦਾ ਇਲਾਜ

ਚੰਡੀਗੜ੍ਹ/ਏ.ਟੀ.ਨਿਊਜ਼ : ਕੋਲਕਾਤਾ ਦੇ ਮੈਡੀਕਲ ਕਾਲਜ ਵਿੱਚ ਟਰੇਨੀ ਡਾਕਟਰ ਦੀ ਜਬਰ-ਜਨਾਹ ਮਗਰੋਂ ਕੀਤੀ ਹੱਤਿਆ ਮਾਮਲੇ ਵਿੱਚ ਰੈਜ਼ੀਡੈਂਟ ਡਾਕਟਰਾਂ ਨੇ ਆਪਣੇ ਸੰਘਰਸ਼ ਨੂੰ ਨਵਾਂ ਰੂਪ ਦਿੰਦੇ ਹੋਏ ਪੀ.ਜੀ.ਆਈ. ਚੰਡੀਗੜ੍ਹ ਵਿੱਚ ‘ਓਪੀਡੀ ਆਨ ਰੋਡ’ ਲਾਈ। ਇਸੇ ਤਹਿਤ ਕੈਰੋਂ ਬਲਾਕ ਵਿੱਚ ਹੜਤਾਲ ’ਤੇ ਬੈਠੇ ਰੈਜ਼ੀਡੈਂਟ ਡਾਕਟਰਾਂ ਨੇ ਮਰੀਜ਼ਾਂ ਦੀਆਂ ਸਮੱਸਿਆਵਾਂ ਨੂੰ ਦੇਖਦੇ ਹੋਏ ਹੜਤਾਲੀ ਕੈਂਪ ਵਾਲੇ ਟੈਂਟ ਵਿੱਚ ਹੀ ਓਪੀਡੀ ਵਾਲੇ ਮਰੀਜ਼ਾਂ ਦਾ ਇਲਾਜ ਸ਼ੁਰੂ ਕਰ ਦਿੱਤਾ ਹੈ। ‘ਓਪੀਡੀ ਆਨ ਰੋਡ’ ਵਿੱਚ ਵੱਖ-ਵੱਖ ਬਿਮਾਰੀਆਂ ਦੇ ਮਾਹਿਰ ਡਾਕਟਰ ਆਪੋ-ਆਪਣੇ ਵਿਭਾਗਾਂ ਦੀਆਂ ਤਖ਼ਤੀਆਂ ਹੱਥਾਂ ਵਿੱਚ ਫੜ ਕੇ ਹੜਤਾਲੀ ਟੈਂਟ ਦੇ ਬਾਹਰ ਖੜ੍ਹੇ ਹੋ ਗਏ ਅਤੇ ਬਕਾਇਦਾ ਲਾਊਡ ਸਪੀਕਰ ਰਾਹੀਂ ਅਨਾਊਂਸਮੈਂਟ ਕਰ ਕੇ ਓਪੀਡੀ ਵਾਲੇ ਮਰੀਜ਼ਾਂ ਨੂੰ ਚੈੱਕਅੱਪ ਲਈ ਸੱਦ ਕੇ ਇਲਾਜ ਕਰਦੇ ਰਹੇ ਜਿਸ ਨਾਲ ਮਰੀਜ਼ਾਂ ਨੂੰ ਥੋੜ੍ਹੀ ਰਾਹਤ ਮਿਲੀ। ਪੀ.ਜੀ.ਆਈ. ਰੈਜ਼ੀਡੈਂਟਸ ਡਾਕਟਰਜ਼ ਐਸੋਸੀਏਸ਼ਨ ਦੇ ਸੈਕਟਰੀ ਡਾ. ਪਰਨਿਥ ਰੈੱਡੀ ਨੇ ਦੱਸਿਆ ਕਿ ਸੜਕ ’ਤੇ ਸ਼ੁਰੂ ਕੀਤੀ ਗਈ ਇਸ ਓਪੀਡੀ ਦੌਰਾਨ ਆਮ ਜਨਤਾ ਅਤੇ ਮਰੀਜ਼ਾਂ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਕਿ ਡਾਕਟਰ ਹੜਤਾਲ ਦੀ ਆੜ ਵਿੱਚ ਵਿਹਲੇ ਨਹੀਂ ਬੈਠਣਾ ਚਾਹੁੰਦੇ ਬਲਕਿ ਆਪਣੀ ਡਿਊਟੀ ਸਹੀ ਢੰਗ ਨਾਲ ਕਰਨਾ ਚਾਹੁੰਦੇ ਹਨ। ਇਸ ਦੇ ਬਾਵਜੂਦ ਸਰਕਾਰ ਦੇਸ਼ ਭਰ ਵਿੱਚ ਡਾਕਟਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਹਾਮੀ ਨਹੀਂ ਭਰ ਰਹੀ। ਇਸੇ ਦੌਰਾਨ ਦੇਰ ਸ਼ਾਮ ਪੀ.ਜੀ.ਆਈ. ਕੈਂਪਸ ਵਿੱਚ ਹੜਤਾਲੀ ਕੈਂਪ ਤੋਂ ਲੈ ਕੇ ਸਪੋਰਟਸ ਕੰਪਲੈਕਸ ਤੱਕ ‘ਫਲੈਸ਼ ਲਾਈਟ ਮਾਰਚ’ ਵੀ ਕੀਤਾ ਗਿਆ। ਗੌਰਮਿੰਟ ਮੈਡੀਕਲ ਕਾਲਜ ਤੇ ਹਸਪਤਾਲ ਸੈਕਟਰ-32 ਵਿੱਚ ਵੀ ਡਾਕਟਰਾਂ ਦੀ ਹੜਤਾਲ ਦੌਰਾਨ ਰੈਜ਼ੀਡੈਂਟ ਡਾਕਟਰ ਐਸੋਸੀਏਸ਼ਨ ਨੇ ਫੈਕਲਟੀ ਐਸੋਸੀਏਸ਼ਨ ਦੇ ਸਹਿਯੋਗ ਨਾਲ 80 ਫੁੱਟ ਲੰਬਾ ਪੋਸਟਰ ਬਣਾ ਕੇ ਰੋਸ ਪ੍ਰਦਰਸ਼ਨ ਕੀਤਾ।

# ਅਫ਼ਗਾਨਿਸਤਾਨ ਤੋਂ ਆਏ 20 ਸਿੱਖਾਂ ਨੂੰ ਸੀ.ਏ.ਏ. ਦੇ ਤਹਿਤ ਮਿਲੀ ਭਾਰਤੀ ਨਾਗਰਿਕਤਾ

ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਰਤ ਸਰਕਾਰ ਦੁਆਰਾ ਲਾਗੂ ਕੀਤੇ ਗਏ ਨਾਗਰਿਕਤਾ ਸੰਸ਼ੋਧਨ ਕਾਨੂੰਨ (ਸੀ ਏ ਏ) 2019 ਦੇ ਤਹਿਤ ਕੀਤੀਆਂ ਅਰਜ਼ੀਆਂ ਵਿਚੋਂ 20 ਅਰਜ਼ੀਆਂ ਨੂੰ ਮਨਜ਼ੂਰੀ ਮਿਲ ਗਈ ਹੈ ਜਿਸ ਨਾਲ ਅਫ਼ਗਾਨਿਸਤਾਨ ਤੋਂ ਆਏ ਸ਼ਰਨਾਰਥੀਆਂ ਵਿੱਚੋਂ 20 ਅਫ਼ਗਾਨੀ ਸਿੱਖਾਂ ਨੂੰ ਭਾਰਤ ਦੀ ਨਾਗਰਿਕਤਾ ਮਿਲ ਗਈ ਹੈ। ਇਹ ਜਾਣਕਾਰੀ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸੈਕ੍ਰੇਟਰੀ ਸ. ਜਗਦੀਪ ਸਿੰਘ ਕਾਹਲੋਂ ਨੇ ਦਿੱਤੀ।



ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਿਤ ਕਰਦਿਆਂ, ਸ. ਕਾਲਕਾ ਅਤੇ ਸ. ਕਾਹਲੋਂ ਨੇ ਕਿਹਾ ਕਿ ਨਾਗਰਿਕਤਾ ਸੰਸ਼ੋਧਨ ਕਾਨੂੰਨ 2019 ਵਿੱਚ ਲਿਆ ਗਿਆ ਸੀ ਅਤੇ ਮਾਰਚ 2024 ਵਿੱਚ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਨੇ ਘੋਸ਼ਣਾ ਕੀਤੀ ਸੀ ਕਿ ਜੋ ਲੋਕ ਪਾਕਿਸਤਾਨ, ਬੰਗਲਾਦੇਸ਼, ਅਫ਼ਗਾਨਿਸਤਾਨ ਤੋਂ ਹਿੰਦੂ, ਸਿੱਖ, ਪਾਰਸੀ, ਬੋਧ, ਜੈਨ ਹਨ ਅਤੇ ਜੋ ਭਾਰਤ ਵਿੱਚ ਆਏ ਹਨ, ਉਨ੍ਹਾਂ ਨੂੰ ਇਸ ਕਾਨੂੰਨ ਦੇ ਤਹਤ ਨਾਗਰਿਕਤਾ ਦਿੱਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਗ੍ਰਹਿ ਮੰਤਰੀ ਨੇ ਦੱਸਿਆ ਸੀ ਕਿ ਨਾਗਰਿਕਤਾ ਪ੍ਰਾਪਤ ਕਰਨ ਦੀ ਇੱਛਾ ਰੱਖਣ ਵਾਲੇ ਲੋਕ ਆਨਲਾਈਨ ਪੋਰਟਲ 'ਤੇ ਰਜਿਸਟਰ ਕਰਵਾ ਸਕਦੇ ਹਨ, ਜਿਸਦੇ ਆਧਾਰ 'ਤੇ ਨਾਗਰਿਕਤਾ ਪ੍ਰਦਾਨ ਕੀਤੀ ਜਾਵੇਗੀ।

ਸ੍ਰ ਕਾਲਕਾ ਅਤੇ ਸ੍ਰ ਕਾਹਲੋਂ ਨੇ ਦੱਸਿਆ ਕਿ ਜਿਵੇਂ ਹੀ ਇਹ ਘੋਸ਼ਣਾ ਹੋਈ, ਦਿੱਲੀ ਗੁਰਦੁਆਰਾ ਕਮੇਟੀ ਨੇ ਫੈਸਲਾ ਲਿਆ ਕਿ ਤਤਕਾਲ ਪ੍ਰਭਾਵ ਨਾਲ ਇੱਕ ਸੈਂਟਰ ਖੋਲ੍ਹਿਆ ਜਾਵੇਗਾ ਅਤੇ ਜਿਨ੍ਹਾਂ ਲੋਕਾਂ ਨੂੰ ਰਜਿਸਟ੍ਰੇਸ਼ਨ ਦੀ ਜ਼ਰੂਰਤ ਹੈ, ਉਨ੍ਹਾਂ ਨੂੰ ਸਾਰੇ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਅਸੀਂ ਗਣੇਸ਼ ਨਗਰ ਵਿੱਚ ਇਹ ਸੈਂਟਰ ਖੋਲਿਆ, ਜਿੱਥੇ ਵੱਡੀ ਸੰਖਿਆ ਵਿੱਚ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਤੋਂ ਆਏ ਸਿੱਖ ਸਮੁਦਾਇਕ ਲੋਕ ਵਸਦੇ ਹਨ ਅਤੇ ਇਸ ਲਈ ਖ਼ਾਲਸਾ ਦੀਵਾਨ ਦਾ ਵੀ ਮਹੱਤਵਪੂਰਨ ਸਹਿਯੋਗ ਮਿਲਿਆ ਜੋ ਅਫ਼ਗਾਨੀ ਸਿੱਖ ਬਿਰਾਦਰੀ ਦੀ ਮਹੱਤਵਪੂਰਨ ਸੰਸਥਾ ਹੈ। ਉਨ੍ਹਾਂ ਨੇ ਦੱਸਿਆ ਕਿ ਅਸੀਂ ਕਈ ਅਰਜ਼ੀਆਂ ਰਜਿਸਟਰ ਕੀਤੀਆਂ ਹਨ, ਜਿਨ੍ਹਾਂ ਵਿੱਚੋਂ ਹੁਣ 20 ਸਿੱਖਾਂ ਨੂੰ ਨਾਗਰਿਕਤਾ ਮਿਲ ਚੁੱਕੀ ਹੈ।

ਉਨ੍ਹਾਂ ਨੇ ਕਿਹਾ ਕਿ ਅਸੀਂ ਜੋ ਦਸਤਾਵੇਜ਼ ਬਾਕੀ ਰਹਿ ਗਏ ਸਨ, ਉਹ ਵੀ ਪੂਰੇ ਕਰ ਦਿੱਤੇ ਹਨ ਅਤੇ ਹੁਣ ਇਨ੍ਹਾਂ 20 ਲੋਕਾਂ ਨੂੰ ਨਾਗਰਿਕਤਾ ਦੇ ਸਰਟੀਫਿਕੇਟ ਮਿਲ ਗਏ ਹਨ। ਉਨ੍ਹਾਂ ਨੇ ਕਿਹਾ ਕਿ ਹੁਣ ਇਨ੍ਹਾਂ ਲੋਕਾਂ ਕੋਲ ਭਾਰਤ ਦੇ ਨਾਗਰਿਕਾਂ ਦੇ ਸਾਰੇ ਹੱਕ ਮੌਜੂਦ ਹਨ ਅਤੇ ਇਨ੍ਹਾਂ ਦੇ ਬੱਚਿਆਂ ਨੂੰ ਸਾਰੇ ਅਧਿਕਾਰ ਮਿਲਣਗੇ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਦੇ ਆਧਾਰ ਕਾਰਡ, ਪਾਸਪੋਰਟ ਅਤੇ ਹੋਰ ਸਾਰੇ ਦਸਤਾਵੇਜ਼ ਬਣਣਗੇ। ਉਨ੍ਹਾਂ ਨੇ ਦੱਸਿਆ ਕਿ 400 ਤੋਂ ਵੱਧ ਅਰਜ਼ੀਆਂ ਅਪਲੋਡ ਕੀਤੀਆਂ ਗਈਆਂ ਹਨ। ਸਾਡੀ ਟੀਮ ਜੋ ਸੈਂਟਰ ਨੂੰ ਚਲਾ ਰਹੀ ਹੈ, ਸਾਡਾ ਪੂਰਾ ਯਤਨ ਹੈ ਕਿ ਜਲਦੀ ਤੋਂ ਜਲਦੀ ਇਹਨਾਂ ਸਾਰੇ ਲੋਕਾਂ ਨੂੰ ਨਾਗਰਿਕਤਾ ਮਿਲੇ। ਉਨ੍ਹਾਂ ਨੇ ਕਿਹਾ ਕਿ ਅਸੀਂ ਜ਼ਿਲ੍ਹਾ ਮੈਜਿਸਟਰੇਟ ਪੱਧਰ 'ਤੇ ਵੀ ਇਸ ਮਾਮਲੇ ਨੂੰ ਉਠਾਇਆ ਹੈ।

ਉਨ੍ਹਾਂ ਨੇ ਨਾਗਰਿਕਤਾ ਪ੍ਰਾਪਤ ਕਰਨ ਵਾਲਿਆਂ ਨੂੰ ਬਹੁਤ-ਬਹੁਤ ਵਧਾਈ ਦਿੱਤੀ ਅਤੇ ਜੀਵਨ ਵਿੱਚ ਸਫਲਤਾ ਦੀ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਆਪਣੀ ਜ਼ਿੰਮੇਵਾਰੀ ਸਮਝਦਿਆਂ ਇਨ੍ਹਾਂ ਨਾਲ ਖੜੀ ਹੈ।

ਉਨ੍ਹਾਂ ਦੱਸਿਆ ਕਿ ਖ਼ਾਲਸਾ ਦੀਵਾਨ ਸੰਸਥਾ ਦੇ ਜਨਰਲ ਸੈਕਟਰੀ ਫਤਿਹ ਸਿੰਘ, ਨਰਿੰਦਰ ਸਿੰਘ ਸਮੇਤ ਹੋਰ ਅਹੁਦੇਦਾਰਾਂ ਦਾ ਵੀ ਇਸ ਕੰਮ ਵਿੱਚ ਪੂਰਨ ਸਹਿਯੋਗ ਮਿਲਿਆ।

# 1947 ਵੰਡ ਦੌਰਾਨ ਜਾਨਾਂ ਗਵਾਉਣ ਵਾਲੇ ਲੱਖਾਂ ਪੰਜਾਬੀਆਂ ਦੀ ਯਾਦ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਮਾਗਮ

ਅੰਮ੍ਰਿਤਸਰ/ਏ.ਟੀ.ਨਿਊਜ਼ : ਸੰਨ 1947 'ਚ ਦੇਸ਼ ਦੀ ਵੰਡ ਦੌਰਾਨ ਜਾਨਾਂ ਗਵਾਉਣ ਵਾਲੇ ਲੱਖਾਂ ਪੰਜਾਬੀਆਂ ਦੀ ਯਾਦ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਸਮਾਗਮ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਅਰਦਾਸ ਭਾਈ ਪ੍ਰੇਮ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੇ ਸਰਵਣ ਕਰਵਾਇਆ। ਸਮਾਗਮ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ।

ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ 1947 ਦੀ ਵੰਡ ਸਮੇਂ ਪੰਜਾਬੀਆਂ ਨੇ ਵੱਡਾ ਸੰਤਾਪ ਹੰਡਾਇਆ ਹੈ ਅਤੇ ਖ਼ਾਸਕਰ ਸਿੱਖਾਂ ਨੇ ਵੱਡੀਆਂ ਮਾਰਾਂ ਝੱਲੀਆਂ। ਇਸ ਵੰਡ ਦੌਰਾਨ ਜੋ ਲਕੀਰ ਖਿੱਚੀ ਗਈ, ਉਹ ਪੰਜਾਬ ਦੀ ਹਿੱਕ 'ਤੇ ਖਿੱਚੀ ਗਈ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਰਾਜ ਭਾਗ ਵਾਲੀ ਵਿਰਾਸਤ ਦੇਸ਼ ਪੰਜਾਬ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ, ਜਿਸ ਨਾਲ ਸਿੱਖਾਂ ਦੇ ਜਾਨੋਂ ਪਿਆਰੇ ਗੁਰਧਾਮ ਵਿਛੜ ਗਏ। ਪਾਕਿਸਤਾਨ ਅੰਦਰ ਵੱਡੀਆਂ ਜ਼ਮੀਨਾਂ ਤੇ ਕਾਰੋਬਾਰਾਂ ਦੇ ਮਾਲਕ ਸਿੱਖਾਂ ਨੂੰ ਆਪਣੀਆਂ ਜਾਇਦਾਦਾਂ ਛੱਡਣੀਆਂ ਪਈਆਂ ਅਤੇ ਇਨ੍ਹਾਂ ਰੌਲਿਆਂ ਦੌਰਾਨ ਲੱਖਾਂ ਪੰਜਾਬੀਆਂ ਨੇ ਆਪਣੀਆਂ ਜਾਨਾਂ ਗੁਆਈਆਂ।



ਉਨ੍ਹਾਂ ਕਿਹਾ ਕਿ ਸਿੱਖਾਂ ਨਾਲ ਹਿੰਦੁਸਤਾਨ ਦੇ ਆਗੂਆਂ ਨੇ ਕੀਤੇ ਵਾਅਦਿਆਂ ਨੂੰ ਭੁੱਲ ਕੇ ਉਲਟਾ ਸਿੱਖਾਂ ਨੂੰ ਜਰਾਇਮ ਪੇਸ਼ਾ ਕਹਿ ਕੇ ਭੰਡਿਆ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ 77 ਸਾਲਾਂ ਬਾਅਦ ਵੀ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਉਸ ਸਮੇਂ ਮਾਰੇ ਗਏ ਲੋਕਾਂ ਲਈ ਅਫ਼ਸੋਸ ਦੇ ਦੋ ਸ਼ਬਦ ਵੀ ਨਹੀਂ ਕਹੇ।

ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸਿੱਖਾਂ ਨਾਲ ਬੇਇਨਸਾਫ਼ੀ ਅੱਜ ਵੀ ਜਾਰੀ ਹੈ। ਸਾਡੇ ਕਈ ਸਿੱਖ ਸਜ਼ਾਵਾਂ ਪੂਰੀਆਂ ਕਰਨ ਤੋਂ ਬਾਅਦ ਵੀ 30-30 ਸਾਲਾਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਹਨ, ਜਿਨ੍ਹਾਂ ਨੂੰ ਸਰਕਾਰਾਂ ਰਿਹਾਅ ਨਹੀਂ ਕਰ ਰਹੀਆਂ। ਉਨ੍ਹਾਂ ਦੇਸ਼ ਦੇ ਗ੍ਰਹਿ ਮੰਤਰੀ ਨੂੰ ਸਵਾਲ ਕੀਤਾ ਕਿ ਕੀ ਉਹ ਦਸਣ ਕਿ ਸਜ਼ਾਵਾਂ ਪੂਰੀਆਂ ਕਰਨ ਤੋਂ ਬਾਅਦ ਵੀ ਇਨ੍ਹਾਂ ਬੰਦੀ ਸਿੰਘਾਂ ਨੂੰ ਕਿਸ ਕਾਨੂੰਨ ਅਤੇ ਅਧਿਕਾਰ ਤਹਿਤ ਜੇਲ੍ਹਾਂ ਵਿੱਚ ਨਜ਼ਰਬੰਦ ਰੱਖਿਆ ਹੋਇਆ ਹੈ? ਉਨ੍ਹਾਂ ਇਹ ਵੀ ਪੁੱਛਿਆ ਕਿ ਸਿੱਖਾਂ ਲਈ ਦੇਸ਼ ਅੰਦਰ ਵੱਖਰਾ ਕਾਨੂੰਨ ਕਿਉਂ ਹੈ। ਉਨ੍ਹਾਂ ਸਿੱਖ ਪੰਥ ਨੂੰ ਬੇਇਨਸਾਫ਼ੀਆਂ ਦੇ ਖ਼ਿਲਾਫ਼ ਸੰਘਰਸ਼ ਲਈ ਧੜੇਬੰਦੀਆਂ ਅਤੇ ਆਪਸੀ ਫੁੱਟ ਨੂੰ ਤਿਆਗ ਕੇ ਇਕਜੁਟ ਹੋਣ ਦੀ ਤਾਕੀਦ ਕਰਦਿਆਂ ਆਖਿਆ ਕਿ ਸੋਸ਼ਲ ਮੀਡੀਆ 'ਤੇ ਸਿੱਖਾਂ ਨੂੰ ਵੰਡਣ ਦੀਆਂ ਸਾਜ਼ਿਸ਼ਾਂ, ਮਰਯਾਦਾ ਅਤੇ ਪ੍ਰੰਪਰਾਵਾਂ 'ਤੇ ਹੋ ਰਹੇ ਹਮਲਿਆਂ ਨੂੰ ਗੁਰਮਤਿ 'ਚ ਪ੍ਰਪੱਕ ਹੋ ਕੇ ਵਿਵੇਕ ਬੁੱਧੀ ਦੇ ਨਾਲ ਰੋਕਿਆ ਜਾ ਸਕਦਾ ਹੈ, ਜਿਸ ਲਈ ਸਿੱਖਾਂ ਨੂੰ ਅੰਮ੍ਰਿਤਧਾਰੀ ਹੋ ਕੇ ਬਾਣੀ ਅਤੇ ਬਾਣੇ ਦੇ ਨਾਲ ਜੁੜਨਾ ਚਾਹੀਦਾ ਹੈ।

ਸਮਾਗਮ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਗੁਰਿੰਦਰਪਾਲ ਸਿੰਘ ਗੋਰਾ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਕੁਲਵਿੰਦਰ ਸਿੰਘ ਰਮਦਾਸ, ਸ. ਤੇਜਿੰਦਰ ਸਿੰਘ ਪੱਡਾ, ਸ. ਪ੍ਰੀਤਪਾਲ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਹਰਭਜਨ ਸਿੰਘ ਵਕਤਾ, ਸੁਪ੍ਰਡੰਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਸ. ਨਰਿੰਦਰ ਸਿੰਘ, ਵਧੀਕ ਮੈਨੇਜਰ ਸ. ਗੁਰਪ੍ਰੀਤ ਸਿੰਘ ਰੋਡੇ, ਮੀਤ ਮੈਨੇਜਰ ਸ. ਗੁਰਤਿੰਦਰਪਾਲ ਸਿੰਘ ਅਤੇ ਸੰਗਤਾਂ ਮੌਜੂਦ ਸਨ।

# ਰਾਜੋਆਣਾ ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਰਾਸ਼ਟਰਪਤੀ ਨੂੰ ਮਿਲੇਗਾ ਸ਼੍ਰੋਮਣੀ ਕਮੇਟੀ ਦਾ ਵਫ਼ਦ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਆਖ਼ਰੀ ਵਾਰ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਮਿਲ ਕੇ ਸਮੁੱਚੇ ਮਸਲੇ ਸਬੰਧੀ ਜਾਣੂ ਕਰਵਾਏਗੀ। ਇਹ ਫੈਸਲਾ ਇਥੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਕੀਤਾ ਗਿਆ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਨੂੰ ਚਾਰ ਫੀਸਦ ਮਹਿੰਗਾਈ ਭੱਤਾ, ਹਾਕੀ ਦੇ ਸਾਬਤ ਸੂਰਤ ਸਿੱਖ ਖਿਡਾਰੀ ਜਰਮਨਪ੍ਰੀਤ ਸਿੰਘ ਨੂੰ 5 ਲੱਖ ਰੁਪਏ ਸਨਮਾਨ ਵਜੋਂ ਦੇਣ ਅਤੇ ਲੰਗਰ ਵਿੱਚ ਵਾਪਰੀਆਂ ਘਟਨਾਵਾਂ ਦੌਰਾਨ ਜਾਨਾਂ ਗਵਾਉਣ ਵਾਲੇ ਦੋ ਸੇਵਾਦਾਰਾਂ ਦੇ ਪਰਿਵਾਰਾਂ ਨੂੰ ਪੰਜ-ਪੰਜ ਲੱਖ ਰੁਪਏ ਦੀ ਵਿੱਤੀ ਸਹਾਇਤਾ ਤੇ ਨੌਕਰੀ ਦੇਣ ਦਾ ਫੈਸਲਾ ਕੀਤਾ ਗਿਆ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰਾਜੋਆਣਾ ਸਮੇਤ ਹੋਰ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਸ਼੍ਰੋਮਣੀ ਕਮੇਟੀ ਦਾ ਵਫਦ ਜਲਦੀ ਹੀ ਰਾਸ਼ਟਰਪਤੀ ਨੂੰ ਮਿਲੇਗਾ ਤੇ ਇਸ ਬਾਰੇ ਫੈਸਲਾ ਲੈਣ ਲਈ ਆਖ਼ਰੀ ਵਾਰ ਅਪੀਲ ਕੀਤੀ ਜਾਵੇਗੀ। ਇਸ ਮਾਮਲੇ ਵਿੱਚ ਕੇਂਦਰ ਸਰਕਾਰ ਨਾਲ ਗੱਲਬਾਤ ਚਲਾਉਣ ਲਈ ਕਈ ਯਤਨ ਕੀਤੇ ਗਏ ਪਰ ਕੇਂਦਰ ਸਰਕਾਰ ਵੱਲੋਂ ਕੋਈ ਹੁੰਗਾਰਾ ਨਹੀਂ ਦਿੱਤਾ ਗਿਆ। ਦੇਸ਼ ਵਿੱਚ ਸਿਵਲ ਕੋਡ ਲਾਗੂ ਕਰਨ ਦੇ ਫ਼ੈਸਲੇ ਦਾ ਵਿਰੋਧ

ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਵੱਲੋਂ ਸਿਵਲ ਕੋਡ ਲਾਗੂ ਕਰਨ ਦੇ ਫੈਸਲੇ ਦਾ ਸਖ਼ਤ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਵੱਖ-ਵੱਖ ਧਰਮਾਂ ਅਤੇ ਵੱਖ-ਵੱਖ ਭਾਸ਼ਾਵਾਂ ਵਾਲਾ ਦੇਸ਼ ਹੈ ਜਿੱਥੇ ਅਜਿਹਾ ਸਿਵਲ ਕੋਡ ਘੱਟ ਗਿਣਤੀਆਂ ਨੂੰ ਦਬਾਉਣ ਵਾਲਾ ਹੋਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਨਾਇਕਮੈਨ ਵੈੱਬਸਾਈਟ ਨੂੰ ਕਾਨੂੰਨੀ ਨੋਟਿਸ ਭੇਜਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਵੱਲੋਂ ਕੰਪਨੀ ਦੀਆਂ ਬਣਾਈਆਂ ਟੋਪੀਆਂ 'ਤੇ ਸਿੱਖਾਂ ਦਾ ਧਾਰਮਿਕ ਚਿੰਨ੍ਹ ਛਾਪਿਆ ਹੈ। ਉਨ੍ਹਾਂ ਕਿਹਾ ਕਿ ਗੁਰਬਾਣੀ ਦੇ ਸ਼ਬਦ ਅਜਿਹੀਆਂ ਥਾਵਾਂ 'ਤੇ ਲਿਖਣ ਦੀ ਮਨਾਹੀ ਹੈ।

# ਪੰਜਾਬ ਵਿਧਾਨ ਸਭਾ ਦਾ ਮੌਨਸੂਨ ਇਜਲਾਸ 2 ਸਤੰਬਰ ਤੋਂ

ਚੰਡੀਗੜ੍ਹ/ ਏ.ਟੀ.ਨਿਊਜ਼ : ਪੰਜਾਬ ਦੇ ਨਵੇਂ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ 16ਵੀਂ ਪੰਜਾਬ ਵਿਧਾਨ ਸਭਾ ਦਾ ਮੌਨਸੂਨ ਸੈਸ਼ਨ ਸੱਦਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਰਾਜਪਾਲ ਨੇ ਵਿਧਾਨ ਸਭਾ ਸੈਸ਼ਨ 'ਤੇ ਆਪਣੀ ਪਹਿਲੀ ਸਹੀ ਪਾਈ ਹੈ। ਤਿੰਨ ਰੋਜ਼ਾ ਮੌਨਸੂਨ ਸੈਸ਼ਨ 2 ਸਤੰਬਰ ਨੂੰ ਬਾਅਦ ਦੁਪਹਿਰ 2 ਵਜੇ ਸ਼ੁਰੂ ਹੋਵੇਗਾ। ਪੰਜਾਬ ਕੈਬਨਿਟ ਨੇ 14 ਅਗਸਤ ਨੂੰ ਪੰਜਾਬ ਵਿਧਾਨ ਸਭਾ ਦਾ ਮੌਨਸੂਨ ਸੈਸ਼ਨ ਸੱਦਣ 'ਤੇ ਮੋਹਰ ਲਾਈ ਸੀ। ਮੌਨਸੂਨ ਸੈਸ਼ਨ 4 ਸਤੰਬਰ ਤੱਕ ਚੱਲੇਗਾ। ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਵਿੱਚ ਕਈ ਅਹਿਮ ਬਿੱਲ ਆ ਰਹੇ ਹਨ ਜਿਸ 'ਚ 'ਪੰਜਾਬ ਪੰਚਾਇਤੀ ਰਾਜ ਰੂਲਜ਼ 1994' ਦੀ ਧਾਰਾ 12 ਵਿੱਚ ਵੀ ਸੋਧ ਕਰਨ ਵਾਸਤੇ ਬਿੱਲ ਲਿਆਂਦਾ ਜਾ ਰਿਹਾ ਹੈ। ਵਿਰੋਧੀ ਧਿਰਾਂ ਨੇ ਵੀ ਮੌਨਸੂਨ ਸੈਸ਼ਨ ਲਈ ਤਿਆਰੀ ਖਿੱਚਣੀ ਸ਼ੁਰੂ ਕਰ ਦਿੱਤੀ ਹੈ। ਪੰਜਾਬ ਦੇ ਪੁਰਾਣੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਬਜਟ ਸੈਸ਼ਨ ਨੂੰ ਪ੍ਰਵਾਨਗੀ ਦੇਣ ਤੋਂ ਨਾਂਹ ਕਰ ਦਿੱਤੀ ਸੀ ਜਿਸ ਨੂੰ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਸੁਪਰੀਮ ਕੋਰਟ ਦੇ ਦਖ਼ਲ ਮਗਰੋਂ ਬਜਟ ਸੈਸ਼ਨ ਸੱਦਿਆ ਗਿਆ ਸੀ। ਨਵੇਂ ਰਾਜਪਾਲ ਨੇ ਪ੍ਰਵਾਨਗੀ ਦੇ ਕੇ ਆਪਣੀ ਮਨਸ਼ਾ ਜ਼ਾਹਿਰ ਕਰ ਦਿੱਤੀ ਹੈ। ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਪਿਛਲੇ ਦਿਨੀਂ ਵੱਖ ਵੱਖ ਵਿਭਾਗਾਂ ਦੇ ਸਕੱਤਰਾਂ ਦੀ ਮੀਟਿੰਗ ਸੱਦ ਕੇ ਨਵੀਂ ਪਿਰਤ ਪਾ ਦਿੱਤੀ ਸੀ ਅਤੇ ਉਸ ਤੋਂ ਪਹਿਲਾਂ ਰਾਜਪਾਲ ਨੇ ਇਹ ਵੀ ਕਿਹਾ ਸੀ ਕਿ ਉਹ ਸਰਹੱਦੀ ਜ਼ਿਲ੍ਹਿਆਂ ਦੇ ਦੌਰੇ ਵੀ ਕਰਨਗੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਭਾਰਤ 'ਚ ਚਿਤਾਵਨੀ ਬਣਿਆ 'ਬੇਟੀ ਬਚਾਓ' ਦਾ ਨਾਅਰਾ

ਕੋਲਕਾਤਾ ਬਲਾਤਕਾਰ ਦੀ ਘਟਨਾ ਨੇ ਇੱਕ ਵਾਰੀ ਫੇਰ ਸੁੰਨ ਕਰਕੇ ਰੱਖ ਦਿੱਤਾ ਹੈ। ਹਾਲ ਦੀ ਘੜੀ ਇਹ ਵੱਡਾ ਮੁੱਦਾ ਬਣਿਆ ਹੋਇਆ ਹੈ। ਅੰਦਾਜ਼ਾ ਇਸ ਗੱਲ ਤੋਂ ਲੱਗਦਾ ਹੈ ਕਿ ਦੇਸ਼ ਭਰ ਦੇ ਡਾਕਟਰ, ਨਰਸਿੰਗ ਸਟਾਫ਼, ਮੈਡੀਕਲ ਨਾਲ ਸਬੰਧਿਤ ਕਰਮਚਾਰੀਆਂ ਨੇ ਸਰਕਾਰ ਨੂੰ ਨੋਟਿਸ ਕੀਤਾ ਸੀ। ਹਾਲਾਂਕਿ ਲੰਘੇ ਦਿਨੀਂ ਡਾਕਟਰਾਂ ਨੂੰ ਕੰਮ 'ਤੇ ਪਰਤਣ ਦੀ ਅਪੀਲ ਕਰਦਿਆਂ ਸੁਪਰੀਮ ਕੋਰਟ ਨੇ ਜੂਨੀਅਰ ਡਾਕਟਰ ਦੇ ਨਾਲ ਵਾਪਰੀ ਘਟਨਾ ਨੂੰ ਭਿਆਨਕ ਕਰਾਰ ਦਿੰਦਿਆਂ ਐਫ.ਆਈ.ਆਰ. ਕਰਨ ਵਿੱਚ ਦੇਰੀ, ਹਜ਼ਾਰਾਂ ਸ਼ਰਾਰਤੀ ਅਨਸਰਾਂ ਨੂੰ ਸਰਕਾਰੀ ਹਸਪਤਾਲ ਵਿੱਚ ਭੰਨ ਤੋੜ ਦੀ ਦਿੱਤੀ ਇਜਾਜ਼ਤ ਲਈ ਸਰਕਾਰ ਨੂੰ ਝਾੜ ਪਾਈ। ਕੇਸ ਸੀ. ਬੀ. ਆਈ. ਦੇ ਘੇਰੇ ਵਿੱਚ ਆ ਗਿਆ ਹੈ ਪਰ ਮਮਤਾ ਬੈਨਰਜੀ 'ਤੇ ਲੋਕਾਂ ਦਾ ਗੁੱਸਾ ਬਰਕਰਾਰ ਹੈ। ਇਥੋਂ ਤੱਕ ਕਿ ਆਸ਼ਾ ਦੇਵੀ ਨਿਰਭਿਆ ਦੀ ਮਾਤਾ ਨੇ ਕਿਹਾ ਕਿ ਮਮਤਾ ਬੈਨਰਜੀ ਨੇ ਆਪਣੀ ਜ਼ਿੰਮੇਵਾਰੀ ਠੀਕ ਤਰ੍ਹਾਂ ਨਹੀਂ ਨਿਭਾਈ, ਉਸ ਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਕੋਲਕਾਤੇ ਵਾਲੀ ਘਟਨਾ ਨੂੰ ਇੱਕ ਪਾਸੇ ਰੱਖੀਏ ਤਾਂ ਪਿਛਲੇ ਦਿਨਾਂ ਵਿੱਚ ਸੁਰਖ਼ੀਆਂ ਵਿੱਚ ਝਾਰਖੰਡ, ਮੁੰਬਈ, ਦੇਹਰਾਦੂਨ, ਯੂ.ਪੀ., ਮੱਧ ਪ੍ਰਦੇਸ਼, ਉੱਤਰਾਖੰਡ ਤੇ ਕਈ ਹੋਰ ਰਾਜਾਂ ਦੇ ਵਿੱਚ ਬਲਾਤਕਾਰ ਦੀਆਂ ਘਟਨਾਵਾਂ ਛਪਦੀਆਂ ਰਹੀਆਂ। ਕੀ ਔਰਤਾਂ ਦੀ ਸੁਰੱਖਿਆ ਦਾ ਸਭ ਤੋਂ ਵੱਡਾ ਕਾਰਨ ਤੁਹਾਨੂੰ ਨੇਤਾ ਟਾਈਪ ਲੋਕ ਨਹੀਂ ਲੱਗਦੇ ? 2024 ਦੀ ਸੰਸਦ ਵਿੱਚ 46 ਫੀਸਦੀ ਸਾਂਸਦਾਂ 'ਤੇ ਅਪਰਾਧਿਕ ਕੇਸ ਦਰਜ ਹਨ। 170 ਅਜਿਹੇ ਸਾਂਸਦ ਹਨ ਜਿਨ੍ਹਾਂ 'ਤੇ ਰੇਪ, ਮਰਡਰ, ਕਿਡਨੈਪਿੰਗ ਦੇ ਕੇਸ ਦਰਜ ਹਨ। ਇਹ ਸਾਰੀਆਂ ਪਾਰਟੀਆਂ ਦੇ ਵਿੱਚ ਦਾਗੀ ਨੇਤਾ ਹਨ। ਹਮਾਮ ਵਿੱਚ ਸਭ ਨੰਗੇ ਹਨ। ਇੱਕ ਮਹਿਲਾ ਮੁੱਖ ਮੰਤਰੀ ਬੈਨਰਜੀ ਵੀ ਔਰਤਾਂ ਨੂੰ ਸੁਰਖਿਅਤ ਰੱਖਣ ਵਿੱਚ ਅਸਫ਼ਲ ਰਹੀ ਹੈ ਭਾਵੇਂ ਪਾਰਕ ਸਟ੍ਰੀਟ ਰੇਪ ਕੇਸ ਹੋਵੇ ਜਾਂ ਹੰਸ ਕਲੀ ਗੈਂਗਰੇਪ ਕੇਸ। ਕਾਂਗਰਸ ਪਾਰਟੀ ਨੇ ਇਸ ਘਟਨਾ ਦੀ ਨਿੰਦਾ ਕੀਤੀ ਹੈ ਤੇ ਰਾਹੁਲ ਗਾਂਧੀ ਨੇ ਇਨਸਾਫ਼ ਦੀ ਮੰਗ ਵੀ ਕੀਤੀ ਹੈ। ਖ਼ੈਰ ਕਾਂਗਰਸ ਵੀ ਦੁੱਧ ਧੋਤੀ ਨਹੀਂ। ਤੁਹਾਨੂੰ ਯਾਦ ਹੋਣਾ ਸ਼ੀਲਾ ਦੀਕਸ਼ਤ ਦਿੱਲੀ ਦੀ ਮੁੱਖ ਮੰਤਰੀ ਦਾ ਨਿਰਭਿਆ ਕਾਂਡ ਤੋਂ ਬਾਅਦ ਪੁਲੀਟੀਕਲ ਕੈਰੀਅਰ ਖ਼ਤਮ ਹੋ ਗਿਆ ਸੀ। ਕੀ ਹੁਣ ਬੰਗਾਲ ਵਿੱਚ ਵੀ ਅਜਿਹਾ ਹੋਵੇਗਾ ? ਬ੍ਰਿਜ ਭੂਸ਼ਣ ਪਹਿਲਵਾਨਾਂ ਨੂੰ ਆਪਣੀ ਜਾਗੀਰ ਸਮਝਣ ਵਾਲਾ ਇਨਸਾਨ ਏਨੇ ਵੱਡੇ ਵਿਰੋਧ ਦੇ ਬਾਵਜੂਦ ਵੀ ਦੁੱਧ ਧੋਤਾ ਰਹੇਗਾ ਤਾਂ ਫਿਰ ਅਸੀਂ ਸਰਕਾਰਾਂ ਤੋਂ ਕੀ ਉਮੀਦ ਲਗਾ ਸਕਦੇ ਹਾਂ ? ਕਠੂਆ ਰੇਪ ਕਾਂਡ ਤੇ ਹਾਥਰਸ ਜਿਹੇ ਕੇਸ ਵਿੱਚ ਨੇਤਾ ਜਾਂ ਤਾਂ ਦੋਸ਼ੀਆਂ ਦੇ ਹੱਕ ਵਿੱਚ ਹੁੰਦੇ ਹਨ ਜਾਂ ਖ਼ੁਦ ਸ਼ਾਮਲ ਹੁੰਦੇ ਹਨ। ਇਸ ਦੀ ਉਦਾਹਰਨ ਨੇਤਾ ਕੁਲਦੀਪ ਸੇਂਗਰ ਹੈ। ਬਿਲਕਿਸ ਬਾਨੋ ਕੇਸ ਵਿੱਚ ਦੋਸ਼ੀ ਨੂੰ ਰਿਹਾਅ ਕਰਵਾਉਣਾ ਰਾਜਨੀਤਿਕ ਤਾਕਤ ਤੋਂ ਬਿਨਾ ਸੰਭਵ ਨਹੀਂ ਹੋ ਸਕਦਾ ਸੀ। ਉਹ 'ਤੇ ਸੁਪਰੀਮ ਕੋਰਟ ਦੀ ਭਲਾਮਾਨਸੀ ਸੀ ਕਿ ਉਸ ਨੇ ਦੋਸ਼ੀ ਨੂੰ ਵਾਪਸ ਜੇਲ੍ਹ ਭੇਜ ਦਿੱਤਾ। ਬਲਾਤਕਾਰੀ ਰਾਮ ਰਹੀਮ ਅੱਜ ਕੱਲ੍ਹ ਕਦੀ ਕਦੀ ਜੇਲ੍ਹ ਜਾਂਦੇ ਹਨ। ਇਸ ਤਰ੍ਹਾਂ ਲੱਗਦਾ ਹੈ ਕਿ ਮੇਕ ਇਨ ਇੰਡੀਆ ਨਹੀਂ, ਜਿਸ ਤਰ੍ਹਾਂ ਸਰਕਾਰ ਦੇ ਨੱਕ ਥੱਲੇ ਸਭ ਕੁਝ ਹੋ ਰਿਹਾ ਉਸ ਹਿਸਾਬ ਨਾਲ ਰੇਪ ਇਨ ਇੰਡੀਆ 'ਤੇ ਜ਼ਿਆਦਾ ਕੰਮ ਹੋ ਰਿਹਾ ਹੈ। ਕੀ ਕੋਲਕਾਤਾ ਵਾਲੀ ਘਟਨਾ ਤੋਂ ਬਾਅਦ ਕੁਝ ਬਦਲੇਗਾ ? 2011 ਨਿਰਭਿਆ ਕਾਂਡ ਤੋਂ ਬਾਅਦ ਵੀ ਸਾਨੂੰ ਲੱਗਿਆ ਸੀ ਕਿ ਬਹੁਤ ਕੁਝ ਬਦਲੇਗਾ ਪਰ ਔਰਤਾਂ ਅਸੁਰੱਖਿਅਤ ਨੇ। 2017 ਵਿੱਚ ਉਨਾਓ ਰੇਪ ਕੇਸ, ਸਾਲ 2018 ਵਿੱਚ ਕਠੂਆ, 2019 ਵਿੱਚ ਹੈਦਰਾਬਾਦ, 2020 ਦੇ ਵਿੱਚ ਹਾਥਰਸ ਗੈਂਗਰੈਪ, 2022 ਵਿੱਚ ਅੰਕਿਤਾ ਭੰਡਾਰੀ ਕੇਸ, 2023 ਦੇ ਵਿੱਚ ਆਈ.ਆਈ.ਟੀ.-ਬੀ. ਐਚ. ਯੂ. ਗੈਂਗਰੇਪ, 2024 ਵਿੱਚ ਮਨੀਪੁਰ ਸੈਕਸੁਅਲ ਕੇਸ ਦੀ ਬਹੁਤ ਲੰਬੀ ਚੌੜੀ ਲਿਸਟ ਹੈ। ਚੇਤੇ ਰਹੇ ਕਾਂਗਰਸ ਦਾ 2014 ਵਿੱਚ ਹਾਰਨ ਦਾ ਵੱਡਾ ਮੁੱਦਾ ਔਰਤਾਂ ਦੀ ਅਸੁਰੱਖਿਅਤਾ ਸੀ ਪਰ ਦਸ ਸਾਲ ਵਿੱਚ ਕੋਈ ਸੁਧਾਰ ਨਹੀਂ ਹੋਇਆ। ਇੱਕ ਰਿਪੋਰਟ ਦੇ ਮੁਤਾਬਿਕ 2012 ਦੇ ਵਿੱਚ 25 ਹਜ਼ਾਰ ਰੇਪ ਕੇਸ ਦਰਜ ਹੋਏ ਸੀ, ਦਸ ਸਾਲ ਬਾਅਦ ਇਹ ਅੰਕੜਾ 30 ਹਜ਼ਾਰ ਦੇ ਕਰੀਬ ਹੈ। 'ਬੇਟੀ ਬਚਾਓ ਬੇਟੀ ਪੜਾਓ' 'ਤੇ ਬੀਜੇਪੀ ਨੇ 446.72 ਕਰੋੜ ਰੁਪਏ ਖਰਚ ਕੀਤੇ। ਇਸ ਵਿਚੋਂ 80 ਫੀਸਦੀ ਮੀਡੀਆ ਐਡ 'ਤੇ ਖਰਚੇ। ਪਰ ਹੁਣ 'ਬੇਟੀ ਬਚਾਓ' ਦੇਸ਼ ਲਈ ਨਾਅਰਾ ਨਹੀਂ ਰਿਹਾ, ਬਲਕਿ ਚਿਤਾਵਨੀ ਬਣ ਚੁੱਕਿਆ ਹੈ।

# ਜੇਲ੍ਹ ਦੀਆਂ ਸਲਾਖ਼ਾਂ ਪਿੱਛੇ ਬੇਕਸੂਰ ਕਦੋਂ ਤੱਕ ?



ਗੁਰਮੀਤ ਸਿੰਘ ਪਲਾਹੀ
9815802070

ਪਿਛਲੇ ਕੁਝ ਵਰ੍ਹਿਆਂ ਤੋਂ ਆਮਦਨ ਕਰ ਵਿਭਾਗ, ਭਾਰਤ ਦੀ ਈ.ਡੀ.(ਇਨਫੋਰਸਮੈਂਟ ਡੀਪਾਰਟਮੈਂਟ), ਸੀ.ਬੀ.ਆਈ. (ਸੈਂਟਰਲ ਬੋਰਡ ਆਫ਼ ਇਨਵੈਸਟੀਗੇਸ਼ਨ) ਵਲੋਂ ਦੇਸ਼ 'ਚ ਫੈਲੇ ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਸ਼ਿਕੰਜਾ ਕੱਸਣ ਦੇ ਨਾਂਅ 'ਤੇ ਜਿਸ ਤਰ੍ਹਾਂ ਅੰਧਾ-ਧੁੰਦ ਛਾਪੇ ਮਾਰੇ ਗਏ ਅਤੇ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ, ਉਸ ਸਬੰਧੀ ਇਹਨਾਂ ਏਜੰਸੀਆਂ ਉਤੇ ਦੋਸ਼ ਲਗਦੇ ਰਹੇ ਹਨ ਕਿ ਉਹ ਕੇਂਦਰੀ ਹਾਕਮਾਂ ਦੇ ਇਸ਼ਾਰਿਆਂ ਉਤੇ ਉਹਨਾਂ ਦੀਆਂ ਸਿਆਸੀ ਇਛਾਵਾਂ ਪੂਰੀਆਂ ਕਰਨ ਹਿੱਤ ਇਹ ਸਭ ਕੁਝ ਕਰ ਰਹੇ ਹਨ। ਇਹ ਏਜੰਸੀਆਂ ਵਿਰੋਧੀ ਨੇਤਾਵਾਂ ਨੂੰ ਜਾਂ ਕਥਿਤ ਦੋਸ਼ੀਆਂ ਨੂੰ ਜ਼ਮਾਨਤ ਨਾ ਮਿਲੇ, ਇਸ ਲਈ ਜਾਣਬੁਝ ਕੇ ਤਕਨੀਕੀ ਅੜਚਣਾ ਪੈਦਾ ਕਰਕੇ ਅਦਾਲਤ ਨੂੰ ਜ਼ਮਾਨਤ ਦੇਣ ਤੋਂ ਰੋਕਦੀਆਂ ਦੇਖੀਆਂ ਜਾਂਦੀਆਂ ਹਨ। ਸਿੱਟੇ ਵਜੋਂ ਵਿਅਕਤੀ ਲੰਮਾਂ ਸਮਾਂ ਜੇਲ੍ਹ ਦੀਆਂ ਸਲਾਖ਼ਾਂ ਪਿੱਛੇ ਰਹਿਣ ਲਈ ਮਜ਼ਬੂਰ ਕਰ ਦਿੱਤੇ ਜਾਂਦੇ ਹਨ।

ਉਦਾਹਰਨ ਵਜੋਂ ਦਿੱਲੀ ਦੇ ਸਾਬਕਾ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆਂ ਦਾ ਕੇਸ ਲੈ ਲਵੋ। ਉਸਨੂੰ ਬਿਨਾਂ ਜ਼ਮਾਨਤ 17 ਮਹੀਨੇ ਜੇਲ੍ਹ 'ਚ ਰਹਿਣਾ ਪਿਆ। ਇਸ ਸਬੰਧੀ ਦੇਸ਼ ਦੀ ਸੁਪਰੀਮ ਕੋਰਟ ਨੇ ਆਖ਼ਿਰ ਜ਼ਮਾਨਤ ਦਿੱਤੀ ਹੈ, ਹਾਲਾਂਕਿ ਇਹ ਸ਼ਰਤਾਂ ਤਹਿਤ ਹੈ। ਸੁਪਰੀਮ ਕੋਰਟ ਨੇ ਹੇਠਲੀਆਂ ਅਦਾਲਤਾਂ ਨੂੰ ਨਸੀਹਤ ਕੀਤੀ ਹੈ ਕਿ ਜ਼ਮਾਨਤ ਨਿਯਮ ਹੈ ਅਤੇ ਜੇਲ੍ਹ ਅਪਵਾਦ(ਛੋਟ)। ਕਿਸੇ ਦੀ ਜ਼ਮਾਨਤ ਸਜ਼ਾ ਦੇ ਤੌਰ 'ਤੇ ਟਾਲੀ ਨਹੀਂ ਜਾਣੀ ਚਾਹੀਦੀ। ਪਰ ਹੇਠਲੀਆਂ ਅਦਾਲਤਾਂ ਇਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੀਆਂ।

ਸਿਸੋਦੀਆਂ ਹੇਠਲੀ ਅਦਾਲਤ ਤੋਂ ਜ਼ਿਲਾ ਅਦਾਲਤ, ਹਾਈ ਕੋਰਟ ਤੇ ਫਿਰ ਸੁਪਰੀਮ ਕੋਰਟ ਪੁੱਜੇ। ਪਰ ਕੀ ਸਧਾਰਨ ਆਦਮੀ ਆਪਣੀ ਜ਼ਮਾਨਤ ਕਰਾਉਣ ਲਈ ਇੰਨੇ ਯਤਨ ਕਰ ਸਕਦਾ ਹੈ ? ਕੀ ਉਹ ਇੰਨੀਆਂ ਅਦਾਲਤਾਂ 'ਚ ਜਾ ਸਕਦਾ ਹੈ ? ਕੀ ਇੰਨੇ ਯਤਨ ਜੁੱਟਾ ਸਕਦਾ ਹੈ, ਜੋ ਸਿਸੋਦੀਆਂ ਜਾਂ ਉਸਦੀ ਪਾਰਟੀ ਨੇ ਜੁਟਾਏ ? ਸਿਸੋਦੀਆਂ ਜਿਹੜਾ ਲੋਕਾਂ ਵਲੋਂ ਚੁਣਿਆ ਨੁਮਾਇੰਦਾ ਸੀ, ਵਰਗਾ ਜ਼ਿੰਮੇਵਾਰ ਵਿਅਕਤੀ ਜੇਲ੍ਹ ਵਿੱਚ ਰਹਿਣ ਲਈ ਮਜ਼ਬੂਰ ਹੋਇਆ। ਜੇਕਰ ਉਸਦਾ ਕੇਸ ਅਦਾਲਤ ਵਿੱਚ ਨਿਪਟਾਉਣ ਉਪਰੰਤ ਉਸਨੂੰ ਸਜ਼ਾ ਨਹੀਂ ਹੁੰਦੀ ਤਾਂ ਇਹ 17 ਮਹੀਨੇ ਜੋ ਉਸਨੇ ਜੇਲ੍ਹ ਵਿੱਚ ਕੱਟੇ ਹਨ, ਉਸਦਾ ਹਿਸਾਬ ਕੌਣ ਦੇਵੇਗਾ ? ਲੱਖਾਂ ਵਿਅਕਤੀ ਅੱਜ ਭਾਰਤੀ ਜੇਲ੍ਹਾਂ 'ਚ ਸੜ ਰਹੇ ਹਨ। ਬਿਨਾਂ ਸਜ਼ਾ ਤੋਂ ਸਜ਼ਾ ਭੁਗਤ ਰਹੇ ਹਨ।

ਦਿੱਲੀ ਆਬਕਾਰੀ ਮਾਮਲੇ ਵਿੱਚ ਸਤਿੰਦਰ ਜੈਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਜੇਲ੍ਹ ਦੀਆਂ ਸਲਾਖ਼ਾਂ ਪਿੱਛੇ ਹਨ। ਜ਼ਮਾਨਤ ਦੀ ਉਡੀਕ ਕਰ ਰਹੇ ਹਨ। ਸੰਸਦ ਮੈਂਬਰ ਸੰਜੇ ਸਿੰਘ ਵੀ ਜੇਲ੍ਹ 'ਚ ਡੱਕੇ ਗਏ। ਭਾਰਤੀ ਸੈਨਾ ਦੀ ਜ਼ਮੀਨ ਘੁਟਾਲੇ 'ਚ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੁਰੇਨ ਨੂੰ ਵੀ ਪੰਜ ਮਹੀਨੇ ਜੇਲ੍ਹ 'ਚ ਰੱਖਿਆ ਗਿਆ। ਹੁਣ ਉਹ ਜ਼ਮਾਨਤ 'ਤੇ ਹੈ।

ਬੇਸ਼ਕ ਜ਼ਮਾਨਤ ਦੇਣ ਦਾ ਭਾਵ ਇਹ ਨਹੀਂ ਕਿ ਵਿਅਕਤੀ ਦੋਸ਼ ਮੁਕਤ ਹੋ ਗਿਆ ਹੈ। ਪਰ ਬਿਨਾਂ ਕਾਰਨ ਜੇਲ੍ਹ 'ਚ ਕਿਸੇ ਨੂੰ ਵੀ ਬੰਦ ਰੱਖਣਾ ਕਤਈ ਵੀ ਜਾਇਜ਼ ਨਹੀਂ, ਸਿਰਫ਼ ਇਸ ਸ਼ੱਕ ਦੀ ਵਜਹ ਕਾਰਨ ਕਿ ਇਸ ਨੇ ਦੋਸ਼ ਕੀਤਾ ਹੈ। ਇਸ ਤਰ੍ਹਾਂ ਅਣਮਿੱਥੇ ਸਮੇਂ ਲਈ ਜੇਲ੍ਹ 'ਚ ਬੰਦ ਰੱਖਣਾ ਜੇਲ੍ਹ ਸਜ਼ਾ ਦੇਣ ਦੇ ਤੁਲ ਹੈ। ਕੀ ਇਸ ਨੂੰ ਜਾਇਜ਼ ਮੰਨਿਆ ਜਾਏਗਾ ?

ਇਸ ਸਬੰਧ ਵਿੱਚ ਸੂਬਿਆਂ ਦੀ ਪੁਲਿਸ, ਵਿਜੀਲੈਂਸ, ਕੇਂਦਰ ਦੀਆਂ ਏਜੰਸੀਆਂ ਈ.ਡੀ., ਸੀ.ਬੀ.ਆਈ., ਆਮਦਨ ਕਰ ਵਿਭਾਗ ਆਦਿ ਬਿਨਾਂ ਵਜ੍ਹਾ ਲੋਕਾਂ ਨੂੰ ਜੇਲ੍ਹੀਂ ਡੱਕਣ ਦੇ ਜ਼ਿੰਮੇਵਾਰ ਤਾਂ ਗਿਣੇ ਹੀ ਜਾਂਦੇ ਹਨ, ਪਰ ਅਦਾਲਤਾਂ ਵੀ ਜ਼ਿੰਮੇਵਾਰ ਹਨ, ਕਿਉਂਕਿ ਅਦਾਲਤਾਂ 'ਚ ਕੇਸ ਲੰਮੇ ਸਮੇਂ ਤੋਂ ਅਟਕੇ ਰਹਿੰਦੇ ਹਨ।

ਪੇਸ਼ੀ-ਦਰ-ਪੇਸ਼ੀ ਹੋਈ ਜਾਂਦੀ ਹੈ। ਕਦੇ ਕਾਗਜ਼ ਪੂਰੇ ਨਹੀਂ ਹੁੰਦੇ। ਦੋਸ਼ ਘੜੇ ਨਹੀਂ ਜਾਂਦੇ। ਗਵਾਹ ਪੂਰੇ ਨਹੀਂ ਹੁੰਦੇ। ਫਿਰ ਗਵਾਹ ਮੁੱਕਰ ਜਾਂਦੇ ਹਨ ਅਤੇ ਇਹ ਸਿਲਸਿਲਾ ਲਗਾਤਾਰ ਵਿਅਕਤੀ ਨੂੰ ਜੇਲ੍ਹਾਂ 'ਚ ਡੱਕੀ ਰੱਖਣ ਦਾ ਕਾਰਨ ਬਣਦਾ ਜਾਂਦਾ ਹੈ। ਜਿਥੇ ਇਹ ਹਾਕਮਾਂ ਲਈ ਆਪਣੇ ਵਿਰੋਧੀਆਂ ਨੂੰ ਪ੍ਰੇਸ਼ਾਨ ਕਰਨ ਦਾ ਹਥਿਆਰ ਹੈ, ਉਥੇ ਪਿੰਡਾਂ, ਸ਼ਹਿਰਾਂ 'ਚ ਆਪਣੇ ਵਿਰੋਧੀਆਂ ਨੂੰ ਪੈਸੇ ਦੇ ਜ਼ੋਰ 'ਤੇ ਪ੍ਰੇਸ਼ਾਨ ਕਰਨ ਦਾ ਹਥਿਆਰ ਵੀ ਬਣਿਆ ਹੋਇਆ ਹੈ।



2023 ਦੇ ਅੰਕੜਿਆਂ ਅਨੁਸਾਰ 5,73,000 ਲੋਕ, ਭਾਰਤੀ ਜੇਲ੍ਹਾਂ ਵਿੱਚ ਹਨ। 2022 ਦੇ ਅੰਕੜੇ ਦੱਸਦੇ ਹਨ ਕਿ ਇਹਨਾਂ ਵਿਚੋਂ 75 ਫ਼ੀਸਦੀ ਤੋਂ ਵੱਧ ਲੋਕ ਕੇਸ ਭੁਗਤ ਰਹੇ ਹਨ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਅਨੁਸਾਰ ਵੱਖ-ਵੱਖ ਜੇਲ੍ਹਾਂ ਵਿੱਚ ਵੱਖੋ-ਵੱਖਰੇ ਸੂਬਿਆਂ 'ਚ 5 ਸਾਲ ਤੋਂ ਵੱਧ ਸਮੇਂ ਤੋਂ 11,448 ਲੋਕ ਜੇਲ੍ਹਾਂ 'ਚ ਬੰਦ ਹਨ, ਜਿਹਨਾਂ ਦੇ ਕੇਸ ਲਟਕੇ ਹੋਏ ਹਨ ਜਾਂ ਜਿਹਨਾਂ 'ਤੇ ਦੋਸ਼ ਪੱਤਰ ਹੀ ਜਾਰੀ ਨਹੀਂ ਹੋਏ। 3 ਤੋਂ 5 ਸਾਲ ਤੋਂ ਜੇਲ੍ਹਾਂ 'ਚ ਬੰਦ ਇਹੋ ਜਿਹੇ ਵਿਅਕਤੀਆਂ ਦੀ ਗਿਣਤੀ 25,869 ਹੈ ਅਤੇ 2 ਤੋਂ 3 ਸਾਲ ਦੇ ਸਮੇਂ ਤੱਕ 33,980 ਅਤੇ 1 ਤੋਂ 2 ਸਾਲ ਦੇ ਸਮੇਂ ਤੱਕ 63502 ਵਿਅਕਤੀ ਜੇਲ੍ਹਾਂ 'ਚ ਬੰਦ ਹਨ। ਇਹ ਜੇਲ੍ਹਾਂ 'ਚ ਬੰਦ ਲੋਕ ਸਜ਼ਾ ਵਾਲੇ ਕੈਦੀ ਨਹੀਂ। ਸਿਰਫ਼ ਜੇਲ੍ਹਾਂ 'ਚ ਬੈਠਾਏ ਹੋਏ ਉਹ ਲੋਕ ਹਨ, ਜਿਹਨਾਂ ਦੇ ਕੇਸ ਅਦਾਲਤਾਂ 'ਚ ਲਟਕੇ ਹੋਏ ਹਨ।

ਜੂਨ 2024 ਦੀ ਇੱਕ ਰਿਪੋਰਟ ਅਨੁਸਾਰ ਦੇਸ਼ ਦੀਆਂ ਵੱਖੋ-ਵੱਖਰੀਆਂ ਅਦਾਲਤਾਂ 'ਚ 5 ਕਰੋੜ ਤੋਂ ਵੱਧ ਕੇਸ ਲਟਕੇ ਹੋਏ ਹਨ ਅਤੇ ਇਸ ਗੱਲ 'ਤੇ ਕੋਈ ਹੈਰਾਨੀ ਨਹੀਂ ਹੈ ਕਿ ਅਠਾਰਾਂ ਲੱਖ ਕੇਸ ਭਾਰਤੀ ਅਦਾਲਤਾਂ ਫੌਜਦਾਰੀ, ਜ਼ਮੀਨੀ ਆਦਿ ਕੇਸ ਪਿਛਲੇ 30 ਸਾਲਾਂ ਤੋਂ ਫ਼ੈਸਲਿਆਂ ਦੀ ਉਡੀਕ ਵਿੱਚ ਹਨ।

2018 ਦੇ ਨੀਤੀ ਆਯੋਗ ਦੀ ਇੱਕ ਰਿਪੋਰਟ ਕਹਿੰਦੀ ਹੈ ਕਿ ਸਾਡੀਆਂ ਅਦਾਲਤਾਂ 'ਚ ਜਿੰਨੇ ਕੇਸ ਲੰਬਿਤ ਪਏ ਹਨ, ਉਹਨਾਂ ਨੂੰ ਜੇਕਰ ਹੁਣ ਵੀ ਰਫ਼ਤਾਰ ਨਾਲ ਨਿਪਟਾਇਆ ਜਾਂਦਾ ਹੈ ਤਾਂ ਇਸ ਤੇ 324 ਸਾਲ ਲੱਗਣਗੇ। ਅਦਾਲਤਾਂ 'ਚ ਦੇਰੀ ਹੋਣ ਨਾਲ ਪੀੜਤ ਅਤੇ ਦੋਸ਼ੀ ਦੋਨੋਂ ਨਿਆਂ ਤੋਂ ਵਿਰਵੇ ਰਹਿੰਦੇ ਹਨ। ਅਪ੍ਰੈਲ 2022 ਵਿੱਚ ਬਿਹਾਰ ਰਾਜ ਦੀ ਇੱਕ ਅਦਾਲਤ ਨੇ 28 ਸਾਲ ਜੇਲ੍ਹ ਵਿੱਚ ਕੱਟਣ ਤੋਂ ਬਾਅਦ, ਸਬੂਤਾਂ ਦੇ ਨਾ ਮਿਲਣ ਕਾਰਨ ਇੱਕ ਦੋਸ਼ੀ ਨੂੰ ਬਰੀ ਕਰ ਦਿੱਤਾ। ਉਹ 28 ਸਾਲ ਦੀ ਉਮਰ 'ਚ ਜੇਲ੍ਹ ਗਿਆ ਤੇ ਬਰੀ ਹੋਣ ਵੇਲੇ ਉਸਦੀ ਉਮਰ 56 ਸਾਲ ਹੋ ਗਈ। 28 ਸਾਲ ਦਾ ਹਿਸਾਬ ਕੌਣ ਦੇਵੇਗਾ ?

ਇਹਨਾਂ ਅਦਾਲਤੀ ਕੇਸਾਂ ਵਿੱਚ ਉਹ ਫੌਜਦਾਰੀ ਕੇਸ ਵੀ ਸ਼ਾਮਲ ਹਨ, ਜਿਹੜੇ ਦੇਸ਼ ਦੇ ਕਾਨੂੰਨ ਘੜਿਆਂ ਭਾਵ ਮੈਂਬਰ ਪਾਰਲੀਮੈਂਟ, ਵਿਧਾਨ ਸਭਾਵਾਂ ਉਤੇ ਵੀ ਦਰਜ ਹਨ, ਭਾਵੇਂ ਕਿ ਦੇਸ਼ ਦੀ ਸੁਪਰੀਮ ਕੋਰਟ ਇਹਨਾਂ ਕੇਸਾਂ ਦੇ ਨਿਪਟਾਰੇ ਲਈ ਕਈ ਵੇਰ ਹੇਠਲੀਆਂ ਅਦਾਲਤਾਂ ਨੂੰ ਆਦੇਸ਼ ਦੇ ਚੁੱਕੀ ਹੈ। ਉਹਨਾਂ ਵਿਚੋਂ ਬਹੁਤੇ ਜ਼ਮਾਨਤਾਂ 'ਤੇ ਹਨ।

ਜੇਲ੍ਹਾਂ ਵਿੱਚ ਬੰਦ ਸਿਆਸੀ ਨੇਤਾਵਾਂ, ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ, ਵਿਦਿਆਰਥੀਆਂ ਦੇ ਕੇਸਾਂ ਦੇ ਨਿਪਟਾਰੇ ਕਰਨ ਲਈ ਲਗਾਤਾਰ ਦੇਰੀ ਕੀਤੀ ਜਾ ਰਹੀ ਹੈ। ਕਈ ਬੁੱਧੀਜੀਵੀਆਂ ਨੂੰ ਲੰਮਾਂ ਸਮਾਂ ਜੇਲ੍ਹ 'ਚ ਰੱਖਕੇ ਜ਼ਮਾਨਤਾਂ ਦਿੱਤੀਆਂ ਗਈਆਂ, ਕਈਆਂ ਤੇ ਝੂਠੇ ਕੇਸ ਪਾਏ ਗਏ। ਭਾਸ਼ਨਾਂ ਦੇ ਅਧਾਰ 'ਤੇ ਪ੍ਰਸਿੱਧ ਲੇਖਿਕਾ ਅਰੁਨਧਤੀ ਰਾਏ ਅਤੇ ਪ੍ਰੋ: ਸ਼ੇਖ਼ ਸ਼ੌਕਤ ਹੁਸੈਨ ਖ਼ਿਲਾਫ਼ ਦਰਜ ਕੀਤੇ 2010 ਦੇ ਕੇਸ ਵਿੱਚ ਯੂ.ਏ.ਪੀ.ਏ. ਦੀਆਂ ਧਾਰਾਵਾਂ ਤਹਿਤ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੀ ਗਈ ਹੈ। ਨਰਮਦਾ ਡੈਮ ਦੇ ਉਜਾੜੇ ਅਤੇ ਆਦਿਵਾਸੀ ਲੋਕਾਂ ਦੇ ਹੱਕਾਂ ਲਈ ਲੜਨ ਵਾਲੀ ਸਮਾਜਿਕ ਕਾਰਕੁਨ ਮੇਧਾ ਪਾਟੇਕਰ 'ਤੇ ਪਹਿਲੀ ਜੁਲਾਈ 2024 ਨੂੰ 23 ਸਾਲ ਪੁਰਾਣੀ ਸ਼ਿਕਾਇਤ ਨੂੰ ਅਧਾਰ ਬਣਾ ਕੇ ਕੋਈ ਸਬੂਤ ਪੇਸ਼ ਕੀਤੇ ਬਗ਼ੈਰ 5 ਮਹੀਨੇ ਸਜ਼ਾ ਤੇ 10 ਲੱਖ ਰੁਪਏ ਜ਼ੁਰਮਾਨਾ ਕਰਕੇ ਮਾਣਹਾਨੀ ਕੇਸ ਨੂੰ ਫੌਜਦਾਰੀ ਜ਼ੁਰਮ ਬਨਾਉਣ ਵੱਲ ਕਦਮ ਪੁੱਟ ਲਿਆ ਗਿਆ। ਇਸ ਕਿਸਮ ਦਾ ਵਰਤਾਰਾ ਸਿਆਸੀ ਵਿਰੋਧੀਆਂ, ਸਮਾਜਿਕ ਕਾਰਕੁੰਨਾਂ (ਜੋ ਹਾਕਮ ਧਿਰ ਦੀ ਭੈੜੀਆਂ ਨੀਤੀਆਂ ਦਾ ਪਾਜ ਉਭਾਰਦੇ ਹਨ), ਦੀ ਆਵਾਜ਼ ਬੰਦ ਕਰਨ ਲਈ ਕੀਤਾ ਜਾ ਰਿਹਾ ਹੈ।

ਪਿਛਲੇ ਦਿਨੀ ਜੋ ਤਿੰਨ ਫੌਜਦਾਰੀ ਕਾਨੂੰਨ ਪਾਸ ਹੋਏ ਹਨ, ਉਹ ਦੇਸ਼ ਵਿੱਚ ਪਹਿਲੀ ਜੁਲਾਈ ਤੋਂ ਲਾਗੂ ਹੋਏ ਹਨ। ਇਹ ਨਵੇਂ ਫੌਜਦਾਰੀ ਕਾਨੂੰਨ ਇਨਸਾਫ਼ ਦੇ ਪ੍ਰਬੰਧ ਵਿੱਚ ਪੁਲਿਸ ਦੇ ਅਧਿਕਾਰਾਂ ਵਿੱਚ ਅਥਾਹ ਵਾਧਾ ਕਰਦੇ ਹਨ। ਇਸ ਨਾਲ ਪੁਲਿਸ ਰਾਜ ਵਧੇਗਾ। ਪੁਲਿਸ ਰਾਹੀਂ ਹਾਕਮ 'ਦੇਸ਼ ਧ੍ਰੋਹ' ਦੇ ਮੁਕੱਦਮੇ ਦਰਜ਼ ਕਰਨਗੇ। ਕਿਸਾਨਾਂ ਮਜ਼ਦੂਰਾਂ ਅਤੇ ਹੋਰ ਸੰਘਰਸ਼ਸ਼ੀਲ ਤਬਕਿਆਂ ਵਲੋਂ ਹੜਤਾਲਾਂ, ਸੜਕਾਂ ਤੇ ਰੇਲਾਂ ਰੋਕਣੀਆਂ ਆਦਿ ਦੀਆਂ ਕਾਰਵਾਈਆਂ ਨੂੰ ਸਖ਼ਤੀ ਨਾਲ ਦਬਾਉਣ ਦੀ ਤਾਕਤ ਪੁਲਿਸ ਕੋਲ ਵਧੇਰੇ ਹੋ ਜਾਏਗੀ। ਵਧੇਰੇ ਲੋਕ ਜੇਲ੍ਹੀਂ ਡੱਕੇ ਜਾਣਗੇ। ਪੁਲਿਸ ਹਿਰਾਸਤ ਜਿਹੜੀ ਪਹਿਲਾਂ ਸਿਰਫ਼ 15 ਦਿਨ ਹੁੰਦੀ ਸੀ ਤੇ ਬਾਅਦ 'ਚ ਉਸਨੂੰ ਅਦਾਲਤੀ ਹਿਰਾਸਤ ਭੇਜਣ ਜਾਂ ਜ਼ਮਾਨਤ ਮਿਲਣ ਦਾ ਪ੍ਰਾਵਧਾਨ ਹੁੰਦਾ ਸੀ, ਉਹ ਸੱਤ ਸਾਲਾਂ ਦੀ ਸਜ਼ਾ ਵਾਲੇ ਜ਼ੁਰਮਾਂ ਵਿੱਚ 60 ਦਿਨ ਅਤੇ ਇਸ ਤੋਂ ਵੱਧ ਵਾਲੇ ਜ਼ੁਰਮਾਂ ਵਿੱਚ 90 ਦਿਨ ਤੱਕ ਵਧਾ ਦਿੱਤੀ ਗਈ। ਪੁਲਿਸ ਹਿਰਾਸਤ ਮਿਲਣ 'ਤੇ ਜ਼ਮਾਨਤ ਰੱਦ ਹੋਣਾ ਵੀ ਇਕ ਆਮ ਜਿਹੀ ਗੱਲ ਬਣ ਜਾਵੇਗੀ।

ਇਸ ਸਭ ਕੁਝ ਦਾ ਸਿੱਟਾ ਇਹ ਨਿਕਲੇਗਾ ਕਿ ਵਧੇਰੇ ਵਿਅਕਤੀ, ਬਿਨ੍ਹਾਂ ਸਜ਼ਾ ਤੋਂ ਜ਼ਮਾਨਤ ਦੇ ਸਮੇਂ 'ਚ ਬੇਲੋੜੀ ਸਜ਼ਾ ਭੁਗਤਣਗੇ ਅਤੇ ਸਿਆਸੀ ਸਾਜ਼ਿਸ਼ਾਂ ਦਾ ਸ਼ਿਕਾਰ ਹੋਕੇ ਰਹਿ ਜਾਣਗੇ। ਸਿੱਟੇ ਵਜੋਂ ਲੋਕਾਂ 'ਚ ਰੋਹ ਪੈਦਾ ਹੋਏਗਾ। ਸਿਆਸੀ ਸ਼ਰੀਕੇਵਾਜੀ ਵਧੇਗੀ। ਭਾਰਤੀ ਇਨਸਾਫ਼ ਦਾ ਸਿਸਟਮ ਸਿਆਸੀ ਲੋਕਾਂ ਦੀ ਖ਼ੁਦਗਰਜ਼ੀ ਨਾਲ ਚਰਮਰਾ ਗਿਆ ਹੈ। ਇਹ ਕੁਦਰਤੀ ਇਨਸਾਫ਼ ਦੇ ਮਾਪਦੰਡਾਂ ਤੋਂ ਦੂਰ ਚਲੇ ਗਿਆ ਹੈ। ਜਮਹੂਰੀ ਕਦਰਾਂ ਕੀਮਤਾਂ ਨੂੰ ਛਿੱਕੇ ਟੰਗਕੇ ਹਕੂਮਤ ਕਰਨ ਦੀ ਪ੍ਰਵਿਰਤੀ ਨੇ ਦੇਸ਼ 'ਚ ਅਰਾਜਕਤਾ ਦਾ ਮਾਹੌਲ ਪੈਦਾ ਕਰਨ ਵੱਲ ਕਦਮ ਵਧਾਏ ਹਨ। ਲੋਕਾਂ ਦੀਆਂ ਆਸ਼ਾਵਾਂ ਜਾਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਜਦੋਂ ਹਾਕਮ ਪ੍ਰਗਟਾਵੇ ਦੀ ਆਜ਼ਾਦੀ ਉਤੇ ਸੱਟ ਮਾਰਦਾ ਹੈ ਤਾਂ ਉਹ ਪਹਿਲਾਂ ਲੇਖਕਾਂ, ਬੁੱਧੀਜੀਵੀਆਂ ਅਤੇ ਫਿਰ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ। ਸਥਾਪਤੀ ਦੇ ਹਰ ਤਰ੍ਹਾਂ ਦੇ ਵਿਰੋਧ ਦੀ ਨੀਤੀ, ਹਾਕਮ ਧਿਰ ਦੀਆਂ ਡਿਕਟੇਟਰਾਨਾ ਰੁਚੀਆਂ ਦੀ ਪ੍ਰਤੀਕ ਬਣਦੀ ਹੈ। ਤਦੇ ਲੋਕ ਉਸਦੇ ਤਸ਼ੱਦਦ, ਜ਼ੁਲਮ ਦਾ ਸ਼ਿਕਾਰ ਬਣਦੇ ਹਨ, ਜੇਲ੍ਹੀਂ ਡੱਕੇ ਜਾਂਦੇ ਹਨ। ਪੁਲਿਸ ਪ੍ਰਾਸ਼ਾਸ਼ਨ ਦੇ ਧੱਕੇ ਦਾ ਸ਼ਿਕਾਰ ਹੁੰਦੇ ਹਨ। ਇਨਸਾਫ਼ ਦਾ ਤਕਾਜ਼ਾ ਹੈ ਕਿ ਹਰ ਸ਼ਹਿਰੀ ਨੂੰ ਇਨਸਾਫ਼ ਮਿਲੇ। ਦੋਸ਼ੀ ਨੂੰ ਸਜ਼ਾ ਮਿਲੇ। ਬੇਦੋਸ਼ੇ ਬਿਨ੍ਹਾਂ ਵਜ੍ਹਾ ਜੇਲ੍ਹੀਂ ਨਾ ਡੱਕੇ ਜਾਣ।

# ਭਾਰਤ ’ਚ ਮਨੁੱਖੀ ਅਜ਼ਾਦੀ ਤੇ ਲੋਕ ਅਧਿਕਾਰ ਬਚਾਉਣ ਲਈ ਲੋਕ ਲਹਿਰ ਦੀ ਲੋੜ



ਡਾ. ਸੁੱਚਾ ਸਿੰਘ ਗਿੱਲ



ਭਾਰਤ ਦੇ ਸੰਵਿਧਾਨ ਵਿਚ ਮੌਲਿਕ ਅਧਿਕਾਰ ਅਤੇ ਸ਼ਹਿਰੀ ਆਜ਼ਾਦੀਆਂ ਦੀ ਗਰੰਟੀ ਦਿੱਤੀ ਗਈ ਸੀ। ਹਰ ਨਾਗਰਿਕ ਨੂੰ ਦੇਸ਼ ਦੇ ਕਿਸੇ ਵੀ ਹਿੱਸੇ/ ਸੂਬੇ ਵਿੱਚ ਕੰਮ ਕਰਨ ਜਾਂ ਰੁਜ਼ਗਾਰ ਪ੍ਰਾਪਤ ਕਰਨ, ਜਥੇਬੰਦੀਆਂ ਬਣਾਉਣ ਅਤੇ ਉਨ੍ਹਾਂ ਦੇ ਮੈਂਬਰ ਬਣਨ ਦੀ ਖੁੱਲ੍ਹ ਦਿੱਤੀ ਗਈ ਸੀ। ਸੂਬਿਆਂ ਦੀ ਖ਼ੁਦਮੁਖ਼ਤਿਆਰੀ ਵਾਸਤੇ ਮੱਦਾਂ ਦੀ ਸਪੈਸ਼ਲ ਸੂਚੀ ਤਿਆਰ ਕੀਤੀ ਗਈ, ਜਿਨ੍ਹਾਂ ’ਤੇ ਵਿਧਾਨ ਸਭਾ ਨੂੰ ਕਾਨੂੰਨ ਬਣਾਉਣ ਅਤੇ ਰਾਜ ਸਰਕਾਰਾਂ ਨੂੰ ਕਾਨੂੰਨ ਲਾਗੂ ਕਰਨ ਦਾ ਅਧਿਕਾਰ ਦਿੱਤਾ ਗਿਆ ਸੀ। ਦੇਸ਼ ਦੀ ਜਮਹੂਰੀਅਤ ਦਾ ਖਾਸਾ ਸੰਘੀ ਢਾਂਚੇ ’ਤੇ ਅਧਾਰਿਤ ਹੈ। ਭਾਰਤ ਸੂਬਿਆਂ ਦੀ ਯੂਨੀਅਨ ਵਾਲਾ ਇੱਕ ਦੇਸ਼ ਹੈ। ਜਮਹੂਰੀਅਤ ਨੂੰ ਕਾਮਯਾਬ ਬਣਾਉਣ ਲਈ ਕਾਰਜਕਾਰਨੀ, ਨਿਆਂਪਾਲਿਕਾ ਅਤੇ ਕਾਨੂੰਨ ਘੜਨੀ (ਪਾਰਲੀਮੈਂਟ ਅਤੇ ਵਿਧਾਨ ਸਭਾਵਾਂ) ਨੂੰ ਇੱਕ ਦੂਜੇ ਤੋਂ ਖ਼ੁਦਮੁਖ਼ਤਿਆਰ ਰੱਖਿਆ ਗਿਆ ਹੈ। ਦੇਸ਼ ਦੇ ਅਰਥਚਾਰੇ ਵਾਸਤੇ ਨਿਰਦੇਸ਼ਕ ਸਿਧਾਂਤਾਂ ਵਿੱਚ ਆਰਥਿਕ ਵਿਕਾਸ ਦੀ ਪ੍ਰਕਿਰਿਆ ਵਿੱਚ ਧਨ ਦੌਲਤ ਦੇ ਥੋੜ੍ਹੇ ਹੱਥਾਂ ਵਿੱਚ ਇਕੱਠੇ ਨਾ ਹੋਣ ਬਾਰੇ ਨੀਤੀ ਨਿਰਦੇਸ਼ ਦਿੱਤੇ ਗਏ ਸਨ। ਇਨ੍ਹਾਂ ਨਿਰਦੇਸ਼ਾਂ ਅਨੁਸਾਰ ਦੇਸ਼ ਦੀ ਆਰਥਿਕਤਾ ਦਾ ਵਿਕਾਸ ਕਰਨ ਵਾਸਤੇ ਯੋਜਨਾ ਕਮਿਸ਼ਨ 1950 ਵਿੱਚ ਕਾਇਮ ਕੀਤਾ ਗਿਆ ਸੀ ਤਾਂ ਕਿ ਆਰਥਿਕ ਵਿਕਾਸ ਦੇ ਨਾਲ-ਨਾਲ ਆਰਥਿਕ ਬਰਾਬਰਤਾ ਨੂੰ ਵੀ ਪ੍ਰਾਪਤ ਕੀਤਾ ਜਾ ਸਕੇ। ਭੂਮੀ ਸੁਧਾਰਾਂ ਤਹਿਤ ਭੂਮੀ ਮਾਲਕੀ ਦੀ ਉਪਰਲੀ ਸੀਮਾ ਨਿਸ਼ਚਿਤ ਕੀਤੀ ਗਈ ਸੀ। ਉਦਯੋਗਿਕ ਸੈਕਟਰ ਵਿੱਚ ਭਾਰੀ ਅਤੇ ਮੁਢਲੇ ਉਦਯੋਗ ਜਿਵੇਂ ਸਟੀਲ, ਭਾਰੀ ਮਸ਼ੀਨਾਂ, ਰੇਲਵੇ, ਖਾਣਾਂ, ਫ਼ੌਜੀ ਸੁਰੱਖਿਆ ਨਾਲ ਸਬੰਧਤ ਸਾਜ਼ੋ ਸਾਮਾਨ ਆਦਿ ਨੂੰ ਪਬਲਿਕ ਖੇਤਰ ਵਾਸਤੇ ਰਿਜ਼ਰਵ ਰੱਖਿਆ ਗਿਆ ਸੀ। ਪਬਲਿਕ ਖੇਤਰ ਦੇ ਅਦਾਰੇ ਮੁਲਾਜ਼ਮਾਂ ਦੇ ਰੁਜ਼ਗਾਰ ਵਾਸਤੇ ਮਾਡਲ ਰੁਜ਼ਗਾਰਦਾਤਾ ਮੰਨੇ ਗਏ ਸਨ। ਮੁਲਾਜ਼ਮਾਂ ਨੂੰ ਮਿਆਰੀ ਉਜਰਤਾਂ/ ਤਨਖਾਹਾਂ, ਭੱਤੇ, ਪ੍ਰਾਵੀਡੈਂਟ ਫੰਡ/ ਪੈਨਸ਼ਨਾਂ, ਹਫਤੇ ਵਿੱਚ ਇੱਕ ਜਾਂ ਦੋ ਦਿਨਾਂ ਦੀ ਛੁੱਟੀ, ਬਿਮਾਰੀ ਦੀ ਛੁੱਟੀ ਅਤੇ ਔਰਤਾਂ ਵਾਸਤੇ ਜਣੇਪੇ ਦੀ ਤਨਖਾਹ ਨਾਲ ਪ੍ਰਸੂਤੀ ਛੁੱਟੀ ਆਦਿ ਦੀ ਵਿਵਸਥਾ ਕੀਤੀ ਗਈ ਸੀ। ਪ੍ਰਾਈਵੇਟ ਸੈਕਟਰ ਤੋਂ ਇਸ ਆਧਾਰ ’ਤੇ ਮੁਲਾਜ਼ਮਾਂ/ਮਜ਼ਦੂਰਾਂ ਨੂੰ ਸਹੂਲਤਾਂ ਪ੍ਰਦਾਨ ਕਰਨ ਵਾਸਤੇ ਵੱਡੀਆਂ ਇਕਾਈਆਂ ਲਈ ਕਾਨੂੰਨ ਬਣਾਏ ਗਏ ਸਨ। ਇਸ ਨਾਲ ਸੰਗਠਿਤ ਖੇਤਰ ਵਿੱਚ ਰੁਜ਼ਗਾਰ ਦੀ ਗੁਣਵੱਤਾ ਵਿੱਚ ਸੁਧਾਰ ਆਇਆ ਸੀ ।ਸੰਗਠਿਤ ਖੇਤਰ ਦੀਆਂ ਪਬਲਿਕ ਅਤੇ ਪ੍ਰਾਈਵੇਟ ਇਕਾਈਆਂ ਵਿੱਚ ਮੁਲਾਜ਼ਮਾਂ/ਮਜ਼ਦੂਰਾਂ ਦੀਆਂ ਯੂਨੀਅਨਾਂ ਨੇ ਇਸ ਨੂੰ ਸੁਨਿਸ਼ਚਿਤ ਵੀ ਕਰ ਦਿੱਤਾ ਸੀ। ਪਰ ਗੈਰ ਸੰਗਠਿਤ ਖੇਤਰ ਵਿੱਚ ਇਹ ਸਭ ਕੁਝ ਲਾਗੂ ਨਹੀਂ ਹੋ ਸਕਿਆ ।ਕੇਂਦਰ ਸਰਕਾਰਾਂ ਵਲੋਂ ਸੰਵਿਧਾਨ ਵਿੱਚ ਸੋਧਾਂ ਕਰਕੇ ਸੂਬਿਆਂ ਦੇ ਕੁਝ ਅਧਿਕਾਰਾਂ ਨੂੰ ਖੋਰਾ ਲਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਦੇਸ਼ ਵਿਆਪੀ ਐਮਰਜੈਂਸੀ (1975-77) ਦੌਰਾਨ ਵਿੱਦਿਆ ਦੀ ਮੱਦ ਨੂੰ ਸਟੇਟ ਲਿਸਟ ਵਿਚੋਂ ਕੱਢ ਕੇ ਸਾਂਝੀ ਲਿਸਟ ਵਿੱਚ ਸ਼ਾਮਿਲ ਕਰ ਲਿਆ ਗਿਆ ਸੀ। ਜੀ. ਐਸ. ਟੀ. ਬਾਰੇ ਕਾਨੂੰਨ ਸਤੰਬਰ 2016 ਵਿੱਚ ਪਾਸ ਕਰਕੇ ਇਸ ਨੂੰ 2017 ਵਿੱਚ ਲਾਗੂ ਕੀਤਾ ਗਿਆ । ਇਸ ਨਾਲ ਸੂਬਿਆਂ ਤੋਂ ਟੈਕਸ ਲਾਉਣ ਦੀ ਕਾਫੀ ਤਾਕਤ ਕੇਂਦਰ ਸਰਕਾਰ ਨੇ ਆਪਣੇ ਹੱਥ ਵਿੱਚ ਲੈ ਲਈ ਸੀ। ਇਸ ਦਾ ਖਮਿਆਜ਼ਾ ਹੁਣ ਸੂਬਿਆਂ ਨੂੰ ਭੁਗਤਣਾ ਪੈ ਰਿਹਾ ਹੈ। ਜਿਨ੍ਹਾਂ ਸੂਬਿਆਂ ਵਿੱਚ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਹਨ। ਉਨ੍ਹਾਂ ਨੂੰ ਟੈਕਸ ਦੇ ਬਣਦੇ ਹਿੱਸੇ ਦਾ ਦੇਰੀ ਨਾਲ ਭੁਗਤਾਨ ਕੀਤਾ ਜਾਂਦਾ ਹੈ। ਕੇਂਦਰ ਸਰਕਾਰ ਵੱਲੋਂ 2020 ਵਿੱਚ ਖੇਤੀ ਨਾਲ ਸਬੰਧਿਤ ਤਿੰਨ ਕਾਨੂੰਨ ਪਾਸ ਕਰਕੇ ਸੂਬਿਆਂ ਦੇ ਅਧਿਕਾਰਾਂ ’ਤੇ ਡੂੰਘੀ ਸੱਟ ਮਾਰੀ ਗਈ ਸੀ ।ਕਿਸਾਨਾਂ ਦੇ ਵਿਰੋਧ ਕਾਰਨ ਇਨ੍ਹਾਂ ਕਾਨੂੰਨਾਂ ਨੂੰ 2021 ਵਿੱਚ ਵਾਪਸ ਲੈਣਾ ਪਿਆ ਸੀ। ਹੁਣ ਬਾਰਡਰ ਏਰੀਆ ਦੀ ਪੱਟੀ 10 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਕਰ ਦਿੱਤੀ ਗਈ ਹੈ। ਇਸ ਨਾਲ ਬਾਰਡਰ ਨਾਲ ਲਗਦੇ ਸੂਬਿਆਂ ਦੇ ਕਾਫੀ ਵੱਡੇ ਇਲਾਕਿਆਂ ਤੇ ਦੇਸ਼ ਦੀ ਸੁਰੱਖਿਆ ਦੇ ਨਾਂਅ ’ਤੇ ਕੇਂਦਰ ਸਰਕਾਰ ਵਲੋਂ ਆਪਣੀ ਦਖਲਅੰਦਾਜ਼ੀ ਵਧਾਈ ਗਈ ਹੈ। ਗਵਰਨਰ ਦੇ ਅਹੁਦੇ ਨੂੰ ਵਰਤ ਕੇ ਕੇਂਦਰ ਸਰਕਾਰ ਵਿਰੋਧੀ ਪਾਰਟੀਆਂ ਦੀਆਂ ਸੂਬਾ ਸਰਕਾਰਾਂ ਵਿੱਚ ਬੇਲੋੜੀ ਦਖਲਅੰਦਾਜ਼ੀ ਕਰ ਰਹੀ ਹੈ।

ਪਿਛਲੇ ਸਾਲ (2023) ਬਸਤੀਵਾਦੀ ਸਮੇਂ ਦੇ ਅਪਰਾਧ ਨਾਲ ਸਬੰਧਿਤ ਤਿੰਨ ਕਾਨੂੰਨਾਂ ਵਿੱਚ ਸੋਧਾਂ ਕਰਕੇ ਦੇਸ਼ ਵਿਚ ਪੁਲੀਸ ਰਾਜ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਨਾਗਰਿਕਾਂ ਨੂੰ ਪੁਛਗਿੱਛ ਲਈ 10 ਦਿਨਾਂ ਦੀ ਬਜਾਏ 90 ਦਿਨ ਲਈ ਪੁਲਿਸ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ। ਗੈਰਕਾਨੂੰਨੀ ਕਾਰਵਾਈਆਂ ਰੋਕੂ ਐਕਟ ਤਹਿਤ ਕਿਸੇ ਵਿਅਕਤੀ ’ਤੇ ਕੇਸ ਦਰਜ ਹੋਣ ’ਤੇ ਕਈ ਸਾਲ (2 ਸਾਲ ਜਾਂ ਵੱਧ) ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ। ਭੀਮਾ ਕੋਰੇਗਾਓਂ ਕੇਸ ਵਿੱਚ ਸਮਾਜਿਕ ਜਮਹੂਰੀ ਕਾਰਕੁਨਾਂ ਨੂੰ ਕਈ ਸਾਲ ਜੇਲ੍ਹਾਂ ਵਿੱਚ ਸੁੱਟਿਆ ਗਿਆ ਸੀ। ਹੁਣ ਅਰੁੰਧਤੀ ਰਾਏ ਅਤੇ ਸ਼ੇਖ ਸ਼ੌਕਤ ਹੁਸੈਨ ਦੇ ਖ਼ਿਲਾਫ਼ 2010 ਵਿੱਚ ਦਿੱਤੇ ਭਾਸ਼ਨਾਂ ਦੇ ਆਧਾਰ ’ਤੇ ਇਸ ਕਾਨੂੰਨ ਤਹਿਤ ਕੇਸ ਦਰਜ ਕਰਨ ਦੀ ਦਿੱਲੀ ਦੇ ਲੈਫਟੀਨੈਂਟ ਗਵਰਨਰ ਵਲੋਂ ਪ੍ਰੋਜੈਕਟਸ ਦਿੱਤੀ ਗਈ ਹੈ । ਇਨਫੋਰਸਮੈਂਟ ਡਾਇਰੈਕਟੋਰੇਟ ਨੂੰ ਮਨੀਲਾਂਡਰਿੰਗ ਦਾ ਕੇਸ ਦਰਜ ਕਰਕੇ ਕਿਸੇ ਵਿਅਕਤੀ ਨੂੰ ਲੰਮੇ ਸਮੇਂ ਤੱਕ ਹਿਰਾਸਤ ਵਿੱਚ ਰੱਖਣ ਦਾ ਅਧਿਕਾਰ ਦਿੱਤਾ ਗਿਆ ਹੈ। ਸੀ. ਬੀ. ਆਈ. ਦੀ ਵਿਰੋਧੀਆਂ ਖਿਲਾਫ਼ ਦੁਰਵਰਤੋਂ ਕੀਤੀ ਜਾ ਰਹੀ ਹੈ। ਵਿਰੋਧੀ ਪਾਰਟੀਆਂ ਦੇ ਮੁੱਖ ਮੰਤਰੀਆਂ ਨੂੰ ਜੇਲ੍ਹਾਂ ਵਿੱਚ ਸੁੱਟਿਆ ਗਿਆ ਹੈ । ਇਸ ਨਾਲ ਮਨੁੱਖੀ ਅਧਿਕਾਰਾਂ ਅਤੇ ਸ਼ਹਿਰੀ ਆਜ਼ਾਦੀਆਂ ਦਾ ਹੱਕ ਖੋਹਿਆ ਜਾ ਰਿਹਾ ਹੈ। ਧਰਮ ਦੇ ਅਧਾਰ ’ਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਦੀ ਪ੍ਰਮੁੱਖ ਮਿਸਾਲ ਇਕ ਸਾਲ ਤੋਂ ਵੱਧ ਸਮੇਂ ਤੱਕ ਮਨੀਪੁਰ ਵਿੱਚ ਜਾਰੀ ਹਿੰਸਕ ਘਟਨਾਵਾਂ ਤੋਂ ਮਿਲਦੀ ਹੈ। ਹਿੰਦੀ ਪ੍ਰਦੇਸ਼ਾਂ ਵਿੱਚ ਘੱਟ ਗਿਣਤੀਆਂ ਦੇ ਘਰ ਅਦਾਲਤੀ ਫ਼ੈਸਲਿਆਂ ਤੋਂ ਬਗੈਰ ਬੁਲਡੋਜ਼ਰਾਂ ਨਾਲ ਢਾਏ ਜਾ ਰਹੇ ਹਨ । ਔਰਤਾਂ ਦੇ ਖ਼ਿਲਾਫ਼ ਹਿੰਸਾ ਵਧ ਰਹੀ ਹੈ ਅਤੇ ਹਾਕਮ ਪਾਰਟੀਆਂ ਦੇ ਕਾਰਕੁਨਾਂ ਵਲੋਂ ਇਸ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਸਰਕਾਰਾਂ ਵਲੋਂ ਪੀੜਤ ਔਰਤਾਂ ਦੀ ਮਦਦ ਕਰਨ ਦੀ ਬਜਾਏ ਪ੍ਰਭਾਵਸ਼ਾਲੀ ਸਿਆਸੀ ਕਾਰਕੁਨਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪਹਿਲਵਾਨ ਔਰਤਾਂ ਦੇ ਸੰਘਰਸ਼ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦਿਵਾਉਣ ਵਿੱਚ ਸਰਕਾਰਾਂ ਹੱਥ ਪਿੱਛੇ ਖਿੱਚ ਰਹੀਆਂ ਹਨ। ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਚੋਣ ਕਮਿਸ਼ਨ, ਸੀ.ਬੀ.ਆਈ., ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਅਦਾਲਤਾਂ ਦੀ ਖ਼ੁਦਮੁਖ਼ਤਿਆਰੀ ਕੇਂਦਰ ਸਰਕਾਰ ਵਲੋਂ ਲਗਾਤਾਰ ਘਟਾਈ ਜਾ ਰਹੀ ਹੈ ।ਇਸ ਕਾਰਨ ਲੋਕਾਂ ਦਾ ਵਿਸ਼ਵਾਸ ਜਮਹੂਰੀਅਤ ਵਿੱਚ ਘਟਦਾ ਜਾ ਰਿਹਾ ਹੈ ।

ਆਰਥਿਕਤਾ ਦੇ ਵਿਕਾਸ ਦਾ ਵਰਤਾਰਾ ਆਮ ਲੋਕਾਂ ਦੀ ਵਿਕਾਸ ਵਿੱਚ ਸ਼ਮੂਲੀਅਤ ਦੀ ਬਜਾਏ ਕੁੱਝ ਕੁ ਵੱਡੇ ਪੂੰਜੀਪਤੀਆਂ ਨੂੰ ਮਾਲਾਮਾਲ ਕਰ ਰਿਹਾ ਹੈ ।ਦੇਸ਼ ਦੇ ਇੱਕ ਪ੍ਰਤੀਸ਼ਤ ਤੋਂ ਘੱਟ ਦੌਲਤਮੰਦ ਵਿਅਕਤੀਆਂ ਕੋਲ 40 ਫ਼ੀਸਦੀ ਤੋਂ ਵੱਧ ਆਮਦਨ ਇਕੱਠੀ ਹੋ ਗਈ ਹੈ। ਦੇਸ਼ ਦੀ ਧਨ ਦੌਲਤ ਦਾ ਵੱਡਾ ਹਿੱਸਾ (40.5 ਫ਼ੀਸਦੀ) ਇਨ੍ਹਾਂ ਅਮੀਰਾਂ ਕੋਲ ਇਕੱਠਾ ਹੋ ਗਿਆ ਹੈ। ਦੂਜੇ ਪਾਸੇ 50 ਫ਼ੀਸਦੀ ਗਰੀਬ ਲੋਕਾਂ ਕੋਲ ਦੇਸ਼ ਦੀ ਆਮਦਨ ਦਾ 13.1 ਫ਼ੀਸਦੀ ਹਿੱਸਾ ਅਤੇ ਧਨ ਦੌਲਤ ਦਾ ਸਿਰਫ 5.9 ਫ਼ੀਸਦੀ ਹੀ ਰਹਿ ਗਿਆ ਹੈ। ਰਿਪੋਰਟਾਂ ਇਹ ਵੀ ਦੱਸਦੀਆਂ ਹਨ ਕਿ ਆਰਥਿਕ ਵਿਕਾਸ ਦਾ ਫਾਇਦਾ ਸਿਰਫ ਉਪਰਲੇ 10 ਫ਼ੀਸਦੀ ਵਿਅਕਤੀਆਂ ਨੂੰ ਹੀ ਹੋ ਰਿਹਾ ਹੈ। ਧਨ ਦੌਲਤ ਵੀ ਇਨ੍ਹਾਂ ਕੋਲ ਇੱਕਠੀ ਹੋ ਰਹੀ ਹੈ। ਕਿਰਤ ਕਾਨੂੰਨਾਂ ਨੂੰ ਬਦਲ ਕੇ ਲੇਬਰ ਕੋਡ ਬਣਾਏ ਗਏ ਹਨ, ਜਿਨ੍ਹਾਂ ਨਾਲ ਕਿਰਤੀਆਂ ਅਤੇ ਮੁਲਾਜ਼ਮਾਂ ਦੀ ਹੋਰ ਲੁੱਟ ਕਰਨ ਦਾ ਰਾਹ ਖੋਲ੍ਹ ਦਿੱਤਾ ਗਿਆ ਹੈ।

(ਬਾਕੀ ਸਫ਼ਾ 31 ’ਤੇ)

# ‘ਆਪ’ ਸਰਕਾਰ ਕਾਰਨ ਪੰਜਾਬ ਨੂੰ ਵੱਡੇ ਆਰਥਿਕ, ਸਮਾਜਿਕ ਤੇ ਵਾਤਾਵਰਨ ਸੰਕਟ ਦਾ ਕਰਨਾ ਪਵੇਗਾ ਸਾਹਮਣਾ

ਸਤਨਾਮ ਮਾਣਕ
(ਸੀਨੀਅਰ ਪੱਤਰਕਾਰ)

ਪੰਜਾਬ ਇਸ ਸਮੇਂ ਬਹੁਪੱਖੀ ਸੰਕਟਾਂ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਦੀ ਇਹ ਸਥਿਤੀ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੋਵਾਂ ਦਾ ਵਿਸ਼ੇਸ਼ ਧਿਆਨ ਮੰਗਦੀ ਹੈ। ਪਰ ਬਦਕਿਸਮਤੀ ਵਾਲੀ ਗੱਲ ਇਹ ਹੈ ਕਿ ਵੱਖ-ਵੱਖ ਮੁੱਦਿਆਂ ’ਤੇ ਕੇਂਦਰ ਤੇ ਪੰਜਾਬ ਸਰਕਾਰ ਵਿਚਕਾਰ ਚੱਲ ਰਹੇ ਟਕਰਾਅ ਕਾਰਨ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਧਿਆਨ ਪੰਜਾਬ ਨਾਲੋਂ ਦੇਸ਼-ਵਿਦੇਸ਼ ਦੇ ਹੋਰ ਮਸਲਿਆਂ ਵੱਲ ਵਧੇਰੇ ਹੋਣ ਕਾਰਨ ਰਾਜ ਨੂੰ ਦੋਹਰੀ ਮਾਰ ਪੈ ਰਹੀ ਹੈ। ਇਸ ਦੇ ਭਖਦੇ ਮਸਲਿਆਂ ਵੱਲ ਕਿਸੇ ਦਾ ਵੀ ਧਿਆਨ ਨਹੀਂ ਜਾ ਰਿਹਾ।

ਜੇਕਰ ਮੁੱਖ ਮੰਤਰੀ ਦੀ ਗੱਲ ਕਰੀਏ ਤਾਂ ਉਨ੍ਹਾਂ ਦਾ ਤੇ ਉਨ੍ਹਾਂ ਦੀ ਸਰਕਾਰ ਦਾ ਸਭ ਤੋਂ ਜ਼ਰੂਰੀ ਕੰਮ ਹੈ ਰਾਜ ਦੇ ਪ੍ਰਸ਼ਾਸਨ ਵੱਲ ਧਿਆਨ ਦੇਣਾ, ਲੋਕਾਂ ਨੂੰ ਵੱਖ-ਵੱਖ ਤਰ੍ਹਾਂ ਦੇ ਦਰਪੇਸ਼ ਆ ਰਹੇ ਮਸਲਿਆਂ ਨੂੰ ਹੱਲ ਕਰਵਾਉਣਾ, ਰਾਜ ਨੂੰ ਵਿੱਤੀ ਤੌਰ ’ਤੇ ਮਜ਼ਬੂਤ ਕਰਨਾ, ਸਿੱਖਿਆ ਤੇ ਸਿਹਤ ਸੇਵਾਵਾਂ ਨੂੰ ਬਿਹਤਰ ਢੰਗ ਨਾਲ ਚਲਾਉਣਾ, ਨੌਜਵਾਨਾਂ ਲਈ ਸਰਕਾਰੀ ਅਤੇ ਨਿੱਜੀ ਖ਼ੇਤਰ ਵਿਚ ਰੁਜ਼ਗਾਰ ਦੇ ਢੁਕਵੇਂ ਪ੍ਰਬੰਧ ਕਰਨਾ। ਪਰ ਜਾਪਦਾ ਇਹ ਹੈ ਕਿ ਮੁੱਖ ਮੰਤਰੀ ਆਪਣੇ ਉਕਤ ਫ਼ਰਜ਼ਾਂ ਨੂੰ ਨਿਭਾਉਣ ਦੀ ਥਾਂ ਹੋਰ ਕੰਮਾਂ ਵੱਲ ਜ਼ਿਆਦਾ ਧਿਆਨ ਦੇ ਰਹੇ ਹਨ। ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਦੇ ਦਿੱਲੀ ਸਰਕਾਰ ਦੀ ਵਿਵਾਦਪੂਰਨ ਸ਼ਰਾਬ ਨੀਤੀ ਸੰਬੰਧੀ ਕੇਸ ਵਿੱਚ ਜੇਲ੍ਹ ’ਚ ਹੋਣ ਕਾਰਨ, ਪਾਰਟੀ ਨੇ ਹਰਿਆਣਾ ਵਿੱਚ ਵਿਧਾਨ ਸਭਾ ਚੋਣਾਂ ਲੜਨ ਅਤੇ ਪਾਰਟੀ ਨਾਲ ਸੰਬੰਧਿਤ ਹੋਰ ਕਈ ਤਰ੍ਹਾਂ ਦੇ ਕੰਮਕਾਜ ਕਰਨ ਦੀ ਜ਼ਿੰਮੇਵਾਰੀ ਵੀ ਮੁੱਖ ਮੰਤਰੀ ਭਗਵੰਤ ਮਾਨ ’ਤੇ ਹੀ ਪਾ ਦਿੱਤੀ ਹੈ। ਇਸ ਸਮੇਂ ਉਹ ਹਰਿਆਣਾ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਲਈ ਪਾਰਟੀ ਵਲੋਂ ਪ੍ਰਚਾਰ ਕਰਦੇ ਨਜ਼ਰ ਆ ਰਹੇ ਹਨ। ਇਸ ਦੇ ਨਾਲ ਹੀ ਨਾਲ ਉਹ ਆਪਣੀ ਪ੍ਰਚਾਰ ਮੁਹਿੰਮ ਦੌਰਾਨ ਬੰਗਲਾਦੇਸ਼ ਦੇ ਘਟਨਾਕ੍ਰਮ ਦਾ ਵਾਰ-ਵਾਰ ਹਵਾਲਾ ਦਿੰਦੇ ਹੋਏ ਕੇਂਦਰ ਸਰਕਾਰ ਦੀਆਂ ਤਾਨਾਸ਼ਾਹੀ ਨੀਤੀਆਂ ਦੀ ਸਖ਼ਤ ਆਲੋਚਨਾ ਕਰ ਰਹੇ ਹਨ। ਕੇਂਦਰ ਦੇ ਹੁਕਮਰਾਨਾਂ ਨੂੰ ਇਹ ਸਮਝਾ ਰਹੇ ਹਨ ਕਿ ਸ਼ੇਖ਼ ਹਸੀਨਾ ਦੇ ਹਸ਼ਰ ਤੋਂ ਸਬਕ ਸਿੱਖਣਾ ਚਾਹੀਦਾ ਹੈ। ਕੇਂਦਰੀ ਹੁਕਮਰਾਨਾਂ ਨੂੰ ਆਪਣੇ ਵਿਰੋਧੀਆਂ ਦੇ ਪ੍ਰਤੀ ਤਾਨਾਸ਼ਾਹੀ ਤੇ ਦਮਨਕਾਰੀ ਨੀਤੀਆਂ ਅਖ਼ਤਿਆਰ ਨਹੀਂ ਕਰਨੀਆਂ ਚਾਹੀਦੀਆਂ, ਲੋਕਾਂ ਦੇ ਮਸਲਿਆਂ ਪ੍ਰਤੀ ਸੰਵੇਦਨਸ਼ੀਲ ਰਹਿਣਾ ਚਾਹੀਦਾ ਹੈ, ਨਹੀਂ ਤਾਂ ਲੋਕ ਹੁਕਮਰਾਨਾਂ ਨੂੰ ਭੱਜਣ ਲਈ ਮਜਬੂਰ ਕਰ ਦਿੰਦੇ ਹਨ।

ਮੁੱਖ ਮੰਤਰੀ ਦੇ ਕੇਂਦਰੀ ਹੁਕਮਰਾਨਾਂ ਦੀਆਂ ਨੀਤੀਆਂ ਸੰਬੰਧੀ ਵਿਚਾਰਾਂ ਵਿੱਚ ਕਈ ਪਹਿਲੂਆਂ ਤੋਂ ਸੱਚਾਈ ਹੋ ਸਕਦੀ ਹੈ ਪਰ ਇਸ ਪ੍ਰਸੰਗ ਵਿੱਚ ਅਸੀਂ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਮੰਤਰੀ ਮੰਡਲ ਦੇ ਹੋਰ ਸਾਥੀਆਂ ਨੂੰ ਵੀ ਇਹ ਕਹਿਣਾ ਚਾਹੁੰਦੇ ਹਾਂ ਕਿ ਉਨ੍ਹਾਂ ਨੂੰ ਖ਼ੁਦ ਵੀ ਬੰਗਲਾਦੇਸ਼ ਦੇ ਘਟਨਾਕ੍ਰਮ ਤੋਂ ਸਬਕ ਸਿੱਖਣਾ ਚਾਹੀਦਾ ਹੈ। ਜਦੋਂ ਦੀ ਰਾਜ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਉਨ੍ਹਾਂ ਨੇ ਲਗਾਤਾਰ ਆਪਣੇ ਸਿਆਸੀ ਵਿਰੋਧੀਆਂ ਅਤੇ ਆਲੋਚਨਾਤਮਿਕ ਦ੍ਰਿਸ਼ਟੀਕੋਣ ਰੱਖਣ ਵਾਲੇ ਮੀਡੀਆ ਦੇ ਖਿਲਾਫ਼ ਦਮਨਕਾਰੀ ਨੀਤੀਆਂ ਅਖ਼ਤਿਆਰ ਕੀਤੀਆਂ ਹੋਈਆਂ ਹਨ। ਸਿਆਸੀ ਵਿਰੋਧੀਆਂ ਦੇ ਖਿਲਾਫ਼ ਭ੍ਰਿਸ਼ਟਾਚਾਰ ਖ਼ਤਮ ਕਰਨ ਦੇ ਨਾਂਅ ’ਤੇ ਅਨੇਕਾਂ ਤਰ੍ਹਾਂ ਦੇ ਕੇਸ ਦਰਜ ਕਰਕੇ ਉਨ੍ਹਾਂ ਦੀ ਪਕੜ-ਧਕੜ ਕੀਤੀ ਗਈ ਹੈ। ਕੁਝ ਵਿਰੋਧੀ ਸਿਆਸੀ ਨੇਤਾਵਾਂ ਨੂੰ ਵੱਖ-ਵੱਖ ਕੇਸ ਦਰਜ ਕਰਕੇ ਵਾਰ-ਵਾਰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਹੋ ਰਹੀ ਹੈ, ਜਿਸ ਵਿਚੋਂ ਬਦਲਾਲਊ ਰਾਜਨੀਤੀ ਦੀ ਬੂ ਆਉਂਦੀ ਹੈ। ਦੂਜੇ ਪਾਸੇ ਵਿਰੋਧੀ ਮੀਡੀਆ ਦੇ ਇਸ਼ਤਿਹਾਰ ਬੰਦ ਕਰਕੇ ਅਤੇ ਝੂਠੇ ਕੇਸ ਦਰਜ ਕਰਕੇ ਉਸ ਦੀ ਜ਼ੁਬਾਨਬੰਦੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਆਮ ਆਦਮੀ ਪਾਰਟੀ ਦੀ ਹਵਾ ਬਣਾਉਣ ਲਈ ਸਿੱਧੇ-ਅਸਿੱਧੇ ਢੰਗ ਨਾਲ ਪੰਜਾਬ ਦੇ ਵਿੱਤੀ ਸਰੋਤਾਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਦੇਸ਼ ਭਰ ਦੇ ਪ੍ਰਿੰਟ ਅਤੇ ਬਿਜਲਈ ਮੀਡੀਏ ਵਿੱਚ ਪੰਜਾਬ ਸਰਕਾਰ ਵਲੋਂ ਕੀਤੀ ਜਾ ਰਹੀ ਰੋਜ਼ਾਨਾ ਕਰੋੜਾਂ ਰੁਪਏ ਦੀ ਇਸ਼ਤਿਹਾਰਬਾਜ਼ੀ ਨੂੰ ਵੀ ਇਸ ਸੰਦਰਭ ਵਿੱਚ ਹੀ ਦੇਖਿਆ ਅਤੇ ਸਮਝਿਆ ਜਾ ਸਕਦਾ ਹੈ। ਇਸ਼ਤਿਹਾਰਬਾਜ਼ੀ ਰਾਹੀਂ ਪੰਜਾਬ ਦੀ ਜੋ ਤਸਵੀਰ ਦਿਖਾਈ ਜਾ ਰਹੀ ਹੈ, ਰਾਜ ਦੀਆਂ ਹਕੀਕਤਾਂ ਉਸ ਨਾਲ ਮੇਲ ਨਹੀਂ ਖਾਂਦੀਆਂ। ਰਾਜ ਦੀ ਵਿੱਤੀ ਹਾਲਤ ਇਹ ਹੈ ਕਿ ਇਕ ਸਾਲ ਵਿੱਚ ਹੀ ਰਾਜ ਸਰਕਾਰ ਵਾਰ-ਵਾਰ ਕਰਜ਼ਾ ਚੁੱਕ ਰਹੀ ਹੈ। ਪਿਛਲੇ ਦਿਨੀਂ ਹੀ ਰਾਜ ਸਰਕਾਰ ਨੇ 700 ਕਰੋੜ ਰੁਪਏ ਦਾ ਹੋਰ ਨਵਾਂ ਕਰਜ਼ਾ ਚੁੱਕਿਆ ਹੈ। ਜਿਸ ਦੀ ਮੁਕੰਮਲ ਅਦਾਇਗੀ ਅਗਲੇ 11 ਸਾਲਾਂ ਵਿੱਚ ਆਉਣ ਵਾਲੀਆਂ ਸਰਕਾਰਾਂ ਨੂੰ ਵੀ ਕਰਨੀ ਪਵੇਗੀ। ਅਨੇਕਾਂ ਵਾਰ ਅਜਿਹੀਆਂ ਸਥਿਤੀਆਂ ਪੈਦਾ ਹੋ ਜਾਂਦੀਆਂ ਹਨ ਕਿ ਰਾਜ ਸਰਕਾਰ ਨੂੰ ਆਪਣੇ ਮੁਲਾਜ਼ਮਾਂ ਨੂੰ ਨਿਰੰਤਰ ਤਨਖਾਹਾਂ ਦੇਣ ਲਈ ਪੈਸਿਆਂ ਦਾ ਪ੍ਰਬੰਧ ਕਰਨ ਵਿੱਚ ਵੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਕਰ ਸਰਕਾਰ ਨੇ ਮੁਫ਼ਤ ਬਿਜਲੀ ਅਤੇ ਕਈ ਹੋਰ ਮੁਫ਼ਤਖ਼ੋਰੀ ’ਤੇ ਆਧਾਰਿਤ ਸਕੀਮਾਂ ਨੂੰ ਤਰਕ ਸੰਗਤ ਨਾ ਬਣਾਇਆ ਤਾਂ ਆਰਥਿਕ ਮਾਹਿਰਾਂ ਦਾ ਖ਼ਦਸ਼ਾ ਹੈ ਕਿ 2027 ਤੱਕ ਰਾਜ ਸਿਰ ਕਰਜ਼ਾ ਪੰਜ ਲੱਖ ਕਰੋੜ ਤੋਂ ਵੀ ਉਪਰ ਚਲੇ ਜਾਏਗਾ। ਇਸ ਸਮੇਂ ਰਾਜ ਨੂੰ ਜੀ.ਐਸ.ਟੀ. ਤੋਂ ਕੁੱਲ 22000 ਕਰੋੜ ਦੇ ਲਗਭਗ ਆਮਦਨ ਹੋ ਰਹੀ। ਦੂਜੇ ਪਾਸੇ ਏਨੀ ਰਕਮ ਹੀ ਸਰਕਾਰ ਵਲੋਂ ਵੱਖ-ਵੱਖ ਵਰਗਾਂ ਨੂੰ ਦਿੱਤੀ ਜਾ ਰਹੀ। ਬਿਜਲੀ ਸਬਸਿਡੀ ’ਤੇ ਖਰਚ ਹੋ ਰਹੀ ਹੈ, ਬਿਜਲੀ ਨਿਗਮ ਘਾਟੇ ਵਿੱਚ ਜਾ ਰਿਹਾ ਹੈ। ਸਰਕਾਰੀ ਅਦਾਰੇ ਵੀ ਬਿਜਲੀ ਦੇ ਬਿੱਲ ਨਹੀਂ ਦੇ ਰਹੇ। ਸਾਰਾ ਆਰਥਿਕ ਪ੍ਰਬੰਧ ਹਿੱਲਿਆ ਪਿਆ ਹੈ।

ਰਾਜ ਸਰਕਾਰ ਰਾਜ ਵਿੱਚ ਸਿਹਤ ਅਤੇ ਸਿੱਖਿਆ ਕ੍ਰਾਂਤੀ ਲਿਆਉਣ ਦਾ ਢੰਡੋਰਾ ਪਿੱਟ ਰਹੀ ਹੈ। ਜਦੋਂਕਿ ਹਕੀਕਤ ਇਹ ਹੈ ਕਿ ਸਰਕਾਰੀ ਯੂਨੀਵਰਸਿਟੀਆਂ ਅਤੇ ਸਹਾਇਤਾ ਪ੍ਰਾਪਤ ਕਾਲਜਾਂ ਨੂੰ ਵੱਡੀ ਪੱਧਰ ’ਤੇ ਵਿੱਤੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਸ ਕਾਰਨ ਕਾਲਜਾਂ ਵਿੱਚ ਲੋੜੀਂਦੇ ਅਧਿਆਪਕ ਅਤੇ ਹੋਰ ਅਮਲੇ ਦੀਆਂ ਥਾਵਾਂ ਖਾਲੀ ਪਈਆਂ ਹਨ। ਬਹੁਤ ਸਾਰੇ ਕਾਲਜਾਂ ਵਿੱਚ ਪ੍ਰਿੰਸੀਪਲ ਤੱਕ ਵੀ ਨਹੀਂ ਹਨ। ਇਸੇ ਤਰ੍ਹਾਂ ਯੂਨੀਵਰਸਿਟੀਆਂ ਵਿੱਚ ਵੀ ਲੋੜੀਂਦੇ ਅਧਿਆਪਕਾਂ ਅਤੇ ਹੋਰ ਅਮਲੇ ਦੀ ਭਾਰੀ ਘਾਟ ਹੈ। ਯੂਨੀਵਰਸਿਟੀਆਂ ਦਾ ਹਾਲ ਤਾਂ ਇਹ ਹੈ ਕਿ ਬਹੁਤੀਆਂ ਸਰਕਾਰੀ ਯੂਨੀਵਰਸਿਟੀਆਂ ਬਿਨਾਂ ਵਾਈਸ ਚਾਂਸਲਰਾਂ ਤੋਂ ਚੱਲ ਰਹੀਆਂ ਹਨ। ਸਿੱਖਿਆ ਮਾਹਿਰ ਸਰਕਾਰੀ ਯੂਨੀਵਰਸਿਟੀਆਂ ਅਤੇ ਸਰਕਾਰੀ ਕਾਲਜਾਂ ਦੀ ਖਸਤਾ ਹਾਲਤ ਅਤੇ ਇਸ ਸਭ ਕੁਝ ਦੇ ਵਿਦਿਆਰਥੀਆਂ ’ਤੇ ਪੈ ਰਹੇ ਪ੍ਰਭਾਵ ਤੋਂ ਬੇਹੱਦ ਚਿੰਤਤ ਹਨ। ਦੂਜੇ ਪਾਸੇ ਗ਼ੈਰ-ਸਰਕਾਰੀ ਯੂਨੀਵਰਸਿਟੀਆਂ ਵਿੱਚ ਸਿੱਖਿਆ ਬੇਹੱਦ ਮਹਿੰਗੀ ਹੋਣ ਕਾਰਨ ਆਮ ਗ਼ਰੀਬ ਪਰਿਵਾਰ ਆਪਣੇ ਬੱਚਿਆਂ ਨੂੰ ਉਨ੍ਹਾਂ ਵਿੱਚ ਦਾਖਲ ਹੀ ਨਹੀਂ ਕਰਵਾ ਸਕਦੇ। ਸਰਕਾਰੀ ਸਕੂਲਾਂ ਸੰਬੰਧੀ ਵੀ ਇਹ ਰਿਪੋਰਟਾਂ ਆ ਰਹੀਆਂ ਹਨ ਕਿ ਮਾਝਾ, ਦੁਆਬਾ ਅਤੇ ਮਾਲਵਾ ਤਿੰਨਾਂ ਖ਼ੇਤਰਾਂ ਵਿੱਚ ਸੈਂਕੜੇ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਪਾਈ ਜਾ ਰਹੀ ਹੈ, ਜਿਸ ਕਾਰਨ ਸਰਕਾਰੀ ਸਕੂਲਾਂ ਵਿੱਚ ਲਗਾਤਾਰ ਵਿਦਿਆਰਥੀਆਂ ਦੇ ਦਾਖਲੇ ਵੀ ਘਟ ਰਹੇ ਹਨ। ਇਨ੍ਹਾਂ ਸਰਕਾਰੀ ਸਕੂਲਾਂ ਦੀ ਵਿਸ਼ਵਾਸਯੋਗਤਾ ਏਨੀ ਘਟ ਚੁੱਕੀ ਹੈ ਕਿ ਬੇਹੱਦ ਗ਼ਰੀਬ ਪਰਿਵਾਰਾਂ ਦੇ ਬੱਚੇ ਮਿਡ-ਡੇ ਮੀਲ ਕਾਰਨ ਹੀ ਸਕੂਲਾਂ ਵਿੱਚ ਜਾਂਦੇ ਹਨ। ਬਹੁਤ ਸਾਰੇ ਸਕੂਲਾਂ ਵਿੱਚ ਅਧਿਆਪਕ ਆਪਣੀਆਂ ਪੋਸਟਾਂ ਨੂੰ ਬਰਕਰਾਰ ਰੱਖਣ ਲਈ ਫ਼ਰਜ਼ੀ ਦਾਖਲੇ ਵੀ ਕਰਦੇ ਹਨ, ਤਾਂ ਜੋ ਸਰਕਾਰੀ ਰਿਕਾਰਡ ਵਿੱਚ ਇਹ ਦਿਖਾਇਆ ਜਾਵੇ ਕਿ ਉਥੇ ਬੱਚੇ ਪੜ੍ਹ ਰਹੇ ਹਨ। ਜਦੋਂਕਿ ਅਜਿਹੇ ਦਾਖਲ ਕੀਤੇ ਬੱਚੇ ਕਦੇ-ਕਦਾਈਂ ਹੀ ਸਕੂਲਾਂ ਦਾ ਗੇੜਾ ਮਾਰਦੇ ਹਨ।

(ਬਾਕੀ ਸਫ਼ਾ 31 ’ਤੇ)

# ਨਸ਼ਿਆਂ ਨੂੰ ਰੋਕਣ ਲਈ ਲੋਕ ਪੱਖੀ ਲਹਿਰ ਚਲਾਓ ਪੰਜਾਬੀਓ

**ਪਵਨ ਕੁਮਾਰ ਕੌਸ਼ਲ**

ਨਸ਼ਿਆਂ ਵਿੱਚੋਂ ਸ਼ਰਾਬ ਇੱਕ ਅਜਿਹਾ ਭੈੜਾ ਨਸ਼ਾ ਹੈ ਜਿਹੜਾ ਅਗਰ ਨਾ ਸੰਭਾਲਿਆ ਜਾਵੇ ਤਾਂ ਸ਼ਰਾਬ ਪੀਣ ਵਾਲਾ ਆਪਣੀ ਅਕਲ, ਸੁੱਧ ਬੁੱਧ ਗੁਆ ਬੈਠਦਾ ਹੈ ਅਤੇ ਸਮਾਜਕ ਰੁਤਬਾ, ਘਰ ਪਰਿਵਾਰ ਤੇ ਸਭ ਕੁਝ ਨੂੰ ਲੈ ਡੁੱਬਦਾ ਹੈ। ਨਸ਼ੇ ਦੀ ਪੂਰਤੀ ਲਈ ਨਸ਼ਈ ਕੁਝ ਵੀ ਕਰ ਸਕਦਾ ਹੈ। ਸ਼ਰਾਬ ਹਰ ਅਪਰਾਧਿਕ ਗਤੀ ਵਿਧੀ ਦੀ ਪ੍ਰੇਰਨਾ ਸਰੋਤ ਹੈ।

ਪੂੰਜੀਵਾਦੀ ਸਮਾਜ ਅੰਦਰ ਪੂੰਜੀਪਤੀਆਂ ਅਤੇ ਉਨ੍ਹਾਂ ਦੀਆਂ ਸਰਕਾਰਾਂ ਦਾ ਮੁੱਖ ਟੀਚਾ ਪੈਸਾ ਕਮਾਉਣਾ ਹੁੰਦਾ ਹੈ। ਪੂੰਜੀਵਾਦ ਸਮਾਜ ਦਾ ਸਭ ਤੋਂ ਵੱਧ ਭ੍ਰਿਸ਼ਟ, ਬੇਈਮਾਨ, ਜਾਹਲ ਤੇ ਜ਼ਾਲਮ ਅਤੇ ਲੁਟੇਰੇ ਪ੍ਰਬੰਧ ਦੀ ਨੁਮਾਇੰਦਗੀ ਕਰਦਾ ਹੈ। ਪੂੰਜੀਵਾਦੀ ਪ੍ਰਬੰਧ ਨੂੰ ਚਲਾਉਣ ਵਾਲੀਆਂ ਰਾਜਨੀਤਕ ਪਾਰਟੀਆਂ ਅਤੇ ਇਨ੍ਹਾਂ ਦੇ ਨੇਤਾਵਾਂ ਸਦਕਾ ਜਨਤਾ ਦੀ ਲੁੱਟ ਦਿਨ-ਬ-ਦਿਨ ਵਧਦੀ ਜਾਂਦੀ ਹੈ। ਇਹ ਜੱਗ ਜ਼ਾਹਰ ਹੈ ਕਿ ਇਨ੍ਹਾਂ ਦੇ ਨੇਤਾ ਸ਼ਰਾਬ ਦੀ ਤਸਕਰੀ ਦੇ ਨਾਲ ਨਾਲ ਦੂਸਰੇ ਘਾਤਕ ਤੇ ਰਸਾਇਣਕ ਨਸ਼ਿਆਂ ਦੀ ਸਪਲਾਈ ਲਈ ਨਸ਼ਾ ਤਸਕਰਾਂ, ਪੁਲਿਸ ਪ੍ਰਸ਼ਾਸਨ ਨਾਲ ਗਠਜੋੜ ਬਣਾਉਂਦੇ ਹਨ ਅਤੇ ਸਰਕਾਰ ਵੱਧ ਤੋਂ ਵੱਧ ਸ਼ਰਾਬ ਦੇ ਠੇਕੇ ਖੋਲ੍ਹ ਕੇ ਲੋਕਾਂ ਨੂੰ ਸ਼ਰਾਬੀ ਬਣਾ ਰਹੀ ਹੈ।

ਨਜਾਇਜ਼ ਸ਼ਰਾਬ ਦੀ ਤਸਕਰੀ, ਜਿਸ ਵਿੱਚ ਅਸਰ ਰਸੂਖ ਵਾਲੇ ਰਾਜਨੀਤੀਵਾਨਾਂ ਦਾ ਥਾਪੜਾ ਹੁੰਦਾ ਹੈ, ਦਾ ਕੁਝ ਸੰਖੇਪ ਵਰਣਨ ਇੱਥੇ ਦੇਣਾ ਬਣਦਾ ਹੈ।

ਪਟਿਆਲਾ ਦੇ ਘਨੌਰ ਵਿੱਚ ਗੈਰ-ਕਾਨੂੰਨੀ ਸ਼ਰਾਬ ਦੀ ਫੈਕਟਰੀ ਦਾ ਪਰਦਾਫਾਸ਼, ਕਾਂਗਰਸੀ ਸਰਪੰਚ ਤੇ ਵਿਧਾਇਕ ਦੇ ਸਹਿਯੋਗੀ ਖਿਲਾਫ ਮਾਮਲਾ ਦਰਜ, 14 ਮਈ, 2020.

ਇਸੇ ਤਰ੍ਹਾਂ ਦੀ ਇੱਕ ਗੈਰ ਕਾਨੂੰਨੀ ਡਿਸਟਿਲਰੀ ਦਾ ਖੰਨਾ ਵਿੱਚ ਅਪਰੈਲ ਵਿੱਚ ਪਰਦਾਫਾਸ਼ ਕੀਤਾ ਗਿਆ ਸੀ।

2020 ਵਿੱਚ ਨਾਜਾਇਜ਼ ਸ਼ਰਾਬ ਪੀਣ ਨਾਲ 100 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ। ਪੁਲਿਸ ਨੇ ਦੋਂਹ ਭਰਾਵਾਂ ’ਤੇ ਕੇਸ ਦਰਜ ਕੀਤਾ ਹੈ, ਪਰ ਇਹ ਵਪਾਰ ਰਾਜ ਦੀ ਸਿਆਸੀ ਆਰਥਿਕਤਾ ਵਿੱਚ ਡੂੰਘਾ ਚੱਲਦਾ ਹੈ।

ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਦੀ ਨਜਾਇਜ਼ ਸ਼ਰਾਬ ਦੇ ਵੱਡੇ ਪੱਧਰ ’ਤੇ ਉਤਪਾਦਨ ਅਤੇ ਵਿਕਰੀ ਨਾਲ ਨਜਿੱਠਣ ਲਈ ਸੂਬਾ ਸਰਕਾਰ ਦੇ ਯਤਨਾਂ ਦੀ ਢਿੱਲਮੱਠ ਨੂੰ ਲੈ ਕੇ ਖਿਚਾਈ ਕੀਤੀ।

ਗੈਰ-ਕਾਨੂੰਨੀ ਸ਼ਰਾਬ ਦਾ ਨਿਰਮਾਣ ਸਮਾਜ ਵਿੱਚ ਤਬਾਹੀ ਮਚਾ ਸਕਦਾ ਹੈ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 7 ਨਕਲੀ ਸ਼ਰਾਬ ਦੇ ਕੇਸਾਂ ਵਿੱਚ ਦੋਸ਼ੀ ਔਰਤ ਨੂੰ ਗ੍ਰਿਫਤਾਰੀ ਤੋਂ ਪਹਿਲਾਂ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ।

ਜੂਨ 21, 2024 -ਦੱਖਣੀ ਭਾਰਤ ਦੇ ਰਾਜ ਤਾਮਿਲਨਾਡੂ ਵਿੱਚ ਦੂਸ਼ਿਤ ਸ਼ਰਾਬ ਦੇ ਤਾਜ਼ਾ ਮਾਮਲੇ ਵਿੱਚ ਮਰਨ ਵਾਲਿਆਂ ਦੀ ਗਿਣਤੀ 47 ਹੋ ਗਈ ਹੈ, 100 ਤੋਂ ਵੱਧ ਲੋਕ ਅਜੇ ਵੀ ਹਸਪਤਾਲ ਵਿੱਚ ਹਨ।

ਅਜਿਹੀਆਂ ਹਜ਼ਾਰਾਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਵਿੱਚ ਦੋਸ਼ੀਆਂ ਦੀ ਪਿੱਠ ਉੱਪਰ ਰਾਜਨੀਤਕ ਤੇ ਪ੍ਰਭਾਵਸ਼ਾਲੀ ਵਿਅਕਤੀਆਂ ਦਾ ਥਾਪੜਾ ਹੁੰਦਾ ਹੈ।

ਨਸ਼ਿਆਂ ਕਾਰਨ ਘਰਾਂ ਦੀ ਹੋ ਰਹੀ ਬਰਬਾਦੀ ਬਾਰੇ ਲੋਕ ਜਾਗਰੂਕ ਹੋ ਰਹੇ ਹਨ ਅਤੇ ਇਨ੍ਹਾਂ ਵਿਰੁੱਧ ਆਵਾਜ਼ ਉਠਾ ਰਹੇ ਹਨ। ਇਸ ਬਾਰੇ ਇੱਕ ਨਸ਼ਿਆਂ ਦੀ ਪੜਤਾਲ ਕਰ ਰਹੇ ਈ ਡੀ ਅਧਿਕਾਰੀ ਸ੍ਰੀ ਨਿਰਨਜੰਨ ਸਿੰਘ ਦੀ ਅੰਗਰੇਜ਼ੀ ਟ੍ਰਿਬਿਊਨ ਨਾਲ ਹੋਈ ਇੱਕ ਵਾਰਤਾ ਦਾ ਜ਼ਿਕਰ ਕਰਨਾ ਜ਼ਰੂਰੀ ਬਣਦਾ ਹੈ।



**ਡਰੱਗ ਰੈਕੇਟ ਦੀਆਂ ਵੱਡੀਆਂ ਮੱਛੀਆਂ ਸਮਾਜ ਦੇ ਸਭ ਤੋਂ ਸਤਿਕਾਰਤ ਵਿਅਕਤੀ ਹਨ:** ਸਾਬਕਾ ਅਧਿਕਾਰੀ ਨਿਰੰਜਨ ਸਿੰਘ ਦਾ ਕਹਿਣਾ ਹੈ ਕਿ ਲੋਕਾਂ ਨੂੰ ਖਤਰੇ ਨਾਲ ਲੜਨ ਲਈ ਸੜਕਾਂ ’ਤੇ ਉੱਤਰਨਾ ਪਵੇਗਾ।

ਐਨਫੋਰਸਮੈਂਟ ਡਾਇਰੈਕਟੋਰੇਟ ਦੇ ਸਾਬਕਾ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ, ਜਿਨ੍ਹਾਂ ਨੇ ਪੁਲਿਸ ਕਰਮਚਾਰੀਆਂ ਅਤੇ ਸਿਆਸਤਦਾਨਾਂ ਦੇ ਖ਼ਿਲਾਫ਼ ਕਈ ਹਾਈ-ਪ੍ਰੋਫਾਈਲ ਮਨੀ ਲਾਂਡਰਿੰਗ ਅਤੇ ਡਰੱਗ ਤਸਕਰੀ ਦੇ ਮਾਮਲਿਆਂ ਦੀ ਜਾਂਚ ਕੀਤੀ ਹੈ, ਨੇ ਦਾਅਵਾ ਕੀਤਾ ਹੈ ਕਿ ਸਮਾਜ ਵਿੱਚ ਸਭ ਤੋਂ ਵੱਧ ਇੱਜ਼ਤ ਵਾਲੇ ਤਸਕਰੀ ਰੈਕੇਟ ਵਿੱਚ ਵੱਡੀਆਂ ਮੱਛੀਆਂ ਸਨ।

ਮੈਂ ਲੰਬੇ ਸਮੇਂ ਤੋਂ ਪੰਜਾਬ ਵਿੱਚ ਤਾਇਨਾਤ ਸੀ। ਨਸ਼ਾ ਤਸਕਰਾਂ ਅਤੇ ਪੁਲਿਸ ਮੁਲਾਜ਼ਮਾਂ ਵਿਚਕਾਰ ਡੂੰਘੀਆਂ ਜੜ੍ਹਾਂ ਵਾਲਾ ਗਠਜੋੜ ਹੈ, ਹੇਠਲੇ ਪੱਧਰ ’ਤੇ ਨਹੀਂ, ਸਗੋਂ ਉੱਚ ਪੱਧਰ ’ਤੇ। ਨਿਰੰਜਨ ਨੇ ਕਿਹਾ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਕਾਰੋਬਾਰ ਦੇ ਮਨੀ ਲਾਂਡਰਿੰਗ ਪਹਿਲੂ ਦੀ ਜਾਂਚ ਕਰਨ ਲਈ ਦਹਾਕਿਆਂ ਦੀ ਸੇਵਾ ਕਰਨ ਤੋਂ ਬਾਅਦ, ਉਹ ਇਸ ਸਿੱਟੇ ’ਤੇ ਪਹੁੰਚਿਆ ਹੈ ਕਿ ਸਮੱਗਲਰ, ਪੁਲਿਸ ਕਰਮਚਾਰੀ ਅਤੇ ਸਿਆਸਤਦਾਨ ਇੱਕ ਦੂਜੇ ਦੀ ਰੱਖਿਆ ਕਰ ਰਹੇ ਸਨ।

ਪੁਲਿਸ ਦੀ ਭੂਮਿਕਾ ਅਹਿਮ ਹੈ, ਨਸ਼ਿਆਂ ਦੀ ਤਸਕਰੀ ਨੂੰ ਰੋਕਣਾ ਪੁਲਿਸ ਦਾ ਮੁੱਖ ਕੰਮ ਹੈ। ਜੇ ਕੋਈ ਅਜਿਹਾ ਨਹੀਂ ਕਰ ਸਕਦਾ ਤਾਂ ਉਸ ਨੂੰ ਇਹ ਜ਼ਿੰਮੇਵਾਰੀ ਕਿਸੇ ਹੋਰ ਨੂੰ ਸੌਂਪ ਦੇਣੀ ਚਾਹੀਦੀ ਹੈ। - ਨਿਰੰਜਨ ਸਿੰਘ, ਸਾਬਕਾ ਇਨਫੋਰਸਮੈਂਟ ਡਾਇਰੈਕਟੋਰੇਟ ਡਿਪਟੀ ਡਾਇਰੈਕਟਰ

ਜਗਦੀਸ਼ ਭੋਲਾ, ਇੱਕ ਅਰਜੁਨ ਐਵਾਰਡੀ ਪਹਿਲਵਾਨ ਅਤੇ ਮੁਅੱਤਲ ਪੰਜਾਬ ਪੁਲਿਸ ਅਧਿਕਾਰੀ, ਜਿਸ ਨੂੰ ਹਾਲ ਹੀ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ।

ਇੱਕ ਨਸ਼ਾ ਤਸਕਰ ਨੂੰ ਪੁਲਿਸ ਸੁਰੱਖਿਆ ਦੀ ਲੋੜ ਹੁੰਦੀ ਹੈ ਅਤੇ ਖਾਕੀ ਵਰਦੀ ਵਾਲੇ ਨੂੰ ਸਿਆਸੀ ਢਾਲ ਦੀ ਲੋੜ ਹੁੰਦੀ ਹੈ। ਇਹ ਗਠਜੋੜ 20 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਚੱਲ ਰਿਹਾ ਹੈ ਅਤੇ ਵੱਖ-ਵੱਖ ਸਰਕਾਰਾਂ ਵੱਡੇ-ਵੱਡੇ ਦਾਅਵਿਆਂ ਦੇ ਬਾਵਜੂਦ ਇਸ ਨੂੰ ਢਾਹੁਣ ਵਿੱਚ ਅਸਫਲ ਰਹੀਆਂ ਹਨ। ਇਸ ਲਈ ਹੁਣ ਲੋਕਾਂ ਵਿੱਚ ਕੰਮ ਕਰਨ ਦੀ ਹਿੰਮਤ ਨਹੀਂ ਹੈ। ਨਸ਼ਿਆਂ ਦਾ ਖਤਰਾ ਹੁਣ ਔਰਤਾਂ ਨੂੰ ਵੀ ਬਰਾਬਰ ਪ੍ਰਭਾਵਿਤ ਕਰਦਾ ਹੈ।

ਨਸ਼ਿਆਂ ’ਤੇ ਕੋਈ ਰੋਕ ਨਾ ਲੱਗਣ ’ਤੇ ਜ਼ੋਰ ਦਿੰਦੇ ਹੋਏ ਨਿਰੰਜਨ ਸਿੰਘ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਤਸਕਰੀ ਅਤੇ ਨਸ਼ਿਆਂ ਵਿਰੁੱਧ ਲੜਨ ਲਈ ਸੜਕਾਂ ’ਤੇ ਆਉਣਾ ਪਵੇਗਾ। ਉਨ੍ਹਾਂ ਕਿਹਾ ਕਿ ਪੁਲਿਸ ਤਸਕਰੀ ਨੂੰ ਰੋਕਣ ਲਈ ਪ੍ਰਮੁੱਖ ਏਜੰਸੀ ਹੈ। ਬਰਖਾਸਤ ਪੁਲਿਸ ਅਧਿਕਾਰੀ ਰਾਜ ਜੀਤ ਸਿੰਘ ਦੇ ਮਾਮਲੇ ਦਾ ਹਵਾਲਾ ਦਿੰਦੇ ਹੋਏ ਨਿਰੰਜਨ ਨੇ ਯਾਦ ਕੀਤਾ ਕਿ ਕਿਵੇਂ ਪੰਜਾਬ ਪੁਲਿਸ ਨੇ ਮਾਮਲੇ ਦੀ ਜਾਂਚ ਕਰਨ ਵੇਲੇ ਉਸ ਨਾਲ ਕੇਸ ਦੇ ਵੇਰਵੇ ਸਾਂਝੇ ਨਹੀਂ ਕੀਤੇ। ਇਹ ਹਾਈ ਕੋਰਟ ਦੇ ਨਿਰਦੇਸ਼ਾਂ ਤੋਂ ਬਾਅਦ ਹੀ ਸੀ ਕਿ ਪੁਲਿਸ ਨੇ ਹਲਚਲ ਕੀਤੀ। ਐਨ.ਡੀ.ਪੀ.ਐਸ. ਐਕਟ ਦੇ ਤਹਿਤ ਹਰ ਐੱਫ.ਆਈ.ਆਰ. ਦੇ ਮਨੀ ਲਾਂਡਰਿੰਗ ਪਹਿਲੂ ਦੀ ਡੂੰਘਾਈ ਨਾਲ ਜਾਂਚ ਕੀਤੇ ਜਾਣ ਦੀ ਲੋੜ ਹੈ। ਇਸ ਤੋਂ ਬਾਅਦ ਹੀ ਮਨੀ ਟ੍ਰੇਲ ਦਾ ਪਰਦਾਫਾਸ਼ ਕੀਤਾ ਜਾ ਸਕਦਾ ਹੈ।

ਇਨਫੋਰਸਮੈਂਟ ਡਾਇਰੈਕਟੋਰੇਟ ਵਿੱਚ ਪ੍ਰਭਾਵਸ਼ਾਲੀ ਵਿਅਕਤੀਆਂ ਜਾਂ ਇੱਥੋਂ ਤਕ ਕਿ ਉੱਚ-ਅਧਿਕਾਰੀਆਂ ਦੁਆਰਾ ਜਾਂਚ ਵਿੱਚ ਦਖਲ ਦੇਣ ’ਤੇ, ਨਿਰੰਜਨ ਨੇ ਜ਼ੋਰ ਦੇ ਕੇ ਕਿਹਾ ਕਿ ਸਮੱਸਿਆ ਜਾਂਚ ਸ਼ੁਰੂ ਨਹੀਂ ਕਰਨ ਦੇ ਰਹੀ ਹੈ, ਪਰ ਇੱਕ ਸਕਾਰਾਤਮਕ ਨਤੀਜੇ ਨਾਲ ਨਜਿੱਠਣਾ ਹੈ। ਜਦੋਂ ਵੀ ਕਿਸੇ ਜਾਂਚ ਅਧਿਕਾਰੀ ਨੂੰ ਅਜਿਹੇ ਸੁਰਾਗ ਮਿਲਦੇ ਹਨ ਜੋ ਤਾਕਤਵਰਾਂ ਨੂੰ ਛੂਹਣ ਲਈ ਹੁੰਦੇ ਹਨ, ਦਬਾਅ ਦੀ ਖੇਡ ਸ਼ੁਰੂ ਹੋ ਜਾਂਦੀ ਹੈ, ਉਸਨੇ ਯਾਦ ਕਰਦਿਆਂ ਕਿਹਾ ਕਿ ਕਿਵੇਂ ਉਸਦਾ ਇੱਕ ਸੀਨੀਅਰ ਉਸਦੀ ਨਿਰਪੱਖ ਜਾਂਚ ਤੋਂ ਇੰਨਾ ਪਰੇਸ਼ਾਨ ਹੋਇਆ ਕਿ ਉਸਨੇ ਦੂਜੇ ਅਧਿਕਾਰੀਆਂ ਨੂੰ ਉਸ ਨੂੰ ਫੜਨ ਲਈ ਕਿਹਾ। ... ਮੈਂ ਇੱਕ ਅਧਿਕਾਰਤ ਪੱਤਰ ਰਾਹੀਂ ਉਸਦੇ ਨਿਰਦੇਸ਼ਾਂ ’ਤੇ ਸਵਾਲ ਵੀ ਚੁੱਕੇ ਸਨ।

ਪਿਛਲੀ ਕੈਪਟਨ ਅਮਰਿੰਦਰ ਸਿੰਘ ਸਰਕਾਰ (2017-21) ਦੀ ਆਲੋਚਨਾ ਕਰਦਿਆਂ ਨਿਰੰਜਨ ਨੇ ਕਿਹਾ, ਇਹ ਸਮਾਂ ਸ਼ਰਮਨਾਕ ਸੀ। ਮੁੱਖ ਤੌਰ ’ਤੇ ਕਿਉਂਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਉਨ੍ਹਾਂ ਦੀ ਪਾਰਟੀ ਨੇ ਨਸ਼ਿਆਂ ਦੇ ਨੈੱਟਵਰਕ ਨੂੰ ਖਤਮ ਕਰਨ ਦਾ ਵਾਅਦਾ ਕੀਤਾ ਸੀ।

ਨਸ਼ਿਆਂ ਵਿੱਚ ਸ਼ਰਾਬ ਪ੍ਰਮੁੱਖ ਹੈ, ਸਰਕਾਰੀ ਤੇ ਕਾਨੂੰਨੀ ਨਸ਼ੇ ਸ਼ਰਾਬ, ਜਿਸ ਨਾਲ ਸਰਕਾਰ ਜਵਾਨੀ ਨੂੰ ਬਰਬਾਦ ਕਰ ਰਹੀ ਹੈ, ਨੂੰ ਇੱਕ ਨਿਰਾਸ਼ਾਜਨਕ ਨਸ਼ਾ ਮੰਨਿਆ ਜਾਂਦਾ ਹੈ ਅਤੇ ਕੇਂਦਰੀ ਨਸ ਪ੍ਰਣਾਲੀ ਨੂੰ ਸਿੱਧਾ ਪ੍ਰਭਾਵਿਤ ਕਰਦਾ ਹੈ। ਇੱਕ ਵਾਰ ਅਲਕੋਹਲ ਖੂਨ ਦੇ ਪ੍ਰਵਾਹ ਵਿੱਚ ਦਾਖਲ ਹੋ ਜਾਂਦੀ ਹੈ, ਇਹ ਦਿਮਾਗ ਵਿੱਚ ਘੁੰਮਦੀ ਹੈ, ਜਿੱਥੇ ਇਹ ਨਿਊਰੋਨਜ਼ ਦੀ ਗੋਲੀਬਾਰੀ ਨੂੰ ਹੌਲੀ ਕਰਨ ਲਈ ਅੱਗੇ ਵਧਦੀ ਹੈ ਅਤੇ ਦਿਮਾਗ, ਜਿਸਨੂੰ ਭਵਿੱਖ ਦੀ ਲੜਾਈ ਦਾ ਮੈਦਾਨ ਮੰਨਿਆ ਜਾਂਦਾ ਹੈ, ਉੱਪਰ ਭੈੜਾ ਪ੍ਰਭਾਵ ਪਾਉਂਦੀ ਹੈ, ਇਸ ਵਿੱਚ ਸੁੰਗੜਣ ਪੈਦਾ ਕਰਦੀ ਹੈ। ਅਲਕੋਹਲ ਦਿਮਾਗ ਦੇ ਸੰਚਾਰ ਮਾਰਗਾਂ ਵਿੱਚ ਦਖ਼ਲਅੰਦਾਜ਼ੀ ਕਰਦਾ ਹੈ ਅਤੇ ਦਿਮਾਗ ਦੇ ਕੰਮ ਕਰਨ ਦੇ ਤਰੀਕੇ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਹ ਸੋਚਣਾ ਅਤੇ ਤਾਲਮੇਲ ਨਾਲ ਅੱਗੇ ਵਧਣਾ ਔਖਾ ਬਣਾਉਂਦਾ ਹੈ। ਫਿਰ ਤੁਹਾਡੇ ਗੁਰਦਿਆਂ, ਫੇਫੜਿਆਂ ਅਤੇ ਜਿਗਰ ਨੂੰ ਬੁਰੀ ਤਰ੍ਹਾਂ ਪ੍ਰਭਾਤ ਕਰਦਾ ਹੈ।

(ਬਾਕੀ ਸਫ਼ਾ 31 ’ਤੇ)

# ਭਾਰਤ ਵਿੱਚ ਵਧ ਰਹੀ ਆਰਥਿਕ ਨਾ-ਬਰਾਬਰੀ ਬਨਾਮ ਰਾਸ਼ਟਰਵਾਦ

**ਗੁਰਬਿੰਦਰ ਸਿੰਘ ਮਾਣਕ**

ਐਸ਼-ਪ੍ਰਸਤੀ ਦਾ ਜੀਵਨ ਜਿਊਣ ਵਾਲਿਆਂ ਦਾ ਭਾਰਤ ਹੋਰ ਹੈ ਤੇ ਗਰੀਬਾਂ, ਅਣਹੋਇਆਂ, ਨਿਮਾਣਿਆਂ, ਨਿਤਾਣਿਆਂ ਤੇ ਜੀਵਨ ਦੀਆਂ ਮੁੱਢਲੀਆਂ ਲੋੜਾਂ ਤੋਂ ਸੱਖਣੇ ਆਮ ਲੋਕਾਂ ਦਾ ਭਾਰਤ ਹੋਰ ਹੈ । ਸਾਰੇ ਦੇਸ਼ ਦੇ ਲੋਕਾਂ ਦਾ ਢਿੱਡ ਭਰਨ ਵਾਲੀ ਕਿਸਾਨੀ ਦੀ ਹਾਲਤ ਬਦਤਰ ਹੋ ਚੁੱਕੀ ਹੈ, ਪਰ ਹਕੂਮਤ ਨੂੰ ਕੋਈ ਚਿੰਤਾ ਨਹੀਂ ।

ਆਰਥਿਕ ਪਾੜਾ ਏਨਾ ਵਧ ਚੁੱਕਾ ਹੈ ਕਿ ਕਰੋੜਾਂ ਲੋਕ ਗਰੀਬੀ ਦੀ ਦਲਦਲ ਵਿੱਚ ਧਸੇ ਹੋਏ ਹਨ। ਦੇਸ਼ ਦੀ ਕੁੱਲ ਆਮਦਨ ਦਾ 73 ਫ਼ੀਸਦੀ ਹਿੱਸਾ ਕੇਵਲ 1 ਫ਼ੀਸਦੀ ਅਮੀਰਾਂ ਦੇ ਕੋਲ ਹੈ। ਆਕਸਫੈਮ ਦੀ ਰਿਪੋਰਟ ਅਨੁਸਾਰ ਦੇਸ਼ ਦੇ ਕੇਵਲ 57 ਧਨਾਢਾਂ ਕੋਲ ਦੇਸ਼ ਦੀ 70 ਫ਼ੀਸਦੀ ਆਬਾਦੀ ਦੇ ਬਰਾਬਰ ਦੌਲਤ ਦੇ ਭੰਡਾਰ ਹਨ। ਭਾਰਤ ਮਹਾਨ ਦੇ 1 ਫ਼ੀਸਦੀ ਅਰਬਪਤੀਆਂ ਨੇ ਹੀ ਦੇਸ਼ ਦਾ 58 ਫ਼ੀਸਦੀ ਸਰਮਾਇਆ ਹੜੱਪਿਆ ਹੋਇਆ ਹੈ। ਇੱਕ ਅਨੁਮਾਨ ਅਨੁਸਾਰ ਭਾਰਤ ਵਿੱਚ ਦੁਨੀਆਂ ਦੀ ਸਭ ਤੋਂ ਵੱਧ ਭੁੱਖਮਰੀ ਹੈ। ਸੰਸਾਰ ਭੁੱਖਮਰੀ ਸੂਚਕ ਅੰਕ ਦੇ ਅੰਕੜਿਆਂ ਅਨਸਾਰ ਭਾਰਤ ਮਹਾਨ 2023 ਵਿੱਚ 125 ਦੇਸ਼ਾਂ ਵਿਚੋਂ 111ਵੇਂ ਸਥਾਨ ’ਤੇ ਸੀ। ਦੇਸ਼ ਵਿੱਚ 19.44 ਕਰੋੜ ਲੋਕਾਂ ਨੂੰ ਪੌਸ਼ਟਿਕ ਭੋਜਨ ਨਹੀਂ ਮਿਲਦਾ।





ਮਨੁੱਖੀ ਵਿਕਾਸ ਸੂਚਕ ਅੰਕ ਸਰਵੇਖਣ ਅਨੁਸਾਰ ਭਾਰਤ 191 ਦੇਸ਼ਾਂ ਵਿਚੋਂ 132ਵੇਂ ਸਥਾਨ ਉੱਤੇ ਹੈ। ਪ੍ਰਤੀ ਵਿਅਕਤੀ ਆਮਦਨ ਦੀ ਦਰਜਾਬੰਦੀ ਦੇ ਪੱਖ ਤੋਂ ਸਾਡਾ ਦੇਸ਼, 193 ਦੇਸ਼ਾਂ ਵਿਚੋਂ 145ਵੇਂ ਨੰਬਰ ’ਤੇ ਹੈ। 40 ਕਰੋੜ ਤੋਂ ਵੱਧ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਜੀਵਨ ਦੇ ਦਿਨ ਕੱਟ ਰਹੇ ਹਨ। ਸੰਸਾਰ ਬੈਂਕ ਅਨੁਸਾਰ ਦੁਨੀਆ ਦੇ 49 ਫ਼ੀਸਦੀ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ, ਜਿਨ੍ਹਾਂ ਵਿਚੋਂ 34 ਫ਼ੀਸਦੀ ਭਾਰਤ ਵਿੱਚ ਹਨ। ਕਰੋੜਾਂ ਦੇਸ਼ਵਾਸੀ ਅੱਜ ਵੀ ਅਨਪੜ੍ਹਤਾ ਤੇ ਬਿਮਾਰੀਆਂ ਦੀ ਜਕੜ ਵਿੱਚ ਫਾਥੇ ਹੋਏ ਹਨ।

ਦੇਸ਼ ਵਿੱਚ ਬੇਰੁਜ਼ਗਾਰੀ ਬਹੁਤ ਵੱਡਾ ਮੁੱਦਾ ਹੈ। ਲੱਖਾਂ ਨੌਜਵਾਨ ਬੇਰੁਜ਼ਗਾਰੀ ਦਾ ਸੰਤਾਪ ਭੋਗਣ ਲਈ ਮਜਬੂਰ ਹਨ। ਕੇਂਦਰੀ ਹਕੂਮਤ ਨੇ ਕੁਝ ਸਾਲ ਪਹਿਲਾਂ ਹਰ ਸਾਲ ਦੋ ਕਰੋੜ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ ਪਰ ਸਰਕਾਰਾਂ ਨੇ ਨੌਕਰੀਆਂ ਦੇ ਸਭ ਦਰਵਾਜ਼ੇ ਬੰਦ ਕਰ ਦਿੱਤੇ ਹਨ। ਦੇਸ਼ ਵਿੱਚ ਬੇਰੁਜ਼ਗਾਰੀ ਦੀ ਇੰਤਹਾ ਇਹ ਹੈ ਕਿ ਕੁਝ ਸਾਲ ਪਹਿਲਾਂ ਤਾਮਿਲਨਾਡੂ ਵਿੱਚ ਟਾਈਪਿਸਟਾਂ, ਪਟਵਾਰੀਆਂ ਤੇ ਸਟੈਨੋਗ੍ਰਾਫਰਾਂ ਦੀਆਂ 9500 ਅਸਾਮੀਆਂ ਲਈ, 20 ਲੱਖ ਨੌਜਵਾਨਾਂ ਨੇ ਅਰਜ਼ੀਆਂ ਦਿੱਤੀਆਂ। ਅਰਜ਼ੀ ਦੇਣ ਵਾਲਿਆਂ ਵਿੱਚ 990 ਪੀ.ਐਚ.ਡੀ ਸਕਾਲਰ, 23 ਹਜ਼ਾਰ ਐਮ.ਫਿਲ, 2.50 ਲੱਖ ਤੋਂ ਵੱਧ ਪੋਸਟ ਗਰੈਜੂਏਟ ਅਤੇ 8 ਲੱਖ ਗਰੈਜੂਏਟ ਸ਼ਾਮਿਲ ਸਨ। ਇਸ ਤੋਂ ਅਨੁਮਾਨ ਲਾਉਣਾ ਔਖਾ ਨਹੀਂ ਕਿ ਦੇਸ਼ ਵਿੱਚ ਬੇਰੁਜ਼ਗਾਰੀ ਦੀ ਇਹ ਹਾਲਤ ਕਿੰਨਾ ਵਿਕਰਾਲ ਰੂਪ ਧਾਰਨ ਕਰ ਚੁੱਕੀ ਹੈ। ਸਰਕਾਰ ਡਿਗਰੀਆਂ ਪ੍ਰਾਪਤ ਬੇਰੁਜ਼ਗਾਰਾਂ ਨੂੰ ਪਕੌੜਿਆਂ ਦੀ ਰੇਹੜੀ ਲਾਉਣ ਦੇ ਮਸ਼ਵਰੇ ਦੇ ਕੇ ਇੱਕ ਤਰ੍ਹਾਂ ਜ਼ਲੀਲ ਕਰ ਰਹੀ ਹੈ। ਦੇਸ਼ ਦੇ 60 ਲੱਖ ਤੋਂ ਵੱਧ ਲੋਕ ਪੀਣ ਵਾਲੇ ਸ਼ੁੱਧ ਤੇ ਸਾਫ ਪਾਣੀ ਲਈ ਤਰਸ ਰਹੇ ਹਨ ਤੇ 2030 ਤੱਕ ਇਸ ਸੰਕਟ ਦੇ ਵਿਕਰਾਲ ਰੂਪ ਧਾਰਨ ਦਾ ਖ਼ਦਸ਼ਾ ਪ੍ਰਗਟ ਕੀਤਾ ਗਿਆ ਹੈ।

ਦੇਸ਼ ਨੂੰ ਮਨਮਾਨੇ ਤੇ ਤਾਨਾਸ਼ਾਹੀ ਢੰਗ ਨਾਲ ਚਲਾਇਆ ਜਾ ਰਿਹਾ ਹੈ । ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲਿਆਂ ਦੀ ਜ਼ੁਬਾਨ ਬੰਦ ਕੀਤੀ ਜਾ ਰਹੀ ਹੈ। ਮਨਮਾਨੇ ਢੰਗ ਨਾਲ ਕਾਲੇ ਕਾਨੂੰਨਾਂ ਦੇ ਹਥਿਆਰ ਨਾਲ ਪੱਤਰਕਾਰਾਂ, ਲੇਖਕਾਂ, ਬੁੱਧੀਜੀਵੀਆਂ ਤੇ ਸਮਾਜਿਕ ਕਾਰਕੁੰਨਾਂ ਨੂੰ ਜੇਲ੍ਹਾਂ ਵਿਚ ਸੁੱਟਿਆ ਜਾ ਰਿਹਾ ਹੈ। ਨਵੀਂ ਸਿੱਖਿਆ ਨੀਤੀ, ਕਿਰਤ ਕਾਨੂੰਨਾਂ ਤੇ ਨਵੀਂ ਨਿਆਂ ਵਿਵਸਥਾ ਵਿੱਚ ਮਨਮਰਜ਼ੀ ਦੀਆਂ ਸੋਧਾਂ ਕਰਕੇ, ਵਿਰੋਧ ਦੀਆਂ ਆਵਾਜ਼ਾਂ ਬੰਦ ਕਰਨ ਲਈ ਕਾਲੇ ਕਾਨੂੰਨਾਂ ਨੂੰ ਹੋਰ ਸਖ਼ਤ ਕਰਨ ਤੇ ਵਿਰੋਧ ਪ੍ਰਗਟ ਕਰਨ ’ਤੇ ਵੱਖਰੀ ਰਾਇ ਰੱਖਣ ਵਾਲਿਆਂ ਨੂੰ ਬਿਨਾਂ ਕਿਸੇ ਅਪੀਲ ਦਲੀਲ ਦੇ ਜੇਲ੍ਹਾਂ ਵਿੱਚ ਡੱਕਣ ਜਿਹੀਆਂ ਘਟਨਾਵਾਂ, ਦੇਸ਼ ਦੇ ਲੋਕਤੰਤਰੀ ਸਰੂਪ ’ਤੇ ਸਿੱਧਾ ਹਮਲਾ ਹੈ। ਅਜੇ ਵੀ ਦੇਸ਼ ਵਿੱਚ ਨਫ਼ਰਤੀ ਮਾਹੌਲ ਵਿੱਚ ਕੋਈ ਕਮੀ ਨਹੀਂ ਆਈ। ਦੇਸ਼ ਵਿੱਚ ਧਰਮ ਦੇ ਨਾਂਅ ’ਤੇ ਵੰਡੀਆਂ ਪਾਈਆਂ ਜਾ ਰਹੀਆਂ ਹਨ। ਸਦੀਆਂ ਤੋਂ ਇਕੱਠੇ ਰਹਿ ਰਹੇ ਮੁਸਲਮਾਨਾਂ ਤੇ ਹਿੰਦੂਆਂ ਦੀ ਭਾਈਚਾਰਕ ਸਾਂਝ ਵਿੱਚ ਤਰੇੜਾਂ ਪਾ ਕੇ, ਵੋਟ ਰਾਜਨੀਤੀ ਦੀ ਗੰਦੀ ਖੇਡ ਖੇਡੀ ਜਾ ਰਹੀ ਹੈ। ਨਵੀਂ ਸਰਕਾਰ ਬਣਾਉਣ ਤੋਂ ਬਾਅਦ ਵੀ ਪਹਿਲਾਂ ਵਾਂਗ ਹੀ ਨਫ਼ਰਤ ਦਾ ਬੋਲਬਾਲਾ ਨਿਰੰਤਰ ਜਾਰੀ ਹੈ। ਦੇਸ਼ ਦੇ ਸੰਵਿਧਾਨ ਦੀ ਭਾਵਨਾ ਦੇ ਉਲਟ ਧਰਮਾਂ ਦੇ ਨਾਂਅ ’ਤੇ ਫਿਰਕੂ ਜ਼ਹਿਰ ਫੈਲਾਇਆ ਜਾ ਰਿਹਾ ਹੈ। ਘੱਟ-ਗਿਣਤੀਆਂ ਤੇ ਦਲਿਤਾਂ ਨੂੰ ਨਿਸ਼ਾਨਾ ਬਣਾ ਕੇ ਦਹਿਸ਼ਤ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਰਾਸ਼ਟਰਵਾਦ ਦੇ ਨਾਂਅ ’ਤੇ ਇਹ ਦਰਸਾਇਆ ਜਾ ਰਿਹਾ ਹੈ ਕਿ ਇਹ ਦੇਸ਼ ਕਿਸੇ ਖਾਸ ਧਰਮ ਵਾਲੇ ਲੋਕਾਂ ਦੀ ਜਗੀਰ ਹੈ। ਆਪਣੇ ਵਿਚਾਰਾਂ ਨੂੰ ਸਹੀ ਸਿੱਧ ਕਰਨ ਦੀ ਧੌਂਸ ਕਾਰਨ ਸਹਿਣਸ਼ੀਲਤਾ ਦੀ ਭਾਵਨਾ ਅਲੋਪ ਹੁੰਦੀ ਜਾ ਰਹੀ ਹੈ ਅੱਜ ਵਿਸ਼ਵੀਕਰਨ ਦੀ ਆੜ ਵਿੱਚ ਬਹੁਕੌਮੀ ਕੰਪਨੀਆਂ ਦਾ ਜਾਲ ਵਿਛਾਇਆ ਜਾ ਰਿਹਾ ਹੈ। ਚੰਗੇ ਭਲੇ ਚਲਦੇ ਪਬਲਿਕ ਖੇਤਰ ਦੇ ਅਦਾਰੇ ਵੇਚੇ ਜਾ ਰਹੇ ਹਨ । ਖਾਣ ਵਾਲੇ ਪਦਾਰਥਾਂ, ਦਵਾਈਆਂ ਤੇ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ, ਪਰ ਸਰਕਾਰ ਦੇ ਕੰਨਾਂ ’ਤੇ ਜੂੰਅ ਨਹੀਂ ਸਰਕਦੀ।

# ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਦਾ ਪਤਨ ਤੇ ਭਾਰਤ ਲਈ ਸਬਕ



ਕੁੱਕੀ ਗਿੱਲ



ਇਹ ਸੋਚਣਾ ਹਰ ਤਾਨਾਸ਼ਾਹ ਦੀ ਇਤਿਹਾਸਕ ਘਮੰਡ ਹੈ ਕਿ ਉਹ ਆਪਣੀ ਧਰਤੀ ਵਿੱਚ ਬੇਮਿਸਾਲ ਖੁਸ਼ਹਾਲੀ ਅਤੇ ਸ਼ਾਂਤੀ ਲਿਆਉਣ ਦੇ ਯੋਗ ਹੋਣਗੇ ਜੇਕਰ ਉਹ ਸਿਵਲ ਸੁਸਾਇਟੀ ਅਤੇ ਵਿਰੋਧੀ ਧਿਰ ਵਿੱਚ ਬੈਠੇ ਆਲੋਚਕਾਂ ਦੀਆਂ ਆਵਾਜ਼ਾਂ ਨੂੰ ਬੰਦ ਕਰ ਦੇਣ। ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਇਸ ਭਰਮ ਜਾਲ ਵਿੱਚ ਫਸਣ ਵਾਲੀ ਪਹਿਲੀ ਅਤੇ ਆਖਰੀ ਸ਼ਾਸਕ ਨਹੀਂ ਹੋਵੇਗੀ। ਇਹ ਸਿਰਫ਼ ਇੱਕ ਇਤਫ਼ਾਕ ਹੋ ਸਕਦਾ ਹੈ। ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਢਾਕਾ ਤੋਂ ਭੱਜਣ ਲਈ ਮਜ਼ਬੂਰ ਕੀਤੇ ਜਾਣ ਤੋਂ ਸਿਰਫ਼ 24 ਘੰਟੇ ਪਹਿਲਾਂ, ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 2029 ਤੋਂ ਅੱਗੇ ਦੀ ਅਟੱਲ ਟਿਕਾਊਤਾ ਦਾ ਬਿਆਨ ਦੇ ਰਹੇ ਸਨ। ਜਿਵੇਂ ਸ਼ੇਖ ਹਸੀਨਾ ਲਾਜ਼ਮੀ ਤੌਰ ’ਤੇ ਵਿਚਾਰਾਂ ਦਾ ਮਨੋਰੰਜਨ ਕਰਨ ਲਈ ਆਈ ਸੀ, ਜਾਪਦਾ ਹੈ ਕਿ ਪ੍ਰਧਾਨ ਮੰਤਰੀ ਦੇ ਸੱਜੇ ਹੱਥ ਆਦਮੀ ਨੇ ਆਪਣੇ ਆਪ ਨੂੰ - ਅਤੇ ਸ਼ਾਇਦ ਉਸਦੇ ਬੌਸ - ਨੂੰ ਯਕੀਨ ਦਿਵਾਇਆ ਹੈ ਕਿ ਮੋਦੀ ਦੇ ਬਿਨਾਂ ਭਾਰਤ ਨੇ ਬਰਬਾਦ ਹੋ ਜਾਣਾ ਹੈ।

ਕੇਂਦਰੀ ਗ੍ਰਹਿ ਮੰਤਰੀ ਦਾ ਮੁੱਖ ਉਦੇਸ਼ ਸਾਰੇ ਜਮਹੂਰੀ ਅਤੇ ਸੰਵਿਧਾਨਕ ਹਿੱਸੇਦਾਰਾਂ ਨੂੰ ਇਹ ਸੰਕੇਤ ਦੇਣਾ ਹੈ ਕਿ ਦੋ ਮਹੀਨੇ ਪਹਿਲਾਂ ਹੋਈਆਂ ਲੋਕ ਸਭਾ ਚੋਣਾਂ ਵਿੱਚ ਵੋਟਰਾਂ ਵੱਲੋਂ ਮੋਦੀ ਸਰਕਾਰ ਨੂੰ ਸਿਖਾਏ ਸਬਕ ਨੂੰ ਗੰਭੀਰਤਾ ਨਾਲ ਨਾ ਲੈਣ। ਨਿਰਸੰਦੇਹ, ਸੰਸਦ ਵਿੱਚ ਆਪਣੀ ਮੌਜੂਦਗੀ ਦਾ ਅਹਿਸਾਸ ਕਰਾਉਣ ਵਾਲੇ ਇੱਕ ਮਜ਼ਬੂਤ ਵਿਰੋਧੀ ਧਿਰ ਦੇ ਨਾਲ, ਮੋਦੀ ਸਮੂਹ ਕੋਲ ਚਿੰਤਾ ਮਹਿਸੂਸ ਕਰਨ ਦਾ ਹਰ ਕਾਰਨ ਹੈ ਕਿ ਨਿਆਂਪਾਲਿਕਾ ਅਤੇ ਨੌਕਰਸ਼ਾਹੀ ਵਿੱਚ ਬਹੁਤ ਸਾਰੇ ਲੋਕ ਬਦਲਾ ਲੈਣ ਦੇ ਆਪਣੇ ਏਜੰਡੇ ਨੂੰ ਲਾਗੂ ਨਹੀਂ ਕਰ ਸਕਦੇ। ਬੇਸ਼ੱਕ, ਮੋਦੀ ਸਥਾਪਤੀ ਇਸ ਗੱਲ ਤੋਂ ਅਣਜਾਣ ਨਹੀਂ ਹੋ ਸਕਦੀ ਕਿ ਲਖਨਊ ਤੋਂ ਸ਼ੁਰੂ ਹੋ ਕੇ ਭਾਜਪਾ ਦੇ ਅੰਦਰ ਬੇਚੈਨੀ ਅਤੇ ਵਿਰੋਧ ਦੀ ਸੁਰ ਗੰਭੀਰ ਹੋ ਰਹੀ ਹੈ।

ਸ਼ੇਖ ਹਸੀਨਾ ਨੂੰ ਵੀ ਹਾਲ ਹੀ ਵਿੱਚ ਇੱਕ ਅਜਿਹੀ ਵਿਵਸਥਾ ਦੇ ਤਹਿਤ ਚੁਣਿਆ ਗਿਆ ਸੀ ਜਿਸ ਵਿੱਚ ਭਰੋਸੇਯੋਗਤਾ ਦੀ ਘਾਟ ਸੀ। ਵਿਰੋਧੀ ਪਾਰਟੀਆਂ ਨੇ ਚੋਣ ਪ੍ਰਕਿਰਿਆ ਦਾ ਬਾਈਕਾਟ ਕੀਤਾ ਸੀ। ਆਜ਼ਾਦ ਅਤੇ ਨਿਰਪੱਖ ਵੋਟ ਦਾ ਕੋਈ ਦਿਖਾਵਾ ਨਹੀਂ ਕੀਤਾ ਗਿਆ। ਸਾਡੇ ਆਪਣੇ ਦੇਸ਼ ਵਿੱਚ, ਬਹੁਤ ਸਾਰੀਆਂ ਅਵਾਜ਼ਾਂ ਸਨ ਜੋ ਮਹਿਸੂਸ ਕਰਦੀਆਂ ਸਨ ਕਿ ਚੋਣ ਕਮਿਸ਼ਨ ਉੱਤੇ ਮੋਦੀ ਸ਼ਾਸਨ ਦੀ ਘੁਸਪੈਠ ਨੂੰ ਦੇਖਦੇ ਹੋਏ, ਭਾਜਪਾ ਵਿਰੋਧੀ ਪਾਰਟੀਆਂ ਨੂੰ 2024 ਦੀਆਂ ਲੋਕ ਸਭਾ ਚੋਣਾਂ ਲੜਨ ਤੋਂ ਦੂਰ ਰਹਿਣਾ ਚਾਹੀਦਾ ਹੈ। ਇਹ ਚੋਣ ਬਾਂਡ ’ਤੇ ਸੁਪਰੀਮ ਕੋਰਟ ਦਾ ਫੈਸਲਾ ਸੀ ਜਿਸ ਨੇ ਸਨਕੀ ਲੋਕਾਂ ਨੂੰ ਚੀਜ਼ਾਂ ਦੀ ਸਮੁੱਚੀ ਸੰਵਿਧਾਨਕ ਯੋਜਨਾ ਵਿੱਚ ਕੁਝ ਵਿਸ਼ਵਾਸ ਰੱਖਣ ਲਈ ਪ੍ਰੇਰਿਆ। ਫਿਰ ਵੀ, ਭਾਰਤੀ ਚੋਣ ਕਮਿਸ਼ਨ ਸਾਰਿਆਂ ਦਾ ਅਯੋਗ ਸਨਮਾਨ ਹਾਸਲ ਕਰਨ ਵਿੱਚ ਅਸਫਲ ਰਿਹਾ। ਜੇਕਰ ਅਸਹਿਮਤੀ ਦੀਆਂ ਜਮਹੂਰੀ ਆਵਾਜ਼ਾਂ ਨੂੰ ਉਠਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ, ਤਾਂ ਸਿਰਫ ਰੌਲਾ ਹੀ ਗਲੀ ਵਿੱਚ ਭੀੜ ਹੈ। ਢਾਕਾ ਵਿੱਚ ਜੋ ਕੁਝ ਹੋਇਆ, ਉਸ ਤੋਂ ਮੋਦੀ-ਸ਼ਾਹ ਗਰੁੱਪਾਂ ਨੂੰ ਸਬਕ ਸਿੱਖਣਾ ਚਾਹੀਦਾ ਹੈ। ਇੰਡੀਅਨ ਐਕਸਪ੍ਰੈਸ (ਅਗਸਤ 5, 2024) ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਨੋਬਲ ਪੁਰਸਕਾਰ ਜੇਤੂ ਮੁਹੰਮਦ ਯੂਨਸ ਨੇ ਸ਼ੇਖ ਹਸੀਨਾ ਸਰਕਾਰ ਬਾਰੇ ਕਿਹਾ ਕਿ ਸਰਕਾਰ ਇੱਕ ਝੂਠ ਬਣਾਉਣ ਦੀ ਫੈਕਟਰੀ ਹੈ, ਲਗਾਤਾਰ ਝੂਠ ਬੋਲਦੀ ਹੈ ਅਤੇ ਉਹ ਸਿਰਫ਼ ਆਪਣੇ ਝੂਠ ਵਿੱਚ ਵਿਸ਼ਵਾਸ ਕਰਨਾ ਸ਼ੁਰੂ ਕਰ ਦਿੰਦੀ ਹੈ। ਹਰ ਚੁਣੀ ਹੋਈ ਤਾਨਾਸ਼ਾਹੀ ਵਿੱਚ ਇੱਕ ਜਾਣਿਆ-ਪਛਾਣਿਆ ਰੂਪ ਦੇਖਣ ਨੂੰ ਮਿਲਦਾ ਹੈ।

ਇਸੇ ਤਰ੍ਹਾਂ ਦੀ ਕਮਜ਼ੋਰੀ ਨੇ ਤੱਥਾਂ ਅਤੇ ਅੰਕੜਿਆਂ ਪ੍ਰਤੀ ਮੋਦੀ ਸਰਕਾਰ ਦੀ ਪਹੁੰਚ ਨੂੰ ਦਰਸਾਇਆ ਹੈ। ਇਹ ਸਾਰੀਆਂ ਅੰਤਰਰਾਸ਼ਟਰੀ ਰਿਪੋਰਟਾਂ ਅਤੇ ਵਿਚਾਰਾਂ ਨੂੰ ਰੱਦ ਕਰਦਾ ਹੈ; ਇਹ ਅੰਤਰਰਾਸ਼ਟਰੀ ਮਾਪਦੰਡਾਂ ਅਤੇ ਜਮਹੂਰੀ ਸਿਹਤ ਦੇ ਮਾਪਦੰਡਾਂ ਨੂੰ ਵੀ ਖਾਰਜ ਕਰਦਾ ਹੈ। ਸਿਵਲ ਸੋਸਾਇਟੀ ਅਤੇ ਇਸ ਦੀਆਂ ਆਲੋਚਨਾਵਾਂ ਨੂੰ ਉਨ੍ਹਾਂ ਲੋਕਾਂ ਦਾ ਹੱਥ ਮੰਨਿਆ ਜਾਂਦਾ ਹੈ ਜੋ ਅਸਥਿਰਤਾ ਪੈਦਾ ਕਰਨਾ ਚਾਹੁੰਦੇ ਹਨ ਜਾਂ ਭਾਰਤ ਮਾਤਾ ਦਾ ਨਾਂ ਬਦਨਾਮ ਕਰਨਾ ਚਾਹੁੰਦੇ ਹਨ।

ਵੋਟਰਾਂ ਦੁਆਰਾ ਮੂੰਹ ’ਤੇ ਥੱਪੜ ਮਾਰਨ ਦੀ ਪਰਵਾਹ ਕੀਤੇ ਬਗੈਰ ਮੋਦੀ ਦੇ ਕਮਿਸਰ ਹੁਣ ਡਿਜੀਟਲ ਪਲੇਟਫਾਰਮਾਂ ’ਤੇ ਸਾਰੀਆਂ ਸੁਤੰਤਰ ਆਵਾਜ਼ਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਆਸ ਹੀ ਕੀਤੀ ਜਾ ਸਕਦੀ ਹੈ ਕਿ ਮੋਦੀ ਸਰਕਾਰ ਦੀ ਇਸ ਹੱਦ ਪਾਰ ਕਰਨ ਨੂੰ ਨਿਆਂਇਕ ਜਾਂਚ ਦੇ ਇਮਤਿਹਾਨ ਵਿੱਚੋਂ ਲੰਘਣਾ ਹੋਵੇਗਾ। ਪਿਛਲੇ ਦਸ ਸਾਲਾਂ ਨੇ ਇਹ ਬਹੁਤ ਸਪੱਸ਼ਟ ਕਰ ਦਿੱਤਾ ਹੈ ਕਿ ਨਰਿੰਦਰ ਮੋਦੀ ਪ੍ਰੋਜੈਕਟਾਂ ਕੋਲ ਰਾਸ਼ਟਰੀ ਸ਼ਾਸਨ ਦੀਆਂ ਸਮੱਸਿਆਵਾਂ ਅਤੇ ਜਟਿਲਤਾਵਾਂ ਦਾ ਕੋਈ ਜਵਾਬ ਨਹੀਂ ਹੈ।

ਸਵੈ-ਪ੍ਰਸ਼ੰਸਾ ਅਤੇ ਸਵੈ-ਤਰੱਕੀ ਤੋਂ ਇਲਾਵਾ, ਸਰਕਾਰ ਵਿੱਚ ਮੋਦੀ ਦਾ ਦਹਾਕਾ ਲੰਮਾ ਕਾਰਜਕਾਲ ਅਕੁਸ਼ਲਤਾ, ਅਸੰਵੇਦਨਸ਼ੀਲਤਾ ਅਤੇ ਅਸਮਰੱਥਾ ਹੈ ਕਿਉਂਕਿ ਇਹ ਇਸ ਗਲਤ ਅਤੇ ਹੰਕਾਰੀ ਧਾਰਨਾ ’ਤੇ ਅਧਾਰਿਤ ਸੀ ਕਿ ਇੱਕ ਇਮਾਨਦਾਰ, ਅਵਿਨਾਸ਼ੀ ਸਰਦਾਰ ਟੁੱਟੇ ਸਿਸਟਮ ਨੂੰ ਠੀਕ ਕਰ ਸਕਦਾ ਹੈ। ਪਿਛਲੇ 10 ਸਾਲਾਂ ਵਿੱਚ ਭਾਰਤ 2014 ਤੋਂ ਪਹਿਲਾਂ ਦੀ ਤਰ੍ਹਾਂ ਹੀ ਭ੍ਰਸ਼ਟ ਹੈ। 10 ਸਾਲਾਂ ਵਿੱਚ, ਇਹ ਹੋਰ ਬੇਇਨਸਾਫ, ਵਧੇਰੇ ਅਸਮਾਨ ਅਤੇ ਵਧੇਰੇ ਗੈਰ-ਜਮਹੂਰੀ ਬਣ ਗਿਆ ਹੈ।

ਬੰਗਲਾਦੇਸ਼ ਵਿੱਚ, ਹਰ ਚੰਗੀ ਭਾਵਨਾ, ਹਰ ਸਿਹਤਮੰਦ ਪਰੰਪਰਾ, ਹਰ ਪ੍ਰਸ਼ੰਸਾਯੋਗ ਪ੍ਰੋਟੋਕੋਲ, ਹਰ ਮਹੱਤਵਪੂਰਣ ਸੰਸਥਾ ਇੱਕ ਵਿਅਕਤੀ ਦੀ ਸ਼ਾਨ ਅਤੇ ਸ਼ਕਤੀ ਦੇ ਹਿੱਤ ਵਿੱਚ ਅਧੀਨ ਹੋ ਗਈ ਸੀ। ਅਸੀਂ ਬੰਗਲਾਦੇਸ਼ ਮਾਡਲ ਨਾਲ ਫਲਰਟ ਕਰਨ ਦੇ ਬਹੁਤ ਨੇੜੇ ਆ ਗਏ ਹਾਂ। ਸਥਾਪਤੀ ਦਾ ਸਵੈ-ਭ੍ਰਿਸ਼ਟਾਚਾਰ ਮੋਦੀ ਸਰਕਾਰ ਦੇ ਦਿਖਾਵੇ ਨੂੰ ਖਾ ਗਿਆ ਹੈ। ਬੰਗਲਾਦੇਸ਼ ਦੀਆਂ ਘਟਨਾਵਾਂ ਆਪਣੇ ਆਪ ਨੂੰ ਇਹ ਯਾਦ ਦਿਵਾਉਣਾ ਜ਼ਰੂਰੀ ਬਣਾਉਂਦੀਆਂ ਹਨ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਦਾਅਵਿਆਂ ਦੇ ਬਾਵਜੂਦ ਲੋਕਤੰਤਰ ਰਾਜਿਆਂ ਜਾਂ ਸਮਰਾਟਾਂ ਨੂੰ ਨਹੀਂ ਚੁਣਦਾ। ਲੋਕਤੰਤਰ ਪ੍ਰਧਾਨ ਮੰਤਰੀਆਂ ਅਤੇ ਰਾਸ਼ਟਰਪਤੀਆਂ ਦੀ ਚੋਣ ਕਰਦੇ ਹਨ, ਸਾਰੇ ਸੰਵਿਧਾਨ ਤੋਂ ਜਾਇਜ਼ਤਾ ਅਤੇ ਅਧਿਕਾਰ ਪ੍ਰਾਪਤ ਕਰਦੇ ਹਨ। ਇੱਕ ਲੋਕਤੰਤਰੀ ਸਰਕਾਰ ਜਵਾਬਦੇਹ ਸਰਕਾਰ ਹੁੰਦੀ ਹੈ। ਬੀਜੇਪੀ ਅਤੇ ਆਰਐਸਐਸ ਭਿਆਨਕ ਗਲਤੀ ਕਰਨਗੇ ਜੇਕਰ ਉਹ ਸੋਚਦੇ ਹਨ ਕਿ ਉਹ ਲੋਕਤੰਤਰੀ ਜਵਾਬਦੇਹੀ ਵਿੱਚ ਸ਼ਾਮਲ ਸੰਸਥਾਗਤ ਪ੍ਰਬੰਧਾਂ ਨੂੰ ਹੇਠਾਂ ਲਿਆਉਣ ਲਈ ਸੰਵਿਧਾਨਕ ਪ੍ਰਕਿਰਿਆਵਾਂ ਦੀ ਦੁਰਵਰਤੋਂ ਕਰਕੇ ਬਚ ਸਕਦੇ ਹਨ।

ਕੋਈ ਵੀ ਇਸ ਗੱਲ ’ਤੇ ਭਰੋਸਾ ਨਹੀਂ ਕਰ ਸਕਦਾ ਕਿ ਸਾਡੇ ਸੰਸਾਰ ਦੇ ਅਮਿਤ ਸ਼ਾਹ ਅਤੇ ਜੇਪੀ ਨੱਡਾ, ਜੋ ਸਿਆਸੀ ਹੰਕਾਰ ਵਿੱਚ ਖੇਡਦੇ ਕਰਦੇ ਹਨ, ਕੋਲ ਸ਼ੇਖ ਹਸੀਨਾ ਦੇ ਨਿੱਜੀ ਸ਼ਾਸਨ ਦੇ ਗਲਤ ਮਾਡਲ ਤੋਂ ਢੁਕਵਾਂ ਸਬਕ ਲੈਣ ਦੀ ਸਿਆਣਪ ਅਤੇ ਸਮਝਦਾਰੀ ਹੈ। ਪਰ ਇਹ ਭਰੋਸਾ ਕੀਤਾ ਜਾ ਸਕਦਾ ਹੈ ਕਿ ਭਾਰਤ ਦੀਆਂ ਸੰਵਿਧਾਨਕ ਸੰਸਥਾਵਾਂ ਆਪਣੀ ਤਾਕਤ ਨੂੰ ਮੁੜ ਪ੍ਰਾਪਤ ਕਰ ਲੈਣਗੀਆਂ ਅਤੇ ਮੋਦੀ ਸ਼ਾਸਨ ਦੀ ਅਣਗਹਿਲੀ ਦੇ ਵਿਰੁੱਧ ਆਪਣੇ ਆਪ ਨੂੰ ਖੜ੍ਹਾ ਰੱਖਣਗੀਆਂ। ਢਾਕਾ ਜਿਹੀ ਘਟਨਾ ਨੂੰ ਨਵੀਂ ਦਿੱਲੀ ਵਿੱਚ ਦੁਹਰਾਉਣ ਦੀ ਲੋੜ ਨਾ ਹੀ ਪਵੇ ਤਾਂ ਚੰਗਾ ਹੈ।

# ਹਸੀਨਾ ਦਾ ਪਤਨ ਅਤੇ ਬੰਗਲਾਦੇਸ਼ ਦਾ ਭਵਿੱਖ



ਆਨੰਦ ਕੁਮਾਰ

ਜਨਵਰੀ 2009 ਵਿੱਚ ਜਦੋਂ ਸ਼ੇਖ਼ ਹਸੀਨਾ ਨੇ ਬੰਗਲਾਦੇਸ਼ ਦੀ ਸੱਤਾ ਦੀ ਵਾਗਡੋਰ ਸੰਭਾਲੀ ਸੀ ਤਾਂ ਦੱਖਣੀ ਏਸ਼ੀਆ ਵਿੱਚ ਖੇਤਰੀ ਸਥਿਰਤਾ ਵਿੱਚ ਸੁਧਾਰ ਦੇਖਣ ਨੂੰ ਮਿਲਿਆ ਸੀ। ਭਾਰਤ ਦੇ ਉੱਤਰ ਪੂਰਬੀ ਖਿੱਤੇ ਅੰਦਰ ਬਾਗ਼ੀ ਤੇ ਅਤਿਵਾਦੀ ਖ਼ਤਰਿਆਂ ਨਾਲ ਨਜਿੱਠਣ ਲਈ ਉਸ ਨੇ ਨਵੀਂ ਦਿੱਲੀ ਸਹਿਯੋਗ ਦਿੱਤਾ ਅਤੇ ਬੰਗਲਾਦੇਸ਼ ਵਿੱਚ ਕੱਟੜਪੰਥੀਆਂ ਖ਼ਿਲਾਫ਼ ਫ਼ੈਸਲਾਕੁਨ ਕਾਰਵਾਈ ਸਦਕਾ ਖਿੱਤੇ ਅੰਦਰ ਸੁਰੱਖਿਆ ਦੀ ਹਾਲਤੀ ਵਿੱਚ ਭਰਵਾਂ ਸੁਧਾਰ ਆਇਆ। ਹਸੀਨਾ ਦੇ 15 ਸਾਲਾ ਕਾਰਜਕਾਲ ਵਿੱਚ ਆਮ ਤੌਰ ’ਤੇ ਸ਼ਾਂਤੀ ਅਤੇ ਸਥਿਰਤਾ ਰਹੀ ਜਿਸ ਸਦਕਾ ਬੰਗਲਾਦੇਸ਼ ਅੰਦਰ ਆਰਥਿਕ ਵਿਕਾਸ ਵਿੱਚ ਇਜ਼ਾਫ਼ਾ ਹੋਇਆ ਅਤੇ ਖੇਤਰੀ ਸਹਿਯੋਗ ਨੂੰ ਹੁਲਾਰਾ ਮਿਲਿਆ ਸੀ।

ਹਸੀਨਾ ਦੇ ਕਾਰਜਕਾਲ ਦੌਰਾਨ ਭਾਰਤ ਅਤੇ ਬੰਗਲਾਦੇਸ਼ ਵਿਚਕਾਰ ਲੰਮੇ ਅਰਸੇ ਤੋਂ ਲਟਕ ਰਹੇ ਮੁੱਦੇ ਸੁਚਾਰੂ ਢੰਗ ਨਾਲ ਸੁਲਝਾ ਲਏ ਗਏ ਜਿਸ ਕਰ ਕੇ ਖੇਤਰੀ ਸਹਿਯੋਗ ਵਿੱਚ ਵਾਧਾ ਹੋਇਆ; ਭਾਵੇਂ ਇਸ ਦੌਰਾਨ ਖ਼ਾਸਕਰ ਸਾਰਕ (ਦੱਖਣ ਏਸ਼ਿਆਈ ਖੇਤਰੀ ਸਹਿਯੋਗ ਸੰਘ) ਆਮ ਤੌਰ ’ਤੇ ਨਕਾਰਾ ਹੀ ਬਣਿਆ ਰਿਹਾ। ਉਂਝ, 4 ਅਗਸਤ ਨੂੰ ਅਮਨ ਕਾਨੂੰਨ ਦੀ ਹਾਲਤ ਬੇਕਾਬੂ ਹੋ ਜਾਣ ਕਰ ਕੇ ਸ਼ੇਖ਼ ਹਸੀਨਾ ਨੂੰ ਅਹੁਦਾ ਛੱਡਣਾ ਪਿਆ ਜਿਸ ਨਾਲ ਇਨ੍ਹਾਂ ਪ੍ਰਾਪਤੀਆਂ ਨੂੰ ਸੱਟ ਵੱਜ ਸਕਦੀ ਹੈ ਅਤੇ ਕੌਮੀ ਤੇ ਖੇਤਰੀ ਪ੍ਰਸੰਗ ਵਿੱਚ ਹੋਈ ਪ੍ਰਗਤੀ ਦਾ ਨੁਕਸਾਨ ਹੋ ਸਕਦਾ ਹੈ।

ਸੁਰੱਖਿਆ ਹਾਲਤ ਵਿੱਚ ਨਿਘਾਰ ਉਦੋਂ ਸ਼ੁਰੂ ਹੋਇਆ ਜਦੋਂ ਵਿਦਿਆਰਥੀ ਪ੍ਰਦਰਸ਼ਨ ਹੋਣ ਲੱਗ ਪਏ, ਸਿੱਟੇ ਵਜੋਂ 100 ਦੇ ਕਰੀਬ ਮੌਤਾਂ ਹੋ ਗਈਆਂ ਅਤੇ ਸੈਂਕੜੇ ਹੋਰ ਜ਼ਖ਼ਮੀ ਹੋ ਗਏ। ਹਸੀਨਾ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਪ੍ਰਦਰਸ਼ਨਕਾਰੀਆਂ ’ਤੇ ਪੁਲਿਸ ਨੇ ਅੱਥਰੂ ਗੈਸ ਦੇ ਗੋਲੇ ਅਤੇ ਰਬੜ ਦੀਆਂ ਗੋਲੀਆਂ ਚਲਾਈਆਂ। ਸਰਕਾਰ ਨੇ ਰੋਸ ਮੁਜ਼ਾਹਰੇ ਦਬਾਉਣ ਲਈ ਦੇਸ਼ ਭਰ ਵਿੱਚ ਕਰਫਿਊ ਲਗਾ ਦਿੱਤਾ ਅਤੇ ਇੰਟਰਨੈੱਟ ’ਤੇ ਪਾਬੰਦੀ ਲਾਗੂ ਕਰ ਦਿੱਤੀ। ਇਹ ਰੋਸ ਪ੍ਰਦਰਸ਼ਨ ਜੂਨ ਮਹੀਨੇ ਸ਼ੁਰੂ ਹੋਏ ਸਨ ਜਿਸ ਤਹਿਤ ਢਾਕਾ ਯੂਨੀਵਰਸਿਟੀ ਦੇ ਵਿਦਿਆਰਥੀ 1971 ਦੀ ਮੁਕਤੀ ਜੰਗ ਵਿੱਚ ਭਾਗ ਲੈਣ ਵਾਲੇ ਲੋਕਾਂ ਦੇ ਵਾਰਸਾਂ ਨੂੰ ਸਰਕਾਰੀ ਨੌਕਰੀਆਂ ਵਿੱਚ 30 ਫ਼ੀਸਦੀ ਰਾਖਵਾਂਕਰਨ ਦੇਣ ਦੇ ਵਿਵਾਦ ਵਾਲੇ ਫ਼ੈਸਲੇ ਖ਼ਿਲਾਫ਼ ਰੋਸ ਮੁਜ਼ਾਹਰੇ ਕਰ ਰਹੇ ਸਨ। ਮੁਜ਼ਾਹਰਾਕਾਰੀਆਂ ਦਾ ਤਰਕ ਸੀ ਕਿ ਇਹ ਰਾਖਵਾਂਕਰਨ ਪ੍ਰਣਾਲੀ ਵਿਤਕਰੇ ਭਰੀ ਹੈ ਅਤੇ ਹਸੀਨਾ ਦੀ ਅਵਾਮੀ ਲੀਗ ਪਾਰਟੀ ਦੇ ਹਿੱਤਾਂ ਦੀ ਪੂਰਤੀ ਕਰਦੀ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਦੀ ਬਜਾਇ ਮੈਰਿਟ ਆਧਾਰਿਤ ਪ੍ਰਣਾਲੀ ਅਪਣਾਈ ਜਾਵੇ। ਇਹ ਕੋਟਾ ਪ੍ਰਣਾਲੀ 1972 ਵਿੱਚ ਸ਼ੁਰੂ ਕੀਤੀ ਗਈ ਸੀ ਜੋ 2018 ਵਿੱਚ ਬੰਦ ਕਰ ਦਿੱਤੀ ਗਈ ਸੀ ਪਰ ਫਿਰ ਇਸ ਨੂੰ ਬਹਾਲ ਕਰ ਦਿੱਤਾ ਗਿਆ। ਜੁਲਾਈ ਮਹੀਨੇ ਜਦੋਂ ਸੁਰੱਖਿਆ ਦਸਤਿਆਂ ਨੇ 200 ਤੋਂ ਵੱਧ ਵਿਦਿਆਰਥੀਆਂ ਦੀ ਹੱਤਿਆ ਕਰ ਦਿੱਤੀ ਸੀ ਤਾਂ ਇਸ ਪ੍ਰਣਾਲੀ ਨੂੰ ਇੱਕ ਵਾਰ ਫਿਰ ਬੰਦ ਕਰ ਦਿੱਤਾ। ਸੁਪਰੀਮ ਕੋਰਟ ਵਲੋਂ ਕੋਟਾ ਪ੍ਰਣਾਲੀ ਰੱਦ ਕਰ ਦੇਣ ਤੋਂ ਬਾਅਦ ਕੁਝ ਦੇਰ ਲਈ ਵਿਦਿਆਰਥੀ ਮੁਜ਼ਾਹਰੇ ਰੁਕ ਗਏ ਸਨ ਪਰ ਇਸ ਸੰਘਰਸ਼ ਦੌਰਾਨ ਮਾਰੇ ਗਏ ਲੋਕਾਂ ਲਈ ਇਨਸਾਫ਼ ਹਾਸਿਲ ਕਰਨ ਲਈ ਇਹ ਦੁਬਾਰਾ ਸ਼ੁਰੂ ਹੋ ਗਏ।

ਇਹ ਅੰਦੋਲਨ ਕੋਟੇ ਦੇ ਮੁੱਦੇ ਤੋਂ ਸ਼ੁਰੂ ਹੋ ਕੇ ਹੌਲੀ-ਹੌਲੀ ਸਰਕਾਰ ਵਿਰੋਧੀ ਮੁਹਿੰਮ ਦਾ ਰੂਪ ਧਾਰਨ ਕਰ ਗਿਆ ਜਿਸ ਵਿੱਚ ਸਮਾਜ ਦੇ ਵੱਖ-ਵੱਖ ਤਬਕਿਆਂ ਦੇ ਲੋਕ ਹਿੱਸਾ ਲੈ ਰਹੇ ਸਨ ਜਿਨ੍ਹਾਂ ਵਿੱਚ ਨਾਮਵਰ ਹਸਤੀਆਂ ਅਤੇ ਵਸਤਰ ਨਿਰਮਾਣਕਾਰ ਵੀ ਸ਼ਾਮਿਲ ਸਨ। ਫ਼ੌਜ ਦੇ ਸਾਬਕਾ ਮੁਖੀ ਜਨਰਲ ਇਕਬਾਲ ਕਰੀਮ ਭੁਈਆਂ ਜਿਨ੍ਹਾਂ ਇਕਜੁੱਟਤਾ ਦੇ ਪ੍ਰਤੀਕ ਵਜੋਂ ਆਪਣੇ ਫੇਸਬੁਕ ਪ੍ਰੋਫਾਈਲ ਦੀ ਫੋਟੋ ਲਾਲ ਕੀਤੀ ਸੀ, ਸਣੇ ਕਈ ਸੇਵਾ ਮੁਕਤ ਫ਼ੌਜੀ ਜਰਨੈਲ ਅੰਦੋਲਨ ਦੀ ਹਮਾਇਤ ਕਰ ਰਹੇ ਸਨ। ਇਹ ਕਾਫ਼ੀ ਅਹਿਮ ਘਟਨਾ ਸੀ ਕਿਉਂਕਿ ਬੰਗਲਾਦੇਸ਼ ਵਿੱਚ ਬਹੁਤ ਸਾਰੇ ਸਾਬਕਾ ਫ਼ੌਜੀ ਅਫਸਰਾਂ ਦਾ ਪਿਛੋਕੜ ਪਾਕਿਸਤਾਨੀ ਫ਼ੌਜ ਨਾਲ ਜੁੜਿਆ ਹੋਇਆ ਹੈ। ਇਹ ਦੋਸ਼ ਵੀ ਲਾਏ ਜਾ ਰਹੇ ਹਨ ਕਿ ਪ੍ਰਦਰਸ਼ਨਕਾਰੀਆਂ ਨੂੰ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀਐੱਨਪੀ) ਅਤੇ ਜਮਾਤ-ਏ-ਇਸਲਾਮੀ ਦੇ ਆਪਣੇ ਸਿਆਸੀ ਮੰਤਵਾਂ ਲਈ ਵਰਤਿਆ ਜਾ ਰਿਹਾ ਹੈ। ਇਸੇ ਦੌਰਾਨ ਫ਼ੌਜ ਨੇ ਅਮਨ ਕਾਨੂੰਨ ਵਿਵਸਥਾ ਬਹਾਲ ਕਰਾਉਣ ਲਈ ਦਖ਼ਲ ਦਿੱਤਾ। ਫ਼ੌਜ ਦੇ ਮੁਖੀ ਜਨਰਲ ਵਕਾਰ-ਉਜ਼-ਜ਼ਮਾਂ ਨੇ ਪਹਿਲਾਂ ਅਫਸਰਾਂ ਨੂੰ ਅਮਨ ਬਹਾਲ ਕਰਾਉਣ ਦੇ ਨਿਰਦੇਸ਼ ਦਿੱਤੇ ਪਰ ਜਦੋਂ ਹਾਲਾਤ ਬੇਕਾਬੂ ਹੁੰਦੇ ਦਿਖਾਈ ਦਿੱਤੇ ਤਾਂ ਫ਼ੌਜ ਵੀ ਦੁਚਿੱਤੀ ਵਿੱਚ ਪੈ ਗਈ। 3 ਅਗਸਤ ਨੂੰ ਫ਼ੌਜ ਦੇ ਮੁਖੀ ਜਨਰਲ ਵਕਾਰ-ਉਜ਼-ਜ਼ਮਾਂ ਨੇ ਢਾਕਾ ਵਿੱਚ ਫ਼ੌਜੀ ਸਦਰ ਮੁਕਾਮ ਵਿੱਚ ਅਫਸਰਾਂ ਨੂੰ ਮੁਖ਼ਾਤਿਬ ਹੁੰਦਿਆਂ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਬੰਗਲਾਦੇਸ਼ ਦੀ ਫ਼ੌਜ ਲੋਕਾਂ ਦੇ ਭਰੋਸੇ ਦੀ ਪ੍ਰਤੀਕ ਹੈ, ਉਨ੍ਹਾਂ ਭਰੋਸਾ ਦਿਵਾਇਆ ਕਿ ਲੋੜ ਪੈਣ ’ਤੇ ਫ਼ੌਜ ਲੋਕਾਂ ਅਤੇ ਸਟੇਟ/ਰਿਆਸਤ ਨਾਲ ਖੜ੍ਹੇਗੀ ਪਰ ਉਨ੍ਹਾਂ ਇਹ ਸਪਸ਼ਟ ਨਹੀਂ ਕੀਤਾ ਕਿ ਕੀ ਫ਼ੌਜ ਪ੍ਰਦਰਸ਼ਨਕਾਰੀਆਂ ਦੀ ਹਮਾਇਤ ਕਰਦੀ ਹੈ।



ਸ਼ੇਖ਼ ਹਸੀਨਾ ਦੇ ਸ਼ਾਸਨਕਾਲ ਦੌਰਾਨ ਭਾਵੇਂ ਅਮਨ ਚੈਨ ਬਣਿਆ ਰਹਿਣ ਕਰ ਕੇ ਬੰਗਲਾਦੇਸ਼ ਵਿਚ ਖੁਸ਼ਹਾਲੀ ਆਈ ਸੀ ਪਰ ਉਨ੍ਹਾਂ ’ਤੇ ਇਹ ਦੋਸ਼ ਲਾਇਆ ਜਾਂਦਾ ਹੈ ਕਿ ਉਨ੍ਹਾਂ ਰਾਜਕੀ ਸੰਸਥਾਵਾਂ ਦੀ ਵਰਤੋਂ ਕਰ ਕੇ ਅਤੇ ਅਸਹਿਮਤੀ ਦੀਆਂ ਆਵਾਜ਼ਾਂ ਚੁੱਪ ਕਰਵਾ ਕੇ ਆਪਣੀ ਸੱਤਾ ਕਾਇਮ ਕੀਤੀ। ਇਹ ਵੀ ਕਿਹਾ ਜਾਂਦਾ ਰਿਹਾ ਹੈ ਕਿ ਅਵਾਮੀ ਲੀਗ ਦਾ ਲੋਕਾਂ ਨਾਲੋਂ ਰਾਬਤਾ ਟੁੱਟ ਚੁੱਕਿਆ ਹੈ। ਬੰਗਲਾਦੇਸ਼ ਵਿੱਚ ਜੋ ਖ਼ੂਨੀ ਝੜਪਾਂ ਦੇਖਣ ਨੂੰ ਮਿਲੀਆਂ ਹਨ, ਉਹ ਦੇਸ਼ ਦੇ ਖ਼ਾਨਾਜੰਗੀ ਦੇ ਇਤਿਹਾਸ ਦੀਆਂ ਬਦਤਰੀਨ ਘਟਨਾਵਾਂ ਵਜੋਂ ਦਰਜ ਕੀਤੀਆਂ ਗਈਆਂ ਹਨ। ਅਵਾਮੀ ਲੀਗ ਨੇ ਪ੍ਰਦਰਸ਼ਨਕਾਰੀਆਂ ਨੂੰ ਦਬਾਉਣ ਲਈ ਆਪਣੇ ਵਿਦਿਆਰਥੀ ਵਿੰਗ ਬੰਗਲਾਦੇਸ਼ ਛਾਤਰ ਲੀਗ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਹ ਭੁੱਲ ਗਈ ਕਿ ਵਿਦਿਆਰਥੀ ਵਿੰਗ ਹੋਰ ਵਿਦਿਆਰਥੀਆਂ ’ਤੇ ਹਮਲੇ ਕਰਨ ਲਈ ਨਹੀਂ ਹੁੰਦਾ। ਸ਼ੁਰੂ ਵਿੱਚ ਸੱਤਾਧਾਰੀ ਅਵਾਮੀ ਲੀਗ ਨਾਲ ਜੁੜੀਆਂ ਤਾਕਤਾਂ ਨੇ ਬਦਅਮਨੀ ਭੜਕਾਉਣ ਲਈ ਰੋਸ ਮੁਜ਼ਾਹਰੇ ਕੀਤੇ ਸਨ।

ਜਦੋਂ ਬੰਗਲਾਦੇਸ਼ ਵਿੱਚ ਹਾਲਾਤ ਖਰਾਬ ਹੋਣ ਲੱਗੇ ਤਾਂ ਸੰਯੁਕਤ ਰਾਸ਼ਟਰ ਨੇ ਇਸ ਦਾ ਨੋਟਿਸ ਲੈਂਦਿਆਂ ਹਿੰਸਾ ਬੰਦ ਕਰਨ, ਸਾਰੇ ਕੈਦੀਆਂ ਦੀ ਰਿਹਾਈ ਕਰਨ, ਇੰਟਰਨੈੱਟ ਤੱਕ ਰਸਾਈ ਬਹਾਲ ਕਰਨ ਅਤੇ ਸਾਰਥਿਕ ਗੱਲਬਾਤ ਸ਼ੁਰੂ ਕਰਨ ਦੀ ਅਪੀਲ ਕੀਤੀ। ਭਾਰਤ ਬੰਗਲਾਦੇਸ਼ ਦੀਆਂ ਘਟਨਾਵਾਂ ਤੋਂ ਫਿਕਰਮੰਦ ਤਾਂ ਸੀ ਪਰ ਇਸ ਕੋਲ ਉੱਥੇ ਦਖ਼ਲ ਦੇਣ ਦੀ ਬਹੁਤੀ ਗੁੰਜਾਇਸ਼ ਨਹੀਂ ਸੀ ਜਿਸ ਕਰ ਕੇ ਇਸ ਨੇ ਆਪਣੇ ਨਾਗਰਿਕਾਂ ਨੂੰ ਉਥੋਂ ਦੀ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ ਸੀ। ਨਵੀਂ ਦਿੱਲੀ ਨੂੰ ਇਸ ਗੱਲ ਦੀ ਵੀ ਚਿੰਤਾ ਸੀ ਕਿ ਬੰਗਲਾਦੇਸ਼ ਵਿੱਚ ਚੱਲ ਰਹੀ ਬਦਅਮਨੀ ਦਾ ਉਸ ਉਪਰ ਖ਼ਾਸਕਰ ਉਸ ਦੇਸ਼ ਨਾਲ ਲੱਗਦੇ ਸੂਬਿਆਂ ਉਪਰ ਅਸਰ ਹੋ ਸਕਦਾ ਹੈ। ਇਸ ਸੰਕਟ ਨੇ ਨਾਗਰਿਕਾਂ ਨੂੰ ਦਰਪੇਸ਼ ਚੌਤਰਫ਼ਾ ਸਮੱਸਿਆਵਾਂ ਉਜਾਗਰ ਕਰ ਦਿੱਤੀਆਂ ਹਨ। ਰੋਜ਼ਮੱਰਾ ਚੀਜ਼ਾਂ ਦੀਆਂ ਵਧ ਰਹੀਆਂ ਕੀਮਤਾਂ, ਅਪਰਾਧੀ ਗਰੋਹਾਂ ਦੀ ਜਕੜ ਅਤੇ ਸਰਕਾਰ ਦੇ ਹਰ ਅੰਗ ਵਿੱਚ ਫੈਲਿਆ ਭ੍ਰਿਸ਼ਟਾਚਾਰ।

(ਬਾਕੀ ਸਫ਼ਾ 31 ’ਤੇ)

# ਪਰਦੇਸੀਆਂ ਨੂੰ ਅੱਖੀਆਂ ਉਡੀਕਦੀਆਂ...

## ਤਿਉਹਾਰੀ ਰੁੱਤ 'ਚ ਐਨ.ਆਰ.ਆਈ.ਪੰਜਾਬੀਆਂ ਦਾ ਵਤਨ ਗੇੜਾ



## ਸੁੰਨੇ ਪਏ ਪਰਵਾਸੀ ਪੰਜਾਬੀਆਂ ਦੇ ਆਲੀਸ਼ਾਨ ਘਰਾਂ 'ਚ ਹੁਣ ਲੱਗਣਗੀਆਂ ਰੌਣਕਾਂ




ਤੀਆਂ ਅਤੇ ਰੱਖੜੀ ਦੇ ਤਿਉਹਾਰਾਂ ਤੋਂ ਸ਼ੁਰੂ ਹੋਈ 'ਤਿਉਹਾਰੀ ਰੁੱਤ' ਦੌਰਾਨ ਦੁਨੀਆਂ ਦੇ ਵੱਖ -ਵੱਖ ਮੁਲਕਾਂ ਵਿੱਚ ਵਸੇ ਹੋਏ ਅਨੇਕਾਂ ਐਨ.ਆਰ.ਆਈ. ਪੰਜਾਬੀਆਂ ਵੱਲੋਂ ਪੰਜਾਬ ਆਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਗਈ ਹੈ। ਰੱਖੜੀ ਦੇ ਤਿਉਹਾਰ ਮੌਕੇ ਕਈ ਐਨ.ਆਰ.ਆਈ.ਪੰਜਾਬੀਆਂ ਦੇ ਪੰਜਾਬ ਵਿੱਚ ਆਪਣੇ ਜੱਦੀ ਘਰਾਂ ਵਿੱਚ ਆਉਣ ਕਰਕੇ ਉਹਨਾਂ ਦੇ ਵਰ੍ਹਿਆਂ ਤੋਂ ਸੁੰਨੇ ਪਏ ਖਾਲੀ ਘਰਾਂ ਵਿੱਚ ਵੀ ਰੌਣਕਾਂ ਪਰਤ ਆਈਆਂ ਹਨ ਅਤੇ ਹਰ ਦਿਨ ਇਹਨਾਂ ਘਰਾਂ ਵਿੱਚ ਹੁਣ ਖੁਸ਼ੀ ਦੇ ਸਮਾਗਮ ਹੋ ਰਹੇ ਹਨ, ਖੀਰ ਬਣ ਰਹੀ ਹੈ, ਰਸੋਈ ਵਿੱਚ ਬਣਦੇ ਖੋਏ ਦੀ ਮਹਿਕ ਦੂਰ ਤੱਕ ਜਾ ਰਹੀ ਹੈ। ਕਈ ਐਨ.ਆਰ.ਆਈ. ਪੰਜਾਬੀਆਂ ਨੇ ਤਾਂ ਆਪਣੇ ਘਰਾਂ ਵਿੱਚ ਬਿਜਲਈ ਲੜੀਆਂ ਦੀ ਦੀਪਮਾਲਾ ਕੀਤੀ ਹੋਈ ਹੈ, ਜਿਸ ਕਾਰਨ ਇਹ ਘਰ ਬਹੁਤ ਸੁੰਦਰ ਦ੍ਰਿਸ਼ ਪੈਦਾ ਕਰ ਰਹੇ ਹਨ। ਇਸ ਤੋਂ ਇਲਾਵਾ ਅਨੇਕਾਂ ਐਨ.ਆਰ.ਆਈ. ਪੰਜਾਬੀਆਂ ਨੇ ਆਪਣੇ ਮਹੱਲਾਂ ਵਰਗੇ ਘਰਾਂ ਨੂੰ ਨਵਾਂ ਰੰਗ ਰੋਗਣ ਕਰਵਾਉਣਾ ਸ਼ੁਰੂ ਕਰ ਦਿੱਤਾ ਹੈ ਤਾਂ ਕਿ ਆਉਣ ਵਾਲੇ ਹੋਰ ਤਿਉਹਾਰ ਸੁੰਦਰ ਸਜਾਏ ਹੋਏ ਘਰ ਵਿੱਚ ਮਨਾਏ ਜਾਣ।

ਭਾਰਤ ਵਿੱਚ ਤੀਆਂ ਅਤੇ ਰੱਖੜੀ ਦੇ ਤਿਉਹਾਰਾਂ ਤੋਂ ਤਿਉਹਾਰੀ ਸੀਜਨ ਦੀ ਸ਼ੁਰੂਆਤ ਮੰਨੀ ਜਾਂਦੀ ਹੈ, ਜੋ ਕਿ ਲੋਹੜੀ ਦੇ ਤਿਉਹਾਰ ਤੱਕ ਚੱਲਦਾ ਹੈ। ਇਸ ਤਿਉਹਾਰੀ ਸੀਜਨ ਨੂੰ ਤਿਉਹਾਰੀ ਰੁੱਤ ਜਾਂ ਤਿਉਹਾਰਾਂ ਦੀ ਰੁੱਤ ਵੀ ਕਹਿੰਦੇ ਹਨ। ਭਾਰਤ ਦੇ ਮੁੱਖ ਤਿਉਹਾਰ ਇਸ ਰੁੱਤ ਦੌਰਾਨ ਹੀ ਆਉਂਦੇ ਹਨ। ਇਸ ਤਿਉਹਾਰੀ ਸੀਜਨ ਵਿੱਚ ਦੁਕਾਨਦਾਰਾਂ ਅਤੇ ਵਪਾਰੀਆਂ ਵੱਲੋਂ ਸਾਲ ਭਰ ਦੀ ਕਮਾਈ ਕੀਤੀ ਜਾਂਦੀ ਹੈ। ਇਸ ਤਿਉਹਾਰੀ ਸੀਜਨ ਦੌਰਾਨ ਲੋਕ ਰੱਜ ਕੇ ਖਰੀਦਦਾਰੀ ਕਰਦੇ ਹਨ ਅਤੇ ਤਿਉਹਾਰਾਂ ਦਾ ਆਨੰਦ ਮਾਣਦੇ ਹਨ। ਤਿਉਹਾਰੀ ਰੁੱਤ ਦੀ ਸ਼ੁਰੂਆਤ ਵੇਲੇ ਭਾਵ ਅੱਜ ਕੱਲ੍ਹ ਦੇ ਦਿਨਾਂ ਦੌਰਾਨ ਪੰਜਾਬ ਵਿੱਚ ਮੌਸਮ ਬਹੁਤ ਸੋਹਾਵਣਾ ਹੁੰਦਾ ਹੈ, ਭਾਵੇਂ ਕਿ ਦੁਪਹਿਰ ਵੇਲੇ ਗਰਮੀ ਵੀ ਹੁੰਦੀ ਹੈ ਪਰ ਸਵੇਰੇ ਅਤੇ ਸ਼ਾਮ ਰੁਮਕਦੀ ਠੰਡੀ ਹਵਾ ਸਭ ਦਾ ਮਨ ਮੋਹ ਲੈਂਦੀ ਹੈ। ਇਸੇ ਕਰਕੇ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਇਸ ਰੁੱਤ ਦਾ ਆਨੰਦ ਮਾਨਣ ਪੰਜਾਬ ਆ ਜਾਂਦੇ ਹਨ। ਇਸ ਰੁੱਤ ਵਿੱਚ ਰਾਤਾਂ ਲੰਬੀਆਂ ਅਤੇ ਠੰਡੀਆਂ ਹੋ ਜਾਂਦੀਆਂ ਹਨ। ਹੌਲੀ ਹੌਲੀ ਗਰਮੀ ਦਾ ਮੌਸਮ ਖਤਮ ਹੋ ਜਾਂਦਾ ਹੈ ਅਤੇ ਹਲਕੀ ਤੇ ਗੁਲਾਬੀ ਠੰਡ ਆ ਜਾਂਦੀ ਹੈ ਤੇ ਦਿਵਾਲੀ ਦੇ ਤਿਉਹਾਰ ਤੱਕ ਪੂਰੀ ਠੰਡ ਆ ਜਾਂਦੀ ਹੈ।

ਇਹ ਇਕ ਹਕੀਕਤ ਹੈ ਕਿ ਜਦੋਂ ਵੀ ਪੰਜਾਬ ਵਿੱਚ ਤਿਉਹਾਰਾਂ ਦੀ ਰੁੱਤ ਸ਼ੁਰੂ ਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਉਹਨਾਂ ਬਜ਼ੁਰਗ ਮਾਪਿਆਂ ਦੇ ਚਿਹਰੇ ਉੱਪਰ ਲਾਲੀ ਆ ਜਾਂਦੀ ਹੈ, ਜਿਹਨਾਂ ਦੇ ਪੁੱਤ ਡਾਲਰ, ਪੌਂਡ ਕਮਾਉਣ ਲਈ ਸੱਤ ਸਮੁੰਦਰ ਪਾਰ ਵਿਦੇਸ਼ੀ ਧਰਤੀ ਉੱਪਰ ਗਏ ਹੋਏ ਹਨ। ਜਿਵੇਂ -ਜਿਵੇਂ ਠੰਡ ਵੱਧਦੀ ਜਾਂਦੀ ਹੈ ਉਂਵੇਂ ਹੀ ਬਜੁਰਗ ਮਾਪਿਆਂ ਦੀ ਉਡੀਕ ਵੀ ਵੱਧ ਜਾਂਦੀ ਹੈ। ਕਈ ਵਾਰ ਤਾਂ ਪਰਦੇਸੀ ਪੁੱਤਾਂ ਦੀਆਂ ਮਾਵਾਂ ਐਂਵੇਂ ਬਹਾਨੇ ਨਾਲ ਹੀ ਮੋਬਾਈਲ ਜਾਂ ਘਰ ਵਿੱਚ ਲੱਗੇ ਲੈਂਡ ਲਾਈਨ ਫੋਨ ਨੂੰ ਚੁੱਕ ਕੇ ਵੇਖਦੀਆਂ ਨੇ ਕਿ ਕਿਤੇ ਫੋਨ ਹੀ ਡੈਡ ਤਾਂ ਨਹੀਂ ਹੋ ਗਿਆ, ਕਿਉਂਕਿ ਪੁੱਤ ਦਾ ਆਉਣ ਦਾ ਕੋਈ ਸੁਨੇਹਾ(ਮੈਸੇਜ) ਹੀ ਤਾਂ ਨਹੀਂ ਆਇਆ। ਅੱਜਕੱਲ੍ਹ ਵੱਡੀ ਗਿਣਤੀ ਐਨ.ਆਰ.ਆਈ. ਪੰਜਾਬੀਆਂ ਦੇ ਪੰਜਾਬ ਦੇ ਵੱਖ -ਵੱਖ ਇਲਾਕਿਆਂ ਵਿੱਚ ਰਹਿੰਦੇ ਮਾਪਿਆਂ ਤੇ ਹੋਰ ਪਰਿਵਾਰਕ ਮੈਂਬਰਾਂ ਦੇ ਚਿਹਰੇ ਖਿੜੇ ਲੱਗਦੇ ਹਨ ਕਿਉਂਕਿ ਤਿਉਹਾਰੀ ਰੁੱਤੇ ਵੱਡੀ ਗਿਣਤੀ ਪਰਵਾਸੀ ਪੰਜਾਬੀਆਂ ਦੇ ਪੰਜਾਬ ਆਉਣ ਦੀ ਸੰਭਾਵਨਾ ਹੈ।



ਦੁਨੀਆਂ ਦੇ ਵੱਖ- ਵੱਖ ਮੁਲਕਾਂ ਵਿੱਚ ਵਸੇ ਹੋਏ ਪਰਵਾਸੀ ਪੰਜਾਬੀਆਂ ਵਿਚੋਂ ਵੱਡੀ ਗਿਣਤੀ ਪਰਵਾਸੀ ਪੰਜਾਬੀਆਂ ਨੇ ਪੰਜਾਬ ਵਿਚਲੇ ਆਪਣੇ ਜੱਦੀ ਘਰਾਂ ਨੂੰ ਢਾਹ ਕੇ ਜਾਂ ਜੱਦੀ ਘਰਾਂ ਦੇ ਨਾਲ ਹੀ ਵਿਦੇਸ਼ੀ ਡਿਜਾਇਨਾਂ ਵਾਲੇ ਮਹੱਲਾਂ ਵਰਗੇ ਘਰ ਅਤੇ ਆਲੀਸ਼ਾਨ ਕੋਠੀਆਂ ਬਣਾਏ ਹੋਏ ਹਨ। ਇਹ ਆਲੀਸ਼ਾਨ ਕੋਠੀਆਂ ਜਿਥੇ ਐਨ.ਆਰ.ਆਈ. ਪੰਜਾਬੀਆਂ ਦੀ ਖੁਸ਼ਹਾਲੀ ਦਾ ਪ੍ਰਗਟਾਵਾ ਕਰਦੀਆਂ ਹਨ ਉਥੇ ਹੀ ਪੰਜਾਬ ਦੇ ਪਿੰਡਾਂ ਦੀ ਦਿੱਖ ਨੂੰ ਸੁੰਦਰ ਵੀ ਬਨਾਉਂਦੀਆਂ ਹਨ। ਇਹਨਾਂ ਆਲੀਸਾਨ ਘਰਾਂ ਵਿੱਚ ਕਿਸੇ ਨੇ ਛੱਤ ਉੱਪਰ ਹਵਾਈ ਜਹਾਜ਼ ਬਣਾਇਆ ਹੋਇਆ ਹੈ, ਕਿਸੇ ਨੇ ਟੈਂਕ, ਕਿਸੇ ਨੇ ਫੁੱਟਬਾਲ , ਕਿਸੇ ਨੇ ਘੋੜਾ, ਬਲਦ, ਭੱਤਾ ਲੈ ਕੇ ਜਾਂਦੀ ਮੁਟਿਆਰ, ਕਿਸੇ ਨੇ ਚਾਹ ਦਾ ਕੱਪ ਅਤੇ ਕਿਸੇ ਨੇ ਕੁਝ ਹੋਰ ਆਲੀਸ਼ਾਨ ਘਰਾਂ ਦੀਆਂ ਛੱਤਾਂ ਉੱਪਰ ਬਣਾਇਆ ਹੋਇਆ ਹੈ।

ਦੂਜੇ ਪਾਸੇ ਇੱਕ ਕਠੋਰ ਹਕੀਕਤ ਇਹ ਹੈ ਕਿ ਅਨੇਕਾਂ ਸ਼ਗਨ ਮਨਾ ਕੇ ਅਤੇ ਮਨਾਂ ਮੂੰਹੀ ਡਾਲਰ - ਪੌਂਡਾਂ ਤੋਂ ਬਦਲਿਆ ਭਾਰਤੀ ਪੈਸਾ ਖਰਚ ਕੇ ਬਣਾਈਆਂ ਇਹਨਾਂ ਮਹੱਲ ਵਰਗੀਆਂ ਆਲੀਸ਼ਾਨ ਕੋਠੀਆਂ ਵਿਚੋਂ ਵੱਡੀ ਗਿਣਤੀ ਕੋਠੀਆਂ ਵਿੱਚ ਜਿੰਦਗੀ ਹੀ ਨਹੀਂ ਧੜਕਦੀ ਕਿਉਂਕਿ ਇਹਨਾਂ ਮਹੱਲਾਂ ਵਰਗੀਆਂ ਆਲੀਸ਼ਾਨ ਕੋਠੀਆਂ ਦੇ ਅਸਲੀ ਮਾਲਕ ਤਾਂ ਸੱਤ ਸਮੁੰਦਰ ਪਾਰ ਵਿਦੇਸ਼ਾਂ ਵਿੱਚ ਡਾਲਰ ਤੇ ਪੌਂਡ ਕਮਾਉਣ ਵਿੱਚ ਹੀ ਰੁਝੇ ਹੋਏ ਹਨ। ਇਹ ਪਰਵਾਸੀ ਪੰਜਾਬੀ ਕਦੇ ਪੰਜ- ਸੱਤ ਕੁ ਸਾਲਾਂ ਬਾਅਦ ਹੀ ਕਿਸੇ ਧੀ ਪੁੱਤਰ ਦੇ ਵਿਆਹ ਮੌਕੇ ਜਾਂ ਕਿਸੇ ਹੋਰ ਕੰਮ ਆਪਣੇ ਜੱਦੀ ਪਿੰਡ ਗੇੜਾ ਮਾਰਦੇ ਨੇ ਤੇ ਉਸ ਸਮੇਂ ਜ਼ਰੂਰ ਇਹਨਾਂ ਆਲੀਸ਼ਾਨ ਕੋਠੀਆਂ ਵਿੱਚ ਦਿਨ ਰਾਤ ਰੌਣਕਾਂ ਲਗੀਆਂ ਰਹਿੰਦੀਆਂ ਹਨ। ਇਹ ਮਹੱਲਾਂ ਵਰਗੇ ਘਰ ਹਰ ਪਿੰਡ ਦੀ ਸ਼ਾਨ ਬਣੇ ਹੋਏ ਹਨ। ਐਨ.ਆਰ.ਆਈ. ਪੰਜਾਬੀਆਂ ਵਲੋਂ ਚਾਵਾਂ ਮਲਾਰਾਂ ਨਾਲ ਬਣਾਈਆਂ ਇਹਨਾਂ ਆਲੀਸ਼ਾਨ ਕੋਠੀਆਂ ਵਿਚੋਂ ਵੱਡੀ ਗਿਣਤੀ ਕੋਠੀਆਂ ਇਹਨਾਂ ਕੋਠੀਆਂ ਦੇ ਵਾਰਸਾਂ ਦੇ ਸੱਤ ਸਮੁੰਦਰ ਪਾਰ ਜਾ ਕੇ ਵਸੇ ਹੋਣ ਕਾਰਨ ਸੁੰਨੀਆਂ ਪਈਆਂ ਹਨ। ਹੁਣ ਤਿਉਹਾਰੀ ਰੁੱਤ ਸ਼ੁਰੂ ਹੋ ਜਾਣ ਕਾਰਨ ਇਨ੍ਹਾਂ ਜਹਾਜ਼ਾਂ, ਟੈਂਕਾਂ, ਬਲਦਾਂ ਵਾਲੇ ਘਰਾਂ ਨੂੰ ਆਸ ਬਣ ਗਈ ਹੈ ਕਿ ਉਹਨਾਂ ਦੇ ਮਾਲਕ ਸੱਤ ਸਮੁੰਦਰ ਪਾਰ ਤੋਂ ਆਉਣਗੇ ਤੇ ਇਹਨਾਂ ਘਰਾਂ ਵਿੱਚ ਦਿਨ ਰਾਤ ਰੌਣਕਾਂ ਲਗਾਉਣਗੇ ਅਤੇ ਇਹ ਮਹੱਲਾਂ ਵਰਗੇ ਦਿਨ ਰਾਤ ਬਿਜਲਈ ਲੜੀਆਂ ਦੀ ਦੀਪਮਾਲਾ ਨਾਲ ਰੁਸ਼ਨਾਉਂਗੇ। ਇਹਨਾਂ ਘਰਾਂ ਨੂੰ ਆਸ ਬਣ ਗਈ ਹੈ ਕਿ ਇਹਨਾਂ ਦੇ ਐਨ.ਆਰ.ਆਈ. ਮਾਲਕਾਂ ਦੇ ਆਉਣ ਤੋਂ ਬਾਅਦ ਇਹਨਾਂ ਘਰਾਂ ਦੇ ਚੁੱਲਿਆਂ 'ਤੇ ਹੁਣ ਦੁਸਹਿਰਾ, ਦਿਵਾਲੀ ਅਤੇ ਲੋਹੜੀ ਮੌਕੇ ਖੋਆ ਕੱਢਿਆ ਜਾਵੇਗਾ। ਸਿਆਲ ਰੁੱਤੇ ਹੁਣ ਇਹਨਾਂ ਮਹੱਲਾਂ ਵਰਗੇ ਘਰਾਂ ਵਿੱਚ ਗਜਰੇਲਾ ਬਣਾਇਆ ਜਾਵੇਗਾ। ਇਹਨਾਂ ਆਲੀਸ਼ਾਨ ਕੋਠੀਆਂ ਦੀਆਂ ਹਾਰੇ ਵਿੱਚ ਰੱਖੀਆਂ ਕਾੜ੍ਹਨੀਆਂ ਵਿੱਚ ਦੁੱਧ ਗਰਮ ਹੋਵੇਗਾ।



ਤਿਉਹਾਰੀ ਰੁੱਤ ਸ਼ੁਰੂ ਹੋਣ ਕਰਕੇ ਇਹਨਾਂ ਸੁੰਨੇ ਪਏ ਆਲੀਸ਼ਾਨ ਘਰਾਂ ਅਤੇ ਕੋਠੀਆਂ ਨੂੰ ਹੁਣ ਆਸ ਬਣ ਗਈ ਹੈ ਕਿ ਇਹਨਾਂ ਕੋਠੀਆਂ ਦੇ ਮਾਲਕਾਂ ਦੇ ਪੁੱਤਰ ਦਾ ਵਿਆਹ ਇਸ ਤਿਉਹਾਰੀ ਰੁੱਤ ਦੌਰਾਨ ਹੀ ਹੋਵੇਗਾ ਅਤੇ ਵਿਆਹ ਮੌਕੇ ਫੁੱਲਾਂ ਨਾਲ ਸ਼ਿੰਗਾਰੀ ਕਾਰ ਵਿਚੋਂ ਗਹਿਨਿਆਂ ਨਾਲ ਲੱਦੀ, ਸੂਹੇ ਸਾਲੂ ਨਾਲ ਸਿਰ ਕੱਜੀ, ਬਾਹਾਂ ਵਿੱਚ ਸ਼ਗਨਾਂ ਦਾ ਲਾਲ ਚੂੜਾ ਪਾ ਕੇ ਪੈਰੀਂ ਝਾਂਜਰਾ ਛਣਕਾਉਂਦੀ, ਮਹਿੰਦੀ ਵਾਲੇ ਹੱਥਾਂ ਨਾਲ ਲਾਲ ਸੂਹਾ ਲਹਿੰਗਾ ਸੰਭਾਲਦੀ , ਅੱਖਾਂ ਨਾਲ ਨੀਵੀਂ ਪਾਈ ਵਿਆਹੁਤਾ ਮੁਟਿਆਰ ਪਹਿਲੀ ਵਾਰ ਇਹਨਾਂ ਕੋਠੀਆਂ ਦੇ ਅੰਦਰ ਆਪਣੇ ਮੁੱਢਲੇ ਕਦਮ ਰੱਖੇਗੀ। ਜਿਸ ਨੂੰ ਸ਼ਗਨਾਂ ਨਾਲ ਤੇਲ ਚੋਅ ਕੇ ਉਸ ਨੂੰ ਕੋਠੀ ਅੰਦਰ ਲਿਜਾਇਆ ਜਾਵੇਗਾ ਤੇ ਉਸ ਸਮੇਂ ਸ਼ਗਨਾਂ ਦੇ ਗੀਤ ਗਾਏ ਜਾਣਗੇ।

ਹੁਣ ਤਿਉਹਾਰੀ ਰੁੱਤ ਸ਼ੁਰੂ ਹੋਣ ਕਰਕੇ ਐਨ.ਆਰ.ਆਈ. ਪੰਜਾਬੀਆਂ ਦੀਆਂ ਇਹਨਾਂ ਮਹੱਲਾਂ ਵਰਗੀਆਂ ਸੁੰਨੀਆਂ ਪਈਆਂ ਆਲੀਸ਼ਾਨ ਕੋਠੀਆਂ ਨੂੰ ਆਸ ਬਣ ਗਈ ਹੈ ਕਿ ਸ਼ਾਇਦ ਅਸਮਾਨ ਵਿੱਚ ਬੱਦਲਾਂ ਤੇ ਪਰਵਾਸੀ ਪੰਛੀਆਂ ਵਾਂਗ ਉੱਡਕੇ ਤਿਉਹਾਰੀ ਰੁੱਤ ਦਾ ਆਨੰਦ ਮਾਨਣ ਲਈ ਇਹਨਾਂ ਆਲੀਸ਼ਾਨ ਕੋਠੀਆਂ ਦੇ ਸੱਤ ਸਮੁੰਦਰ ਪਾਰ ਰਹਿੰਦੇ ਅਸਲੀ ਵਾਰਸ ਮੁੜ ਆਉਣ ਅਤੇ ਸੁੰਨੇ ਪਏ ਜ਼ਹਾਜ਼ਾਂ - ਟੈਂਕਾਂ ਵਾਲੇ ਆਲੀਸ਼ਾਨ ਘਰਾਂ ਵਿੱਚ ਤਿਉਹਾਰੀ ਰੁੱਤ ਵਿੱਚ ਮੁੜ ਰੌਣਕਾਂ ਲੱਗਣ, ਖੀਰ- ਪੂੜੇ ਬਣਨ, ਇਹਨਾਂ ਘਰਾਂ ਦੇ ਵਿਹੜੇ ਵਿੱਚ ਕੁੜੀਆਂ ਚਿੜੀਆਂ ਪੀਂਘਾਂ ਝੂਟਦੀਆਂ ਹੋਈਆਂ ਗੀਤ ਗਾਉਣ, ਕਿੱਕਲੀ ਪਾਉਣ, ਮੀਂਹ ਦੇ ਛਰਾਟਿਆਂ ਵਾਂਗ ਇਹਨਾਂ ਘਰਾਂ ਦੇ ਹਰ ਪਾਸੇ ਸੱਤ ਸਮੁੰਦਰ ਪਾਰ ਤੋਂ ਆਏ ਅਸਲੀ ਵਾਰਸਾਂ ਦੇ ਹਾਸੇ ਗੂੰਜਣ, ਸੱਜ ਵਿਆਹੀਆਂ ਦੀਆਂ ਵੱਖ- ਵੱਖ ਰੰਗਾਂ ਵਾਲੀਆਂ ਵੰਗਾਂ ਅਤੇ ਘੁੰਗਰੂਆਂ ਵਾਲੀਆਂ ਝਾਂਜਰਾਂ ਛਣਕਣ, ਮੀਂਹ ਵਾਂਗ ਹਰ ਪਾਸੇ ਦੁੱਧ ਘਿਓ ਦੇ ਦਰਿਆ ਵੱਗਣ, ਹਰ ਪਾਸੇ ਲਹਿਰਾਂ- ਬਹਿਰਾਂ ਹੋ ਜਾਣ, ਵੱਡੇ-ਛੋਟੇ ਬੱਚਿਆਂ ਦੀਆਂ ਕਿਲਕਾਰੀਆਂ ਦੇ ਨਾਲ ਹੀ ਸੱਜ ਵਿਆਹੀਆਂ ਜੋੜੀਆਂ ਦੇ ਮਿੰਨੇ ਮਿੰਨੇ ਹਾਸੇ ਚੁਫੇਰੇ ਗੂੰਜਣ।

ਆਉਣ ਵਾਲੇ ਦਿਨਾਂ ਵਿੱਚ ਉਹਨਾਂ ਸੁਹਾਗਣਾਂ ਦੇ ਚਿਹਰਿਆਂ ਉਪਰ ਚੜਦੇ ਸੂਰਜ ਵਾਂਗ ਲਾਲੀ ਛਾਈ ਹੋਵਗੀ, ਜਿਹਨਾਂ ਦੇ ਐਨ.ਆਰ.ਆਈ. ਕੰਤ ਇਸ ਰੁੱਤ ਵਿੱਚ ਉਹਨਾਂ ਕੋਲ ਵਰ੍ਹਿਆਂ ਬਾਅਦ ਆਉਣਗੇ। ਇਸ ਸਮੇਂ ਰਾਤ ਸਮੇਂ ਹੌਕੇ ਭਰਦੀਆਂ ਤੇ ਬਿਰਹਾ ਦੀ ਅਗਨੀ ਵਿੱਚ ਜਲਦੀਆਂ, ਇਕੱਲਤਾ ਦਾ ਸੰਤਾਪ ਹੰਢਾ ਰਹੀਆਂ ਉਹਨਾਂ ਵਿਆਹੁਤਾ ਮੁਟਿਆਰਾਂ ਦੇ ਹਾਸੇ ਹੁਣ ਆਉਣ ਵਾਲੇ ਦਿਨਾਂ ਵਿੱਚ ਹਵਾ ਵਿੱਚ ਗੂੰਜਣਗੇ, ਜਦੋਂ ਉਹਨਾਂ ਦੇ ਵਿਦੇਸ਼ ਗਏ ਕੰਤ ਉਹਨਾਂ ਕੋਲ ਹੋਣਗੇ।

ਰੱਬ ਕਰੇ! ਇਹ ਰੁੱਤ ਭੈਣਾਂ ਨੂੰ ਵੀਰਾਂ ਨਾਲ, ਸੁਹਾਗਣਾਂ ਨੂੰ ਉਹਨਾਂ ਦੇ ਐਨ.ਆਰ.ਆਈ. ਕੰਤ ਨਾਲ, ਪਰਦੇਸੀ ਪੁੱਤਾਂ ਨੂੰ ਉਡੀਕਦੀਆਂ ਮਾਵਾਂ ਦਾ ਪੁੱਤਾਂ ਨਾਲ , ਪੋਤਿਆਂ ਨੂੰ ਉਡੀਕਦੇ ਬੁੱਢੇ ਬਾਬਿਆਂ ਦਾ ਪੋਤਿਆਂ ਨਾਲ ਤੇ ਸਭ ਵਿਛੜਿਆਂ ਦੇ ਮੇਲ ਕਰਾਵੇ।



# ਕਿਵੇਂ ਹੋਵੇ ਬੰਗਲਾਦੇਸ਼ 'ਚ ਘੱਟ ਗਿਣਤੀ ਭਾਈਚਾਰੇ ਦੀ ਸੁਰੱਖਿਆ ?



ਦਰਬਾਰਾ ਸਿੰਘ ਕਾਹਲੋਂ




ਸਾਰਾ ਵਿਸ਼ਵ ਇਹ ਵੇਖ ਕੇ ਦੰਗ ਰਹਿ ਗਿਆ ਹੈ। 17 ਕਰੋੜ ਅਬਾਦੀ ਅਧਾਰਿਤ ਦੱਖਣ-ਪੂਰਬ ਏਸ਼ੀਆ ਦੇ ਭਾਰਤੀ ਉਪ ਮਹਾਦੀਪ ਵਿੱਚ ਸਥਿਤ ਬੰਗਲਾਦੇਸ਼ ਕਿਵੇਂ ਦਰਿੰਦਗੀ ਭਰੇ ਰਾਜਨੀਤਕ ਸੱਭਿਆਚਾਰ ਨਾਲ ਬਦਨਾਮ ਹੈ। ਇੱਕੀਵੀਂ ਸਦੀ ਦੀ ਆਧੁਨਿਕਤਾ ਅਤੇ ਆਧੁਨਿਕ ਜੀਵਨ ਦਾ ਇਸ 'ਤੇ ਰਤਾ ਵੀ ਅਸਰ ਨਹੀਂ ਹੈ। ਜਦੋਂ ਵੀ ਇਸ ਦੇਸ਼ ਵਿੱਚ ਰਾਜਨੀਤਕ ਉਥਲ-ਪੁਥਲ ਦਾ ਜਵਾਰ-ਭਾਟਾ ਵੇਖਣ ਨੂੰ ਮਿਲਦਾ ਹੈ ਤਾਂ ਵਿਰੋਧੀਆਂ, ਆਮ ਜਨ ਜੀਵਨ, ਕਾਰੋਬਾਰੀਆਂ ਦੇ ਨਾਲ-ਨਾਲ ਇੱਥੇ ਘੱਟ ਗਿਣਤੀ ਹਿੰਦੂ ਅਤੇ ਅਹਿਮਦੀ ਭਾਈਚਾਰਿਆਂ ਵਿਰੁੱਧ ਬਰਬਰਤਾਪੂਰਵਕ ਹਿੰਸਾ, ਲੁੱਟਮਾਰ, ਅੱਗਜ਼ਨੀ, ਬਲਾਤਕਾਰ, ਅਪਰਾਧ, ਕੋਹ-ਕੋਹ ਕੇ ਮਾਰਨ ਦੀਆਂ ਘਟਨਾਵਾਂ ਦੀ ਸੁਨਾਮੀ ਆ ਜਾਂਦੀ ਹੈ। ਜਿਸ ਦੇਸ਼ ਭਗਤ ਰਾਜਨੀਤੀਵਾਨ 'ਬੰਗ-ਬੰਧੂ' ਵਜੋਂ ਜਾਣੇ ਜਾਂਦੇ ਇਸ ਦੇਸ਼ ਦੀ ਅਜ਼ਾਦੀ ਦੇ ਪਿਤਾਮਾ ਸ਼ੇਖ ਮੁਜੀਬਰ ਰਹਿਮਾਨ ਨੇ ਇਨ੍ਹਾਂ ਨੂੰ ਭਾਰਤੀ ਫੌਜ ਦੀ ਮਦਦ ਨਾਲ ਸੰਨ 1971 ਵਿੱਚ ਵਹਿਸ਼ੀ, ਬਰਬਰਤਾਵਾਦੀ, ਬਲਾਤਕਾਰੀ, ਜ਼ਾਲਮ ਪਾਕਿਸਤਾਨੀ ਫੌਜੀ ਸ਼ਾਸਨ ਤੋਂ ਅਜ਼ਾਦੀ ਦਿਲਾਈ, ਅਜੋਕੇ ਰਾਜ ਪਲਟੇ ਵੇਲੇ ਉਸਦੀ ਮੂਰਤੀ ਤੇ ਢਾਕਾ ਯੂਨੀਵਰਸਿਟੀ ਸੰਬੰਧਿਤ ਅਤੇ ਸਾਥੀ ਵਿਦਿਆਰਥੀਆਂ ਨੇ ਜਨਤਕ ਤੌਰ 'ਤੇ ਪਿਸ਼ਾਬ ਕਰਕੇ, ਉਸ ਨੂੰ ਥੱਲੇ ਸੁੱਟ ਕੇ ਤੋੜ-ਫੋੜ ਕਰਕੇ ਬਰਬਾਦ ਅਤੇ ਬੇਇੱਜ਼ਤ ਕਰਨ ਦਾ ਗੰਦਾ ਤਾਂਡਵ ਨਾਚ ਨੱਚਿਆ। ਜਿਸ ਢਾਕਾ ਯੂਨੀਵਰਸਿਟੀ ਤੋਂ ਲਿਟਰੇਚਰ ਵਿੱਚ ਗ੍ਰੈਜੂਏਸ਼ਨ ਕਰਦੇ ਵਿਦਿਆਰਥੀ ਆਗੂ ਉੱਭਰੇ, ਇਸ ਦੇਸ਼ ਦੀ ਹੀ ਨਹੀਂ ਵਿਸ਼ਵ ਦੀ ਸਭ ਤੋਂ ਲੰਬਾ ਸਮਾਂ ਪ੍ਰਧਾਨ ਮੰਤਰੀ ਰਹੀ ਸ਼ੇਖ ਹਸੀਨਾ ਵਾਜਿਦ, ਜਿਸ ਨੇ ਦੇਸ਼ ਵਿੱਚੋਂ ਗੁਰਬਤ ਦੂਰ ਕਰਨ, 2009 ਤੋਂ 2023 ਤਕ ਦੇਸ਼ ਦੀ ਵਿਕਾਸ ਦਰ ਨੂੰ 6 ਪ੍ਰਤੀਸ਼ਤ ਟਿਕਾਈ ਰੱਖਿਆ, ਉਸ ਨੂੰ ਨੌਕਰੀਆਂ ਵਿੱਚ ਕੋਟਾ ਨੀਤੀ ਦੇ ਮੁੱਦੇ ਤੇ ਉਸੇ ਢਾਕਾ ਯੂਨੀਵਰਸਿਟੀ ਵਿਦਿਆਰਥੀਆਂ ਨੇ ਸੱਤਾ ਛੱਡਣ ਲਈ ਮਜਬੂਰ ਕਰ ਦਿੱਤਾ ਅਤੇ ਉਸਦੇ ਸਰਕਾਰੀ ਨਿਵਾਸ ਨੂੰ ਲੁੱਟ ਦਾ ਸ਼ਿਕਾਰ ਬਣਾਇਆ। ਹੈਰਾਨਗੀ ਦੀ ਇਹ ਗੱਲ ਵੀ ਰਹੀ ਕਿ ਅਰਧ ਫ਼ੌਜੀ ਦਲ ਅਤੇ ਫ਼ੌਜ ਸ਼ਰਮਨਾਕ ਢੰਗ ਨਾਲ ਮੂਕ ਦਰਸ਼ਕ ਬਣੇ ਰਹੇ।

**ਅੰਤ੍ਰਿਮ ਸਰਕਾਰ:** ਸ਼ੇਖ ਹਸੀਨਾ ਵਾਜਿਦ ਅਵਾਮੀ ਲੀਗ ਆਗੂ ਦੇ ਰਾਜ ਪਲਟੇ 'ਤੇ ਬਦੇਸ਼ ਤੋਂ 84 ਸਾਲਾ ਨੋਬਲ ਇਨਾਮ ਜੇਤੂ ਅਰਥ ਸ਼ਾਸਤਰੀ ਡਾ. ਮੁਹੰਮਦ ਯੂਨਸ ਨੂੰ ਬੁਲਾਇਆ ਗਿਆ। ਅਗਸਤ 8, 2024 ਨੂੰ ਉਨ੍ਹਾਂ ਦੀ ਅਗਵਾਈ ਵਿੱਚ ਫ਼ੌਜ ਦੀ ਹਿਮਾਇਤ ਨਾਲ ਉਸ ਨੇ ਅੰਤ੍ਰਿਮ ਸਰਕਾਰ ਸੰਭਾਲ ਲਈ ਹੈ। ਉਸ ਨੇ ਮਾਈਕਰੋਫਾਈਨੈਂਸਿੰਗ ਗ੍ਰਾਮੀਣ ਯੋਜਨਾ ਪ੍ਰੋਗਰਾਮ ਰਾਹੀਂ ਲੱਖਾਂ ਲੋਕਾਂ ਨੂੰ ਬੇਰੋਜ਼ਗਾਰੀ ਦੀ ਦਲ-ਦਲ ਵਿੱਚੋਂ ਬਾਹਰ ਕੱਢਣ ਵਿੱਚ ਅਹਿਮ ਨਾਮਣਾ ਖੱਟਿਆ। ਇਸ ਸਾਲ ਦੇ ਸ਼ੁਰੂ ਵਿੱਚ ਲੇਬਰ ਕਾਨੂੰਨ ਉਲੰਘਣਾ ਦੋਸ਼ ਵਿੱਚ ਸ਼ੇਖ ਹਸੀਨਾ ਵਾਜਿਦ ਸਰਕਾਰ ਵੱਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਅੰਤ੍ਰਿਮ ਸਰਕਾਰ ਦੇ ਗਠਨ ਤੋਂ ਪਹਿਲਾਂ ਰਾਸ਼ਟਰਪਤੀ ਸ਼ਾਹਬੁਦੀਨ ਨੇ ਸੰਸਦ ਨੂੰ ਭੰਗ ਕਰ ਦਿੱਤਾ ਤਾਂ ਕਿ ਦੇਸ਼ ਵਿੱਚ ਨਵੀਆਂ ਚੋਣਾਂ ਦਾ ਰਾਹ ਖੁੱਲ੍ਹ ਜਾਵੇ। ਲੇਕਿਨ ਹੈਰਾਨਗੀ ਇਹ ਵੀ ਹੈ ਕਿ ਨੋਬਲ ਵਿਜੇਤਾ ਡਾ. ਯੂਨਸ ਇਸ ਤਖ਼ਤ ਪਲਟੇ ਨੂੰ 'ਅਜ਼ਾਦੀ ਦਾ ਦੂਸਰਾ ਦਿਵਸ' ਦਰਸਾ ਰਿਹਾ ਹੈ। ਕੱਟੜਪੰਥੀਆਂ, ਜਮਾਤ-ਏ-ਇਸਲਾਮੀ, ਮਦਰੱਸਾ ਮੁਲਾਣਾਵਾਦ, ਫੌਜੀ ਦਖ਼ਲ ਦੇ ਚਲਦੇ ਅੰਤ੍ਰਿਮ ਸਰਕਾਰ ਲਈ ਅਮਨ ਕਾਨੂੰਨ ਕਾਇਮ ਕਰਨਾ, ਘੱਟ ਗਿਣਤੀਆਂ ਦੀ ਰਾਖੀ, ਕੌਮਾਂਤਰੀ ਵਿਸ਼ਵਾਸ ਜਿੱਤਣਾ ਵੱਡੀ ਚੁਣੌਤੀ ਹੋਵੇਗਾ। ਭਾਰਤ ਨਾਲ ਲਗਦੀ 2200 ਕਿਲੋਮੀਟਰ ਸਰਹੱਦ ਰਾਹੀਂ ਵੱਡੇ ਪੱਧਰ 'ਤੇ ਪਲਾਇਨ ਰੋਕਣਾ ਵੀ ਇਸ ਵਿੱਚ ਸ਼ਾਮਲ ਹੈ।

**ਬਦਨਾਮ ਇਤਿਹਾਸ:** ਸੰਨ 1971 ਵਿੱਚ ਦੇਸ਼ ਅਜ਼ਾਦੀ ਬਾਅਦ 'ਬੰਗ ਬੰਧੂ' ਸ਼ੇਖ ਮੁਜੀਬਰ ਰਹਿਮਾਨ ਪਹਿਲੇ ਪ੍ਰਧਾਨ ਮੰਤਰੀ ਬਣੇ। ਜਨਵਰੀ 1975 ਵਿੱਚ ਸੰਵਿਧਾਨਿਕ ਬਦਲ ਰਾਹੀਂ ਉਹ ਰਾਸ਼ਟਰਪਤੀ ਬਣ ਗਏ। ਲੇਕਿਨ 15 ਅਗਸਤ, 1975 ਨੂੰ ਅੱਧੀ ਰਾਤ ਨੂੰ ਦੋ ਫੌਜੀ ਮੇਜਰਾਂ ਦੇ ਤਾਂਡਵ ਨੇ ਸਾਰੇ ਪਰਿਵਾਰ ਅਤੇ 15 ਹੋਰ ਲੋਕਾਂ ਸਮੇਤ ਕਤਲ ਕਰ ਦਿੱਤਾ। ਸ਼ੇਖ ਹਸੀਨਾ ਵਾਜਿਦ ਆਪਣੀ ਭੈਣ ਸ਼ੇਖ ਰੇਹਾਨਾ ਸਮੇਤ ਆਪਣੇ ਪਤੀ ਨਾਲ ਜਰਮਨੀ ਯਾਤਰਾ 'ਤੇ ਹੋਣ ਕਰਕੇ ਬਚ ਗਈ।

ਖੰਦਾਕੇਰ ਮੁਸ਼ਤਾਕ ਅਹਿਮਦ, ਜਿਸ ਨੇ ਇਹ ਸਾਜ਼ਿਸ਼ ਘੜੀ, ਧਰਮ ਨਿਰਪੱਖ ਸਰਕਾਰ ਦੀ ਥਾਂ ਇਸਲਾਮੀ ਸਰਕਾਰ ਗਠਤ ਕੀਤੀ। ਪਰ ਤਿੰਨ ਨਵੰਬਰ, 1975 ਨੂੰ ਫੌਜ ਦੇ ਚੀਫ ਆਫ ਸਟਾਫ ਖਾਲਿਦ ਮੁਸ਼ਰਫ ਨੇ ਖੰਦਾਕੇਰ ਮੁਸ਼ਤਾਕ ਅਹਿਮਦ ਨੂੰ ਕਤਲ ਕਰਕੇ ਸੱਤਾ 'ਤੇ ਕਬਜ਼ਾ ਕਰ ਲਿਆ। ਮੇਜਰ ਜਨਰਲ ਜਿਹਾ ਉਰ ਰਹਿਮਾਨ ਜੇਲ੍ਹ ਸੁੱਟ ਦਿੱਤਾ। 7 ਨਵੰਬਰ ਨੂੰ ਜ਼ਿਆ ਹਿਮਾਇਤੀਆਂ ਨੇ ਖਾਲਿਦ ਮੁਸ਼ਰਫ ਕਤਲ ਕਰਕੇ ਉਸ ਨੂੰ ਰਾਸ਼ਟਰਪਤੀ ਥਾਪ ਦਿੱਤਾ, ਜਿਸ ਨੇ ਬੰਗਲਾਦੇਸ਼ ਨੈਸ਼ਨਲ ਪਾਰਟੀ ਗਠਿਤ ਕੀਤੀ। 30 ਮਈ, 1981 ਵਿੱਚ ਚਿਟਾਗਾਂਗ ਵਿਖੇ ਉਸਦੀ ਹੱਤਿਆ ਕਰ ਦਿੱਤੀ ਗਈ ਪਰ ਤਖਤਾ ਪਲਟਣ ਤੋਂ ਬਚ ਗਿਆ। ਉਪ ਰਾਸ਼ਟਰਪਤੀ ਅਬਦੁਲ ਸਤਾਰ ਨੇ ਜਨਰਲ ਹੁਸੈਨ ਮੁਹੰਮਦ ਇਰਸ਼ਾਦ ਦੀ ਮਦਦ ਨਾਲ ਅੰਤ੍ਰਿਮ ਰਾਸ਼ਟਰਪਤੀ ਵਜੋਂ ਕਮਾਨ ਸੰਭਾਲੀ। ਅਗਲੇ ਸਾਲ 24 ਮਾਰਚ, 1982 ਨੂੰ ਜਨਰਲ ਨੇ ਬਗੈਰ ਖ਼ੂਨ-ਖਰਾਬੇ ਦੇ ਅਬਦੁਸ ਸਤਾਰ ਨੂੰ ਲਾਂਭੇ ਕਰਕੇ ਖੁਦ ਕਮਾਨ ਸੰਭਾਲ ਲਈ। ਮਾਰਸ਼ਲ ਲਾਅ ਨਾਫਜ਼ ਕਰ ਦਿੱਤਾ।

ਸੰਨ 1981 ਵਿੱਚ ਸ਼ੇਖ ਹਸੀਨਾ ਜਲਾਵਤਨੀ ਤੋਂ ਵਾਪਸ ਆਪਣੇ ਦੇਸ਼ ਪਰਤੀ। ਅਵਾਮੀ ਲੀਗ ਦੀ ਕਮਾਨ ਸੰਭਾਲੀ। ਦੂਜੇ ਪਾਸੇ ਬੰਗਲਾਦੇਸ਼ ਨੈਸ਼ਨਲ ਪਾਰਟੀ ਆਗੂ ਖਾਲਿਦਾ ਜ਼ਿਆ ਇੱਕ ਤਾਕਤਵਰ ਆਗੂ ਵਜੋਂ ਉੱਭਰਨ ਲੱਗੀ। ਦੇਸ਼ ਅੰਦਰ ਲੋਕਤੰਤਰ ਦੀ ਸਥਾਪਤੀ ਲਈ ਘੋਰ ਰਾਜਨੀਤਕ ਸ਼ਰੀਕੇਬਾਜ਼ੀ ਦੇ ਬਾਵਜੂਦ ਦੋਹਾਂ ਹੱਥ ਮਿਲਾਏ। ਨਿੱਤ ਦਿਨ ਦੇ ਰਾਜਸੀ ਪ੍ਰਦਰਸ਼ਨਾਂ ਤੋਂ ਤੰਗ ਆ ਕੇ ਮੁਹੰਮਦ ਇਰਸ਼ਾਦ ਨੇ 6 ਦਸੰਬਰ, 1990 ਨੂੰ ਰਾਸ਼ਟਰਪਤੀ ਪਦ ਤੋਂ ਅਸਤੀਫਾ ਦੇ ਦਿੱਤਾ। ਦਸੰਬਰ 12 ਨੂੰ ਗ੍ਰਿਫਤਾਰ ਕਰਕੇ, ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਜੇਲ੍ਹ ਸੁੱਟ ਦਿੱਤਾ ਗਿਆ।

ਦੇਸ਼ ਵਿੱਚ ਲੋਕਤੰਤਰੀ ਚੋਣਾਂ ਦਾ ਐਲਾਨ ਵੇਲੇ ਦੋਵੇਂ ਰਾਜਨੀਤਕ ਆਗੂ ਸ਼ੇਖ ਹਸੀਨਾ ਅਤੇ ਖਾਲਿਦਾ ਜ਼ਿਆ ਇੱਕ ਦੂਜੀ ਦੀਆਂ ਘੋਰ ਸੌਕਣਾਂ ਬਣ ਗਈਆਂ। ਬੀ. ਐੱਨ. ਪੀ. ਆਗੂ ਖਾਲਿਦਾ ਜ਼ਿਆ ਜੇਤੂ ਰਹੀ ਅਤੇ ਦੇਸ਼ ਦੀ ਪਹਿਲੀ ਔਰਤ ਪ੍ਰਧਾਨ ਮੰਤਰੀ ਬਣੀ। ਇਵੇਂ ਬੰਗਲਾ ਦੇਸ਼ ਵਿੱਚ 'ਬੇਗਮਾ ਦੀ ਜੰਗ' ਦਾ ਆਗਾਜ਼ ਹੋ ਗਿਆ। ਸੰਨ 1996 ਵਿੱਚ ਅਵਾਮੀ ਲੀਗ ਸੁਪਰੀਮੋ ਸ਼ੇਖ ਹਸੀਨਾ ਨੇ ਜਿੱਤ ਹਾਸਿਲ ਕੀਤੀ ਅਤੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ। ਲੇਕਿਨ ਸੰਨ 2001 ਦੀਆਂ ਚੋਣਾਂ ਵਿੱਚ ਮੁੜ ਖਾਲਿਦਾ ਜ਼ਿਆ ਬਾਜ਼ੀ ਮਾਰ ਗਈ। ਸ਼ੇਖ ਹਸੀਨਾ ਨੂੰ ਸਾਜ਼ਿਸ਼ ਰਚਣ ਦੇ ਕੇਸ ਵਿੱਚ ਜੇਲ੍ਹ ਭੇਜ ਦਿੱਤਾ ਗਿਆ।

ਸੰਨ 2006 ਵਿੱਚ ਉਸ ਦੇ ਕਾਰਜਕਾਲ ਖਤਮ ਹੋਣ ਬਾਅਦ ਫੌਜ ਨੇ ਫਿਰ 11 ਜਨਵਰੀ, 2007 ਨੂੰ ਸੱਤਾ 'ਤੇ ਕਬਜ਼ਾ ਕਰਕੇ ਦੋਵੇਂ ਬੇਗਮਾਂ ਜੇਲ੍ਹ ਧੱਕ ਦਿੱਤੀਆਂ। ਸੈਨਾ ਮੁਖੀ ਮੋਈਨ ਯੂਨਸ ਅਹਿਮਦ ਨੇ ਅੰਤ੍ਰਿਮ ਸਰਕਾਰ ਗਠਤ ਕੀਤੀ। ਲੇਕਿਨ ਜਨਤਕ ਵਿਰੋਧ ਚਲਦੇ ਦੋਵੇਂ ਬੇਗਮਾਂ ਰਿਹਾਅ ਕਰ ਦਿੱਤੀਆਂ। ਸੰਨ 2009 ਵਿੱਚ ਹੋਈਆਂ ਚੋਣਾਂ ਵਿੱਚ ਸ਼ੇਖ ਹਸੀਨਾ ਨੇ ਬਾਜ਼ੀ ਮਾਰੀ। ਉਹ ਲਗਾਤਾਰ 2009-2014, 2014-2019, 2019-2024 ਸੱਤਾ ਵਿੱਚ ਰਹੀ ਰਹੀ। ਹੁਣ ਚੌਥੀ ਵਾਰ ਜਨਵਰੀ 2024 ਵਿੱਚ ਪ੍ਰਧਾਨ ਮੰਤਰੀ ਬਣੀ। ਇੱਥੇ ਕੜਵੀ ਸਚਾਈ ਇਹ ਵੀ ਹੈ ਕਿ ਬੰਗਲਾ ਦੇਸ਼ ਦੀ ਹੋਂਦ ਤੋਂ ਬਾਅਦ ਹੁਣ ਤਕ ਸਾਰੀ ਜੰਗ ਭਾਰਤ ਪੱਖੀ ਮੁਜੀਬਰ ਰਹਿਮਾਨ ਪਰਿਵਾਰ ਅਤੇ ਪਾਕਿਸਤਾਨ ਪੱਖੀ ਸ਼ਕਤੀਆਂ ਵਿੱਚ ਰਹੀ ਹੈ।

**ਪ੍ਰਾਪਤੀਆਂ:** ਸ਼ੇਖ ਹਸੀਨਾ ਦੇ ਸ਼ਾਸਨ ਦੌਰਾਨ ਭਾਰਤ ਨਾਲ ਸੰਬੰਧ ਗੂੜ੍ਹੇ ਹੁੰਦੇ ਚਲੇ ਗਏ। ਭਾਰਤ ਨੇ ਕਈ ਵਿਕਾਸ ਸਕੀਮਾਂ ਅਤੇ ਪੈਦਾਵਾਰੀ ਸਨਅਤਾਂ, ਬਿਜਲੀ, ਪ੍ਰੋਜੈਕਟਾਂ ਵਿੱਚ ਧੰਨ ਨਿਵੇਸ਼ ਕੀਤਾ। ਦੇਸ਼ ਅੰਦਰ ਮੂਲ ਢਾਂਚਾ ਮਜ਼ਬੂਤ ਕੀਤਾ ਗਿਆ। ਡਿਜੀਟਲਾਈਜੇਸ਼ਨ ਨੂੰ ਉਤਸ਼ਾਹਿਤ ਕੀਤਾ। 17 ਕਰੋੜ ਦੇਸ਼ਵਾਸੀਆਂ ਵਿੱਚੋਂ 95 ਪ੍ਰਤੀਸ਼ਤ ਨੂੰ ਬਿਜਲੀ ਮੁਹਈਆ ਕਰਵਾਈ ਗਈ। ਟੈਕਸਟਾਈਲ ਖੇਤਰ ਵਿੱਚ ਇੰਨੀ ਉਮਦਾ ਤਰੱਕੀ ਕੀਤੀ ਕਿ ਇਸ ਸਮੇਂ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਯੂ. ਕੇ., ਨਿਊਜ਼ੀਲੈਂਡ ਅਤੇ ਕਈ ਯੂਰਪੀ ਦੇਸ਼ਾਂ ਵਿੱਚ ਬੰਗਲਾਦੇਸ਼ ਦੀ ਟੈਕਸਟਾਈਲ ਊਨੀ, ਸੂਤੀ, ਰੇਸ਼ਮੀ ਕੱਪੜਿਆਂ ਦਾ ਸਿੱਕਾ ਚੱਲਦਾ ਹੈ।

ਦੇਸ਼ ਦੀ ਜੀ. ਡੀ. ਪੀ. ਦੀ ਵਿਕਾਸ ਦਰ ਸੰਨ 2009 ਤੋਂ 2023 ਤਕ 6 ਪ੍ਰਤੀਸ਼ਤ ਬਣੀ ਰਹੀ। ਸੰਨ 2020 ਵਿੱਚ ਪ੍ਰਤੀ ਜੀਅ ਆਮਦਨ ਪੱਖੋਂ ਬੰਗਲਾ ਦੇਸ਼ ਗੁਆਂਢੀ ਭਾਰਤ ਨਾਲੋਂ ਅੱਗੇ ਲੰਘ ਗਿਆ। (**ਬਾਕੀ ਸਫ਼ਾ** 30 'ਤੇ)

# ਸਮਾਜ ਨੂੰ ਸ਼ਰਮਸਾਰ ਕਰਦੀਆਂ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ

ਮੁਨੀਸ਼ ਭਾਟੀਆ

ਆਜ਼ਾਦੀ ਤੋਂ ਬਾਅਦ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਔਰਤਾਂ ਦੇ ਸੁਧਾਰ ਲਈ ਤੇਜ਼ੀ ਨਾਲ ਸੁਧਾਰਾਤਮਕ ਕਦਮ ਚੁੱਕੇ ਗਏ ਹਨ, ਪਰ ਫਿਰ ਵੀ ਦੇਸ਼ ਵਿੱਚ ਔਰਤਾਂ ਦੀ ਸਥਿਤੀ 'ਤੇ ਨਜ਼ਰ ਮਾਰੀਏ ਤਾਂ ਬਲਾਤਕਾਰ, ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਵਿੱਚ ਹੌਲੀ-ਹੌਲੀ ਵਾਧਾ ਹੋ ਰਿਹਾ ਹੈ। ਸੋਚਣ ਲਈ ਮਜਬੂਰ ਕਰਦਾ ਹੈ ਕਿ ਅੱਜ ਸਮਾਜ ਕਿਸ ਖ਼ਤਰਨਾਕ ਮੋੜ 'ਤੇ ਖੜ੍ਹਾ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਸਾਲ 2018 ਵਿੱਚ ਦੇਸ਼ ਵਿੱਚ ਹਰ ਰੋਜ਼ 109 ਬੱਚਿਆਂ ਦਾ ਜਿਨਸੀ ਸ਼ੋਸ਼ਣ ਹੋਇਆ ਅਤੇ ਬੱਚਿਆਂ ਨੂੰ ਜਿਨਸੀ ਅਪਰਾਧਾਂ ਤੋਂ ਸੁਰੱਖਿਆ ਦਿੱਤੀ ਗਈ। ਅਗਲੇ ਸਾਲਾਂ ਵਿੱਚ ਐਕਟ ਦੇ ਤਹਿਤ ਦਰਜ ਕੇਸਾਂ ਦੀ ਗਿਣਤੀ ਵਿੱਚ ਵਾਧਾ ਹੋਇਆ। ਦੇਸ਼ ਦੀ ਨਿਆਂਪਾਲਿਕਾ ਨੇ ਵੀ ਅਜਿਹੀਆਂ ਘਿਨਾਉਣੀਆਂ ਹਰਕਤਾਂ ਕਰਨ ਵਾਲੇ ਗ਼ਰੀਬ ਲੋਕਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਹਨ ਤਾਂ ਜੋ ਸਮਾਜ ਵਿੱਚ ਕੋਈ ਵੀ ਅਜਿਹੇ ਘਿਨਾਉਣੇ ਕਦਮ ਵੱਲ ਵਧਣ ਦੀ ਹਿੰਮਤ ਨਾ ਕਰੇ ਪਰ ਫਿਰ ਵੀ ਇਨ੍ਹਾਂ ਘਟਨਾਵਾਂ ਵਿੱਚ ਵਾਧਾ ਚਿੰਤਾਜਨਕ ਹੈ।



ਬਾਲ ਸ਼ੋਸ਼ਣ ਨਾਲ ਸਬੰਧਤ ਜਿਨਸੀ ਅਪਰਾਧਾਂ ਲਈ, ਭਾਰਤ ਸਰਕਾਰ ਨੇ ਪੋਕਸੋ ਐਕਟ 2012 ਵਿੱਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਜਿਨਸੀ ਅਪਰਾਧਾਂ ਲਈ ਮੌਤ ਦੀ ਸਜ਼ਾ ਦੀ ਵਿਵਸਥਾ ਕੀਤੀ ਹੈ, ਪਰ ਫਿਰ ਵੀ ਸਮਾਜ ਦੀ ਗੰਦੀ ਸੋਚ ਨਹੀਂ ਬਦਲ ਰਹੀ ਹੈ। ਇਸ ਕਾਨੂੰਨ ਦੀ ਸੋਧ ਵਿੱਚ ਦੰਡ ਦੇ ਉਪਬੰਧਾਂ ਵਿੱਚ ਸਪੱਸ਼ਟਤਾ ਲਿਆਉਣ ਨਾਲ ਇਹ ਉਮੀਦ ਕੀਤੀ ਜਾਂਦੀ ਸੀ ਕਿ ਲੜਕੇ ਅਤੇ ਲੜਕੀਆਂ ਨਾਲ ਸੈਕਸ ਨਾਲ ਸਬੰਧਤ ਅਪਰਾਧਾਂ ਵਿੱਚ ਕਮੀ ਆਵੇਗੀ ਅਤੇ ਸੁਰੱਖਿਆ ਲੜਕੇ ਅਤੇ ਲੜਕੀਆਂ ਦੇ ਹਿੱਤ ਵਿੱਚ ਆਵੇਗੀ। ਪੋਕਸੋ ਐਕਟ ਦੇ ਤਹਿਤ, ਬੱਚੇ ਦੀ ਉਮਰ ਨੂੰ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਅਤੇ ਬੱਚਿਆਂ ਦੇ ਹਿੱਤਾਂ ਅਤੇ ਤੰਦਰੁਸਤੀ ਨੂੰ ਸਭ ਤੋਂ ਵੱਧ ਤਰਜੀਹ ਦਿੰਦੇ ਹੋਏ, ਹਰ ਪੱਧਰ 'ਤੇ ਬੱਚਿਆਂ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਵਿਕਾਸ ਨੂੰ ਯਕੀਨੀ ਬਣਾਇਆ ਗਿਆ ਹੈ। ਬੱਚੇ ਇਸ ਦੇ ਨਾਲ ਹੀ ਬਾਲ ਸ਼ੋਸ਼ਣ ਦੀ ਸ਼੍ਰੇਣੀ ਵਿੱਚ ਭਾਵਨਾਤਮਕ ਪੱਧਰ 'ਤੇ ਕੀਤੇ ਜਾਣ ਵਾਲੇ ਵਿਵਹਾਰ ਨੂੰ ਵੀ ਇਸ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ, ਜਿਸ ਵਿੱਚ ਜਾਣ-ਬੁੱਝ ਕੇ ਅਸ਼ਲੀਲ ਸਮੱਗਰੀ ਦੇਣਾ, ਉਸ ਨੂੰ ਗਲਤ ਤਰੀਕੇ ਨਾਲ ਦਿਖਾਉਣਾ ਜਾਂ ਛੂਹਣਾ ਜਾਂ ਬੱਚਿਆਂ ਦੀਆਂ ਨੰਗੀਆਂ ਅਤੇ ਅਸ਼ਲੀਲ ਤਸਵੀਰਾਂ ਜਾਂ ਵੀਡੀਓ ਕਲਿੱਪ ਬਣਾਉਣਾ ਵੀ ਸ਼ਾਮਲ ਹੈ। ਬਾਲ ਜਿਨਸੀ ਸ਼ੋਸ਼ਣ ਮੰਨਿਆ ਜਾਂਦਾ ਹੈ।

ਅੱਜ ਦਾ ਸਮਾਜ ਨਾ ਤਾਂ ਔਰਤਾਂ ਦੇ ਸਨਮਾਨ ਨਾਲ ਜਿਊਣ ਦੇ ਅਧਿਕਾਰਾਂ ਤੋਂ ਜਾਣੂ ਹੈ ਅਤੇ ਨਾ ਹੀ ਇਹ ਵਰਗ ਖੁਦ ਇਨ੍ਹਾਂ ਅੱਤਿਆਚਾਰਾਂ ਨਾਲ ਲੜਨ ਲਈ ਨਿੱਜੀ ਤਾਕਤ ਜੁਟਾਉਣ ਦੇ ਸਮਰੱਥ ਹੈ। ਅੱਜ ਮਾਹੌਲ ਅਜਿਹਾ ਬਣ ਗਿਆ ਹੈ ਕਿ ਸਮਾਜ ਵਿਚ ਲੜਕੇ-ਲੜਕੀਆਂ ਕਮਜ਼ੋਰ ਹੋਣ ਕਾਰਨ ਇਨ੍ਹਾਂ ਘਟਨਾਵਾਂ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਰੱਖਦੇ। ਇਹਨਾਂ ਘਟਨਾਵਾਂ ਲਈ ਜ਼ਿੰਮੇਵਾਰ ਲੋਕ ਜਿਆਦਾਤਰ ਨੇੜਲੇ ਆਂਢੀ-ਗੁਆਂਢੀ ਅਤੇ ਰਿਸ਼ਤੇਦਾਰ ਜਾਂ ਕੁਝ ਨਜ਼ਦੀਕੀ ਰਿਸ਼ਤੇਦਾਰ ਹਨ ਜੋ ਆਪਣੀ ਜਿਨਸੀ ਨਿਰਾਸ਼ਾ ਦੀ ਸੰਤੁਸ਼ਟੀ ਲਈ ਇਸ ਵਰਗ ਨੂੰ ਨਿਸ਼ਾਨਾ ਬਣਾ ਰਹੇ ਹਨ। ਸਮਾਜ ਵਿੱਚ ਜ਼ਿਆਦਾਤਰ ਮਾਮਲੇ ਦੱਬੇ ਹੀ ਰਹਿ ਜਾਂਦੇ ਹਨ, ਜਿੱਥੇ ਕਿਤੇ ਵੀ ਕਿਸੇ ਤਰ੍ਹਾਂ ਦੀ ਛੇੜਛਾੜ ਹੁੰਦੀ ਹੈ, ਉਸ ਨੂੰ ਪੀੜਤਾਂ ਵੱਲੋਂ ਚੁੱਪ-ਚੁਪੀਤੇ ਬਰਦਾਸ਼ਤ ਕਰ ਲਿਆ ਜਾਂਦਾ ਹੈ ਅਤੇ ਜੇਕਰ ਕੋਈ ਬਦਲਾ ਵੀ ਹੁੰਦਾ ਹੈ ਤਾਂ ਪਰਿਵਾਰਕ ਮੈਂਬਰ ਜਾਂ ਤਾਂ ਚੁੱਪ ਧਾਰ ਲੈਂਦੇ ਹਨ ਜਾਂ ਰਿਸ਼ਤੇਦਾਰਾਂ ਤੋਂ ਮਦਦ ਮੰਗਦੇ ਹਨ, ਇਸ ਤਹਿਤ ਕੋਈ ਪ੍ਰਤੀਕਿਰਿਆ ਨਹੀਂ ਕਰਦੇ। ਦਬਾਅ ਆਲੇ-ਦੁਆਲੇ ਦੇ ਵਿਅੰਗਮਈ ਦ੍ਰਿਸ਼ਾਂ ਨਾਲ, ਉਹ ਆਪਣੇ ਆਪ ਨੂੰ ਦੁਖੀ ਪਰਿਵਾਰ ਵਿਚ ਇਕੱਲਾ ਪਾਉਂਦਾਹੈ। ਇੱਥੋਂ ਤੱਕ ਕਿ ਪਰਿਵਾਰ ਦੀਆਂ ਔਰਤਾਂ ਵੀ ਆਵਾਜ਼ ਉਠਾਉਣ ਤੋਂ ਝਿਜਕਦੀਆਂ ਹਨ। ਉਨ੍ਹਾਂ ਨੂੰ ਡਰ ਹੈ ਕਿ ਉਨ੍ਹਾਂ 'ਤੇ ਵੀ ਇਸੇ ਤਰ੍ਹਾਂ ਦੀ ਹਿੰਸਾ ਹੋ ਸਕਦੀ ਹੈ। ਪਰ ਅਸਲ ਵਿੱਚ ਤਮਾਸ਼ਾ ਬਣਨ ਦੀ ਬਜਾਏ ਆਪਣੀ ਆਵਾਜ਼ ਬੁਲੰਦ ਕਰਨ ਦੀ ਲੋੜ ਹੈ।

ਅੱਜ ਸਮਾਜ ਵਿੱਚ ਹਰ ਥਾਂ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਨੂੰ ਖ਼ਬਰਾਂ ਵਿੱਚ ਸੁਣਨ ਅਤੇ ਦੇਖਣ ਨੂੰ ਮਿਲੇਗਾ। ਇਸ ਦਾ ਇੱਕ ਕਾਰਨ ਔਰਤਾਂ ਨੂੰ ਸਮਾਜ ਵਿੱਚ ਖਪਤ ਦੀ ਵਸਤੂ ਬਣਾ ਕੇ ਇੱਕ 'ਬ੍ਰਾਂਡ' ਵਜੋਂ ਪੇਸ਼ ਕਰਨਾ ਵੀ ਹੈ। ਕੁਰਬਾਨੀ ਅਤੇ ਮੁਹੱਬਤ ਦੀ ਮੂਰਤ ਨੂੰ ਬਾਜ਼ਾਰੀ ਵਸਤੂ ਬਣਾ ਕੇ ਅਸ਼ਲੀਲਤਾ ਦਾ ਨਾਚ ਕੀਤਾ ਜਾ ਰਿਹਾ ਹੈ, ਜਿਸ ਕਾਰਨ ਸਮਾਜ ਵਿੱਚ ਚਰਿੱਤਰ ਅਤੇ ਨੈਤਿਕਤਾ ਦਾ ਘਾਣ ਹੋਇਆ ਹੈ। ਸੁੰਦਰਤਾ ਦਾ ਪ੍ਰਦਰਸ਼ਨ ਕੋਈ ਮਾੜੀ ਗੱਲ ਨਹੀਂ ਹੈ ਪਰ ਜਦੋਂ ਮਨੋਰੰਜਨ ਦੇ ਨਾਂ 'ਤੇ ਸਰੀਰ ਦੀ ਨੁਮਾਇਸ਼ ਅਤੇ ਅਸ਼ਲੀਲਤਾ ਪਰੋਸ ਦਿੱਤੀ ਜਾਂਦੀ ਹੈ ਤਾਂ ਇਸ ਨੂੰ ਇੱਕੀਵੀਂ ਸਦੀ ਦੀ ਔਰਤ ਜਗਤ ਦੀ ਬਦਕਿਸਮਤੀ ਹੀ ਕਿਹਾ ਜਾ ਸਕਦਾ ਹੈ। ਕੋਈ ਨਾ ਕੋਈ ਵਿਅਕਤੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਅਸ਼ਲੀਲਤਾ ਫੈਲਾ ਰਿਹਾ ਹੈ। ਸਮਾਜ ਵਿੱਚ ਅਜਿਹਾ ਮਾਹੌਲ ਸਿਰਜਿਆ ਜਾ ਰਿਹਾ ਹੈ ਜਿਸ ਵਿੱਚ ਅਸ਼ਲੀਲਤਾ ਨੂੰ ਸਮਾਜ ਦਾ ਅਨਿੱਖੜਵਾਂ ਅੰਗ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਹ ਸਮਾਜ ਦੇ ਨੈਤਿਕ ਅਤੇ ਚਰਿੱਤਰ ਦੇ ਦੀਵਾਲੀਏਪਣ ਦਾ ਹੀ ਨਤੀਜਾ ਹੈ ਕਿ ਸਮਾਜ ਵਿਚੋਂ ਸੰਜਮ ਖਤਮ ਹੋ ਰਿਹਾ ਹੈ। ਸਮਾਜ ਵਿੱਚ ਫੈਲੀ ਅਸਹਿ ਅਸ਼ਲੀਲਤਾ ਦੇ ਸਿੱਟੇ ਵਜੋਂ ਹੀ ਭਾਰਤ ਵਿੱਚ ਅਜਿਹੀਆਂ ਅਸ਼ਲੀਲ ਸੈਕਸ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ।ਅੱਜ ਸਮੇਂ ਦੀ ਲੋੜ ਹੈ ਕਿ ਸਖ਼ਤ ਤੋਂ ਸਖ਼ਤ ਕਾਨੂੰਨ ਬਣਾ ਕੇ ਅਤੇ ਅਜਿਹੇ ਕੇਸਾਂ ਨੂੰ ਫਾਸਟ ਟਰੈਕ ਅਦਾਲਤਾਂ ਵਿੱਚ ਨਿਪਟਾਉਣ ਦਾ ਪ੍ਰਬੰਧ ਕਰਕੇ ਸਮਾਜ ਦੀਆਂ ਇਨ੍ਹਾਂ ਨਾਕਾਰਾਤਮਕ ਪ੍ਰਵਿਰਤੀਆਂ ਨੂੰ ਠੱਲ੍ਹ ਪਾਈ ਜਾਵੇ।

(**ਬਾਕੀ ਸਫ਼ਾ** 30 'ਤੇ)

# ਕੀ ਬਲੋਚਿਸਤਾਨ ਵੱਖਰਾ ਦੇਸ਼ ਬਣੇਗਾ?

## ਬਲੋਚਿਸਤਾਨ ਵਿੱਚ 20 ਸਾਲਾਂ ਤੋਂ ਹੋ ਰਹੇ ਸੰਘਰਸ਼ਸ਼ੀਲ ਲੋਕ ਲਾਪਤਾ, ਗੁਆਚੇ ਲੋਕਾਂ ਦੀਆਂ ਮਿਲ ਰਹੀਆਂ ਲਾਸ਼ਾਂ

### ਪਾਕਿਸਤਾਨੀ ਖ਼ੁਫ਼ੀਆ ਏਜੰਸੀਆਂ 'ਤੇ ਲੱਗੇ ਗੰਭੀਰ ਦੋਸ਼

### ਪਾਕਿ ਗੋਦੀ ਮੀਡੀਆ ਬਲੋਚੀਆਂ ਨੂੰ ਅੱਤਵਾਦੀ, ਦੇਸ਼ ਧ੍ਰੋਹੀ ਦੇ ਤਗ਼ਮੇ ਵੰਡਣ ਲੱਗਿਆ

ਪੁਸ਼ਪਿੰਦਰ

ਪਾਕਿਸਤਾਨ ਦੇ ਅਸ਼ਾਂਤ ਬਲੋਚਿਸਤਾਨ ਵਿੱਚ ਲੋਕਾਂ ਦੇ ਜਬਰੀ ਲਾਪਤਾ ਹੋਣ ਦੀ ਸਥਿਤੀ ਲਗਾਤਾਰ ਗੰਭੀਰ ਬਣੀ ਹੋਈ ਹੈ। ਇਸ ਸਾਲ ਇਕੱਲੇ ਜੁਲਾਈ ਦੇ ਆਖ਼ਰੀ ਹਫ਼ਤੇ 18 ਲੋਕ ਲਾਪਤਾ ਹੋ ਗਏ ਸਨ। ਇਨ੍ਹਾਂ ਲਾਪਤਾ ਲੋਕਾਂ ਵਿੱਚੋਂ ਪੰਜ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ ਅਤੇ ਚਾਰ ਘਰ ਵਾਪਸ ਆ ਗਏ ਹਨ। ਬਲੋਚਿਸਤਾਨ ਪੋਸਟ ਨੇ ਆਪਣੀ ਦੋ-ਹਫ਼ਤਾਵਾਰੀ ਰਿਪੋਰਟ ਵਿੱਚ ਦੱਸਿਆ ਹੈ ਕਿ ਬਲੋਚਿਸਤਾਨ ਵਿੱਚ ਜ਼ਬਰਦਸਤੀ ਗਾਇਬ ਹੋਣ ਦੀ ਸਮੱਸਿਆ ਪਿਛਲੇ ਵੀਹ ਸਾਲਾਂ ਤੋਂ ਚੱਲ ਰਹੀ ਹੈ। ਇਸ ਦੇ ਲਈ ਬਲੋਚ ਰਾਸ਼ਟਰਵਾਦੀ ਕਾਰਕੁਨ ਅਤੇ ਮਨੁੱਖੀ ਅਧਿਕਾਰ ਸਮੂਹ ਲਗਾਤਾਰ ਪਾਕਿਸਤਾਨੀ ਖ਼ੁਫ਼ੀਆ ਏਜੰਸੀਆਂ ਅਤੇ ਸੁਰੱਖਿਆ ਬਲਾਂ 'ਤੇ ਦੋਸ਼ ਲਗਾ ਰਹੇ ਹਨ। ਬਲੋਚਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਇਨ੍ਹਾਂ ਅਗਵਾ ਅਤੇ ਕਤਲਾਂ ਨੂੰ ਅੰਜਾਮ ਦੇ ਰਿਹਾ ਹੈ।

ਪਾਕਿਸਤਾਨੀ ਸਰਕਾਰ ਬਲੋਚਿਸਤਾਨ ਵਿੱਚ ਮਨੁੱਖੀ ਅਧਿਕਾਰ ਸੰਗਠਨਾਂ ਦੁਆਰਾ ਮੁਹੱਈਆ ਕਰਵਾਏ ਸਬੂਤਾਂ ਦੇ ਬਾਵਜੂਦ ਕਿਸੇ ਵੀ ਸ਼ਮੂਲੀਅਤ ਤੋਂ ਇਨਕਾਰ ਕਰਦੀ ਰਹੀ ਹੈ। ਹਾਲਾਂਕਿ, ਇਸ ਰਿਪੋਰਟ ਵਿੱਚ ਗਵਾਦਰ ਅਤੇ ਹੋਰ ਖੇਤਰਾਂ ਵਿੱਚ ਨਜ਼ਰਬੰਦ ਕੀਤੇ ਗਏ ਲੋਕਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ।

ਇਨ੍ਹਾਂ ਅਗਵਾ ਹੋਏ ਲੋਕਾਂ ਵਿੱਚ ਔਰਤਾਂ, ਬੱਚੇ, ਬਜ਼ੁਰਗ ਅਤੇ ਮਰਦ ਸ਼ਾਮਲ ਹਨ, ਜਿਨ੍ਹਾਂ ਦੀ ਗਿਣਤੀ ਸੈਂਕੜਿਆਂ ਵਿੱਚ ਹੈ। ਅੰਦਾਜ਼ਾ ਹੈ ਕਿ ਹੁਣ ਤੱਕ 500 ਤੋਂ ਵੱਧ ਲੋਕ ਅਗਵਾ ਹੋ ਚੁੱਕੇ ਹਨ। ਇਸ ਵਿੱਚ ਵੀ ਮੋਬਾਈਲ ਨੈੱਟਵਰਕ ਦੇ ਅੰਸ਼ਕ ਬਲੈਕਆਊਟ ਕਾਰਨ ਸਹੀ ਅੰਕੜੇ ਅਸਪਸ਼ਟ ਹਨ। ਰਿਪੋਰਟ ਮੁਤਾਬਕ, ਜ਼ਬਰਦਸਤੀ ਗੁੰਮਸ਼ੁਦਗੀ ਨਾਲ ਸਭ ਤੋਂ ਵੱਧ ਪ੍ਰਭਾਵਿਤ ਖੇਤਰ ਕਵੇਟਾ, ਕੇਚ, ਮਸ਼ਕੇ ਅਤੇ ਅਵਾਰਨ ਹਨ।

ਬਲੋਚਿਸਤਾਨ ਵਿੱਚ ਜ਼ਬਰਦਸਤੀ ਗੁੰਮਸ਼ੁਦਗੀ ਅਤੇ ਗੈਰ-ਨਿਆਇਕ ਹੱਤਿਆਵਾਂ ਪਰੇਸ਼ਾਨ ਕਰਨ ਵਾਲੀਆਂ ਹਨ। ਇਸ ਨੂੰ 'ਕਿਲ ਐਂਡ ਡੰਪ' ਨੀਤੀ ਵਜੋਂ ਜਾਣਿਆ ਜਾਂਦਾ ਹੈ। ਇਹ ਰਣਨੀਤੀ ਕਥਿਤ ਤੌਰ 'ਤੇ ਪਾਕਿਸਤਾਨੀ ਖ਼ੁਫ਼ੀਆ ਏਜੰਸੀਆਂ ਅਤੇ ਸੁਰੱਖਿਆ ਬਲਾਂ ਦੁਆਰਾ ਕੀਤੀ ਜਾ ਰਹੀ ਹੈ, ਜਿਸ ਵਿੱਚ ਅਕਸਰ ਕਾਰਕੁਨਾਂ, ਰਾਸ਼ਟਰਵਾਦੀਆਂ ਨੂੰ ਅਗਵਾ ਕਰਨਾ ਅਤੇ ਫਿਰ ਉਨ੍ਹਾਂ ਨੂੰ ਮਾਰਨਾ ਸ਼ਾਮਲ ਹੁੰਦਾ ਹੈ।

ਪਿਛਲੇ ਮਹੀਨੇ ਤੋਂ ਪਾਕਿਸਤਾਨ ਦੇ ਸੂਬੇ ਬਲੋਚਿਸਤਾਨ ਵਿੱਚ ਰੋਸ ਮੁਜ਼ਾਹਰੇ ਦੀਆਂ ਖ਼ਬਰਾਂ ਆ ਰਹੀਆਂ ਹਨ। ਪਾਕਿਸਤਾਨੀ ਹਾਕਮ ਪੱਖੀ ਮੀਡੀਆ ਅਦਾਰਿਆਂ ਵੱਲੋਂ ਬਲੋਚੀ ਲੋਕਾਂ ਨੂੰ ਅੱਤਵਾਦੀ, ਦੇਸ਼ ਧ੍ਰੋਹੀ ਦੇ ਤਗਮੇ ਵੰਡੇ ਜਾ ਰਹੇ ਹਨ ਪਰ ਅਸਲ ਵਿੱਚ ਬਲੋਚ ਦੇ ਲੋਕ ਪਿਛਲੀ ਲਗਭਗ ਇੱਕ ਸਦੀ ਤੋਂ ਬਲੋਚੀ ਕੌਮ ਦੀ ਮੁਕਤੀ ਲਈ ਸੰਘਰਸ਼ ਕਰ ਰਹੇ ਹਨ ਜੋ ਕਿ ਉਹਨਾਂ ਦੀ ਇੱਕ ਜਮਹੂਰੀ ਮੰਗ ਹੈ। ਪਿਛਲੇ 78 ਸਾਲਾਂ ਤੋਂ ਪਾਕਿਸਤਾਨ ਦੀ ਹਕੂਮਤ ਨੇ ਅੰਨ੍ਹਾ ਜਬਰ ਢਾਹ ਕੇ ਬਲੋਚੀ ਕੌਮ ਨੂੰ ਧੱਕੇ ਨਾਲ਼ ਪਾਕਿਸਤਾਨ ਨਾਲ਼ ਨੂੜੀ ਰੱਖਿਆ ਹੈ। ਪਾਕਿਸਤਾਨੀ ਹਾਕਮ ਲੋਕਾਂ ਦੇ ਜਮਹੂਰੀ ਹੱਕਾਂ ਦਾ ਘਾਣ, ਤਸੀਹੇ, ਧੱਕੇ ਨਾਲ਼ ਗ੍ਰਿਫਤਾਰੀਆਂ, ਇੱਥੋਂ ਤੱਕ ਪੁਲਿਸ ਹਿਰਾਸਤ ਵਿੱਚ ਸਮਾਜਿਕ ਕਾਰਕੁੰਨਾਂ ਦਾ ਕਤਲ, ਔਰਤਾਂ ਖ਼ਿਲਾਫ਼ ਸਰੀਰਕ ਸ਼ੋਸ਼ਣ ਜਿਹੇ ਅਪਰਾਧਾਂ ਦੀ ਇੰਤਹਾ ਦੀ ਮਿਸਾਲ ਕਾਇਮ ਕਰ ਚੁੱਕੇ ਹਨ। 2001 ਤੋਂ 2021 ਤੱਕ ਬਲੋਚਿਸਤਾਨ ਦੇ ਲਗਭਗ 7000 ਤੋਂ ਵੱਧ ਸਮਾਜਿਕ ਕਾਰਕੁੰਨ, ਵਿਦਿਆਰਥੀ, ਨੌਜਵਾਨਾ ਨੂੰ ਧੱਕੇ ਨਾਲ਼ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ ਜਿਨ੍ਹਾਂ ਬਾਰੇ ਹੁਣ ਪਤਾ ਤੱਕ ਨਹੀਂ ਲੱਗ ਸਕਿਆ ਕਿ ਉਹ ਕਿੱਥੇ ਗਏ। ਬਲੋਚਿਸਤਾਨ ਦੀ ਇੱਕ ਵਿਦਿਆਰਥੀ ਜਥੇਬੰਦੀ ਮੁਤਾਬਕ 2004-19 ਤੱਕ ਲਗਭਗ 1500 ਪਾਕਿਸਤਾਨ ਦੀਆਂ ਵੱਖ ਵੱਖ ਯੂਨੀਵਰਸਿਟੀਆਂ ਵਿੱਚ ਪੜ੍ਹ ਰਹੇ ਬਲੋਚੀ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਛੱਡਣੀ ਪਈ। ਇਹਨਾਂ ਧੱਕੇਸ਼ਾਹੀਆਂ ਖ਼ਿਲਾਫ਼ ਬਲੋਚ ਲੋਕ ਸ਼ੁਰੂ ਤੋਂ ਹੀ ਅਵਾਜ਼ ਬੁਲੰਦ ਕਰਦੇ ਰਹੇ ਹਨ।

ਪਿਛਲੇ ਮਹੀਨੇ ਦੀ 18 ਜੁਲਾਈ ਨੂੰ ਬਲੋਚਿਸਤਾਨ ਦੀ ਨਾਮਵਰ ਸਮਾਜਿਕ ਕਾਰਕੁੰਨ ਮਹਿਰੰਗ ਬਲੋਚ ਨੇ ਐਕਸ (ਟਵਿੱਟਰ) ਉੱਪਰ ਇੱਕ ਵੀਡੀਓ ਜਾਰੀ ਕੀਤੀ ਅਤੇ ਬਲੋਚ ਲੋਕਾਂ ਨੂੰ 28 ਜੁਲਾਈ ਨੂੰ 'ਬਲੋਚ ਕੌਮੀ ਇਕੱਠ' ਪ੍ਰੋਗਰਾਮ ਜੋ ਗਵਾਦਰ ਸੂਬੇ ਵਿਖੇ ਸਮਾਜਿਕ ਕਾਰਕੁੰਨਾਂ ਦੀ ਰਿਹਾਈ, ਸਿਆਸੀ ਅਜ਼ਾਦੀ, ਆਰਥਿਕ ਬਰਾਬਰੀ, ਧਾਰਾ 144 ਨੂੰ ਹਟਵਾਉਣ, ਪੁਲਿਸ ਅਤੇ ਨੀਮ ਫੌਜੀ ਦਸਤੇ ਦੀ ਧੱਕੇਸ਼ਾਹੀ ਖ਼ਿਲਾਫ਼ ਕੀਤੇ ਜਾ ਰਹੇ ਹਨ, ਵਿੱਚ ਸ਼ਾਮਲ ਹੋਣ ਲਈ ਲੋਕਾਂ ਦੇ ਨਾਂ ਅਪੀਲ ਕੀਤੀ ਗਈ। ਇਸ ਸਾਰੇ ਪ੍ਰੋਗਰਾਮ ਦੀ ਅਗਵਾਈ 'ਬਲੋਚਿਸਤਾਨ ਯਾਕਜਹੇਤੀ ਕਮੇਟੀ' (ਅੱਗੇ ਤੋਂ ਬੀ.ਵਾਈ.ਸੀ.) ਕਰ ਰਹੀ ਹੈ। ਬੀ.ਵਾਈ.ਸੀ. ਨੇ ਇੱਕ ਪਰਚਾ ਛਾਪ ਕੇ ਬਲੋਚਿਸਤਾਨ ਦੇ ਲੋਕਾਂ ਵਿੱਚ ਵੰਡਣਾ ਸ਼ੁਰੂ ਕੀਤਾ ਅਤੇ ਲੋਕਾਂ ਨੂੰ 28 ਜੁਲਾਈ ਨੂੰ ਗਵਾਦਰ ਸੂਬੇ ਵਿੱਚ ਹੋਣ ਵਾਲ਼ੇ ਇਕੱਠ ਵਿੱਚ ਆਉਣ ਦਾ ਸੱਦਾ ਦੇਣਾ ਸ਼ੁਰੂ ਕੀਤਾ। ਜਦੋਂ ਸੋਸ਼ਲ ਮੀਡੀਆ 'ਤੇ ਇਹ ਖ਼ਬਰ ਆਈ ਤਾਂ ਪਾਕਿਸਤਾਨ ਖ਼ੁਫ਼ੀਆ ਏਜੰਸੀਆਂ, ਅਤੇ ਨੀਮ ਫੌਜੀ ਦਸਤੇ ਵਧੇਰੇ ਸਰਗਰਮ ਹੋ ਗਏ। ਖੁਜਦਾਰ ਇਲਾਕੇ ਵਿੱਚ ਪਰਚਾ ਵੰਡ ਰਹੀਆਂ ਦਰਜਨਾਂ ਔਰਤਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਤੋਂ ਬਲੋਚਿਸਤਾਨ ਦੀ ਕੌਮੀ ਮੁਕਤੀ ਘੋਲ਼ ਲਈ ਅਗਵਾਈ ਕਰ ਰਹੇ ਲੀਡਰਾਂ ਬਾਰੇ ਗੁਪਤ ਜਾਣਕਾਰੀਆਂ ਹਾਸਲ ਕਰਨੀਆਂ ਚਾਹੀਆਂ ਜਦੋਂ ਉਹਨਾਂ ਕੁਝ ਨਾ ਦੱਸਿਆ ਤਾਂ ਉਹਨਾਂ ਔਰਤਾਂ ਨੂੰ ਬੇਰਹਿਮੀ ਨਾਲ਼ ਕੁੱਟਿਆ ਅਤੇ ਲਹੂ ਲੁਹਾਨ ਕਰ ਦਿੱਤਾ ਗਿਆ। ਇਸ ਤੋਂ ਬਾਅਦ ਇਹ ਮਸਲਾ ਹੋਰ ਵੀ ਵੱਡੇ ਪੱਧਰ ਉੱਤੇ ਫੈਲ ਗਿਆ। ਲੋਕ ਆਪਮੁਹਾਰੇ 28 ਜੁਲਾਈ ਨੂੰ ਹੋਣ ਵਾਲ਼ੇ ਇਕੱਠ ਵਿੱਚ ਆਉਣ ਲਈ ਪਿੰਡਾਂ-ਇਲਾਕਿਆਂ ਵਿੱਚ ਲੋਕਾਂ ਦੀਆਂ ਮੀਟਿੰਗਾਂ ਕਰਕੇ ਇਕੱਠ ਵਿੱਚ ਸ਼ਾਮਲ ਹੋਣ ਲਈ ਲੋਕਾਂ ਨੂੰ ਤਿਆਰ ਕਰਨ ਲੱਗੇ। 28 ਜੁਲਾਈ ਨੂੰ ਵੱਡੀ ਗਿਣਤੀ ਵਿੱਚ ਆਏ ਲੋਕਾਂ ਨੇ ਗਵਾਦਰ ਕੌਮੀ ਸ਼ਾਹਰਾਹ ਨੂੰ ਜਾਮ ਕਰ ਦਿੱਤਾ ਤਾਂ ਇਕੱਠ ਨੂੰ ਖਿਡਾਉਣ ਲਈ ਪਾਕਿਸਤਾਨ ਹਕੂਮਤ ਨੇ ਗੋਲ਼ੀ ਚਲਾ ਦਿੱਤੀ ਜਿਸ ਵਿੱਚ 3 ਲੋਕਾਂ ਦੀ ਮੌਤ ਹੋ ਗਈ। ਪਹਿਲਾਂ ਇਹ ਪ੍ਰੋਗਰਾਮ ਇੱਕ ਹਫਤੇ ਲਈ ਰੱਖਿਆ ਗਿਆ ਸੀ ਪਰ ਸਰਕਾਰ ਦੇ ਜਬਰ ਦਾ ਮੂੰਹ-ਤੋੜ ਜਵਾਬ ਦੇਣ ਲਈ ਹੁਣ ਇਹ ਇਕੱਠ ਅਣਮਿਥੇ ਸਮੇਂ ਲਈ ਕਰ ਦਿੱਤਾ ਗਿਆ। ਸਰਕਾਰ ਨੇ ਬਲੋਚਿਸਤਾਨ ਵਿੱਚ ਇੰਟਰਨੈੱਟ ਅਤੇ ਮੈਸੇਜ ਸੇਵਾਵਾਂ ਨੂੰ ਬੰਦ ਕਰ ਦਿੱਤਾ ਹੈ। ਹੁਣ ਤੱਕ ਪੁਲਿਸ ਅਤੇ ਫੌਜੀ ਦਸਤੇ ਵਲੋਂ 100 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ। ਗ੍ਰਿਫ਼ਤਾਰ ਕੀਤੇ ਲੋਕਾਂ ਨੂੰ ਕਿੱਥੇ ਰੱਖਿਆ ਗਿਆ ਹੈ ਉਸ ਬਾਰੇ ਲੋਕਾਂ ਨੂੰ ਕੋਈ ਜਾਣਕਾਰੀ ਨਹੀਂ ਹੈ। ਲੋਕ ਮੰਗ ਕਰ ਰਹੇ ਹਨ ਕਿ ਹੁਣ ਗ੍ਰਿਫ਼ਤਾਰ ਕੀਤੇ ਸਾਰੇ ਸਮਾਜਿਕ ਕਾਰਕੁੰਨ, ਵਿਦਿਆਰਥੀ, ਅਧਿਆਪਕ, ਵਕੀਲ, ਪੱਤਰਕਾਰ ਆਦਿ ਨੂੰ ਬਿਨਾਂ ਸ਼ਰਤ ਰਿਹਾ ਕੀਤਾ ਜਾਵੇ। ਬਲੋਚ ਸੂਬੇ 'ਚੋਂ ਧਾਰਾ 144 ਖਤਮ ਕੀਤੀ ਜਾਵੇ ਅਤੇ ਇੰਟਰਨੈੱਟ ਸਮੇਤ ਹੋਰ ਜਮਹੂਰੀ ਅਧਿਕਾਰ ਬਹਾਲ ਕੀਤੇ ਜਾਣ।







#### ਬਲੋਚੀ ਕੌਮੀ ਮੁਕਤੀ ਸੰਘਰਸ਼ ਦਾ ਇਤਿਹਾਸ

ਬਲੋਚੀ ਲੋਕ ਪਿਛਲੇ 100 ਸਾਲਾਂ ਤੋਂ ਬਲੋਚੀ ਕੌਮੀ ਮੁਕਤੀ ਰਾਜ ਦੀ ਉਸਾਰੀ ਲਈ ਸੰਘਰਸ਼ ਕਰ ਰਹੇ ਹਨ। ਪਹਿਲਾਂ ਅੰਗਰੇਜ਼ ਬਸਤੀਵਾਦੀਆਂ ਵਲੋਂ ਬਲੋਚਿਸਤਾਨ ਦੇ ਕੌਮੀ ਮੁਕਤੀ ਸੰਘਰਸ਼ ਨੂੰ ਕੁਚਲਿਆ ਗਿਆ, ਮਗਰੋਂ ਪਾਕਿਸਤਾਨ ਅਤੇ ਇਰਾਨ ਨੇ ਫੌਜੀ ਜਬਰ ਢਾਹ ਕੇ ਹੁਣ ਤੱਕ ਹਰ ਕੌਮੀ ਮੁਕਤੀ ਸੰਘਰਸ਼ ਨੂੰ ਦਬਾਇਆ ਹੈ। ਅੰਗਰੇਜ਼ਾਂ ਦੇ ਰਾਜ ਦੌਰਾਨ ਹੀ ਬਲੋਚੀ ਲੋਕਾਂ ਦੀ ਕੌਮ ਦੀ ਅਜ਼ਾਦੀ ਦੀ ਲੜਾਈ ਸ਼ੁਰੂ ਹੋ ਚੁੱਕੀ ਸੀ। ਬਲੋਚੀ ਕੌਮੀ ਸੰਘਰਸ਼ ਦੀਆਂ ਜੜ੍ਹਾਂ ਅੰਗਰੇਜ਼ ਬਸਤੀਵਾਦੀਆਂ ਦੇ ਰਾਜ ਵਿੱਚ ਲੱਭੀਆਂ ਜਾ ਸਕਦੀਆਂ ਹਨ। ਜਦੋਂ ਮੱਧ ਵਰਗ ਦੇ ਇੱਕ ਪੜ੍ਹੇ ਲਿਖੇ ਤਬਕੇ ਵਲੋਂ ਬਲੋਚਿਸਤਾਨ ਦੀ ਅਜ਼ਾਦੀ ਦੀ ਤਾਂਘ ਉੱਠੀ। ਉਦੋਂ ਉਨ੍ਹਾਂ ਨੇ 1931 ਵਿੱਚ 'ਅੰਜੁਮ ਏ ਇਤਿਹਾਦ ਏ ਬਲੋਚਿਸਤਾਨ' ਦੇ ਨਾਂ ਉੱਤੇ ਇੱਕ ਕੌਮੀ ਲਹਿਰ ਖੜ੍ਹੀ ਕੀਤੀ। ਇਹਨਾਂ ਦਾ ਮਕਸਦ ਬਲੋਚਿਸਤਾਨ ਦਾ ਕੌਮੀ ਰਾਜ ਸਥਾਪਤ ਕਰਨਾ ਸੀ। ਇਸ ਦੀ ਅਗਵਾਈ ਕੱਲਤ ਖਾਨ ਕਰ ਰਿਹਾ ਸੀ। ਉਸ ਨੂੰ ਵੀ ਅੰਗਰੇਜ਼ੀ ਜਬਰ ਦਾ ਸ਼ਿਕਾਰ ਹੋਣਾ ਪਿਆ। ਇਸ ਲਹਿਰ ਉੱਤੇ ਅੰਗਰੇਜ਼ਾਂ ਨੇ ਅੰਨ੍ਹਾ ਜਬਰ ਢਾਹਿਆ। ਅੰਗਰੇਜ਼ਾਂ ਤੋਂ ਅਜ਼ਾਦੀ ਮਗਰੋਂ ਭਾਰਤ ਪਾਕਿਸਤਾਨ ਦੀ ਵੰਡ ਹੋਣ ਦੇ ਨਾਲ਼ ਹੀ ਬਲੋਚਿਸਤਾਨ ਨੇ ਵੀ ਆਵਦੇ ਆਪ ਨੂੰ ਅਜ਼ਾਦ ਹਕੂਮਤ ਐਲਾਨ ਦਿੱਤਾ ਸੀ। 15 ਅਗਸਤ 1947 ਨੂੰ ਅਜ਼ਾਦੀ ਦੇ ਜਸ਼ਨ ਮਨਾਏ ਗਏ। ਅਜ਼ਾਦੀ ਤੋਂ ਪਹਿਲਾਂ 11 ਅਗਸਤ, 1947 ਨੂੰ ਮੁਸਲਿਮ ਲੀਗ ਦੇ ਆਗੂ ਮੁਹੰਮਦ ਅਲੀ ਜ਼ਿਨਾਹ ਨੇ ਬਲੋਚਿਸਤਾਨ ਦੀ ਨਿਆਰੀ ਕੌਮੀ ਹਸਤੀ ਨੂੰ ਮਾਨਤਾ ਦੇਣ ਦੀ ਗੱਲ ਨੂੰ ਮੰਨ ਲਿਆ ਸੀ। ਪਰ ਅਜ਼ਾਦੀ ਤੋਂ ਬਾਅਦ ਪਾਕਿਸਤਾਨੀ ਹਾਕਮਾਂ ਦੀ ਕਾਲ਼ੀ ਨੀਅਤ ਸਾਫ ਦਿਖਣ ਲੱਗੀ ਜਦੋਂ ਉਸਨੇ ਖਾਨ-ਏ-ਕੱਲਾਤ ਨੂੰ ਪਾਕਿਸਤਾਨ ਦਾ ਹਿੱਸਾ ਬਣ ਜਾਣ ਦੀ ਮੰਗ ਕੀਤੀ। ਅਖੀਰ ਮਾਰਚ 1948 ਨੂੰ ਜ਼ਿਨਾਹ ਨੇ ਫੌਜ ਭੇਜ ਕੇ ਧੱਕੇ ਨਾਲ਼ ਖਾਨ ਏ ਕੱਲਾਤ ਨੂੰ ਸੰਧੀ ਲਈ ਮਜਬੂਰ ਕਰ ਲਿਆ ਸੰਧੀ ਤੋਂ ਬਾਅਦ ਬਲੋਚਿਸਤਾਨ ਨੂੰ ਪਾਕਿਸਤਾਨ ਵਿੱਚ ਸ਼ਾਮਲ ਕਰ ਲਿਆ। ਪਰ ਪਾਕਿਸਤਾਨੀ ਹਕੂਮਤ ਦੀ ਇਹ ਕੋਸ਼ਿਸ਼ ਲੋਕਾਂ ਦੀਆਂ ਕੌਮੀ ਭਾਵਨਾਵਾਂ ਨੂੰ ਦਬਾ ਨਹੀਂ ਸਕੀ।

1958-59 ਵਿੱਚ ਇੱਕ ਵਾਰ ਫਿਰ ਬਲੋਚੀ ਕੌਮੀ ਰਾਜ ਦੀ ਉਸਾਰੀ ਲਈ ਕੋਸ਼ਿਸ਼ਾਂ ਸ਼ੁਰੂ ਹੋਈਆਂ। ਸਮੇਂ ਦੀ ਹਕੂਮਤ ਨੇ ਘੋਲ਼ ਦੀ ਅਗਵਾਈ ਕਰ ਰਹੇ ਲੀਡਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਸੰਘਰਸ਼ ਨੂੰ ਕੁਚਲ ਦਿੱਤਾ ਗਿਆ। ਬਲੋਚੀਆਂ ਨੇ ਹਾਰ ਨਹੀਂ ਮੰਨੀ ਤੇ ਜਦੋਂ ਸਾਬਕਾ ਪੂਰਬੀ ਪਾਕਿਸਤਾਨ (ਹੁਣ ਬੰਗਲਾਦੇਸ਼) ਪਾਕਿਸਤਾਨ ਤੋਂ ਅਜ਼ਾਦ ਹੋਇਆ ਤਾਂ ਬੰਗਲਾ ਪ੍ਰੇਮੀਆਂ ਤੋਂ ਪ੍ਰੇਰਣਾ ਲੈ ਕੇ ਇੱਕ ਵਾਰ ਫਿਰ ਬਲੋਚਿਸਤਾਨ ਦੀ ਅਜ਼ਾਦੀ ਲਈ ਇੱਕ ਗੁਰੀਲਾ ਫੌਜ ਬਣਾਈ ਗਈ। ਇਹ ਗੁਰੀਲਾ ਫੌਜ 1973 ਤੋਂ 1977 ਤੱਕ ਬਲੋਚਿਸਤਾਨ ਦੇ ਕੌਮੀ ਰਾਜ ਦੀ ਉਸਾਰੀ ਲਈ ਲੜਦੀ ਰਹੀ। ਇਰਾਨੀ ਹਕੂਮਤ ਅਤੇ ਅਮਰੀਕੀ ਸਾਮਰਾਜੀਆਂ ਦੀ ਮਦਦ ਨਾਲ਼ ਪਾਕਿਸਤਾਨ ਦੇ ਜੁਲਫਿਕਰ-ਅਲੀ-ਭੁੱਟੋ ਦੀ ਜਾਬਰ ਸਰਕਾਰ ਨੇ ਇਸ ਲਹਿਰ ਨੂੰ ਵੀ ਬੰਦੂਕ ਦੇ ਦਮ 'ਤੇ ਦਬਾ ਦਿੱਤਾ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਦਾ ਕਤਲੇਆਮ ਕੀਤਾ ਗਿਆ। ਬਲੋਚੀ ਲੜਾਕਿਆਂ ਨੂੰ ਭੁੱਖ ਨਾਲ਼ ਮਾਰਨ ਲਈ ਰਾਸ਼ਨ ਪਾਣੀ ਰੋਕਿਆ ਗਿਆ, ਔਰਤਾਂ ਨਾਲ਼ ਬਲਾਤਕਾਰ ਜਿਹੇ ਘਿਣਾਉਣੇ ਅਪਰਾਧਾਂ ਨੂੰ ਅੰਜਾਮ ਦਿੱਤਾ ਗਿਆ ਪਰ ਫਿਰ ਵੀ ਬਲੋਚੀਆਂ ਦੀ ਅਜ਼ਾਦੀ ਦੀ ਤਾਂਘ ਖਤਮ ਨਹੀਂ ਹੋਈ। ਉਸ ਤੋਂ ਬਾਅਦ ਵੀ 2001, 2007, 2011, 2017 ਅਤੇ ਹੁਣ ਤੱਕ ਬਲੋਚ ਲੋਕ ਆਪਣੇ ਕੌਮੀ ਰਾਜ ਦੀ ਉਸਾਰੀ ਲਈ ਮੰਗ ਕਰ ਰਹੇ ਹਨ। ਪਾਕਿਸਤਾਨ ਵੱਲੋਂ ਪੂਰੇ ਸੂਬੇ ਨੂੰ ਫੌਜੀ ਛੌਣੀ ਵਿੱਚ ਤਬਦੀਲ ਕਰ ਦਿੱਤਾ ਗਿਆ। ਪਾਕਿਸਤਾਨ ਦੇ ਹਾਕਮ 1947 ਤੋਂ ਬਾਅਦ ਲਗਾਤਾਰ ਹੀ ਇਸ ਇਲਾਕੇ ਵਿੱਚ ਗੈਰ ਬਲੋਚੀ ਲੋਕਾਂ ਨੂੰ ਵਸਾਉਂਦੇ ਆਏ ਹਨ ਅਤੇ ਬਲੋਚਿਸਤਾਨ ਦੇ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਦਾ ਰਹੇ ਹਨ।

#### ਬਲੋਚਿਸਤਾਨ ਇਰਾਨ ਲਈ ਮਹੱਤਵਪੂਰਨ

ਬਲੋਚਿਸਤਾਨ ਪਾਕਿਸਤਾਨ ਦਾ ਸਭ ਤੋਂ ਵੱਡਾ ਸੂਬਾ ਹੈ। ਜੋ ਕੁੱਲ ਪਾਕਿਸਤਾਨ ਦੇ ਲਗਭਗ 43 ਫੀਸਦੀ ਭੂ ਖੇਤਰ ਵਿੱਚ ਫੈਲਿਆ ਹੋਇਆ ਹੈ। ਇਹ ਸੂਬਾ ਕੁਦਰਤੀ ਤੌਰ ਉੱਤੇ ਕਾਫ਼ੀ ਅਮੀਰ ਹੈ, ਇੱਥੇ ਸੋਨਾ, ਤਾਂਬਾ, ਤੇਲ ਅਤੇ ਕੁਦਰਤੀ ਗੈਸਾਂ ਦਾ ਕਾਫ਼ੀ ਵੱਡਾ ਭੰਡਾਰ ਮੌਜੂਦ ਹੈ। ਲਗਭਗ 770 ਕਿਲੋਮੀਟਰ ਤੱਕ ਇਸ ਦਾ ਸਮੁੰਦਰੀ ਤਟੀ ਖੇਤਰ ਹੈ। ਜੋ ਇਸ ਨੂੰ ਹੋਰ ਵੀ ਮਹੱਤਵਪੂਰਨ ਬਣਾ ਦਿੰਦਾ ਹੈ। ਇਰਾਨ-ਪਾਕਿਸਤਾਨ ਦੀ ਇਹ 909 ਕਿਲੋਮੀਟਰ ਲੰਮੀ ਫੈਲੀ ਸਰਹੱਦ, ਜਿਸ ਨੂੰ ਸੁਨਹਿਰੀ ਰੇਖਾ ਵੀ ਕਿਹਾ ਜਾਂਦਾ ਹੈ, ਅਫ਼ਗਾਨਿਸਤਾਨ ਤੋਂ ਉੱਤਰੀ ਅਰਬ ਸਾਗਰ ਤੱਕ ਫੈਲੀ ਹੋਈ ਪੱਟੀ ਹੈ। ਜਿਸ ਦੇ ਦੋਵੇਂ ਪਾਸੇ ਲਗਭਗ ਦੋ ਕਰੋੜ ਬਲੋਚੀ ਪਾਕਿਸਤਾਨ ਦੇ ਬਲੋਚਿਸਤਾਨ ਤੇ ਇਰਾਨ ਦੇ ਸਿਸਤਾਨ-ਬਲੋਚਿਸਤਾਨ ਵਿੱਚ ਵਸਦੇ ਹਨ। ਪੰਜ ਲੱਖ ਦੇ ਲਗਭਗ ਬਲੋਚੀ ਅਫ਼ਗਾਨਿਸਤਾਨ ਦੇ ਨਾਲ਼ ਲਗਦੇ ਉੱਤਰੀ ਹਿੱਸੇ ਵਿੱਚ ਰਹਿੰਦੇ ਹਨ। ਤਿੰਨ ਮੁਲਕਾਂ ਵਿੱਚ ਟੋਟੇ ਕੀਤੇ ਬਲੋਚੀ ਲੋਕਾਂ ਦੀ ਗਿਣਤੀ ਲਗਭਗ ਦੋ ਕਰੋੜ ਬਣਦੀ ਹੈ ਜਿਨ੍ਹਾਂ ਦੀ ਸਾਂਝ ਇਤਿਹਾਸਕ ਹੈ, ਇਹਨਾਂ ਦੀ ਭਾਸ਼ਾ, ਖਿੱਤਾ, ਆਰਥਕ ਜੀਵਨ, ਸੱਭਿਆਚਾਰ ਦੀ ਪੁਰਾਣੀ ਸਾਂਝ ਹੈ, ਜੋ ਇਹਨਾਂ ਨੂੰ ਇੱਕ ਕੌਮ ਦੇ ਰੂਪ ਵਿੱਚ ਬੰਨ੍ਹਦੀ ਹੈ। ਪਰ ਇੱਕ ਕੌਮ ਹੋਣ ਦੇ ਬਾਵਜੂਦ ਬਲੋਚੀ ਲੋਕਾਂ ਦਾ ਆਪਣਾ ਕੌਮੀ ਰਾਜ ਨਹੀਂ। ਬਲੋਚੀ ਵਸੋਂ ਦਾ ਵੱਡਾ ਹਿੱਸਾ ਪਾਕਿਸਤਾਨੀ ਕਬਜ਼ੇ ਵਾਲ਼ੇ ਬਲੋਚਿਸਤਾਨ ਵਿੱਚ ਰਹਿੰਦਾ ਹੈ।

ਕੁਦਰਤੀ ਸੋਮਿਆਂ ਨਾਲ਼ ਭਰਪੂਰ ਹੋਣ ਕਰਕੇ ਇਰਾਨ ਅਤੇ ਪਾਕਿਸਤਾਨ ਬਲੋਚਿਸਤਾਨ ਨੂੰ ਹੱਥੋਂ ਖੁੱਸਣ ਨਹੀਂ ਦੇਣਾ ਚਾਹੁੰਦੇ। ਇਸ ਮਾਮਲੇ ਵਿੱਚ ਚੀਨ ਅਤੇ ਅਮਰੀਕਾ ਜਿਹੀਆਂ ਸਾਮਰਾਜੀ ਤਾਕਤਾਂ ਵੀ ਇਹਨਾਂ ਦਾ ਸਾਥ ਦੇ ਰਹੀਆਂ ਹਨ। ਚੀਨ ਬਲੋਚਿਸਤਾਨ ਦੇ ਗਵਾਦਰ ਇਲਾਕੇ ਵਿੱਚ ਇੱਕ ਬੰਦਰਗਾਹ ਦੀ ਉਸਾਰੀ ਕਰ ਰਿਹਾ ਹੈ ਤਾਂ ਕਿ ਚੀਨ ਤੋਂ ਤਿਆਰ ਮਾਲ ਅਸਾਨੀ ਨਾਲ਼ ਪਾਕਿਸਤਾਨ ਪਹੁੰਚਾਇਆ ਜਾ ਸਕੇ। ਸਰਮਾਏਦਾਰਾਂ ਅਤੇ ਸਾਮਰਾਜੀ ਗੱਠਜੋੜ ਹੇਠ ਬਲੋਚਿਸਤਾਨ ਦੇ ਲੋਕ ਕੁਦਰਤੀ ਸਾਧਨਾਂ ਦੀ ਅਮੀਰੀ ਹੋਣ ਦੇ ਬਾਵਜੂਦ ਵੀ ਅੰਤਾਂ ਦੀ ਗਰੀਬੀ, ਮਹਿੰਗਾਈ ਅਤੇ ਬੇਰੁਜ਼ਗਾਰੀ ਹੇਠ ਪਿਸ ਰਹੇ ਹਨ। ਇੱਥੇ ਸਕੂਲ, ਹਸਪਤਾਲ ਅਤੇ ਸਿਹਤ ਸਹੂਲਤਾਂ ਦੀ ਭਾਰੀ ਘਾਟ ਹੈ ਇਸ ਦੇ ਬਾਵਜੂਦ ਬਲੋਚੀ ਲੋਕਾਂ ਨੇ ਸਰਮਾਏਦਾਰਾਂ - ਸਾਮਰਾਜੀਆਂ ਦੇ ਗਠਜੋੜ ਨਾਲ਼ ਲੜਦਿਆਂ ਕੌਮੀ ਰਾਜ ਦੀ ਮੁਕਤੀ ਦਾ ਸੁਪਨਾ ਨਹੀਂ ਤਿਆਗਿਆ।

ਇਸ ਖ਼ਿੱਤੇ ਵਿੱਚ ਬਲੋਚੀ ਕੌਮ ਦੀ ਮੁਕਤੀ ਲਈ ਕਈ ਖਾੜਕੂ ਜਥੇਬੰਦੀਆਂ ਸਰਗਰਮ ਹਨ ਜਿਨ੍ਹਾਂ ਵਿੱਚ 'ਬਲੋਚ ਮੁਕਤੀ ਫੌਜ' ਅਤੇ 'ਬਲੋਚ ਮੁਕਤੀ ਮੋਰਚਾ' ਪ੍ਰਮੁੱਖ ਹਨ। ਇਸ ਤੋਂ ਬਿਨਾਂ ਸਾਲ 2012 ਵਿੱਚ 'ਜੈਸ਼-ਅਲ-ਅਦਲ' ਨਾਂ ਦੀ ਇੱਕ ਹੋਰ ਖਾੜਕੂ ਜਥੇਬੰਦੀ ਬਣੀ ਜੋ ਇਹਨਾਂ ਦੀ ਮੁਕਤੀ ਲਈ ਘੋਲ਼ ਕਰ ਰਹੀ ਹੈ।

# ਪੱਛਮੀ ਸੱਭਿਅਤਾ ਦਾ ਭਾਰਤੀ ਸੱਭਿਅਤਾ ’ਤੇ ਪੈ ਰਿਹੈ ਪ੍ਰਭਾਵ

## ਆਧੁਨਿਕਤਾ ਦੀ ਆੜ ਵਿੱਚ ਸਮਾਜਿਕ ਕਦਰਾਂ-ਕੀਮਤਾਂ ਦੀ ਕੀਤੀ ਜਾ ਰਹੀ ਹੈ ਉਲੰਘਣਾ



ਸਮਾਂ ਕਦੇ ਵੀ ਇੱਕੋ ਜਿਹਾ ਨਹੀਂ ਰਹਿੰਦਾ, ਇਹ ਨਿਰੰਤਰ ਬਦਲਦਾ ਰਹਿੰਦਾ ਹੈ ਅਤੇ ਸਮੇਂ ਦੇ ਨਾਲ ਹੀ ਹੋਰ ਵੀ ਬਹੁਤ ਕੁਝ ਬਦਲ ਜਾਂਦਾ ਹੈ ਪਰ ਜਿਸ ਤਰੀਕੇ ਨਾਲ ਸਾਡੇ ਸਮਾਜ ਵਿੱਚ ਬਦਲਾਓ ਆ ਰਿਹਾ ਹੈ, ਉਹ ਚਿੰਤਾ ਦਾ ਵਿਸ਼ਾ ਹੈ। ਆਧੁਨਿਕ ਕਹੀ ਜਾਂਦੀ ਪੱਛਮੀ ਸੱਭਿਅਤਾ ਦਾ ਭਾਰਤੀ ਸੱਭਿਅਤਾ ’ਤੇ ਕਾਫ਼ੀ ਪ੍ਰਭਾਵ ਪੈ ਰਿਹਾ ਹੈ। ਹਰ ਕੌਮ ਅਤੇ ਸੱਭਿਅਤਾ ਦਾ ਆਪਣਾ ਵਿਸ਼ੇਸ਼ ਪਹਿਰਾਵਾ ਹੁੰਦਾ ਹੈ ਅਤੇ ਪੱਛਮੀ ਸੱਭਿਅਤਾ ਵਿੱਚ ਵੀ ਉਸ ਸੱਭਿਅਤਾ ਦੇ ਪਹਿਰਾਵੇ ਨੂੰ ਸੁਚੱਜਾ ਸਮਝਿਆ ਜਾਂਦਾ ਹੈ ਪਰ ਪੱਛਮੀ ਸੱਭਿਅਤਾ ਦੇ ਨਾਂਅ ’ਤੇ ਕੁਝ ਲੋਕਾਂ ਵੱਲੋਂ ਆਧੁਨਿਕਤਾ ਦੀ ਆੜ ਵਿੱਚ ਅਸ਼ਲੀਲਤਾ ਪਰੋਸੀ ਜਾ ਰਹੀ ਹੈ, ਜਿਸ ਨੂੰ ਸਾਡਾ ਸਮਾਜ ਕਿਸੇ ਨਾ ਕਿਸੇ ਰੂਪ ਵਿੱਚ ਗ੍ਰਹਿਣ ਕਰਦਾ ਜਾ ਰਿਹਾ ਹੈ।

ਪੱਛਮੀ ਸੱਭਿਅਤਾ ਵਿੱਚ ਵੀ ਅਨੇਕਾਂ ਚੰਗੀਆਂ ਗੱਲਾਂ ਅਤੇ ਗੁਣ ਹਨ, ਜਿਹਨਾਂ ਨੂੰ ਗ੍ਰਹਿਣ ਕਰਨ ਵਿੱਚ ਕੋਈ ਬੁਰਾਈ ਨਹੀਂ ਹੈ, ਸਗੋਂ ਇਹਨਾਂ ਗੁਣਾਂ ਨੂੰ ਅਪਨਾਅ ਕੇ ਸਮਾਜ ਨੂੰ ਹੋਰ ਆਧੁਨਿਕ ਬਣਾਇਆ ਜਾ ਸਕਦਾ ਹੈ, ਪਰ ਕੁਝ ਲੋਕ ਪੱਛਮੀ ਸਭਿਅਤਾ ਦਾ ਨਾਂਅ ਦੇ ਕੇ ਊਲ ਜਲੂਲ ਪੇਸ਼ ਕਰ ਰਹੇ ਹਨ,ਜਿਸ ਨੂੰ ਸਹੀ ਨਹੀਂ ਮੰਨਿਆ ਜਾ ਸਕਦਾ। ਸ਼ਰਾਰਤੀ ਅਨਸਰ ਹਰ ਇਲਾਕੇ ਵਿੱਚ ਹੁੰਦੇ ਹਨ,ਜਿਹਨਾਂ ਦਾ ਮੁੱਖ ਕੰਮ ਹੀ ਸ਼ਰਾਰਤ ਕਰਕੇ ਵੱਖ ਵੱਖ ਕੌਮਾਂ ਅਤੇ ਸੱਭਿਆਤਾਵਾਂ ਵਿੱਚ ਤਨਾਓ ਫੈਲਾਉਣਾ ਹੁੰਦਾ ਹੈ ਅਜਿਹੇ ਸ਼ਰਾਰਤੀ ਅਨਸਰਾਂ ਤੋਂ ਸੁਚੇਤ ਹੋਣ ਦੀ ਲੋੜ ਹੈ।

ਭਾਰਤ ਵਿੱਚ ਵੀ ਅੱਜ ਕੱਲ੍ਹ ਅਨੇਕਾਂ ਨੌਜਵਾਨਾਂ ਵੱਲੋਂ ਆਪਣੀਆਂ ਪਤਨੀਆਂ ਦੀਆਂ ਨਾਚ ਕਰਦੀਆਂ, ਗਾਣੇ ਗਾਉਂਦੀਆਂ ਅਤੇ ਕਈ ਤਰ੍ਹਾਂ ਦੇ ਬੇਹੂਦਾ ਸੰਵਾਦ ਬੋਲਦੀਆਂ ਦੀਆਂ ਵੀਡੀਓ ਖੁਦ ਹੀ ਸ਼ੋਸ਼ਲ ਮੀਡੀਆ ’ਤੇ ਜਾਰੀ ਕੀਤੀਆਂ ਜਾਂਦੀਆਂ ਹਨ, ਜਦੋਂ ਇਹਨਾਂ ਵੀਡੀਓ ਬਾਰੇ ਕੋਈ ਵਿਵਾਦ ਖੜ੍ਹਾ ਹੋ ਜਾਂਦਾ ਹੈ ਤਾਂ ਇਹਨਾਂ ਵੱਲੋਂ ਦੋਸ਼ ਕਿਸੇ ਤੀਜੇ ਉੱਪਰ ਲਗਾ ਦਿੱਤਾ ਜਾਂਦਾ ਹੈ, ਕਿ ਕਿਸੇ ਹੋਰ ਨੇ ਉਹਨਾਂ ਦੀ ਇਹ ਵੀਡੀਓ ਵਾਇਰਲ ਕਰ ਦਿੱਤੀ ਹੈ।

ਇਸ ਤਰ੍ਹਾਂ ਦੀਆਂ ਕਈ ਘਟਨਾਵਾਂ ਵਾਪਰ ਰਹੀਆਂ ਹਨ, ਜਿਨ੍ਹਾਂ ਦੀ ਅਸਲੀਅਤ ਕੀ ਹੁੰਦੀ ਹੈ, ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ ਪਰ ਇੱਕ ਗੱਲ ਜ਼ਰੂਰ ਹਰ ਸਿਆਣੇ ਵਿਅਕਤੀ ਨੂੰ ਰੜਕਦੀ ਹੈ ਕਿ ਆਧੁਨਿਕਤਾ ਦੇ ਨਾਮ ’ਤੇ ਸਾਡੇ ਸਮਾਜ ਵਿੱਚ ਇਹ ਕੀ ਕੁਝ ਹੋਣ ਲੱਗ ਪਿਆ ਹੈ।

ਇਸ ਤੋਂ ਇਲਾਵਾ ਚੰਡੀਗੜ੍ਹ ਵਰਗੇ ਸ਼ਹਿਰਾਂ ਦੇ ਪਾਰਕਾਂ ਵਿੱਚ ਅਕਸਰ ਮੁੰਡੇ ਕੁੜੀਆਂ ਅਸ਼ਲੀਲ ਹਰਕਤਾਂ ਕਰਨ ਲੱਗਦੇ ਹਨ, ਜਿਸ ਕਾਰਨ ਪਾਰਕ ਵਿੱਚ ਮੌਜੂਦ ਆਮ ਲੋਕਾਂ ਨੂੰ ਕਾਫ਼ੀ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪੈਂਦਾ ਹੈ। ਆਮ ਸ਼ਹਿਰਾਂ ਵਿੱਚ ਵੀ ਅਕਸਰ ਨੌਜਵਾਨ ਮੁੰਡੇ ਕੁੜੀਆਂ ਹੱਥਾਂ ਵਿੱਚ ਹੱਥ ਪਾ ਕੇ ਘੁੰਮਦੇ ਹਨ ਅਤੇ ਇੱਕ ਦੂਜੇ ਨਾਲ ਈਲੂ ਈਲੂ ਕਰਦੇ ਹਨ, ਜਿਸ ਨਾਲ ਜਵਾਨ ਹੋ ਰਹੇ ਬੱਚਿਆਂ ’ਤੇ ਗਲਤ ਪ੍ਰਭਾਵ ਪੈਂਦਾ ਹੈ।



**ਨੇਕੀ ਦੀ ਥਾਂ ਕਾਫ਼ੀ ਤੇਜ਼ੀ ਨਾਲ ਫੈਲਦੀ ਬਦੀ :** ਆਧੁਨਿਕ ਸੰਚਾਰ ਸਾਧਨਾਂ ਨਾਲ ਦੁਨੀਆਂ ਇੱਕ



ਗਲੋਬਲ ਪਿੰਡ ਬਣ ਗਈ ਹੈ, ਜਿਸ ਕਰਕੇ ਸੰਸਾਰ ਦੇ ਕਿਸੇ ਵੀ ਇਲਾਕੇ ਵਿੱਚ ਵਾਪਰੀ ਕੋਈ ਘਟਨਾ ਮਿੰਟਾਂ ਵਿੱਚ ਹੀ ਸੰਚਾਰ ਸਾਧਨਾਂ ਤੇ ਸੋਸ਼ਲ ਮੀਡੀਆ ਰਾਹੀਂ ਪੂਰੀ ਦੁਨੀਆਂ ਵਿੱਚ ਫੈਲ ਜਾਂਦੀ ਹੈ। ਇਸ ਤੋਂ ਇਲਾਵਾ ਕਈ ਚੁਸਤ, ਚਲਾਕ ਤੇ ਲਾਲਚੀ ਲੋਕ ਇੱਕ ਦੂਜੇ ਨੂੰ ਬਦਨਾਮ ਕਰਨ ਲਈ ਜਾਅਲੀ ਵੀਡੀਓ ਵੀ ਸ਼ੇਅਰ ਕਰ ਦਿੰਦੇ ਹਨ ਜਦੋਂ ਤਕ ਇਹਨਾਂ ਵੀਡੀਓ ਦੀ ਅਸਲੀਅਤ ਸਾਹਮਣੇ ਆਉਂਦੀ ਹੈ, ਉਦੋਂ ਤੱਕ ਸਬੰਧਿਤ ਵੀਡੀਓ ਪੂਰੀ ਦੁਨੀਆਂ ਵਿੱਚ ਘੁੰਮ ਜਾਂਦੀ ਹੈ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਅਫ਼ਵਾਹਾਂ ਤਾਂ ਜਹਾਜ਼ ਦੀ ਸਪੀਡ ਨਾਲੋਂ ਵੀ ਤੇਜ਼ ਉੱਡਦੀਆਂ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਨੇਕੀ ਦੀ ਥਾਂ ਬਦੀ ਕਾਫ਼ੀ ਤੇਜ਼ੀ ਨਾਲ ਫੈਲਦੀ ਹੈ। ਭਾਵੇਂ ਕਿ ਭਾਰਤ ਵਿੱਚ ਬਦੀ ’ਤੇ ਨੇਕੀ ਦੀ ਜਿੱਤ ਦੇ ਤਿਉਹਾਰ ਵੀ ਮਨਾਏ ਜਾਂਦੇ ਹਨ ਪਰ ਇਸ ਸਮੇਂ ਤਾਂ ਇਸ ਤਰਾਂ ਲੱਗਦਾ ਹੈ ਕਿ ਜਿਵੇਂ ਪੂਰੀ ਦੁਨੀਆਂ ਵਿੱਚ ਹਰ ਪਾਸੇ ਬਦੀ ਹੀ ਹੋ ਰਹੀ ਹੋਵੇ ਪਰ ਸਿਆਣੇ ਕਹਿੰਦੇ ਹਨ ਆਖਰ ਵਿੱਚ ਜਿੱਤ ਤਾਂ ਨੇਕੀ ਦੀ ਹੀ ਹੁੰਦੀ ਹੈ।

**ਕਿਵੇਂ ਬਦਲ ਰਿਹਾ ਹੈ ਸਮਾਜ ?**

ਜਦੋਂ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ ਤਾਂ ਇਕੱਲਾ ਰਹਿੰਦਾ ਸੀ, ਹੋਲੀ ਹੋਲੀ ਮਨੁੱਖ ਪਰਿਵਾਰ ਵਿੱਚ ਰਹਿਣ ਲੱਗਿਆ, ਫਿਰ ਪਰਿਵਾਰਾਂ ਤੋਂ ਸਮੂਹ ਬਣੇ, ਸਮੂਹਾਂ ਤੋਂ ਸਮਾਜ ਬਣਿਆ। ਇਸ ਤਰਾਂ ਲੋਕ ਭਲਾਈ ਲਈ ਸਮਾਜ ਹੋਂਦ ਵਿੱਚ ਆਇਆ ਅਤੇ ਮਨੁੱਖ ਵੱਲੋਂ ਹਮੇਸ਼ਾ ਹੀ ਸਮਾਜ ਭਲਾਈ ਲਈ ਕਾਰਜ ਕੀਤੇ ਜਾਣ ਲੱਗੇ, ਪਰ ਹੁਣ ਕੁਝ ਸਮੇਂ ਤੋਂ ਸਮਾਜ ਵਿੱਚ ਰਹਿੰਦੇ ਹੀ ਕੁਝ ਲੋਕਾਂ ਵੱਲੋਂ ਸਮਾਜ ਵਿੱਚ ਗੰਦਗੀ ਫੈਲਾਈ ਜਾ ਰਹੀ ਹੈ, ਜਿਸ ਕਾਰਨ ਸਮਾਜ ਦਾ ਚਿਹਰਾ ਕਰੂਪ ਹੁੰਦਾ ਜਾ ਰਿਹਾ ਹੈ।

**ਭਾਰਤੀ ਸਮਾਜ ਅਤੇ ਪੱਛਮੀ ਸਮਾਜ ਵਿੱਚ ਅੰਤਰ**

ਭਾਰਤ ਦੇ ਸਮਾਜ ਵਿੱਚ ਅਤੇ ਪੱਛਮੀ ਦੇਸ਼ਾਂ ਦੇ ਸਮਾਜ ਵਿੱਚ ਬਹੁਤ ਵੱਡਾ ਅੰਤਰ ਹੈ। ਭਾਵੇਂ ਕਿ ਅੱਜ ਸੰਚਾਰ ਸਾਧਨਾਂ ਅਤੇ ਹੋਰ ਤਰੀਕਿਆਂ ਨਾਲ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਗੱਲਬਾਤ ਕੀਤੀ ਜਾ ਸਕਦੀ ਹੈ, ਪਰ ਫਿਰ ਵੀ ਦੋਵਾਂ ਸਮਾਜਾਂ ਵਿੱਚ ਜੋ ਬੁਨਿਆਦੀ ਫ਼ਰਕ ਹੈ, ਉਹ ਸਦਾ ਰਹਿਣਾ ਹੀ ਹੈ। ਇਸ ਦੇ ਬਾਵਜੂਦ ਕੁਝ ਲੋਕ ਪੱਛਮੀ ਸਮਾਜ ਦੀ ਨਕਲ ਕਰਦੇ ਹਨ। ਆਮ ਤੌਰ ’ਤੇ ਪੱਛਮੀ ਸਮਾਜ ਨੂੰ ਵਿਕਸਤ ਦੇਸ਼ਾਂ ਦਾ ਸਮਾਜ ਕਿਹਾ ਜਾਂਦਾ ਹੈ ਅਤੇ ਇਸ ਕਾਰਨ ਉਥੋਂ ਦੀ ਨਕਲ ਕੀਤੀ ਜਾਂਦੀ ਹੈ।

**ਨਵੀਂ ਸਮਾਜ ਸੁਧਾਰ ਲਹਿਰ ਚਲਾਉਣ ਦੀ ਲੋੜ :**

ਪੱਛਮੀ ਸਮਾਜ ਦੀਆਂ ਚੰਗੀਆਂ ਗੱਲਾਂ ਦੀ ਰੀਸ ਕਰਨੀ ਬੁਰੀ ਗੱਲ ਨਹੀਂ ਪਰ ਪੱਛਮੀ ਸਮਾਜ ਦੀਆਂ ਕੁਝ ਇਤਰਾਜ਼ਯੋਗ ਗੱਲਾਂ ਭਾਰਤੀ ਸਮਾਜ ਵਿੱਚ ਫੈਲਾਉਣੀਆਂ ਠੀਕ ਨਹੀਂ ਸਮਝੀਆਂ ਜਾਂਦੀਆਂ। ਪੱਛਮ ਵਿੱਚ ਕੁਝ ਥਾਵਾਂ ’ਤੇ ਨੰਗੇਜ਼ਪੁਣਾ ਆਮ ਗੱਲ ਹੈ, ਪਰ ਭਾਰਤੀ ਸਮਾਜ ਵਿੱਚ ਇਸ ਦੀ ਮਨਾਹੀ ਹੈ। ਸਾਡੇ ਸਮਾਜ ਵਿੱਚ ਰਹਿੰਦੇ ਲੋਕਾਂ ਨੂੰ ਹਮੇਸ਼ਾ ਹੀ ਆਪਣੇ ਸਮਾਜ ਦੀ ਮਰਿਆਦਾ ਦਾ ਖ਼ਿਆਲ ਰਖਣਾ ਚਾਹੀਦਾ ਹੈ ਅਤੇ ਸਮਾਜ ਵਿੱਚ ਫੈਲ ਰਹੇ ਕੋਹਜ ਨੂੰ ਦੂਰ ਕਰਨ ਦੇ ਯਤਨ ਕਰਨੇ ਚਾਹੀਦੇ ਹਨ। ਇਸ ਲਈ ਕੋਈ ਨਵੀਂ ਸਮਾਜ ਸੁਧਾਰ ਲਹਿਰ ਚਲਾਉਣ ਦੀ ਲੋੜ ਹੈ।

ਭਾਰਤ ਦੀ ਸੱਭਿਅਤਾ ਬਹੁਤ ਪ੍ਰਾਚੀਨ ਹੈ ਅਤੇ ਵਿਰਾਸਤੀ ਚੀਜ਼ਾਂ ਨਾਲ ਭਰੀ ਹੋਈ ਹੈ। ਭਾਰਤੀ ਸਮਾਜ ਦੀ ਤਰੱਕੀ ਮੂਲ ਰੂਪ ਵਿੱਚ ਭਾਰਤੀ ਸੱਭਿਅਤਾ ਅਨੁਸਾਰ ਹੀ ਹੋ ਸਕਦੀ ਹੈ। ਪੱਛਮੀ ਸਮਾਜ ਤੇ ਸੱਭਿਅਤਾ ਨੂੰ ਕਿੰਨਾ ਵੀ ਆਧੁਨਿਕ ਕਿਉਂ ਨਾ ਕਹਿ ਲਿਆ ਜਾਵੇ ਪਰ ਜੋ ਪੁਰਾਤਨ ਕਦਰਾਂ ਕੀਮਤਾਂ ਅਤੇ ਭਾਈਚਾਰਕ ਸਾਂਝ ਭਾਰਤੀ ਸੱਭਿਅਤਾ ਤੇ ਸਮਾਜ ਵਿੱਚ ਹਨ, ਉਹ ਪੱਛਮੀ ਸੱਭਿਅਤਾ ਵਿਚੋਂ ਗਾਇਬ ਹਨ। ਇਸ ਲਈ ਹਰ ਭਾਰਤੀ ਨੂੰ ਭਾਰਤੀ ਸੱਭਿਅਤਾ ’ਤੇ ਮਾਣ ਕਰਨਾ ਚਾਹੀਦਾ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪੱਛਮੀ ਸੱਭਿਅਤਾ ਵਿੱਚ ਜੋ ਚੰਗੀਆਂ ਗੱਲਾਂ ਹਨ, ਉਹਨਾਂ ਨੂੰ ਗ੍ਰਹਿਣ ਵੀ ਕਰ ਲੈਣਾ ਚਾਹੀਦਾ ਹੈ।

# ਸਮਾਜਿਕ ਏਕਤਾ ਨਾਲ ਹੀ ਘਟੇਗੀ ਹਿੰਸਾ



ਡਾ. ਸਤਿਆਵਾਨ ਸੌਰਭ

ਭਾਰਤ ਦੇ ਸੰਵੇਦਨਸ਼ੀਲ ਖੇਤਰਾਂ ਵਿੱਚ ਹਿੰਸਾ ਦਾ ਮੁਕਾਬਲਾ ਕਰਨ ਲਈ ਇੱਕ ਵਿਆਪਕ ਅਤੇ ਬਹੁ-ਪੱਖੀ ਪਹੁੰਚ ਦੀ ਲੋੜ ਹੈ। ਮੂਲ ਕਾਰਨਾਂ ਨੂੰ ਸੰਬੋਧਿਤ ਕਰਨ, ਸਥਾਨਕ ਭਾਈਚਾਰਿਆਂ ਨੂੰ ਸ਼ਾਮਲ ਕਰਨ ਅਤੇ ਸਿੱਖਿਆ ਅਤੇ ਆਰਥਿਕ ਵਿਕਾਸ ਵਿੱਚ ਨਿਵੇਸ਼ ਕਰਕੇ, ਇਹਨਾਂ ਪ੍ਰੋਗਰਾਮਾਂ ਦਾ ਉਦੇਸ਼ ਸਮਾਜਿਕ ਏਕਤਾ ਨੂੰ ਉਤਸ਼ਾਹਿਤ ਕਰਨਾ ਅਤੇ ਕੱਟੜਪੰਥੀ ਬਿਰਤਾਂਤਾਂ ਦਾ ਮੁਕਾਬਲਾ ਕਰਨਾ ਹੈ। ਇਹ ਜਾਣ-ਪਛਾਣ ਪ੍ਰਭਾਵਸ਼ਾਲੀ ਵਿਕਾਸ ਪਹਿਲਕਦਮੀਆਂ ਲਈ ਪੜਾਅ ਤੈਅ ਕਰਦੀ ਹੈ ਜੋ ਵਿਅਕਤੀਆਂ ਨੂੰ ਸ਼ਕਤੀ ਪ੍ਰਦਾਨ ਕਰਦੇ ਹਨ, ਸਹਿਣਸ਼ੀਲਤਾ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਹਿੰਸਾ ਦੇ ਫੈਲਣ ਵਿਰੁੱਧ ਇੱਕ ਲਚਕੀਲੇ ਸਮਾਜ ਦਾ ਨਿਰਮਾਣ ਕਰਦੇ ਹਨ। ਭਾਰਤ ਦੇ ਕਮਜ਼ੋਰ ਖੇਤਰਾਂ ਵਿੱਚ ਹਿੰਸਾ ਦਾ ਮੁਕਾਬਲਾ ਕਰਨ ਲਈ ਪ੍ਰਭਾਵਸ਼ਾਲੀ ਵਿਕਾਸ ਪ੍ਰੋਗਰਾਮਾਂ ਨੂੰ ਡਿਜ਼ਾਈਨ ਕਰਨ ਅਤੇ ਲਾਗੂ ਕਰਨ ਲਈ ਇੱਕ ਵਿਆਪਕ ਅਤੇ ਬਹੁ-ਪੱਖੀ ਪਹੁੰਚ ਦੀ ਲੋੜ ਹੈ।

ਹਰੇਕ ਖੇਤਰ ਵਿੱਚ ਹਿੰਸਾ ਵਿੱਚ ਯੋਗਦਾਨ ਪਾਉਣ ਵਾਲੇ ਅੰਤਰੀਵ ਕਾਰਕਾਂ ਨੂੰ ਸਮਝਣਾ ਮਹੱਤਵਪੂਰਨ ਹੈ। ਆਰਥਿਕ ਅਸਮਾਨਤਾਵਾਂ, ਸਮਾਜਿਕ ਅਲਹਿਦਗੀ, ਸਿੱਖਿਆ ਦੀ ਘਾਟ ਅਤੇ ਰਾਜਨੀਤਿਕ ਹਾਸ਼ੀਏ ’ਤੇ ਰਹਿਣ ਵਰਗੇ ਕਾਰਕ ਅਕਸਰ ਭੂਮਿਕਾ ਨਿਭਾਉਂਦੇ ਹਨ। ਪ੍ਰੋਗਰਾਮਾਂ ਦੇ ਡਿਜ਼ਾਈਨ ਅਤੇ ਲਾਗੂ ਕਰਨ ਵਿੱਚ ਸਥਾਨਕ ਭਾਈਚਾਰਿਆਂ ਨੂੰ ਸ਼ਾਮਲ ਕਰੋ। ਸਾਰਥਕਤਾ ਅਤੇ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਉਹਨਾਂ ਦੀ ਸੂਝ ਅਤੇ ਸਰਗਰਮ ਭਾਗੀਦਾਰੀ ਜ਼ਰੂਰੀ ਹੈ। ਮਿਆਰੀ ਸਿੱਖਿਆ ਅਤੇ ਹੁਨਰ ਵਿਕਾਸ ਦੇ ਮੌਕਿਆਂ ਤੱਕ ਪਹੁੰਚ ਨੂੰ ਬਿਹਤਰ ਬਣਾਉਣ ’ਤੇ ਧਿਆਨ ਕੇਂਦਰਤ ਕਰੋ । ਸਿੱਖਿਆ ਵਿਅਕਤੀਆਂ ਨੂੰ ਸੂਚਿਤ ਚੋਣਾਂ ਕਰਨ ਅਤੇ ਕੱਟੜਪੰਥੀ ਵਿਚਾਰਧਾਰਾਵਾਂ ਦਾ ਵਿਰੋਧ ਕਰਨ ਲਈ ਸ਼ਕਤੀ ਪ੍ਰਦਾਨ ਕਰ ਸਕਦੀ ਹੈ। ਬੁਨਿਆਦੀ ਢਾਂਚੇ, ਉਦਯੋਗਾਂ ਅਤੇ ਨੌਕਰੀਆਂ ਦੀ ਸਿਰਜਣਾ ਵਿੱਚ ਨਿਵੇਸ਼ ਕਰਕੇ ਸਮਾਵੇਸ਼ੀ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨਾ, ਆਰਥਿਕ ਮੌਕੇ ਨਿਰਾਸ਼ਾ ਅਤੇ ਨਿਰਾਸ਼ਾ ਦੀਆਂ ਭਾਵਨਾਵਾਂ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ ਜਿਸਦਾ ਕੱਟੜਪੰਥੀ ਸ਼ੋਸ਼ਣ ਕਰ ਸਕਦੇ ਹਨ।

ਸਮਝ ਅਤੇ ਸਹਿਣਸ਼ੀਲਤਾ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਧਾਰਮਿਕ, ਨਸਲੀ ਅਤੇ ਸਮਾਜਿਕ ਸਮੂਹਾਂ ਵਿਚਕਾਰ ਸੰਵਾਦ ਅਤੇ ਆਪਸੀ ਤਾਲਮੇਲ ਨੂੰ ਉਤਸ਼ਾਹਿਤ ਕਰੋ।

ਸਮਾਜਿਕ ਏਕਤਾ ਦਾ ਨਿਰਮਾਣ ਵੰਡਾਂ ਨੂੰ ਪੁਲ ਅਤੇ ਕੱਟੜਪੰਥੀ ਬਿਰਤਾਂਤਾਂ ਦੀ ਅਪੀਲ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ। ਵਿਵਾਦਾਂ ਅਤੇ ਸ਼ਿਕਾਇਤਾਂ ਦੇ ਨਿਰਪੱਖ ਅਤੇ ਤੇਜ਼ੀ ਨਾਲ ਹੱਲ ਨੂੰ ਯਕੀਨੀ ਬਣਾਉਣ ਲਈ ਕਾਨੂੰਨ ਲਾਗੂ ਕਰਨ ਅਤੇ ਨਿਆਂ ਪ੍ਰਣਾਲੀਆਂ ਨੂੰ ਮਜ਼ਬੂਤ ਕਰਨਾ। ਸੰਸਥਾਵਾਂ ਵਿੱਚ ਵਿਸ਼ਵਾਸ ਪੈਦਾ ਕਰਨ ਲਈ ਨਿਆਂ ਦੀ ਭਾਵਨਾ ਜ਼ਰੂਰੀ ਹੈ। ਕੱਟੜਪੰਥੀ ਵਿਚਾਰਧਾਰਾਵਾਂ ਅਤੇ ਪ੍ਰਚਾਰ ਨੂੰ ਚੁਣੌਤੀ ਦੇਣ ਵਾਲੇ ਵਿਰੋਧੀ-ਕਥਾਵਾਂ ਨੂੰ ਵਿਕਸਿਤ ਅਤੇ ਪ੍ਰਸਾਰਿਤ ਕਰੋ। ਮੀਡੀਆ, ਸਥਾਨਕ ਪ੍ਰਭਾਵਕ ਅਤੇ ਧਾਰਮਿਕ ਆਗੂ ਇਸ ਕੋਸ਼ਿਸ਼ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਕੱਟੜਪੰਥੀ ਪ੍ਰਭਾਵਾਂ ਤੋਂ ਧਿਆਨ ਹਟਾਉਣ ਲਈ ਸਕਾਰਾਤਮਕ ਗਤੀਵਿਧੀਆਂ, ਖੇਡਾਂ, ਕਲਾ ਅਤੇ ਸੱਭਿਆਚਾਰ ਦੁਆਰਾ ਨੌਜਵਾਨਾਂ ਨੂੰ ਸ਼ਾਮਲ ਕਰੋ ਅਤੇ ਉਹਨਾਂ ਨੂੰ ਆਪਣੇ ਆਪ ਦੀ ਭਾਵਨਾ ਪ੍ਰਦਾਨ ਕਰੋ। ਲੋੜੀਂਦੇ ਸਮਾਯੋਜਨ ਅਤੇ ਸੁਧਾਰ ਕਰਨ ਲਈ ਵਿਕਾਸ ਪ੍ਰੋਗਰਾਮਾਂ ਦੀ ਪ੍ਰਭਾਵਸ਼ੀਲਤਾ ਦੀ ਨਿਰੰਤਰ ਨਿਗਰਾਨੀ ਅਤੇ ਮੁਲਾਂਕਣ ਕਰੋ ਵੱਖ-ਵੱਖ ਸਰਕਾਰੀ ਏਜੰਸੀਆਂ, ਗੈਰ-ਸਰਕਾਰੀ ਸੰਸਥਾਵਾਂ ਅਤੇ ਅੰਤਰਰਾਸ਼ਟਰੀ ਭਾਈਵਾਲਾਂ ਵਿਚਕਾਰ ਸਰੋਤਾਂ ਅਤੇ ਮੁਹਾਰਤ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਜੋੜਨ ਲਈ ਤਾਲਮੇਲ ਨੂੰ ਯਕੀਨੀ ਬਣਾਓ।

ਬਹੁਤ ਸਾਰੀਆਂ ਉਦਾਹਰਣਾਂ ਹਨ ਜਿੱਥੇ ਵਿਕਾਸ ਪ੍ਰੋਗਰਾਮਾਂ ਅਤੇ ਪਹੁੰਚਾਂ ਨੇ ਹਿੰਸਾ ਦਾ ਮੁਕਾਬਲਾ ਕਰਨ ਵਿੱਚ ਸਕਾਰਾਤਮਕ ਨਤੀਜੇ ਦਿੱਤੇ ਹਨ। ‘ਰਾਜਸਥਾਨ ਮਦਰਸਾ ਬੋਰਡ’ ਦੀ ਪਹਿਲਕਦਮੀ ਰਾਜ ਵਿੱਚ ਰਵਾਇਤੀ ਇਸਲਾਮੀ ਸਕੂਲਾਂ (ਮਦਰੱਸਿਆਂ) ਦੇ ਆਧੁਨਿਕੀਕਰਨ ’ਤੇ ਕੇਂਦਰਿਤ ਹੈ। ਧਾਰਮਿਕ ਅਧਿਐਨ ਦੇ ਨਾਲ ਪਾਠਕ੍ਰਮ ਵਿੱਚ ਵਿਗਿਆਨ, ਗਣਿਤ ਅਤੇ ਅੰਗਰੇਜ਼ੀ ਵਰਗੇ ਵਿਸ਼ਿਆਂ ਨੂੰ ਸ਼ਾਮਲ ਕਰਕੇ, ਇਸ ਨੇ ਵਿਦਿਆਰਥੀਆਂ ਨੂੰ ਵਧੇਰੇ ਸਰਵਪੱਖੀ ਸਿੱਖਿਆ ਪ੍ਰਦਾਨ ਕੀਤੀ। ਨਤੀਜੇ ਵਜੋਂ, ਵਿਦਿਆਰਥੀ ਕੱਟੜਪੰਥੀ ਵਿਚਾਰਧਾਰਾਵਾਂ ਪ੍ਰਤੀ ਘੱਟ ਕਮਜ਼ੋਰ ਹੋ ਗਏ। ਆਂਧਰਾ ਪ੍ਰਦੇਸ਼ ਵਿੱਚ ‘ਸਦਭਾਵਨਾ’ ਪ੍ਰੋਜੈਕਟ ਦਾ ਉਦੇਸ਼ ਵਿਭਿੰਨ ਭਾਈਚਾਰਿਆਂ ਵਿੱਚ ਸਮਾਜਿਕ ਏਕਤਾ ਨੂੰ ਉਤਸ਼ਾਹਿਤ ਕਰਨਾ ਹੈ। ਇਸ ਨੇ ਵੱਖ-ਵੱਖ ਧਾਰਮਿਕ ਪਿਛੋਕੜ ਵਾਲੇ ਲੋਕਾਂ ਨੂੰ ਭਾਈਚਾਰਕ ਸਮਾਗਮਾਂ, ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਲਈ ਇਕੱਠੇ ਕੀਤਾ। ਇਸ ਨਾਲ ਸਮਝ ਵਧੀ, ਅਵਿਸ਼ਵਾਸ ਘਟਿਆ ਅਤੇ ਭਾਈਚਾਰਿਆਂ ਦਰਮਿਆਨ ਮਜ਼ਬੂਤ ਸਬੰਧ ਬਣਾਉਣ ਵਿੱਚ ਮਦਦ ਮਿਲੀ। ‘ਉਡਾਨ’ ਪ੍ਰੋਗਰਾਮ ਕਸ਼ਮੀਰ ਘਾਟੀ ਵਿੱਚ ਨੌਜਵਾਨਾਂ ਨੂੰ ਹੁਨਰ ਵਿਕਾਸ ਅਤੇ ਨੌਕਰੀ ਦੀ ਸਿਖਲਾਈ ਪ੍ਰਦਾਨ ਕਰਨ ’ਤੇ ਕੇਂਦਰਿਤ ਹੈ।

ਉਹਨਾਂ ਦੀ ਰੁਜ਼ਗਾਰ ਯੋਗਤਾ ਨੂੰ ਵਧਾ ਕੇ ਅਤੇ ਆਰਥਿਕ ਮੌਕੇ ਪ੍ਰਦਾਨ ਕਰਕੇ, ਇਸਦਾ ਉਦੇਸ਼ ਨੌਜਵਾਨਾਂ ਵਿੱਚ ਬੇਗਾਨਗੀ ਅਤੇ ਨਿਰਾਸ਼ਾ ਦੀਆਂ ਭਾਵਨਾਵਾਂ ਦਾ ਮੁਕਾਬਲਾ ਕਰਨਾ ਹੈ, ਜਿਸ ਨਾਲ ਉਹਨਾਂ ਨੂੰ ਕੱਟੜਪੰਥੀ ਕਰਨ ਲਈ ਘੱਟ ਕਮਜ਼ੋਰ ਬਣਾਇਆ ਜਾਂਦਾ ਹੈ। ‘ਰੋਡ ਕਨੈਕਟੀਵਿਟੀ ਪ੍ਰੋਜੈਕਟ’ ਵਰਗੀਆਂ ਵਿਕਾਸ ਯੋਜਨਾਵਾਂ ਦਾ ਉਦੇਸ਼ ਨਕਸਲ ਪ੍ਰਭਾਵਿਤ ਖੇਤਰਾਂ ਵਿੱਚ ਸੜਕਾਂ ਦਾ ਨਿਰਮਾਣ ਅਤੇ ਸੰਪਰਕ ਵਿੱਚ ਸੁਧਾਰ ਕਰਨਾ ਹੈ। ਇਹਨਾਂ ਪ੍ਰੋਜੈਕਟਾਂ ਨੇ ਨਾ ਸਿਰਫ਼ ਪਹੁੰਚ ਨੂੰ ਵਧਾਇਆ ਹੈ ਬਲਕਿ ਕੱਟੜਪੰਥੀ ਸਮੂਹਾਂ ਦੇ ਪ੍ਰਭਾਵ ਨੂੰ ਘਟਾਉਂਦੇ ਹੋਏ, ਅਲੱਗ-ਥਲੱਗ ਖੇਤਰਾਂ ਵਿੱਚ ਆਰਥਿਕ ਲਾਭ ਵੀ ਲਿਆਏ ਹਨ। ਅਸਾਮ ਵਿੱਚ ‘ਗੁਣਉਤਸਵ’ ਪ੍ਰੋਗਰਾਮ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਕਰਨ ’ਤੇ ਕੇਂਦਰਿਤ ਹੈ।

(ਬਾਕੀ ਸ.ਫ਼ਾ 30 ’ਤੇ)

# ਖੇਤੀ ’ਚੋਂ ਬਾਹਰ ਹੋ ਰਹੇ ਪੰਜਾਬ ਦੇ ਕਿਸਾਨ

ਹਰੀਸ਼ ਜੈਨ



ਪੰਜਾਬ ਕੋਲ ਕੁੱਲ 50.33 ਲੱਖ ਹੈਕਟੇਅਰ ਭੋਇੰ ਹੈ। ਵਾਹੁਣ ਯੋਗ 42.21 ਲੱਖ ਹੈਕਟੇਅਰ ਹੈ ਅਤੇ 41.24 ਲੱਖ ਹੈਕਟੇਅਰ ਵਿੱਚ ਵਾਹੀ ਹੁੰਦੀ ਹੈ। ਪੰਜਾਬ ਦੀ ਔਸਤ ਜ਼ਮੀਨ ਮਾਲਕੀ 3.62 ਹੈਕਟੇਅਰ ਹੈ, ਪਰ ਜ਼ਿਲ੍ਹਾ ਪਟਿਆਲਾ ਇਸ ਵਿੱਚ ਮੀਰੀ ਹੈ ਜਿਸ ਦੀ ਔਸਤ ਮਾਲਕੀ 4.45 ਹੈਕਟੇਅਰ ਹੈ। ਪੰਜਾਬ ਦੀ 97.5 ਫ਼ੀਸਦੀ ਵਾਹੁਣ ਯੋਗ ਜ਼ਮੀਨ ਕੋਲ ਸਿੰਚਾਈ ਦੇ ਪੱਕੇ ਸਾਧਨ ਹਨ। ਸਾਲ ਵਿੱਚ 94 ਫ਼ੀਸਦੀ ਜ਼ਮੀਨ ਤੋਂ ਇੱਕ ਤੋਂ ਵੱਧ ਫ਼ਸਲ ਲਈ ਜਾਂਦੀ ਹੈ।

ਦੇਸ਼ ਪੱਧਰ ’ਤੇ ਦੇਖੀਏ ਤਾਂ ਕੁੱਲ 1571.42 ਲੱਖ ਹੈਕਟੇਅਰ ਖੇਤੀ ਯੋਗ ਜ਼ਮੀਨ ਹੈ ਜਿਸ ਦਾ ਪੰਜਾਬ ਕੋਲ ਸਿਰਫ਼ 2.5 ਫ਼ੀਸਦੀ ਹਿੱਸਾ ਹੈ। ਦੇਸ਼ ਦੀ ਔਸਤ ਜ਼ਮੀਨ ਮਾਲਕੀ 1.08 ਹੈਕਟੇਅਰ ਹੈ ਜਿਹੜੀ ਪੰਜਾਬ ਤੋਂ 2.54 ਹੈਕਟੇਅਰ ਘੱਟ ਹੈ। ਜੇ ਜ਼ਿਲ੍ਹਾ ਪਟਿਆਲੇ ਨਾਲ ਮੁਕਾਬਲਾ ਕਰੀਏ ਤਾਂ ਇਸ ਦਾ ਚੌਥਾ ਹਿੱਸਾ ਹੈ। ਰਾਜਸਥਾਨ ਕੋਲ ਦੇਸ਼ ਵਿੱਚ ਸਭ ਤੋਂ ਵੱਧ ਜ਼ਮੀਨ 208.73 ਲੱਖ ਹੈਕਟੇਅਰ ਹੈ ਜੋ ਕੁੱਲ ਦਾ 13.2 ਫ਼ੀਸਦੀ ਬਣਦੀ ਹੈ।

ਕਿਸਾਨੀ ਦਾ ਵਰਗੀਕਰਨ ਜ਼ਮੀਨ ਦੇ ਆਕਾਰ ਮੁਤਾਬਿਕ ਕੀਤਾ ਜਾਂਦਾ ਹੈ। ਸਭ ਤੋਂ ਪਹਿਲਾਂ ਦਰਜਾ ਸੀਮਾਂਤ ਕਿਸਾਨ ਹਨ ਜਿਨ੍ਹਾਂ ਕੋਲ 1 ਹੈਕਟੇਅਰ ਤੋਂ ਘੱਟ ਜ਼ਮੀਨ ਹੈ। ਦੂਜੇ ਦਰਜੇ ’ਤੇ ਛੋਟੇ ਕਿਸਾਨ ਆਉਂਦੇ ਹਨ ਜਿਨ੍ਹਾਂ ਕੋਲ 1-2 ਹੈਕਟੇਅਰ ਦੇ ਵਿਚਾਲੇ ਜ਼ਮੀਨ ਹੈ। ਤੀਜੇ ਦਰਜੇ ’ਤੇ ਨੀਮ-ਦਰਮਿਆਨਾ ਵਰਗ ਆਉਂਦਾ ਹੈ ਜਿਨ੍ਹਾਂ ਕੋਲ 2-4 ਹੈਕਟੇਅਰ ਜ਼ਮੀਨ ਹੈ। ਚੌਥੇ ਦਰਜੇ ’ਤੇ ਦਰਮਿਆਨੇ ਕਿਸਾਨ ਹਨ ਜਿਨ੍ਹਾਂ ਦੀ ਜ਼ਮੀਨ 4-10 ਹੈਕਟੇਅਰ ਦੇ ਵਿਚਕਾਰ ਹੈ। ਪੰਜਵੇਂ ਦਰਜੇ ’ਤੇ ਵੱਡੇ ਕਿਸਾਨ ਆਉਂਦੇ ਹਨ ਜਿਨ੍ਹਾਂ ਦੀ ਜ਼ਮੀਨ 10 ਹੈਕਟੇਅਰ ਤੋਂ ਉੱਪਰ ਹੈ। ਇਸ ਵਰਗੀਕਰਨ ਅਨੁਸਾਰ ਸਾਰੇ ਦੇਸ਼ ਦੀ ਖੇਤੀ ਦੀ ਹਰ ਪੰਜ ਵਰ੍ਹੇ ਬਾਅਦ ਮਰਦਮਸ਼ੁਮਾਰੀ ਹੁੰਦੀ ਹੈ ਅਤੇ ਹਰ ਵਰਗ ਦੇ ਕਿਸਾਨਾਂ ਤੇ ਉਨ੍ਹਾਂ ਦੀ ਆਰਥਿਕਤਾ ਦਾ ਪੱਧਰ ਤੈਅ ਕੀਤਾ ਜਾਂਦਾ ਹੈ। 2015-16 ਦੀ ਖੇਤੀ ਮਰਦਮਸ਼ੁਮਾਰੀ ਅਨੁਸਾਰ ਦੇਸ਼ ਵਿੱਚ ਕੁੱਲ 1457.27 ਲੱਖ ਹਲਵਾਹਕ ਸਨ ਜਿਨ੍ਹਾਂ ਵਿੱਚ 68.52 ਫ਼ੀਸਦੀ ਸੀਮਾਂਤਕ ਕਿਸਾਨ, 17.69 ਫ਼ੀਸਦੀ ਛੋਟੇ ਕਿਸਾਨ, 9.45 ਫ਼ੀਸਦੀ ਨੀਮ-ਦਰਮਿਆਨੇ ਕਿਸਾਨ, 3.76 ਫ਼ੀਸਦੀ ਦਰਮਿਆਨੇ ਅਤੇ 0.57 ਫ਼ੀਸਦੀ ਵੱਡੇ ਕਿਸਾਨ ਸਨ। ਜੇ ਸੀਮਾਂਤਕ ਅਤੇ ਛੋਟੇ ਕਿਸਾਨਾਂ ਦੇ ਵਰਗਾਂ ਨੂੰ ਇਕੱਠਾ ਕਰ ਲਿਆ ਜਾਵੇ ਤਾਂ ਇਹ ਕੁੱਲ ਦਾ 86.21 ਫ਼ੀਸਦੀ ਬਣਦੇ ਹਨ, ਭਾਵ ਬਾਕੀ ਸਾਰੇ ਵਰਗ ਕੁੱਲ ਦਾ ਸਿਰਫ਼ 13.79 ਫ਼ੀਸਦੀ ਹਨ। ਉਪਰੋਕਤ ਦੇਸ਼ ਦੇ ਔਸਤ ਅੰਕੜੇ ਹਨ। ਬਿਹਾਰ ਵਿੱਚ 91.21 ਫ਼ੀਸਦੀ, ਜੰਮੂ ਕਸ਼ਮੀਰ ’ਚ 83.79 ਫ਼ੀਸਦੀ, ਤਾਮਿਲਨਾਡੂ ’ਚ 78.41 ਫ਼ੀਸਦੀ, ਤਿਲੰਗਾਨਾ ’ਚ 87.95 ਫ਼ੀਸਦੀ, ਉੱਤਰ ਪ੍ਰਦੇਸ਼ ’ਚ 80.18 ਫ਼ੀਸਦੀ, ਪੱਛਮੀ ਬੰਗਾਲ ’ਚ 82.81 ਫ਼ੀਸਦੀ ਅਤੇ ਉੱਤਰਾਖੰਡ ਵਿੱਚ 74.78 ਫ਼ੀਸਦੀ ਸੀਮਾਂਤਕ ਕਿਸਾਨ ਹਨ। ਸੀਮਾਂਤਕ ਕਿਸਾਨਾਂ ਦੀ ਹੋਰ ਵੰਡ ਕਰਨ ’ਤੇ ਜ਼ਿਆਦਾ ਹਿੱਸਾ ਉਨ੍ਹਾਂ ਕਿਸਾਨਾਂ ਦਾ ਬਣਦਾ ਹੈ ਜਿਨ੍ਹਾਂ ਕੋਲ ਜ਼ਮੀਨ ਇੱਕ ਏਕੜ ਤੋਂ ਵੀ ਘੱਟ ਹੈ।

ਕਿਸਾਨੀ ਦੀ ਆਰਥਿਕਤਾ ਬਾਰੇ ਗੱਲ ਕਰਦਿਆਂ ਅਕਸਰ ਅੰਕੜੇ ਦੇਸ਼ ਦੇ ਹੀ ਵਰਤੇ ਜਾਂਦੇ ਹਨ, ਪਰ ਹਰ ਸੂਬੇ ਦੀ ਆਪਣੀ ਨਿਵੇਕਲੀ ਸਥਿਤੀ ਵੀ ਹੈ। ਪੰਜਾਬ ਦਾ ਖੇਤੀ ਢਾਂਚਾ ਦੇਸ਼ ਦੇ ਬਾਕੀ ਸੂਬਿਆਂ ਨਾਲ ਨਹੀਂ ਰਲਦਾ। ਜੇ ਬਿਹਾਰ ਵਿੱਚ ਸੀਮਾਂਤਕ ਕਿਸਾਨਾਂ ਦੀ ਗਿਣਤੀ 91.21 ਫ਼ੀਸਦੀ ਹੈ ਤਾਂ ਪੰਜਾਬ ਵਿੱਚ ਇਹ ਸਿਰਫ਼ 14.13 ਫ਼ੀਸਦੀ ਹੈ। ਇੱਥੇ ਛੋਟੇ ਕਿਸਾਨਾਂ ਦੀ ਗਿਣਤੀ 18.98 ਫ਼ੀਸਦੀ, ਨੀਮ-ਦਰਮਿਆਨੇ ਕਿਸਾਨਾਂ ਦੀ 33.67 ਫ਼ੀਸਦੀ, ਦਰਮਿਆਨੇ ਕਿਸਾਨਾਂ ਦੀ 27.93 ਫ਼ੀਸਦੀ ਅਤੇ ਵੱਡੇ ਕਿਸਾਨਾਂ ਦੀ 5.28 ਫ਼ੀਸਦੀ ਹੈ। ਵੱਡੇ ਕਿਸਾਨਾਂ ਦੀ ਗਿਣਤੀ ਵਿੱਚ ਪੰਜਾਬ ਤੋਂ ਸਿਰਫ਼ ਅਰੁਣਾਚਲ ਪ੍ਰਦੇਸ਼ 5.91 ਫ਼ੀਸਦੀ ਅਤੇ ਨਾਗਾਲੈਂਡ 11.87 ਫ਼ੀਸਦੀ ’ਤੇ ਅੱਗੇ ਹਨ। ਬਿਹਾਰ ਵਿੱਚ ਸੀਮਾਂਤਕ ਅਤੇ ਛੋਟੇ ਕਿਸਾਨਾਂ ਨੂੰ ਜੋੜ ਲਿਆ ਜਾਵੇ ਤਾਂ ਉੱਥੋਂ ਦੇ ਕੁੱਲ ਕਿਸਾਨਾਂ ਦਾ 96.96 ਫ਼ੀਸਦੀ ਬਣਦੇ ਹਨ। ਪੰਜਾਬ ਵਿੱਚ ਦੋਵਾਂ ਦਾ ਜੋੜ 33.11 ਫ਼ੀਸਦੀ ਬਣਦਾ ਹੈ, ਭਾਵ ਕੁੱਲ ਇੱਕ-ਤਿਹਾਈ ਹਿੱਸਾ ਛੋਟੇ ਦਰਜੇ ਦੀ ਕਿਸਾਨੀ ਹੈ। ਦੋ ਹਿੱਸੇ ਦਰਮਿਆਨੇ ਅਤੇ ਵੱਡੀ ਕਿਸਾਨੀ ਦੇ ਬਣ ਜਾਂਦੇ ਹਨ। ਦੇਸ਼ ਵਿੱਚ ਅਜਿਹੀ ਸਥਿਤੀ ਕਿਸੇ ਵੀ ਹੋਰ ਸੂਬੇ ਦੀ ਨਹੀਂ ਹੈ। ਪੰਜਾਬ ਵਿੱਚ ਵੀ ਹਮੇਸ਼ਾਂ ਇੰਝ ਨਹੀਂ ਸੀ।

1970-71 ਵਿੱਚ ਪੰਜਾਬ ਵਿੱਚ ਸੀਮਾਂਤਕ ਕਿਸਾਨਾਂ ਦੀ ਗਿਣਤੀ 5,17,568 ਸੀ ਜਿਹੜੀ 2000-01 ਵਿੱਚ 76.28 ਫ਼ੀਸਦੀ ਘਟ ਕੇ 1,22,760 ਰਹਿ ਗਈ। ਇਸ ਉਪਰੰਤ ਇਸ ਵਿੱਚ ਫਿਰ ਥੋੜ੍ਹਾ ਵਾਧਾ ਹੋਇਆ। 2005-06 ਵਿੱਚ 1,34,762; 2010-11 ਵਿੱਚ 1,64,431 ਅਤੇ 2015-16 ਵਿੱਚ ਇਹ 1,54,412 ਹੋ ਗਈ। 1970-71 ਦੇ ਮੁਕਾਬਲੇ ਵਿੱਚ 3,63,156 ਕਿਸਾਨਾਂ ਦੀ ਘਾਟ ਪੈ ਗਈ ਭਾਵ ਇਸ ਵਰਗ ਵਿੱਚੋਂ 70.16 ਫ਼ੀਸਦੀ ਕਿਸਾਨ ਖੇਤੀ ਵਿੱਚੋਂ ਬਾਹਰ ਹੋ ਗਏ। ਇੰਝ ਹੀ ਛੋਟੇ ਕਿਸਾਨਾਂ ਦੀ ਗਿਣਤੀ 1970-71 ਵਿੱਚ 2,60,083 ਤੋਂ ਘਟ ਕੇ 2000-01 ਵਿੱਚ 1,73,071 ਰਹਿ ਗਈ। ਇਸ ਵਿੱਚ ਆਉਂਦੇਵਰ੍ਹਿਆਂ ਵਿੱਚ ਕੁਝ ਇਜ਼ਾਫ਼ਾ ਹੋਇਆ ਅਤੇ ਇਹ 2005-06 ਵਿੱਚ 1,83,062; 2010-11 ਵਿੱਚ 1,95,439 ਅਤੇ 2015-16 ਵਿੱਚ 2,07,436 ਹੋ ਗਈ। 1970-71 ਦੇ ਮੁਕਾਬਲੇ 45 ਵਰ੍ਹਿਆਂ ਵਿੱਚ ਇਸ ਵਰਗ ਦੇ 52,647 ਕਿਸਾਨ ਖੇਤੀ ਦੇ ਕਾਰਜ ਤੋਂ ਬਾਹਰ ਹੋ ਗਏ, ਭਾਵ ਇਸ ਵਰਗ ਦੇ 20.42 ਫ਼ੀਸਦੀ ਕਿਸਾਨ ਖੇਤੀ ਛੱਡ ਗਏ। ਅਜਿਹਾ ਹੀ ਭਾਣਾ ਵੱਡੀ ਕਿਸਾਨੀ ਨਾਲ ਵਾਪਰਿਆ ਹੈ ਜਿਸ ਦੀ ਗਿਣਤੀ ਵਿੱਚ ਵੀ ਵਰ੍ਹੇ ਦੇ ਵਰ੍ਹੇ ਬਹੁਤ ਤਬਦੀਲੀ ਆਉਂਦੀਰਹੀ ਹੈ। 1970-71 ਵਿੱਚ ਪੰਜਾਬ ਅੰਦਰ 68,883 ਵੱਡੇ ਕਿਸਾਨ ਗਿਣੇ ਗਏ ਸਨ ਜਿਹੜੇ 1980-81 ਵਿੱਚ ਵਧ ਕੇ 73,940 ਹੋ ਗਏ, ਪਰ ਆਉਂਦੇਪੰਜ ਵਰ੍ਹਿਆਂ ਵਿੱਚ 1990-91 ਦੌਰਾਨ ਘਟ ਕੇ 67,172 ਰਹਿ ਗਏ। ਇਹ 1995-96 ਵਿੱਚ ਫਿਰ 79,610 ਦੀ ਗਿਣਤੀ ਤੱਕ ਪਹੁੰਚ ਗਏ, ਪਰ 2000-01 ਵਿੱਚ ਘਟ ਕੇ 72,356 ਰਹਿ ਗਏ ਅਤੇ ਫਿਰ 2005-06 ਵਿੱਚ ਘਟ ਕੇ 70,960; 2010-11 ਵਿੱਚ 69,718 ਅਤੇ 2015-16 ਵਿੱਚ 57,707 ਰਹਿ ਗਏ ਹਨ। ਜੇ 1970-77 ਤੋਂ ਲਾਈਏ ਤਾਂ ਕੁੱਲ 11,176 ਵੱਡੇ ਕਿਸਾਨ ਇਸ ਵਰਗ ਤੋਂ ਬਾਹਰ ਹੋ ਗਏ ਹਨ। ਇਸ ਦੇ ਉਲਟ ਨੀਮ-ਦਰਮਿਆਨੇ ਅਤੇ ਦਰਮਿਆਨੇ ਕਿਸਾਨਾਂ ਦੀ ਗਿਣਤੀ ਵਿੱਚ 1977 ਤੋਂ ਹੀ ਲਗਾਤਾਰ ਵਾਧਾ ਹੋ ਰਿਹਾ ਹੈ। ਦੋਵੇਂ ਵਰਗਾਂ ਵਿੱਚ ਮਿਲਾ ਕੇ ਪਿਛਲੇ 45 ਵਰ੍ਹਿਆਂ ਵਿੱਚ 1.44 ਲੱਖ ਕਿਸਾਨਾਂ ਦਾ ਵਾਧਾ ਹੋਇਆ ਹੈ। ਦੇਸ਼ ਵਿੱਚ ਕੁੱਲ ਕਿਸਾਨੀ ਦਾ ਔਸਤ 68.52 ਫ਼ੀਸਦੀ ਸੀਮਾਂਤ ਕਿਸਾਨ ਹਨ, ਪਰ ਪੰਜਾਬ ਵਿੱਚ 61.60 ਫ਼ੀਸਦੀ ਕਿਸਾਨ ਨੀਮ-ਦਰਮਿਆਨੇ ਅਤੇ ਦਰਮਿਆਨੇ ਵਰਗ ਨਾਲ ਸਬੰਧਿਤ ਹਨ। ਇੰਜ, ਪੰਜਾਬ ਦੇ ਕਿਸਾਨੀ ਅਰਥਚਾਰੇ ਦਾ ਆਧਾਰ ਬਾਕੀ ਦੇਸ਼ ਨਾਲੋਂ ਕੁਝ ਵੱਖਰਾ ਹੈ। ਦਰਮਿਆਨੇ ਅਤੇ ਵੱਡੇ ਕਿਸਾਨ ਮਿਲ ਕੇ ਪੰਜਾਬ ਦੀ ਕਿਸਾਨੀ ਦਾ ਕੋਈ 67 ਫ਼ੀਸਦੀ ਹੋ ਜਾਂਦੇ ਹਨ। ਖੇਤੀਚਾਰੇ ਵਿੱਚੋਂ ਇਸ ਵਰਗ ਕੋਲ ਕੁਝ ਸਰਪਲੱਸ ਇਕੱਤਰ ਹੋ ਸਕਦਾ ਹੈ, ਜਿਸ ਦਾ ਖੇਤੀ ਅਤੇ ਹੋਰ ਆਰਥਿਕ ਧੰਦਿਆਂ ਵਿੱਚ ਨਿਵੇਸ਼ ਕੀਤਾ ਜਾ ਸਕਦਾ ਹੈ।

ਜਿਵੇਂ ਕਿ ਪਹਿਲਾਂ ਦਰਸਾਇਆ ਗਿਆ ਹੈ ਪੰਜਾਬ ਦੀ ਕਿਰਸਾਨੀ ਦਾ ਇੱਕ-ਤਿਹਾਈ ਹਿੱਸਾ ਸੀਮਾਂਤਕ ਜਾਂ ਛੋਟਾ ਕਿਸਾਨ ਹੈ ਜਿਸ ਦੀ ਖੇਤੀ ਲਾਹੇਵੰਦ ਨਾ ਹੋਣ ਕਰਕੇ ਉਹ ਲਗਾਤਾਰ ਖੇਤੀ ਤੋਂ ਬਾਹਰ ਹੋ ਰਿਹਾ ਹੈ। ਕਿਸਾਨ ਨੂੰ ਕਿਸਾਨ ਬਣਨ ਲਈ ਕਿਸੇ ਯੂਨੀਵਰਸਿਟੀ ਦੀ ਡਿਗਰੀ ਪਾਸ ਕਰਨ ਤੋਂ ਘੱਟ ਸਮਾਂ ਨਹੀਂ ਲੱਗਦਾ। ਇਹ ਖੇਤੀ ਵਿੱਚ ਪ੍ਰਬੀਨ ਪੰਜਾਬੀ ਬੰਦੇ ਜ਼ਮੀਨ ਦੀ ਘਾਟ ਕਾਰਨ ਖੇਤੀ ਤੋਂ ਬਾਹਰ ਉਨ੍ਹਾਂ ਧੰਦਿਆਂ ਵਿੱਚ ਜਾਂਦੇ ਹਨ ਜਿਨ੍ਹਾਂ ਬਾਰੇ ਇਨ੍ਹਾਂ ਨੂੰ ਕੋਈ ਗਿਆਨ ਨਹੀਂ ਹੁੰਦਾ। ਥੋੜ੍ਹੀ ਜਿਹੀ ਸਮਝਦਾਰੀ, ਸਾਂਝ, ਯੋਜਨਾਬੰਦੀ ਅਤੇ ਆਪਣੇ ਆਪਣੇ ਲਾਭ ਲਈ ਕਿਸੇ ਵੀ ਤਰ੍ਹਾਂ ਸਭ ਨੂੰ ਵੱਡੀ ਅਤੇ ਲਾਹੇਵੰਦ ਖੇਤੀ ਨਾਲ ਜੋੜਿਆ ਜਾ ਸਕਦਾ ਹੈ। ਇਸ ਦਾ ਮਾਡਲ ਪ੍ਰਚੱਲਿਤ ਤਰੀਕਿਆਂ ਤੋਂ ਇਲਾਵਾ ਕੁਲੈਕਟਿਵ ਖੇਤੀ, ਐਫ.ਪੀ.ਓ., ਕੋਆਪਰੇਟਿਵਸ, ਕੰਟਰੈਕਟ ਜਾਂ ਅਜਿਹਾ ਕੋਈ ਵੀ ਹੋਰ ਰਸਮੀ ਜਾਂ ਗ਼ੈਰ-ਰਸਮੀ ਢੰਗ ਹੋ ਸਕਦਾ ਹੈ। ਜ਼ਰੂਰਤ ਹੈ ਖੇਤ ਦੀ ਉਪਜ ਵਧਾਉਣ ਅਤੇ ਉਸ ਉਪਜ ਵਿੱਚ ਨਫ਼ੇ ਦਾ ਹੋਰ ਵਾਧਾ ਕਰਕੇ ਵਿਕਰੀ ਕਰਨ ਦੀ ਤਾਂ ਜੋ ਥੋੜ੍ਹੀ ਧਰਤੀ ਵੱਧ ਮੁਨਾਫ਼ਾ ਦੇ ਸਕੇ। ਇਹ ਸੰਭਵ ਹੈ। ਚੰਗੀ ਨੀਅਤ ਅਤੇ ਉੱਦਮ ਦੀ ਲੋੜ ਹੈ। ਵੱਡੇ ਕਿਸਾਨਾਂ ਦੀ ਗਿਣਤੀ ਵੀ ਘਟ ਰਹੀ ਹੈ। ਉਸ ਦੀ ਵੀ ਲੋੜ ਹੈ ਕਿ ਉਹ ਪਿੰਡ ਵਿੱਚ ਪੂੰਜੀ ਦਾ ਨਿਵੇਸ਼ ਕਰਨ ਜਿਸ ਦੇ ਉਹ ਸਮਰੱਥ ਹਨ। ਨਹੀਂ ਤਾਂ ਉਪਰਲੇ ਅਤੇ ਹੇਠਲੇ ਕਿਸਾਨਾਂ ਦੇ ਖੇਤੀ ਤੋਂ ਬਾਹਰ ਹੋਣ ਦੀ ਰਫ਼ਤਾਰ ਵਧ ਸਕਦੀ ਹੈ। ਹੁਣ ਤੱਕ ਪਿਛਲੇ 45 ਵਰ੍ਹਿਆਂ ਵਿੱਚ 4.26 ਲੱਖ ਕਿਸਾਨ ਖੇਤੀ ਛੱਡ ਚੁੱਕੇ ਹਨ। ਸਮਾਂ ਰਹਿੰਦਿਆਂ ਇਸ ਨੂੰ ਰੋਕਿਆ ਜਾ ਸਕਦਾ ਹੈ।



# ਕਲਕੱਤਿਓਂ ਪੱਖੀ ਲਿਆ ਦੇ...

ਬਲਜਿੰਦਰ ਮਾਨ



ਅਜੋਕੇ ਸਮੇਂ ਵਿੱਚ ਐਸ਼ ਤੇ ਆਰਾਮ ਦੇ ਅਨੇਕਾਂ ਸਾਧਨ ਮੌਜੂਦ ਹਨ। ਸਾਡੀ ਨਵੀਂ ਪਨੀਰੀ ਤਾਂ ਸ਼ਾਇਦ ਇਹ ਗੱਲ ਸੁਣ ਕੇ ਹੈਰਾਨ ਹੀ ਹੋਵੇ ਕਿ ਕਦੀ ਅਸੀਂ ਰੁੱਖਾਂ ਦੀ ਛਾਂ ਹੇਠਾਂ ਦੁਪਹਿਰ ਕੱਟਦੇ ਹੁੰਦੇ ਸੀ। ਪਾਣੀ ਖੂਹਾਂ ਵਿੱਚੋਂ ਲੱਜ ਅਤੇ ਡੋਲ ਨਾਲ ਕੱਢਿਆ ਜਾਂਦਾ ਸੀ। ਫਿਰ ਕਿਤੇ ਬਾਅਦ ਵਿੱਚ ਨਲਕੇ ਲੱਗੇ। ਇਸ ਤਰ੍ਹਾਂ ਮਨੁੱਖ ਨੇ ਵਿਕਾਸ ਦੀਆਂ ਲੀਹਾਂ ਨੂੰ ਅਪਣਾਇਆ ਅਤੇ ਆਪਣੇ ਆਪ ਲਈ ਸੁਵਿਧਾਵਾਂ ਦੇਣ ਵਾਲੇ ਸਾਧਨ ਖੋਜ ਲਏ। ਪੁਰਾਣੇ ਸਮੇਂ ਵਿੱਚ ਜੀਵਨ ਬੜਾ ਸਾਦਾ ਅਤੇ ਸਮੱਸਿਆਵਾਂ ਨਾਲ ਭਰਪੂਰ ਹੁੰਦਾ ਸੀ। ਔਰਤ ਆਪਣੀਆਂ ਰੀਝਾਂ ਦੀ ਪੂਰਤੀ ਵਾਸਤੇ ਸਦਾ ਸਵਾਲ ਪਾਉਂਦੀਰਹਿੰਦੀ। ਸਵਾਲ ਤਾਂ ਅੱਜ ਵੀ ਪੈਂਦੇ ਨੇ, ਪਰ ਉਨ੍ਹਾਂ ਵਿੱਚ ਮੰਗਾਂ ਆਧੁਨਿਕ ਸਮੇਂ ਵਾਲੀਆਂ ਆ ਗਈਆਂ ਹਨ।

ਨਾਰੀ ਜਿੱਥੇ ਪਿਆਰ ਦਾ ਅਥਾਹ ਸਮੁੰਦਰ ਹੁੰਦੀ ਹੈ, ਉੱਥੇ ਹੀ ਉਮੀਦਾਂ, ਉਮੰਗਾਂ, ਸੱਧਰਾਂ, ਚਾਵਾਂ, ਅਰਮਾਨਾਂ ਅਤੇ ਆਸਾਂ ਦਾ ਮੁਜੱਸਮਾ ਵੀ ਹੁੰਦੀ ਹੈ। ਚਾਹੇ ਉਹ ਇਹ ਆਸਾਂ ਪ੍ਰੇਮੀ, ਪ੍ਰਤੀ, ਮਾਪੇ ਜਾਂ ਕਿਸੇ ਹੋਰ ਸਮਾਜਿਕ ਰਿਸ਼ਤੇ ਨਾਤੇ ਨਾਲ ਸਬੰਧਤ ਵਿਅਕਤੀ ਤੋਂ ਰੱਖਦੀ ਹੈ, ਪਰ ਉਸ ਦੀਆਂ ਸੱਧਰਾਂ ਦੀ ਇੱਕ ਲੰਬੀ ਲੜੀ ਹੁੰਦੀ ਹੈ। ਕਈ ਵਾਰ ਇੰਜ ਵੀ ਹੁੰਦਾ ਹੈ ਕਿ ਇਨ੍ਹਾਂ ਉਮੰਗਾਂ ਅਤੇ ਅਰਮਾਨਾਂ ਦੀਆਂ ਕਲੀਆਂ ਖਿੜਨ ਤੋਂ ਪਹਿਲਾਂ ਹੀ ਸਾਡਾ ਸਮਾਜ ਮਸਲ ਦਿੰਦਾ ਹੈ।

ਪੰਜਾਬੀ ਸੱਭਿਆਚਾਰ ਉੱਚੀਆ ਕਦਰਾਂ-ਕੀਮਤਾਂ ਦਾ ਅਮੁੱਕ ਖ਼ਜ਼ਾਨਾ ਸਾਂਭੀ ਬੈਠਾ ਹੈ। ਦੂਜੇ ਬੰਨੇ ਸਾਡੇ ਲੋਕ ਗੀਤ ਅਕਹਿ ਦੌਲਤ ਦੇ ਮਾਲਕ ਹਨ। ਜੇ ਲੋਕ ਗੀਤ ਸਮਾਜ ਦੀ ਜ਼ੁਬਾਨ ਹੁੰਦੇ ਹਨ ਤਾਂ ਇਨ੍ਹਾਂ ਦੀ ਰਗ ਇਹ ਪੇਂਡੂ ਸਮਾਜ ਹੀ ਹੁੰਦਾ ਹੈ। ਸ਼ਹਿਰੀ ਜ਼ਿੰਦਗੀ ਬੜੀ ਘੁੱਟਵੀਂ ਅਤੇ ਬਨਾਵਟ ਨਾਲ ਭਰੀ ਹੁੰਦੀ ਹੈ ਜਦੋਂ ਕਿ ਪੇਂਡੂ ਜੀਵਨ ਖੁੱਲ੍ਹਾ-ਡੁੱਲ੍ਹਾ ਅਤੇ ਰਮਣੀਕ ਹੋਣ ਦੇ ਨਾਲ-ਨਾਲ ਸਾਡੇ ਮਨੋਭਾਵਾਂ ਦੀ ਸੋਧ-ਬੋਧ ਕਰਦਾ ਰਹਿੰਦਾ ਹੈ। ਸ਼ਹਿਰੀ ਜੀਵਨ ਜਿੱਥੇ ਟੁੱਟਵਾਂ ਅਤੇ ਰੁਝੇਵਿਆਂ ਭਰਪੂਰ ਹੁੰਦਾ ਹੈ, ਉੱਥੇ ਪੇਂਡੂ ਜੀਵਨ ਇੱਕ ਲੜੀ ਵਿੱਚ ਪਿਰੋਇਆ ਹੋਇਆ ਹੋਣ ਕਰ ਕੇ ਆਪਸੀ ਪਿਆਰ ਅਤੇ ਸਾਂਝ ਤੋਂ ਆਕੀ ਨਹੀਂ ਹੁੰਦਾ।

ਸਾਡੀ ਕੌਮ ਦੇ ਚਿਹਰੇ ਅਤੇ ਭਵਿੱਖ ਦੇ ਚਾਨਣ ਮੁਨਾਰੇ ਇਹ ਗੀਤ ਇਸਤਰੀ ਦੇ ਮਨੋਭਾਵਾਂ ਨੂੰ ਬੜੇ ਵੰਨ ਸੁਵੰਨੇ ਰੰਗਾਂ ਨਾਲ ਪੇਸ਼ ਕਰਦੇ ਹਨ। ਜੁਆਨੀ ਜਦੋਂ ਮਸਤਾਨੇਪਣ 'ਤੇ ਉਤਰ ਆਉਂਦੀ ਹੈ ਅਤੇ ਨਵੇਂ-ਨਵੇਂ ਖੇਖਣ ਕਰਨਾ ਲੋਚਦੀ ਹੈ ਤਾਂ ਸਿਆਣਾ ਪਤੀ ਆਖਦਾ ਹੈ;

ਨੀਂ ਛੱਡ ਸੂਟ ਦਾ ਖਹਿੜਾ, ਕਿਉਂ ਘਰ ਪੁੱਟਣ ਲੱਗੀ ਏਂ।

ਔਰਤ ਦੀਆਂ ਉਮੰਗਾਂ ਦੀ ਦਾਸਤਾਨ ਅੱਜ ਦੀ ਨਹੀਂ ਸਗੋਂ ਬਹੁਤ ਪੁਰਾਣੀ ਹੈ। ਜਦੋਂ ਵੈਦਿਕ ਕਾਲ ਵਿੱਚ ਉਸ ਦੀ ਪੂਰੀ ਪੁੱਛ ਸੀ ਤਾਂ ਉਸ ਨੂੰ ਇਹੋ ਜਿਹੇ ਤਰਲੇ ਕਰਨ 'ਤੇ ਮਜਬੂਰ ਨਹੀਂ ਸੀ ਹੋਣਾ ਪੈਂਦਾ। ਸਮੇਂ ਦੀ ਤੋਰ ਨੇ ਉਸ ਦੇ ਜੀਵਨ ਨੂੰ ਪਲਟਾਇਆ ਤਾਂ ਮੱਧਕਾਲ ਦੀ ਨਾਰੀ ਅਬਲਾ ਬਣ ਕੇ ਰਹਿ ਗਈ, ਪਰ ਫਿਰ ਵੀ ਮਨੁੱਖੀ ਸਾਂਝ ਪੀਡੀ ਦੀ ਪੀਡੀ ਰਹੀ। ਜਦੋਂ ਵਿਗਿਆਨ ਨੇ ਆਪਣਾ ਪੰਜਾ ਅਜੇ ਇੰਨਾ ਨਹੀਂ ਫੈਲਾਇਆ ਸੀ ਤਾਂ ਘੁੰਗਰੂਆਂ ਵਾਲੀ ਪੱਖੀ ਸਾਡੇ ਸੱਭਿਆਚਾਰ ਦਾ ਅਟੁੱਟ ਅੰਗ ਹੁੰਦੀ ਸੀ। ਉਸ ਵੇਲੇ ਮੁਟਿਆਰ ਜੇਠ ਹਾੜ੍ਹ ਦੀ ਲੂਅ ਨੂੰ ਨਾ ਸਹਾਰਦੀ ਹੋਈ ਆਪਣੇ ਕੋਮਲ ਸਰੀਰ ਨੂੰ ਠੰਢਕ ਦੇ ਨਾਲ-ਨਾਲ ਸੰਗੀਤ ਦੀ ਸੁਰ ਨਾਲ ਨਿਵਾਜਣ ਦੀ ਚਾਹਤ ਰੱਖਦੀ ਹੋਈ ਆਖਦੀ ਸੀ;

ਕਲਕੱਤਿਓਂ ਪੱਖੀ ਲਿਆ ਦੇ, ਝੱਲੂੰਗੀ ਸਾਰੀ ਰਾਤ।

ਧਰਤੀ ਨੂੰ ਕਲੀ ਕਰਾ ਦੇ, ਨੱਚੂੰਗੀ ਸਾਰੀ ਰਾਤ।

ਜਦੋਂ ਜਵਾਨੀ ਦਾ ਸੂਰਜ ਆਪਣੇ ਸਿਖਰਾਂ 'ਤੇ ਚੜ੍ਹਦਾ ਹੈ ਤਾਂ ਜਾਤ-ਪਾਤ, ਧਰਮਾਂ ਅਤੇ ਮੁਲਕਾਂ ਦੇ ਸਭ ਹੱਦਾਂ ਬੰਨੇ ਟੱਪ ਕੇ ਆਪ ਮੁਹਾਰਾ ਵਹਿ ਤੁਰਦਾ ਹੈ। ਮਟਕ ਨਾਲ ਤੁਰਦੀ ਮੁਟਿਆਰ ਨੂੰ ਜਦੋਂ ਕੋਈ ਗੱਭਰੂ ਬੋਲੀ ਮਾਰਦਾ ਹੈ ਤਾਂ ਉਹ ਵੀ ਪਿੱਛੇ ਨਹੀਂ ਰਹਿੰਦੀ;

ਜੇ ਮੁੰਡਿਆ ਤੂੰ ਮੇਰੀ ਤੋਰ ਦੇਖਣੀ
ਗੜਵਾ ਲੈ ਦੇ ਚਾਂਦੀ ਦਾ
ਲੱਕ ਹਿੱਲੇ ਮਿਜਾਜਣ ਜਾਂਦੀ ਦਾ।

ਜੇਕਰ ਅੱਜ ਸਾਡੇ ਘਰਾਂ 'ਚ ਪੱਖੇ, ਕੂਲਰ ਤੇ ਏਸੀ ਦੀ ਚਹਿਲ-ਪਹਿਲ ਹੋ ਗਈ ਹੈ ਤਾਂ ਥੋੜ੍ਹਾ ਸਮਾਂ ਪਹਿਲਾਂ ਸਾਡਾ ਜਨ-ਜੀਵਨ ਅੱਜ ਤੋਂ ਭਿੰਨ ਹੋਣਾ ਸੁਭਾਵਿਕ ਹੀ ਹੈ। ਅੱਜਕੱਲ੍ਹ ਤਾਂ ਉਹ ਆਪਣੇ ਪਿਆਰੇ ਨੂੰ ਆਈ ਫੋਨ ਦੇ ਤਾਜ਼ੇ ਮਾਡਲ ਦੀ ਸਿਫਾਰਸ਼ ਕਰਦੀ ਹੈ, ਪਰ ਉਸ ਵੇਲੇ ਰਾਤ ਨੂੰ ਮੱਛਰ ਤੋੜ-ਤੋੜ ਕੇ ਖਾਈ ਜਾਂਦਾ ਸੀ ਤਾਂ ਉਹ ਕੂਕ ਉੱਠਦੀ ਸੀ;

ਮੱਛਰਦਾਨੀ ਲੈ ਦੇ ਵੇ
ਮੱਛਰ ਨੇ ਖਾ ਲਈ ਤੋੜ ਕੇ।

ਅੱਜ ਮੁਟਿਆਰ ਮੰਗਦੀ ਹੈ ਕਿ ਘਰ ਵਿੱਚ ਬੈਠੀ ਨੂੰ ਹੀ ਦੁਨੀਆ ਦਾ ਆਨੰਦ ਮਿਲੇ। ਪੁਰਾਣੇ ਵੇਲੇ ਜਿੱਥੇ ਮਨੋਰੰਜਨ ਦੇ ਸਾਧਨ ਮੇਲੇ ਅਤੇ ਛਿੰਝਾਂ, ਰਾਸ, ਨਕਲਾਂ, ਡਰਾਮੇ ਆਦਿ ਹੁੰਦੇ ਸਨ, ਹੁਣ ਉਨ੍ਹਾਂ ਦੀ ਥਾਂ ਟੀਵੀ, ਇੰਟਰਨੈੱਟ ਤੇ ਫੋਨ ਨੇ ਲੈ ਲਈ ਹੈ। ਕਿਸੇ ਜ਼ਮਾਨੇ ਵਿੱਚ ਔਰਤ ਟੀਵੀ ਦੀ ਫਰਮਾਇਸ਼ ਕਰਦੀ ਆਖਦੀ ਸੀ:

ਟੈਲੀਵਿਜ਼ਨ ਲੈ ਦੇ ਵੇ
ਤਸਵੀਰਾਂ ਬੋਲਦੀਆਂ।

ਔਰਤ ਦੇ ਸੁਹੱਪਣ ਨੂੰ ਸ਼ਿੰਗਾਰਨ ਵਾਲੇ ਗਹਿਣੇ ਵੀ ਉਸ ਦੇ ਮਨ ਵਿੱਚ ਖ਼ਾਸ ਥਾਂ ਰੱਖਦੇ ਹਨ। ਕੋਕਾ, ਨੱਥ, ਬੁੰਦੇ, ਪੰਜੇਬਾਂ, ਕਲਿਪ ਅਤੇ ਅਨੇਕਾਂ ਹੋਰ ਗਹਿਣੇ ਉਸ ਦੇ ਹਰਮਨ ਪਿਆਰੇ ਸ਼ਿੰਗਾਰ ਹਨ। ਇਨ੍ਹਾਂ ਦੀ ਮੰਗ ਕਰਨੀ ਤਾਂ ਉਹ ਆਪਣਾ ਮੁੱਖ ਫਰਜ਼ ਮੰਨਦੀ ਹੈ ਕਿਉਂਕਿ ਜਦੋਂ ਗਹਿਣਿਆਂ ਨਾਲ ਲੱਦੀ ਮੁਟਿਆਰ ਮੋਰਨੀ ਦੀ ਚਾਲ ਤੁਰਦੀ ਹੈ ਤਾਂ ਹਰ ਕਿਸੇ ਦਾ ਮਨ ਮੋਹਿਆ ਜਾਂਦਾ ਹੈ। ਇਸ ਲਈ ਉਹ ਨਖਰੇ ਨਾਲ ਤੁਰਨਾ ਲੋਚਦੀ ਹੈ ਅਤੇ ਕਹਿੰਦੀ ਹੈ;

ਕੋਕਾ ਘੜਵਾ ਦੇ ਵੇ ਮਾਹੀਆ ਕੋਕਾ
ਜਾਂ
ਮੇਰਾ ਲੌਂਗ ਘੜਾਇਆ ਮਾਹੀ ਨੇ
ਮੇਰੇ ਨੱਕ ਤੋਂ ਪਵੇ ਲਿਸ਼ਕਾਰਾ।

ਜਦੋਂ ਪੇਂਡੂ ਜੀਵਨ ਨੇ ਆਪਣੇ ਰਹੁ-ਰੀਤਾਂ ਨੂੰ ਸ਼ਹਿਰੀਆਂ ਵਾਂਗ ਬਦਲਿਆ ਤਾਂ ਔਰਤ ਦਾ ਉਨ੍ਹਾਂ ਰਹੁ-ਰੀਤਾਂ ਵੱਲ ਮੁੜਨਾ ਸੁਭਾਵਿਕ ਹੀ ਸੀ;

ਬੰਨੀ ਵਾਲਾ ਜੰਡ ਵੇਚ ਕੇ
ਮੈਨੂੰ 'ਕੱਲੀ ਨੂੰ ਪਵਾ ਦੇ ਚੁਬਾਰਾ।

ਕਿਸਾਨੀ ਜ਼ਿੰਦਗੀ ਦੀਆਂ ਆਸਾਂ ਅਤੇ ਮੁਰਾਦਾਂ ਦਾ ਔਰਤ ਦੇ ਅਰਮਾਨਾਂ 'ਤੇ ਅਸਰ ਹੋ ਰਿਹਾ ਹੈ। ਮੌਜੂਦਾ ਮਾਹੌਲ ਨੇ ਮੁਟਿਆਰ ਨੂੰ ਉਸ ਦੀਆਂ ਆਸਾਂ ਤੋਂ ਦੂਰ ਕਰ ਕੇ ਤੜਫਾਇਆ ਹੀ ਨਹੀਂ, ਸਗੋਂ ਕਿਸਾਨੀ ਵਿੱਚ ਵੀ ਇੱਕ ਖਲਾਅ ਪੈਦਾ ਹੋ ਗਿਆ ਹੈ। ਇੱਕ ਤਰ੍ਹਾਂ ਉਹ ਆਪਣੀਆਂ ਉਮੰਗਾਂ ਦਿਲ ਵਿੱਚ ਹੀ ਦੱਬ ਕੇ ਰਹਿ ਰਹੀ ਹੈ।

ਪੰਜਾਬੀਆਂ 'ਤੇ ਭਾਵੇਂ ਜਿੰਨੇ ਮਰਜ਼ੀ ਆਫ਼ਤਾਂ ਦੇ ਸਮੁੰਦਰ ਟੁੱਟ ਪੈਣ, ਪਰ ਉਹ ਆਪਣਾ ਖੁੱਲ੍ਹਾ-ਡੁੱਲ੍ਹਾ ਸੁਭਾਅ ਕਦੀ ਤਬਦੀਲ ਨਹੀਂ ਕਰਦੇ। ਵੱਡੀਆਂ-ਵੱਡੀਆਂ ਔਕੜਾਂ ਦਾ ਖਿੜੇ ਮੱਥੇ ਟਾਕਰਾ ਕਰਦੇ ਹਨ। ਇਸੇ ਕਰਕੇ ਪੰਜਾਬਣਾਂ ਵੀ ਗਿੱਧੇ ਦੇ ਪਿੜ ਵਿੱਚ ਧਰਤੀ ਦੀ ਹਿੱਕ ਹਿਲਾਉਂਦੀਆਂ ਕਹਿ ਉੱਠਦੀਆਂ ਹਨ;

ਮੇਰੇ ਪੈਰਾਂ ਨੂੰ ਕਰਾਂ ਦੇ ਪੰਜੇਬਾਂ
ਜੇ ਤੂੰ ਮੇਰੀ ਤੋਰ ਦੇਖਣੀ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਜੋਕੇ ਸੱਭਿਆਚਾਰ ਨੇ ਇਸ ਸਮਾਜ ਨੂੰ ਨਵੀਆਂ ਕਦਰਾਂ-ਕੀਮਤਾਂ ਬਖ਼ਸ਼ੀਆਂ ਹਨ ਅਤੇ ਘਸੀਆਂ-ਪਿਸੀਆਂ ਤੋਂ ਛੁਟਕਾਰਾ ਦਿਵਾਇਆ ਹੈ, ਪਰ ਲੋਕ ਅਤੇ ਲੋਕ ਗੀਤ ਉਸੇ ਚਾਅ ਅਤੇ ਹੁਲਾਸ ਨਾਲ ਅੱਜ ਵੀ ਗਾਏ ਜਾਂਦੇ ਹਨ;

ਲੈ ਦੇ ਮੈਨੂੰ ਮਖਮਲ ਦੀ
ਪੱਖੀ ਘੁੰਗਰੂਆਂ ਵਾਲੀ।

ਇਹ ਗੀਤ ਕਦੇ ਪੁਰਾਣੇ ਨਹੀਂ ਹੁੰਦੇ ਅਤੇ ਇਹ ਆਪਣੇ ਸੀਨੇ ਅੰਦਰ ਸਦੀਆਂ ਦੀ ਪੀੜ ਅਤੇ ਆਰਥਿਕ, ਸਮਾਜਿਕ, ਰਾਜਨੀਤਕ ਇਤਿਹਾਸ ਸਾਂਭੀ ਬੈਠੇ ਹਨ। ਮਾਹੀ ਦਾ ਪਿਆਰ ਮਹਿੰਦੀ ਦੇ ਰੰਗ ਵਾਂਗ ਸੂਹਾ ਹੁੰਦਾ ਹੈ। ਮੁਟਿਆਰ ਆਪਣੇ ਹੱਥਾਂ ਨੂੰ ਗੂੜ੍ਹੀ ਚੜ੍ਹੀ ਹੋਈ ਮਹਿੰਦੀ ਦੇਖ ਕੇ ਫੁੱਲੀ ਨਹੀਂ ਸਮਾਉਂਦੀ। ਉਹ ਮਾਂ ਨੂੰ ਫਰਮਾਇਸ਼ ਕਰਦੀ ਹੈ;

ਲੈ ਦੇ ਮਾਏਂ ਕਾਲਿਆਂ ਬਾਗਾਂ ਦੀ ਮਹਿੰਦੀ।

ਇੱਕ ਹੋਰ ਲੋਕ ਬੋਲੀ ਵਿੱਚ ਉਹ ਮਾਹੀ ਦਾ ਗਿੱਧੇ ਵਿੱਚ ਜੱਸ ਗਾਉਣ ਦਾ ਜਿਵੇਂ ਆਪਣਾ ਮਿਹਨਤਾਨਾ ਮੰਗਦੀ ਹੋਵੇ;

ਕੁੜਤੀ ਲਿਆ ਦੇ ਟੂਲ ਦੀ, ਵੇ ਮੈਂ ਰੇਸ਼ਮੀ ਸੁੱਥਣ ਨਾਲ ਪਾਵਾਂ।

ਕੰਨਾਂ ਨੂੰ ਕਰਾ ਦੇ ਡੰਡੀਆਂ, ਤੇਰਾ ਜੱਸ ਗਿੱਧਿਆਂ ਵਿੱਚ ਗਾਵਾਂ।

ਪੰਜਾਬੀ ਮੁਟਿਆਰਾਂ ਦੇ ਚਾਅ ਤਾਂ ਫ਼ਸਲਾਂ ਨਾਲ ਹੀ ਜੁੜੇ ਹੋਏ ਸਨ। ਮੁਟਿਆਰ ਦੀਆਂ ਰੀਝਾਂ ਦੇ ਫੁੱਲ ਵੀ ਫ਼ਸਲ ਸਮੇਂ ਖਿੜਦੇ ਸਨ;

ਲੰਘ ਗਿਆ ਚੇਤ ਚੰਨਾ ਆ ਗਿਆ ਵਿਸਾਖ ਵੇ

ਖੇਤਾਂ ਵਿੱਚ ਨਾਲ ਤੇਰੇ ਨਿਭਾਉਂਗੀ ਸਾਥ ਵੇ।

ਪਿਆਰ ਵਿੱਚ ਗੜੁੱਚ ਜੋੜੀ ਜਦੋਂ ਇੱਕ ਦੂਜੇ ਦਾ ਦੁੱਖ ਦਰਦ ਵੰਡਾਉਂਦੀਹੈ ਤਾਂ ਔਰਤ ਕਹਿ ਉੱਠਦੀ ਹੈ;

ਐਸਾ ਮੇਰਾ ਕਿਹੜਾ ਦਰਦੀ
ਸੁੱਤੀ ਪਈ ਨੂੰ ਪੱਖੀ ਦੀ ਝੱਲ ਮਾਰੇ।

# ਅਨਮੋਲ ਹੈ ਜ਼ਿੰਦਗੀ

ਬਰਜਿੰਦਰ ਕੌਰ ਬਿਸਰਾਓ

ਮਨੁੱਖੀ ਸੁਭਾਅ ਵਿੱਚ ਕੁਦਰਤੀ ਤੌਰ 'ਤੇ ਹਰ ਰੰਗ ਮਾਣਨ ਦਾ ਚਾਅ ਛੁਪਿਆ ਹੋਇਆ ਹੁੰਦਾ ਹੈ। ਹੋਵੇ ਵੀ ਕਿਉਂ ਨਾ ? ਰੱਬ ਨੇ ਜਿੰਨੀ ਜ਼ਿੰਦਗੀ ਵੀ ਦਿੱਤੀ ਹੈ ਉਸ ਨੂੰ ਖੁੱਲ੍ਹ ਕੇ ਜਿਊਣਾ ਚਾਹੀਦਾ ਹੈ। ਜ਼ਿੰਦਗੀ ਜਿਊਣਾ ਤੇ ਜ਼ਿੰਦਗੀ ਦੇ ਰੰਗ ਮਾਣਨਾ ਆਪਣੇ ਆਪ ਵਿੱਚ ਦੋ ਅਲੱਗ ਵਿਸ਼ੇ ਵੀ ਹੋ ਸਕਦੇ ਹਨ ਜਾਂ ਫਿਰ ਇਨ੍ਹਾਂ ਨੂੰ ਇੱਕ ਕਰਕੇ ਵੀ ਦੇਖਿਆ ਜਾ ਸਕਦਾ ਹੈ। ਇਹ ਹਰ ਵਿਅਕਤੀ ਦੇ ਆਪਣੇ ਆਪਣੇ ਸੁਭਾਅ ਉੱਤੇ ਨਿਰਭਰ ਕਰਦਾ ਹੈ। ਕਈ ਲੋਕ ਜ਼ਿੰਦਗੀ ਵਿੱਚ ਸਿਰਫ਼ ਦਿਨ ਕਟੀ ਕਰ ਰਹੇ ਹੁੰਦੇ ਹਨ। ਕੋਈ ਕੋਈ ਦੁਨੀਆਂ ਦਾ ਹਰ ਰੰਗ ਖੁੱਲ੍ਹ ਕੇ ਮਾਣਨਾ ਚਾਹੁੰਦੇ ਹਨ। ਦਿਨ ਕਟੀ ਵੀ ਜੇ ਖ਼ੁਸ਼ੀ ਖ਼ੁਸ਼ੀ ਕੀਤੀ ਜਾਵੇ ਤਾਂ ਉਸ ਵਰਗਾ ਅਨੰਦ ਵੀ ਕਿਧਰੇ ਹੋਰ ਜਾ ਕੇ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਜੇ ਦੂਜੇ ਪਾਸੇ ਗੱਲ ਕਰੀਏ ਦੁਨੀਆ ਦੇ ਰੰਗ ਮਾਣਨ ਦੀ ਤਾਂ ਕਈ ਲੋਕ ਰੰਗ ਮਾਣਦੇ ਮਾਣਦੇ ਜ਼ਿੰਦਗੀ ਤੋਂ ਵੀ ਹੱਥ ਧੋ ਬੈਠਦੇ ਹਨ।



ਜ਼ਮਾਨੇ ਦੇ ਬਦਲਣ ਨਾਲ ਲੋਕਾਂ ਦੇ ਰਹਿਣ ਸਹਿਣ ਵਿੱਚ ਤਬਦੀਲੀ ਆਉਣੀ ਤਾਂ ਕੁਦਰਤੀ ਗੱਲ ਹੈ ਪਰ ਮਨੁੱਖ ਜਦੋਂ ਉਸ ਨੂੰ ਹੱਦੋਂ ਵੱਧ ਬਦਲਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਮੂੰਹ ਦੀ ਖਾਣੀ ਪੈਂਦੀ ਹੈ। ਕੁਝ ਇਸੇ ਤਰ੍ਹਾਂ ਨਾਲ ਹੀ ਲੋਕਾਂ ਵਿੱਚ ਖ਼ਾਸ ਕਰਕੇ ਪੰਜਾਬੀਆਂ ਵਿੱਚ ਘੁੰਮਣ ਦਾ ਰੁਝਾਨ ਬਹੁਤ ਤੇਜ਼ੀ ਨਾਲ ਵਧਣ ਲੱਗਿਆ ਹੈ ਕਿ ਇੱਕ ਦੋ ਛੁੱਟੀਆਂ ਆਈਆਂ ਤਾਂ ਪਹਾੜਾਂ ਵਿੱਚ ਘੁੰਮਣ ਨਿਕਲ ਗਏ। ਘੁੰਮਣਾ ਚੰਗੀ ਗੱਲ ਹੈ ਪਰ ਅੱਜ ਦੀ ਤੇਜ਼ ਰਫ਼ਤਾਰੀ ਵਿੱਚ ਅਣਜਾਣ ਥਾਵਾਂ 'ਤੇ ਜਾ ਕੇ ਮਨਮਰਜ਼ੀਆਂ ਕਰਨੀਆਂ ਹਾਨੀਕਾਰਕ ਸਿੱਧ ਹੋ ਰਹੀਆਂ ਹਨ। ਗਰਮੀਆਂ ਦੇ ਦਿਨਾਂ ਵਿੱਚ ਨੌਜਵਾਨ ਵਰਗ ਜਾਂ ਜਿਹਦੇ ਪੱਲੇ ਚਾਰ ਪੈਸੇ ਹਨ ਉਹ ਤਾਂ ਬਸ ਘੁੰਮਣ ਜਾਣ ਲਈ ਛੁੱਟੀ ਦਾ ਇੰਤਜ਼ਾਰ ਕਰਦੇ ਹਨ। ਜਦ ਕਿ ਹੁਣ ਤੋਂ ਦੋ ਕੁ ਦਹਾਕੇ ਪਹਿਲਾਂ ਇਹੋ ਜਿਹਾ ਕੋਈ ਸ਼ੌਕ ਆਮ ਲੋਕਾਂ ਦੇ ਦਿਮਾਗ਼ 'ਤੇ ਭਾਰੂ ਨਹੀਂ ਸੀ ਹੁੰਦਾ ਸਗੋਂ ਉਹ ਛੁੱਟੀ ਵਾਲੇ ਦਿਨ ਘਰ ਦਾ ਕੋਈ ਨਾ ਕੋਈ ਕੰਮ ਸੰਵਾਰਨ ਦੀ ਸੋਚ ਲੈ ਕੇ ਚੱਲਦੇ ਸਨ।

ਸਾਡੇ ਅਜੋਕੇ ਸਮਾਜ ਵਿੱਚ ਲੋਕਾਂ ਅੰਦਰ ਵਿਖਾਵਾ ਕਰਨ ਦਾ ਰੁਝਾਨ ਉੱਭਰ ਰਿਹਾ ਹੈ। ਸੋਸ਼ਲ ਮੀਡੀਆ ਦੇ ਪ੍ਰਚਲਨ ਕਾਰਨ ਇਸ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਲੋਕਾਂ ਵਿੱਚ ਆਪਣੇ ਪੈਸੇ ਦਾ ਵਿਖਾਵਾ ਕਰਨ, ਵੱਖ ਵੱਖ ਅਤੇ ਮਹਿੰਗੀਆਂ ਥਾਵਾਂ 'ਤੇ ਘੁੰਮਣ ਜਾਣ ਦਾ ਵਿਖਾਵਾ ਕਰਨ, ਆਪਣੀਆਂ ਮਹਿੰਗੀਆਂ ਕਾਰਾਂ ਦਾ ਵਿਖਾਵਾ ਕਰਨ ਕਾਰਨ ਬਹੁਤੇ ਲੋਕ ਘੁੰਮਣ ਨਿਕਲਦੇ ਹਨ। ਰਸਤਿਆਂ ਦੀਆਂ, ਆਪਣੀਆਂ, ਆਪਣੀਆਂ ਕਾਰਾਂ ਦੀਆਂ ਜਾਂ ਮਹਿੰਗੇ ਆਲੀਸ਼ਾਨ ਹੋਟਲਾਂ ਜਿਨ੍ਹਾਂ ਵਿੱਚ ਠਹਿਰਦੇ ਹਨ, ਉਨ੍ਹਾਂ ਦੀਆਂ ਫੋਟੋਆਂ ਜਾਂ ਫਿਲਮਾਂ ਨੂੰ ਲਾਈਵ ਹੋ ਕੇ ਜਾਂ ਅੱਗੋਂ ਪਿੱਛੋਂ ਫੋਟੋਆਂ ਸੋਸ਼ਲ ਮੀਡੀਆ 'ਤੇ ਪਾਉਂਦੇਹਨ। ਇਹ ਇੱਕ ਤਰ੍ਹਾਂ ਨਾਲ ਆਪਣੀ ਸ਼ਾਨੋ-ਸ਼ੌਕਤ ਦੀ ਮਸ਼ਹੂਰੀ ਕਰਨ ਲਈ ਕੀਤਾ ਜਾਂਦਾ ਹੈ। ਕਈ ਲੋਕ ਤਾਂ ਸਿਰਫ਼ ਵਿਖਾਵਾ ਕਰਨ ਲਈ ਕਰਜ਼ੇ ਸਿਰ 'ਤੇ ਚੜ੍ਹਾ ਕੇ ਘੁੰਮਣ ਜਾਂਦੇ ਹਨ ਕਿਉਂਕਿ ਉਹ ਉਨ੍ਹਾਂ ਰਿਸ਼ਤੇਦਾਰਾਂ ਜਾਂ ਦੋਸਤਾਂ ਮਿੱਤਰਾਂ ਨੂੰ ਦਿਖਾਉਣਾ ਚਾਹੁੰਦੇ ਹਨ ਜੋ ਪਹਿਲਾਂ ਘੁੰਮ ਕੇ ਆਏ ਹੁੰਦੇ ਹਨ। ਉਹ ਉਨ੍ਹਾਂ ਨੂੰ ਦੱਸਣਾ ਚਾਹੁੰਦੇ ਹਨ ਕਿ ਉਹ ਵੀ ਉਨ੍ਹਾਂ ਤੋਂ ਘੱਟ ਨਹੀਂ ਹਨ ਪਰ ਇਹ ਗੱਲਾਂ ਉਨ੍ਹਾਂ ਲਈ ਹੀ ਘਾਤਕ ਸਿੱਧ ਹੁੰਦੀਆਂ ਹਨ।



ਪੰਜਾਬ ਦੀਆਂ ਚੌੜੀਆਂ ਅਤੇ ਪੱਧਰੀਆਂ ਸੜਕਾਂ 'ਤੇ ਤੇਜ਼ ਰਫ਼ਤਾਰ ਕਾਰਾਂ ਅਤੇ ਮੋਟਰਸਾਈਕਲਾਂ ਨੂੰ ਚਲਾਉਣ ਵਾਲੇ ਨੌਜਵਾਨ ਪਹਾੜਾਂ ਵਿੱਚ ਘੁੰਮਣ ਗਏ ਉੱਥੋਂ ਦੀਆਂ ਸੜਕਾਂ ਉੱਤੇ ਉਸੇ ਤਰ੍ਹਾਂ ਵਾਹਨ ਚਲਾਉਂਦੇ ਹਨ। ਉੱਥੇ ਇੱਕ ਪਾਸੇ ਪਹਾੜ ਤੇ ਦੂਜੇ ਪਾਸੇ ਡੂੰਘੀਆਂ ਖਾਈਆਂ ਹੁੰਦੀਆਂ ਹਨ। ਛੋਟੀ ਜਿਹੀ ਲਾਪਰਵਾਹੀ ਕਾਰਨ ਉਹ ਆਪ ਤਾਂ ਹਾਦਸਿਆਂ ਦਾ ਸ਼ਿਕਾਰ ਹੁੰਦੇ ਹੀ ਹਨ ਪਰ ਕਈ ਧਿਆਨ ਨਾਲ ਆ ਰਹੇ ਲੋਕ ਵੀ ਉਨ੍ਹਾਂ ਲੋਕਾਂ ਦੀ ਲਾਪਰਵਾਹੀ ਦੀ ਚਪੇਟ ਵਿੱਚ ਆ ਕੇ ਆਪਣੇ ਟੱਬਰਾਂ ਦੇ ਟੱਬਰ ਗਵਾ ਬੈਠਦੇ ਹਨ। ਪਹਾੜੀ ਇਲਾਕਿਆਂ ਦੇ ਮੌਸਮਾਂ ਤੋਂ ਬੇਖ਼ਬਰ, ਉੱਥੋਂ ਦੇ ਨਦੀਆਂ ਨਾਲਿਆਂ ਤੋਂ ਬੇਖ਼ਬਰ ਇਕਦਮ ਆਏ ਪਾਣੀ ਦੇ ਤੇਜ਼ ਵਹਾਅ ਵੱਡੇ ਵੱਡੇ ਵਾਹਨ ਅਤੇ ਕਿੰਨੀਆਂ ਕੀਮਤੀ ਜ਼ਿੰਦਗੀਆਂ ਨੂੰ ਰੁੜ੍ਹਾ ਕੇ ਲੈ ਜਾਂਦੇ ਹਨ। ਕਈ ਵਾਰ ਭੂ-ਖਿਸਕਣ ਦੀਆਂ ਦਰਦਨਾਕ ਘਟਨਾਵਾਂ ਵਾਪਰਦੀਆਂ ਹਨ। ਵੱਡੇ ਵੱਡੇ ਪਹਾੜਾਂ ਦੇ ਪਹਾੜ ਜਦ ਡਿੱਗਦੇ ਹਨ ਤਾਂ ਸੜਕਾਂ ਦੇ ਨਾਲ ਨਾਲ ਉਨ੍ਹਾਂ ਉੱਪਰ ਖੜ੍ਹੇ ਵਾਹਨ ਵੀ ਉਨ੍ਹਾਂ ਹੇਠ ਦਫ਼ਨ ਹੋ ਜਾਂਦੇ ਹਨ। ਕਈ ਨੌਜਵਾਨ ਨਦੀਆਂ ਨਾਲਿਆਂ ਦੇ ਪਾਣੀਆਂ ਦੀ ਗਤੀ ਤੋਂ ਅਣਜਾਣ, ਪੰਜਾਬ ਦੀਆਂ ਨਹਿਰਾਂ ਵਿੱਚ ਛਾਲਾਂ ਮਾਰ ਕੇ ਆਸਾਨੀ ਨਾਲ ਤੈਰਨ ਵਾਲੇ ਮੁੰਡੇ ਅਕਸਰ ਉਨ੍ਹਾਂ ਦੀ ਤੇਜ਼ ਰਫ਼ਤਾਰੀ ਦੀ ਤਾਬ ਨਾ ਝੱਲਦੇ ਹੋਏ ਦੇਖਦੇ ਹੀ ਦੇਖਦੇ ਰੁੜ੍ਹ ਜਾਂਦੇ ਹਨ। ਮਾਪਿਆਂ ਦੀਆਂ ਲਾਡਲੀਆਂ ਔਲਾਦਾਂ ਦਾ ਇਸ ਤਰ੍ਹਾਂ ਭੰਗ ਦੇ ਭਾੜੇ ਚਲੇ ਜਾਣਾ ਵਾਕਿਆ ਹੀ ਬਹੁਤ ਦੁਖਦਾਈ ਅਤੇ ਅਸਹਿ ਹੁੰਦਾ ਹੈ।

ਨਿੱਤ ਪੰਜਾਬ ਵੱਲੋਂ ਘੁੰਮਣ ਗਏ ਨੌਜਵਾਨਾਂ ਦੀਆਂ ਜਦ ਇਸ ਤਰ੍ਹਾਂ ਦੀਆਂ ਖ਼ਬਰਾਂ ਆਉਂਦੀਆਂ ਹਨ ਤਾਂ ਹਿਰਦੇ ਵਲੂੰਧਰੇ ਜਾਂਦੇ ਹਨ। ਸਾਰੇ ਸੈਲਾਨੀਆਂ ਨੂੰ ਇਹ ਜ਼ਰੂਰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਜਿੱਥੇ ਉਹ ਘੁੰਮਣ ਜਾ ਰਹੇ ਹਨ ਕੀ ਉਨ੍ਹਾਂ ਥਾਵਾਂ ਤੋਂ ਜਾਣੂ ਹਨ ? ਨਹੀਂ ਤਾਂ ਹਰ ਓਪਰੀ ਜਗ੍ਹਾ 'ਤੇ ਜਾ ਕੇ ਦਾਇਰੇ ਵਿੱਚ ਰਹਿ ਕੇ ਹੀ ਮਨੋਰੰਜਨ ਕਰਨਾ ਚਾਹੀਦਾ ਹੈ। ਲੋਕ ਵਿਖਾਵੇ ਦੀ ਰੁਚੀ ਨੂੰ ਆਪਣੇ ਉੱਪਰ ਭਾਰੂ ਨਹੀਂ ਹੋਣ ਦੇਣਾ ਚਾਹੀਦਾ। ਸੈਲਫੀਆਂ ਲੈਂਦੇ ਡੂੰਘੀਆਂ ਖਾਈਆਂ ਵਿੱਚ ਗਿਰ ਜਾਣ ਵਰਗੀਆਂ ਘਟਨਾਵਾਂ ਤੋਂ ਬਚਣਾ ਚਾਹੀਦਾ ਹੈ। ਸੜਕਾਂ ਉੱਤੇ ਸਿਰਫ਼ ਓਧਰਲੇ ਲੋਕਾਂ ਜਾਂ ਮੌਸਮ ਮਾਹਿਰਾਂ ਦੀਆਂ ਹਦਾਇਤਾਂ ਅਨੁਸਾਰ ਹੀ ਨਿਕਲਣਾ ਚਾਹੀਦਾ ਹੈ। ਇਹ ਜ਼ਿੰਦਗੀ ਬਹੁਤ ਅਨਮੋਲ ਹੈ, ਇਸ ਨੂੰ ਅਜਾਈਂ ਨਾ ਗਵਾਓ।

# ਗੁਰਮਤਿ ਵਿੱਚ ਰਾਜਨੀਤੀ ਦਾ ਫ਼ਲਸਫ਼ਾ ਤੇ ਰਾਜੇ ਦਾ ਕਿਰਦਾਰ



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਰਾਜਾ ਇੱਕ ਅਜਿਹਾ ਸ਼ਬਦ ਹੈ, ਜਿਹੜਾ ਕਿ ਲੰਮੇ ਸਮੇਂ ਤੋਂ ਲੋਕ ਮਾਨਸਿਕਤਾ 'ਚ ਸਮਾਇਆ ਹੋਇਆ ਹੈ । ਸਮਾਜ ਦਾ ਬਹੁਤਾ ਤਾਣਾ-ਬਾਣਾ ਸਮਾਜਿਕ ਉੱਚਤਾ ਦੇ ਪ੍ਰਤੀਕ ਇਸ ਸ਼ਬਦ ਦੇ ਦੁਆਲੇ ਹੀ ਘੁੰਮਦਾ ਹੈ ਅਤੇ ਇਸ ਦੀ ਦਿਸ਼ਾ ਅਤੇ ਦਸ਼ਾ ਤੈਅ ਕਰਨ 'ਚ ਭੂਮਿਕਾ ਨਿਭਾਉਂਦਾ ਹੈ। ਸਮਾਜ 'ਚ ਇਸ ਸ਼ਬਦ ਨੂੰ ਵੱਖੋ-ਵੱਖਰੇ ਰੂਪਾਂ 'ਚ ਦੇਖਿਆ ਜਾਂਦਾ ਹੈ ਪਰ ਜਿਹੜਾ ਇਸ ਦਾ ਸਭ ਤੋਂ ਵਧੇਰੇ ਪ੍ਰਚੱਲਿਤ ਰੂਪ ਹੈ, ਉਸ 'ਚ ਇਸ ਨੂੰ ਸ਼ਾਸਕ ਜਾਂ ਹਾਕਮ ਦੇ ਰੂਪ 'ਚ ਦੇਖਿਆ ਜਾਂਦਾ ਹੈ, ਜਿਹੜਾ ਕਿ ਕਿਸੇ ਵਿਸ਼ੇਸ਼ ਭੂਗੋਲਿਕ ਖਿੱਤੇ 'ਚ ਆਪਣਾ ਸ਼ਾਸਨ ਚਲਾਉਂਦਾ ਹੈ ਅਤੇ ਆਮ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿੰਦਾ ਹੈ। ਇਸ ਨੂੰ ਕੰਮ ਅਤੇ ਪਦਵੀ ਦੇ ਆਧਾਰ 'ਤੇ ਵੱਖੋ-ਵੱਖਰੇ ਨਾਵਾਂ ਅਤੇ ਵਿਸ਼ੇਸ਼ਣਾਂ ਦੇ ਰੂਪ 'ਚ ਦੇਖਿਆ ਜਾਂਦਾ ਹੈ, ਜਿਵੇਂ ਰਾਜਾਸ੍ਰਮ, ਰਾਜਾ ਏ ਰਾਜਗਾਨ, ਰਾਜਾਧੀਰਾਜ, ਰਾਜਨਰਿੰਦ੍ਰ, ਭੂਪਤਿ, ਪ੍ਰਜਾ ਪਾਲਕ ਆਦਿ । ਗੁਰਬਾਣੀ 'ਚ ਇਸ ਨੂੰ ਪ੍ਰਮੁੱਖ ਤੌਰ 'ਤੇ ਤਿੰਨ ਰੂਪਾਂ ਵਿੱਚ ਦੇਖਿਆ ਜਾ ਸਕਦਾ ਹੈ :

**ਰੱਬ ਦੇ ਰੂਪ ਵਿੱਚ**

ਗੁਰਬਾਣੀ ਵਿੱਚ ਰੱਬ ਨੂੰ ਸ੍ਰਿਸ਼ਟੀ ਦਾ ਰਾਜਾ ਮੰਨਦੇ ਹੋਏ 'ਰਾਜ ਮਹਿ ਰਾਜੁ ਜੋਗ ਮਹਿ ਜੋਗੀ' ਕਿਹਾ ਗਿਆ ਹੈ, ਜਿਸ ਦਾ ਸਿਮਰਨ ਕਰਨ ਨਾਲ ਮਨੁੱਖ ਮੁਕਤੀ ਪ੍ਰਾਪਤ ਕਰ ਲੈਂਦਾ ਹੈ 'ਰਾਜਾ ਰਾਮ ਜਪਤ ਕੋ ਕੋ ਨ ਤਰਿਓ' ਸ੍ਰਿਸ਼ਟੀ ਦੇ ਸਰਬ-ਸ਼ਕਤੀਮਾਨ ਰੂਪ 'ਚ ਦੁਨਿਆਵੀ ਹੱਦਾਂ, ਪਾਬੰਦੀਆਂ ਅਤੇ ਨਿਯਮਾਂ ਤੋਂ ਮੁਕਤ ਉਹ ਅਸੀਮ ਸ਼ਕਤੀਆਂ ਦਾ ਮਾਲਕ ਹੈ, ਜਿਹੜਾ ਕਿ ਸਮੂਹ ਦੁਨਿਆਵੀ ਜੀਵਾਂ ਨੂੰ ਬਿਨਾਂ ਕਿਸੇ ਵਿਤਕਰੇ, ਵੈਰ-ਵਿਰੋਧ ਅਤੇ ਭੇਦਭਾਵ ਤੋਂ ਪਾਲਦਾ ਅਤੇ ਰੱਖਿਆ ਕਰਦਾ ਹੈ। ਉਹ ਕਿਸੇ ਦੈਵੀ ਨਿਯਮ ਅਧੀਨ ਆਪਣਾ ਪ੍ਰਬੰਧ ਚਲਾਉਂਦਾ ਹੈ, ਜਿਸ ਨੂੰ ਸਮਝਣਾ ਅਤੇ ਉਸ 'ਚ ਦਖ਼ਲ ਦੇਣਾ ਮਨੁੱਖੀ ਬੁੱਧੀ ਦੇ ਵੱਸ 'ਚ ਨਹੀਂ ਹੈ। ਸਮਰਪਿਤ ਭਾਵਨਾ ਨਾਲ ਕਾਰਜ ਕਰਦਾ ਹੋਇਆ ਮਨੁੱਖ ਉਸ ਦੀ ਬਖ਼ਸ਼ਿਸ਼ ਪ੍ਰਾਪਤ ਕਰ ਸਕਦਾ ਹੈ । ਦੁਨਿਆਵੀ ਮਨੁੱਖਾਂ 'ਚ ਉਸ ਵਰਗਾ ਤਪ-ਤੇਜ ਸੰਭਵ ਨਹੀਂ ਅਤੇ ਨਾ ਹੀ ਕਿਸੇ ਦ੍ਰਿਸ਼ਟੀ ਤੋਂ ਮਨੁੱਖ ਉਸ ਦਾ ਮੁਕਾਬਲਾ ਕਰ ਸਕਦਾ ਹੈ । ਹਰ ਇੱਕ ਮਨੁੱਖ ਕਿਸੇ ਨਾ ਕਿਸੇ ਦ੍ਰਿਸ਼ਟੀ ਤੋਂ ਉਸ ਦੀ ਸ਼ਕਤੀ, ਹੋਂਦ ਅਤੇ ਕਾਰਜ ਪ੍ਰਤੀ ਆਪਣੇ ਵਿਚਾਰ ਪ੍ਰਗਟ ਕਰਦਾ ਹੈ ਪਰ ਉਸ ਦੀ ਬਰਾਬਰੀ ਨਹੀਂ ਕਰ ਸਕਦਾ। ਇਸ ਦ੍ਰਿਸ਼ਟੀ ਤੋਂ ਭਗਤ ਕਬੀਰ ਜੀ ਉਸ ਦੀ ਮਹਿਮਾ ਦੱਸਦੇ ਹੋਏ ਕਹਿੰਦੇ ਹਨ :

ਕੋਊ ਹਰਿ ਸਮਾਨਿ ਨਹੀ ਰਾਜਾ ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥ (ਅੰਗ-856)

ਗੁਰੂ ਨਾਨਕ ਦੇਵ ਜੀ ਰੱਬ ਨੂੰ ਸ੍ਰਿਸ਼ਟੀ ਦਾ ਮਾਲਕ ਦੱਸਦੇ ਹੋਏ ਉਸ ਦੀ ਏਕਤਾ ਵਿੱਚ ਵਿਸ਼ਵਾਸ ਦ੍ਰਿੜ੍ਹ ਕਰਾਉਂਦੇ ਹੋਏ ਕਹਿੰਦੇ ਹਨ ਕਿ ਉਹ ਹੀ ਜੀਵਾਂ ਦੇ ਸਮੂਹ ਕਾਰਜ ਕਰਦਾ ਹੈ :

ਤੂ ਏਕੰਕਾਰੁ ਨਿਰਾਲਮੁ ਰਾਜਾ ॥
ਤੂ ਆਪਿ ਸਵਾਰਹਿ ਜਨ ਕੇ ਕਾਜਾ ॥
(ਅੰਗ-1039)

ਗੁਰਬਾਣੀ ਦੀ ਦ੍ਰਿਸ਼ਟੀ ਤੋਂ ਰੱਬ ਨੂੰ ਰਾਜਿਆਂ ਦਾ ਰਾਜਾ, ਸ਼ਾਹਾਂ ਦਾ ਸ਼ਾਹ, ਸ਼ਹਿਨਸ਼ਾਹ, ਪਾਤਿਸ਼ਾਹ ਆਦਿ ਰੂਪਾਂ ਵਿੱਚ ਦੇਖਿਆ ਜਾਂਦਾ ਹੈ, ਜਿਸ ਨੂੰ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ ਵਾਹਿਗੁਰੂ ਮੰਨ ਕੇ ਸਰਬੱਤ ਦਾ ਭਲਾ ਕਰਨ ਦੀ ਅਰਦਾਸ ਕੀਤੀ ਜਾਂਦੀ ਹੈ ।

**ਸ਼ਾਸਕ ਦੇ ਰੂਪ ਵਿੱਚ**

ਸ਼ਾਸਕ ਦੇ ਰੂਪ ਵਿੱਚ ਰਾਜਾ ਆਪਣੀ ਪ੍ਰਜਾ ਦੀ ਸੇਵਾ ਅਤੇ ਸੁਰੱਖਿਆ ਦਾ ਪ੍ਰਤੀਕ ਹੈ । ਰਾਜ 'ਚ ਸ਼ਾਂਤੀ ਦੀ ਸਥਾਪਨਾ ਕਰਕੇ ਆਮ ਲੋਕਾਂ ਨੂੰ ਨਿਆਂ ਪ੍ਰਦਾਨ ਕਰਨਾ ਉਸ ਦੀ ਜ਼ਿੰਮੇਵਾਰੀ ਸਮਝੀ ਜਾਂਦੀ ਹੈ। ਸ਼ੁੱਧ ਹਵਾ, ਸ਼ੁੱਧ ਪਾਣੀ, ਸ਼ੁੱਧ ਅਨਾਜ, ਸ਼ੁੱਧ ਆਚਾਰ, ਸ਼ੁੱਧ ਵਿਹਾਰ, ਸ਼ੁੱਧ ਵਿਚਾਰ, ਉੱਤਮ ਵਿੱਦਿਆ, ਸ੍ਰੇਸ਼ਟ ਸਿਹਤ ਸਹੂਲਤਾਂ ਆਦਿ ਆਦਰਸ਼ ਅਤੇ ਸਿਹਤਮੰਦ ਸਮਾਜ ਦੀ ਸਥਾਪਨਾ ਲਈ ਜ਼ਰੂਰੀ ਮੰਨੇ ਗਏ ਹਨ, ਜਿਨ੍ਹਾਂ ਲਈ ਯੋਗ ਵਾਤਾਵਰਨ ਪੈਦਾ ਕਰਨਾ ਅਤੇ ਆਮ ਲੋਕਾਂ ਨੂੰ ਲੋੜੀਂਦੀਆਂ ਵਸਤਾਂ ਦੀ ਪੂਰਤੀ ਕਰਨਾ ਰਾਜੇ ਦਾ ਫ਼ਰਜ਼ ਸਮਝਿਆ ਜਾਂਦਾ ਹੈ । ਰਾਜੇ ਵਿੱਚ ਕਲਿਆਣਕਾਰੀ ਗੁਣ ਕਿਵੇਂ ਪੈਦਾ ਹੋ ਸਕਦੇ ਹਨ ? ਪਲੈਟੋ ਕਹਿੰਦਾ ਹੈ ਕਿ ਦਾਰਸ਼ਨਿਕ ਰਾਜਾ ਹੋਣਾ ਚਾਹੀਦਾ ਹੈ। ਉਸ ਦਾ ਅਜਿਹਾ ਕਹਿਣ ਦਾ ਭਾਵ ਸੀ ਕਿ ਦਾਰਸ਼ਨਿਕ ਸੂਝਵਾਨ ਹੁੰਦੇ ਹਨ ਅਤੇ ਉਹ ਮਨੁੱਖ ਦੀਆਂ ਆਪਾ ਵਿਰੋਧੀ ਸ਼ਕਤੀਆਂ ਨੂੰ ਇਕੱਠੇ ਕਰਕੇ ਰਾਜ ਦੀ ਭਲਾਈ ਦਾ ਕਾਰਜ ਕਰ ਸਕਦਾ ਹੈ। ਮਨੁੱਖ 'ਚ ਸਦਾਚਾਰ ਵਾਲੀ ਬਿਰਤੀ ਪੈਦਾ ਕਰਨ ਲਈ ਪਲੈਟੋ ਚਾਰ ਸਦਗੁਣਾਂ 'ਤੇ ਜ਼ੋਰ ਦਿੰਦਾ ਹੈ। ਵਿਵੇਕ ਬੁੱਧੀ, ਸਾਹਸ, ਸੰਜਮ ਅਤੇ ਨਿਆਂ। ਪੱਛਮੀ ਦਾਰਸ਼ਨਿਕਾਂ ਦੁਆਰਾ ਆਦਰਸ਼ ਰਾਜ ਅਤੇ ਸਮਾਜ ਦੀ ਸਥਾਪਨਾ ਲਈ ਪੇਸ਼ ਕੀਤੇ ਗਏ ਨੁਕਤੇ ਮੌਜੂਦਾ ਸਮੇਂ 'ਚ ਵੀ ਵਿਦਵਾਨਾਂ ਦੀ ਵਿਚਾਰ ਦਾ ਵਿਸ਼ਾ ਬਣੇ ਰਹਿੰਦੇ ਹਨ।

ਪੱਛਮ 'ਚ ਪੈਦਾ ਹੋਏ ਯਹੂਦੀ, ਈਸਾਈ ਅਤੇ ਇਸਲਾਮ ਨੇ ਵੀ ਰਾਜ ਦੀ ਸਥਾਪਨਾ ਅਤੇ ਰਾਜੇ ਦੇ ਗੁਣਾਂ ਦਾ ਵਿਖਿਆਨ ਕੀਤਾ ਹੈ । ਈਸਾਈ ਧਰਮ 'ਚ ਰੱਬ ਦੇ ਰਾਜ ਦੀ ਗੱਲ ਕਰਦੇ ਹੋਏ ਭਾਵੇਂ ਕਿ ਦੁਨਿਆਵੀ ਰਾਜੇ ਨੂੰ ਨਕਾਰਿਆ ਨਹੀਂ ਗਿਆ ਪਰ ਫਿਰ ਵੀ ਰੱਬੀ ਰਾਜ ਨੂੰ ਹੀ ਸਥਿਰ ਮੰਨਿਆ ਗਿਆ ਹੈ । ਇਸਲਾਮ ਵਿੱਚ ਮੁਹੰਮਦ ਸਾਹਿਬ ਦੁਆਰਾ ਅਰਬ ਵਿਖੇ ਅਰੰਭ ਕੀਤੇ ਧਰਮ ਅਤੇ ਰਾਜ ਦੇ ਸੰਯੁਕਤ ਸਿਧਾਂਤ ਨੂੰ ਚਾਰ ਖ਼ਲੀਫ਼ਿਆਂ ਤੱਕ ਸ੍ਰੇਸ਼ਟ ਮੰਨਿਆ ਗਿਆ ਹੈ । ਜਿਹੜੇ ਸਿਧਾਂਤ ਖ਼ਲੀਫ਼ਿਆਂ ਰਾਹੀਂ ਸਾਹਮਣੇ ਆਏ, ਉਨ੍ਹਾਂ 'ਚ ਹੌਲੀ-ਹੌਲੀ ਨਿਘਾਰ ਆਉਂਦਾ ਗਿਆ । ਇਸ ਕਰਕੇ ਜਦੋਂ ਮੁਗ਼ਲ ਰਾਜ ਭਾਰਤ 'ਚ ਸਥਾਪਿਤ ਹੋਇਆ ਤਾਂ ਭਾਵੇਂ ਉਹ ਇਸਲਾਮ ਧਰਮ ਨਾਲ ਸੰਬੰਧਿਤ ਸਨ ਪਰ ਧਰਮ ਦੇ ਸਿਧਾਂਤਾਂ ਤੋਂ ਉਲਟ ਕਾਰਜ ਕਰਦੇ ਰਹੇ, ਜਿਸ ਨਾਲ ਸਮਾਜ ਵਿੱਚ ਨਫ਼ਰਤ ਅਤੇ ਵੈਰ-ਵਿਰੋਧ ਦੀ ਭਾਵਨਾ ਪ੍ਰਫੁੱਲਿਤ ਹੋ ਗਈ ਸੀ ।

ਪੂਰਬ ਵਿਖੇ ਹਿੰਦੂ, ਜੈਨ, ਬੁੱਧ ਅਤੇ ਸਿੱਖ ਧਰਮ ਪ੍ਰਮੁੱਖਤਾ ਨਾਲ ਦੇਖੇ ਜਾਂਦੇ ਹਨ ਬੁੱਧ ਧਰਮ ਦਾ ਪ੍ਰਮੁੱਖ ਸ਼ਾਸਕ ਅਸ਼ੋਕ ਨੂੰ ਮੰਨਿਆ ਜਾਂਦਾ ਹੈ, ਜਿਸ ਨੇ ਸ਼ਾਂਤੀ ਅਤੇ ਅਹਿੰਸਾ ਨੂੰ ਪ੍ਰਮੁੱਖਤਾ ਨਾਲ ਪ੍ਰਚਾਰਿਆ ਸੀ। ਹਿੰਦੂ ਧਰਮ 'ਚ ਚਾਰ ਯੁੱਗਾਂ ਦਾ ਵਰਨਣ ਦੇਖਣ ਨੂੰ ਮਿਲਦਾ ਹੈ ਅਤੇ ਪਹਿਲੇ ਤਿੰਨ ਯੁੱਗਾਂ ਵਿੱਚ ਇੱਕ ਸ਼੍ਰੋਮਣੀ ਰਾਜਾ ਮੰਨਿਆ ਜਾਂਦਾ ਹੈ, ਜਿਹੜਾ ਕਿ ਧਰਮ ਦੇ ਅਨੁਸਾਰ ਰਾਜ ਨੂੰ ਚਲਾਉਣ ਦੀ ਭਾਵਨਾ 'ਤੇ ਜ਼ੋਰ ਦਿੰਦਾ ਸੀ । ਰਾਜਾ ਜਨਕ, ਰਾਜਾ ਰਾਮਚੰਦਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਨੂੰ ਅਜਿਹੇ ਰਾਜਿਆਂ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ, ਜਿਹੜੇ ਕਿ ਧਰਮ ਦਾ ਪ੍ਰਤੀਕ ਮੰਨੇ ਜਾਂਦੇ ਹਨ। ਕਲਯੁੱਗ ਵਿੱਚ ਹਿੰਦੂ ਧਰਮ ਦੇ ਬਹੁਤ ਸਾਰੇ ਰਾਜਿਆਂ ਦਾ ਜ਼ਿਕਰ ਦੇਖਣ ਨੂੰ ਮਿਲਦਾ ਹੈ, ਜਿਹੜੇ ਕਿ ਆਪਸ ਵਿੱਚ ਲੜਦੇ ਰਹੇ ਪਰ ਫਿਰ ਵੀ ਧਾਰਮਿਕ ਤੌਰ 'ਤੇ 'ਰਾਮ ਰਾਜ' ਦੀ ਸਥਾਪਨਾ ਦਾ ਉਦੇਸ਼ ਪੂਰਾ ਕਰਨ ਲਈ ਯਤਨ ਕੀਤੇ ਜਾਂਦੇ ਰਹੇ। 'ਰਾਮ ਰਾਜ' ਭਾਰਤੀ ਮਾਨਸਿਕਤਾ ਦਾ ਹਿੱਸਾ ਹੈ ਅਤੇ ਸ਼ਾਇਦ ਇਸੇ ਲਈ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ 'ਰਾਮ ਮੰਦਰ' ਨੂੰ ਰਾਜ ਦੀ ਪ੍ਰਾਪਤੀ ਦਾ ਸਾਧਨਾ ਮੰਨਿਆ ਜਾਣ ਲੱਗਿਆ ਸੀ।

ਪੂਰਬੀ ਧਰਮਾਂ ਵਿੱਚ ਸਿੱਖ ਧਰਮ ਦਾ ਵਿਸ਼ੇਸ਼ ਸਥਾਨ ਹੈ। ਭਾਵੇਂ ਕਿ ਗਿਣਤੀ 'ਚ ਇਹ ਘੱਟ-ਗਿਣਤੀ ਹਨ ਪਰ ਰਾਜਸੀ ਦਬਾਅ ਪੈਦਾ ਕਰਨ ਲਈ ਇਹ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਇਹ ਗੁੜ੍ਹਤੀ ਇਨ੍ਹਾਂ ਨੂੰ ਗੁਰੂ ਸਾਹਿਬਾਨ ਤੋਂ ਪ੍ਰਾਪਤ ਹੋਈ ਹੈ, ਜਿਸ 'ਚ ਰਾਜੇ ਦੇ ਜ਼ਾਲਮ ਅਤੇ ਅਨਿਆਂਕਾਰੀ ਹੋਣ ਨੂੰ ਇੱਕ ਵੱਡਾ ਔਗੁਣ ਮੰਨਦੇ ਹੋਏ, ਉਸ ਦੇ ਵਿਰੁੱਧ ਸੰਘਰਸ਼ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿਣ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ। ਗੁਰੂ ਸਾਹਿਬਾਨ ਵਲੋਂ ਜ਼ੁਲਮ ਦੇ ਖ਼ਿਲਾਫ਼ ਦਿੱਤੀ ਗਈ ਇਹ ਪ੍ਰੇਰਨਾ ਮੌਜੂਦਾ ਸਮੇਂ ਤੱਕ ਕਿਸੇ ਨਾ ਕਿਸੇ ਰੂਪ ਵਿੱਚ ਕਾਇਮ ਹੈ ।ਰਾਜੇ ਦੀ ਸ਼ਕਤੀ ਦੀ ਪ੍ਰਵਾਹ ਕੀਤੇ ਬਗ਼ੈਰ ਉਸ ਦੇ ਵਿਰੁੱਧ ਬੋਲਣਾ ਅਤੇ ਉਸ ਦੁਆਰਾ ਕੀਤੇ ਜਾ ਰਹੇ ਜਬਰ ਅਤੇ ਜ਼ੁਲਮ ਦਾ ਟਾਕਰਾ ਕਰਨ ਦੀ ਸਿੱਖਿਆ ਗੁਰੂ ਨਾਨਕ ਦੇਵ ਜੀ ਨੇ ਪ੍ਰਦਾਨ ਕੀਤੀ, ਜਿਹੜੀ ਕਿ ਇਨ੍ਹਾਂ ਦੇ ਉੱਤਰਧਿਕਾਰੀ ਗੁਰੂ ਸਾਹਿਬਾਨ ਦੇ ਸਮੇਂ ਵੀ ਜਾਰੀ ਰਹੀ। ਦਸਵੇਂ ਗੁਰੂ ਗੋਬਿੰਦ ਸਿੰਘ ਜੀ ਤੱਕ ਰਾਜ ਦੀ ਸ਼ਕਤੀ ਵਿਰੁੱਧ ਸੰਘਰਸ਼ ਕਰਨ ਦੇ ਸਮੂਹ ਸਦਾਚਾਰੀ ਅਤੇ ਜੁਝਾਰੂ ਢੰਗ-ਤਰੀਕੇ ਸਿੱਖ ਜੀਵਨਜਾਚ ਦਾ ਅੰਗ ਬਣ ਗਏ ਸਨ।

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਰਾਜ ਸਥਾਪਤੀ ਦੀ ਜਿਹੜੀ ਮਿਸਾਲ ਕਾਇਮ ਕੀਤੀ ਸੀ, ਉਹ ਬਾਅਦ ਵਾਲੇ ਸਿੱਖ ਸਰਦਾਰਾਂ ਲਈ ਪ੍ਰੇਰਨਾ ਸਰੋਤ ਬਣੀ। ਅਠਾਰ੍ਹਵੀਂ ਸਦੀ 'ਚ ਸਿੱਖ ਸਰਦਾਰ ਗੁਰਬਾਣੀ ਦੀਆਂ ਇਨ੍ਹਾਂ ਸਿੱਖਿਆਵਾਂ ਅਨੁਸਾਰ ਹਾਕਮਾਂ ਅਤੇ ਹਮਲਾਵਰਾਂ ਨੂੰ ਚੁਣੌਤੀ ਦਿੰਦੇ ਰਹੇ-'ਰਾਜੇ ਚੁਲੀ ਨਿਆਵ ਕੀ', 'ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ', 'ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥' ਰਾਜਿਆਂ ਦੇ ਜ਼ੁਲਮਾਂ ਖ਼ਿਲਾਫ਼ ਧਰਮ ਅਤੇ ਤਿਆਗ ਦੀ ਭਾਵਨਾ ਅਨੁਸਾਰ ਹੋਈਆਂ ਬੇਅੰਤ ਸ਼ਹਾਦਤਾਂ ਨੇ ਸਿੱਖ ਸਰਦਾਰਾਂ ਨੂੰ ਆਪੋ-ਆਪਣੇ ਇਲਾਕਿਆਂ ਦੇ ਰਾਜੇ ਬਣਾ ਦਿੱਤਾ ਸੀ ਅਤੇ ਆਮ ਲੋਕ ਸਰਦਾਰਾਂ ਨੂੰ ਆਪਣੇ ਪਿੰਡਾਂ ਦੀ ਰੱਖਿਆ ਦੀ ਬੇਨਤੀ ਕਰਨ ਲੱਗੇ ਸਨ । ਸਿੱਖ ਸਰਦਾਰਾਂ ਦੇ ਰੂਪ 'ਚ ਸਾਹਮਣੇ ਆਇਆ ਰਾਜ ਪ੍ਰਬੰਧ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇੱਕ ਸਥਾਪਿਤ ਰਾਜ ਪ੍ਰਣਾਲੀ ਦਾ ਰੂਪ ਧਾਰਨ ਕਰ ਗਿਆ ਸੀ, ਜਿਸ ਨੇ ਆਪਣੇ ਰਾਜ 'ਚ ਸਮਾਜ ਦੇ ਹਰ ਇੱਕ ਵਰਗ ਨੂੰ ਸੁਰੱਖਿਆ ਅਤੇ ਸਤਿਕਾਰ ਪ੍ਰਦਾਨ ਕੀਤਾ ਸੀ।


ਭਾਰਤ ਅਤੇ ਪੱਛਮ ਵਿੱਚ ਜਿੰਨੇ ਵੀ ਰਾਜ ਸਥਾਪਿਤ ਹੋਏ ਹਨ, ਉਨ੍ਹਾਂ 'ਚ ਰਾਜ ਧਰਮ ਅਤੇ ਰਾਜੇ ਦੇ ਗੁਣਾਂ ਨੂੰ ਲੈ ਕੇ ਅਕਸਰ ਚਰਚਾ ਦੇਖਣ ਨੂੰ ਮਿਲਦੀ ਹੈ। ਅਕਸਰ ਇਹ ਕਿਹਾ ਜਾਂਦਾ ਹੈ ਕਿ ਰਾਜੇ ਦੇ ਗੁਣ ਉਸ ਨੂੰ ਰਾਜ ਚਲਾਉਣ ਅਤੇ ਸ਼ਕਤੀਸ਼ਾਲੀ ਬਣਾਉਣ 'ਚ ਸਹਾਈ ਹੁੰਦੇ ਹਨ। ਰਾਜੇ ਦੇ ਪ੍ਰਮੁੱਖ ਗੁਣ ਪ੍ਰਜਾ ਦੀ ਖ਼ੁਸ਼ਹਾਲੀ ਹੋਣਾ ਚਾਹੀਦਾ ਹੈ, ਜਿਸ ਦਾ ਜ਼ਿਕਰ ਕਰਦੇ ਹੋਏ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਜੇਕਰ ਰਾਜਾ ਧਾਰਮਿਕ ਨਿਆਂ ਭਾਵਨਾ ਵਾਲਾ ਰਹੇ ਤਾਂ ਉਸ ਦੇ ਰਾਜ 'ਚ ਪ੍ਰਜਾ ਸੁਖ ਪੂਰਬਕ ਵਸਦੀ ਹੈ- ਜੈਸੇ ਰਾਜਾ ਧਰਮ ਸਰੂਪ ਰਾਜਨੀਤ ਬਿਖੈ ਤਾ ਕੇ ਦੇਸ ਪਰਜਾ ਬਸਤ ਸੁਖ ਪਾਇ ਕੈ ॥ (ਕਬਿੱਤ, 418)। ਭਾਈ ਸਾਹਿਬ ਦੁਆਰਾ ਦੱਸੇ ਗਏ ਰਾਜੇ ਦੇ ਗੁਣ ਆਦਰਸ਼ ਸਮਾਜ ਦੀ ਸਿਰਜਣਾ ਕਰਨ 'ਤੇ ਕੇਂਦਰਿਤ ਹਨ ਪਰ ਇਹ ਆਦਰਸ਼ ਤਾਂ ਹੀ ਸਥਾਪਿਤ ਹੋ ਸਕਦੇ ਹਨ, ਜੇਕਰ ਰਾਜਾ ਧਰਮ ਦੀਆਂ ਕਦਰਾਂ-ਕੀਮਤਾਂ ਨਾਲ ਜੁੜ ਕੇ ਲੋਕਾਂ ਦੀ ਸੇਵਾ ਕਰੇ ।ਲੋਕਾਂ ਦੇ ਕਲਿਆਣ ਦੀ ਭਾਵਨਾ ਨੂੰ ਛੱਡ ਕੇ ਸਵਾਰਥ ਤੱਕ ਸੀਮਿਤ ਰਹਿਣ ਵਾਲੇ ਰਾਜੇ ਨਾ ਤਾਂ ਆਪ ਸੁਖੀ ਰਹਿੰਦੇ ਹਨ ਅਤੇ ਨਾ ਹੀ ਪ੍ਰਜਾ ਨੂੰ ਸੁੱਖ ਪ੍ਰਦਾਨ ਕਰਨ ਦੀ ਭਾਵਨਾ ਰੱਖਦੇ ਹਨ ਅਤੇ ਹਮੇਸ਼ਾ ਦੁਖੀ ਰਹਿੰਦੇ ਹਨ। ਗੁਰਬਾਣੀ 'ਚ ਦੁਨਿਆਵੀ ਰਾਜਿਆਂ ਨੂੰ ਦੁਖੀ ਅਤੇ ਅਧਿਆਤਮਿਕ ਉੱਚਤਾ ਪ੍ਰਾਪਤ ਕਰਨ ਵਾਲਿਆਂ ਨੂੰ ਸੁਖੀ ਮੰਨਦੇ ਹੋਏ ਕਿਹਾ ਗਿਆ ਹੈ:

ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥
ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥
ਅੰਗ : 264






# ਡਾ . ਆਤਮਜੀਤ ਸਿੰਘ ਇੱਕ ਵਿਦਵਾਨ ਸ਼ਖਸੀਅਤ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377





ਉਹਨਾਂ ਦਿਨਾਂ ਵਿੱਚ ਜਦੋਂ ਮੈਂ 29 ਮਈ 1995 ਨੂੰ ਨਿਊਯਾਰਕ ਤੋਂ ਕੈਲੀਫ਼ੋਰਨੀਆ ਆਣ ਵੱਸਿਆ। ਮੇਰੀ ਰਸਮੀ ਮੁਲਾਕਾਤ ਡਾ. ਆਤਮਜੀਤ ਸਿੰਘ ਨਾਲ ਗੁਰਦੁਆਰਾ ਹੇਵਰਡ ਵਿਖੇ ਹੋਈ। ਫਿਰ ਪੰਜਾਬੀ ਸਾਹਿਤ, ਸੱਭਿਆਚਾਰ, ਵਿਦਿਅਕ, ਧਾਰਮਿਕ ਅਤੇ ਵਿਹਾਰਕ ਪ੍ਰੋਗਰਾਮਾਂ ਵਿੱਚ ਮਿਲਦੇ ਰਹੇ। ਨੇੜਤਾ ਵਧਦੀ ਗਈ। ਟੈਲੀਫੋਨ 'ਤੇ ਲੰਮੀਆਂ ਵਿਚਾਰਾਂ ਹੋਣ ਲੱਗੀਆਂ । ਅਸੀਂ ਮਿਲ ਕੇ ਸੈਨਹੋਜੇ ਸਟੇਟ ਯੂਨੀਵਰਸਿਟੀ ਵਿਚੋਂ ਕਈ ਧਰਮ ਤੇ ਵਿਰਸੇ ਦੇ ਪ੍ਰੋਗਰਾਮਾਂ ਦਾ ਪ੍ਰਬੰਧ ਕੀਤਾ। ਉਹਨਾਂ ਨੇ ਪਹਿਲਾਂ ਅਗਸਤ 1993 ਵਿੱਚ ਬਰਕਲੇ ਯੂਨੀਵਰਸਿਟੀ ਕੈਲੀਫੋਰਨੀਆਂ ਦੇ ਦੱਖਣੀ ਅਤੇ ਦੱਖਣੀ ਪੂਰਬੀ ਅਧਿਐਨ ਵਿਭਾਗ ਵਿੱਚ ਪੰਜਾਬੀ ਭਾਸ਼ਾ ਦਾ ਪਹਿਲਾ ਪ੍ਰੋਗਰਾਮ ਸਥਾਪਤ ਕੀਤਾ। ਸੰਨ 1998 ਵਿੱਚ ਉਹ ਸੈਨਹੋਜੇ ਸਟੇਟ ਯੂਨੀਵਰਸਿਟੀ ਪੰਜਾਬੀ ਭਾਸ਼ਾ ਪ੍ਰੋਗਰਾਮ ਚਲਾਉਣ ਲੱਗੇ।

ਸੰਨ 2010 ਵਿੱਚ ਉਹਨਾਂ ਦੀ ਧਰਮ ਪਤਨੀ ਬਿਮਾਰ ਪੈ ਗਈ। ਉਹ ਹਸਪਤਾਲ ਵਿੱਚ ਲੰਮਾ ਸਮਾਂ ਰਹੀ। ਇਸ ਦੇ ਨਾਲ ਹੀ ਜਨ 2010 ਵਿੱਚ ਪੰਜਾਬੀ ਕਲਾਸਾਂ ਯੂਨੀਵਰਸਿਟੀ ਵਿੱਚ ਬੰਦ ਹੋ ਗਈਆਂ। ਇੱਕ ਤਾਂ ਉਹਨਾਂ ਨੂੰ ਦਿਨ ਰਾਤ ਆਪਣੀ ਬਿਮਾਰ ਪਤਨੀ ਦੀ ਦੇਖ ਰੇਖ ਕਰਨੀ ਪੈਂਦੀ। ਦੂਸਰਾ ਪੰਜਾਬੀ ਕਲਾਸਾਂ ਦੁਬਾਰਾ ਸ਼ੁਰੂ ਕਰਵਾਉਣ ਲਈ ਮਾਲੀ ਸਹਾਇਤਾ ਜੁਟਾਉਣ ਲਈ ਯਤਨਸ਼ੀਲ ਸਨ। ਇਸ ਭੱਜ ਦੌੜ ਵਿੱਚ ਅਤੇ ਪ੍ਰੇਸ਼ਾਨੀਆਂ ਵਿੱਚ ਉਹਨਾਂ ਦੀ ਸਿਹਤ ਵਿਗੜ ਰਹੀ ਸੀ। ਇੱਕ ਦਿਨ ਸਵੇਰੇ ਉਹਨਾਂ ਦੇ ਅੰਬਾਲਾ ਛਾਉਣੀ ਦੇ ਹਮਜਮਾਤੀ ਗੁਰਚਰਨ ਸਿੰਘ ਫਲਕ ਦਾ ਫੋਨ ਆਇਆ ਕਿ ਡਾ. ਸਾਹਿਬ ਚਲਾਣਾ ਕਰ ਗਏ ਹਨ। ਮੈਂ ਕਿਹਾ ਕਿ ਬਿਮਾਰ ਤਾਂ ਉਹਨਾਂ ਦੀ ਪਤਨੀ ਸੀ। ਫਲਕ ਸਾਹਿਬ ਨੇ ਕਿਹਾ ਕਿ ਨਹੀਂ. ਡਾ. ਸਾਹਿਬ ਆਪ 12 ਨਵੰਬਰ 2010 ਨੂੰ ਚਲਾਣਾ ਕਰ ਗਏ ਹਨ। ਮੇਰੀ ਹੈਰਾਨੀ ਦੀ ਹੱਦ ਨਾ ਰਹੀ ਕਿਉਂਕਿ ਮੈਂ ਅਕਸਰ ਉਹਨਾਂ ਦੀ ਪਤਨੀ ਦੀ ਖ਼ਬਰ ਵਾਸਤੇ ਮਿਲਦਾ ਰਹਿੰਦਾ ਸੀ। ਅਖੀਰਲੇ ਸਮੇਂ ਜਦੋਂ ਹਸਪਤਾਲ ਵਿੱਚ ਡਾ. ਸਾਹਿਬ ਦੀ ਵਿਗੜਦੀ ਹਾਲਤ ਵੇਖ ਕੇ ਨਰਸ ਨੇ ਸੰਭਾਲਣਾ ਚਾਹਿਆ ਤਾਂ ਉਹਨਾਂ ਕਿ ਮੈਨੂੰ ਨਾ ਸੰਭਾਲੋ, ਜਾਣ ਦਿਓ। ਇੱਕ ਰਾਹ ਦਸੇਰੇ ਹਮਸਫਰ ਨਿੱਘੇ ਮਿੱਤਰ ਦੇ ਤੁਰ ਜਾਣ ਤੇ ਭਾਰੀ ਦੁੱਖ ਹੋਇਆ। ਉਹਨਾਂ ਦੀ ਪਤਨੀ ਵੀ 29 ਮਈ 2011 ਨੂੰ ਚਲਾਣਾ ਕਰ ਗਏ ਸਨ।

ਵਿਸ਼ਵ ਪ੍ਰਸਿੱਧ ਵਿਦਵਾਨ, ਉੱਘੇ ਅਕਾਦਮਿਕ, ਡਾਕਟਰ ਅਤੇ ਪ੍ਰੋਫੈਸਰ ਸਨ। ਜਿਨਾ ਪੰਜਾਬੀ ਮਾਂ ਬੋਲੀ, ਧਰਮ ਤੇ ਵਿਰਸੇ ਨੂੰ ਪ੍ਰਫੁਲਿਤ, ਪ੍ਰਚਾਰਨ ਅਤੇ ਪ੍ਰਸਾਰਨ ਲਈ ਆਖਰੀ ਦਮ ਤਕ ਬੜੀ ਸ਼ਿੱਦਤ ਨਾਲ ਆਪਣਾ ਫਰਜ਼ ਨਿਭਾਇਆ। ਉਹ ਇੱਕ ਅਣਥੱਕ ਪਾਂਧੀ ਸਨ।

ਆਪ ਜੀ ਦਾ ਜਨਮ 7 ਅਗਸਤ 1934 ਨੂੰ ਇੱਕ ਅਕਾਦਮਿਕ ਪਰਵਾਰ ਵਿੱਚ ਮੁਕਤਸਰ ਜ਼ਿਲ੍ਹਾ ਫ਼ਿਰੋਜ਼ਪੁਰ ਪੰਜਾਬ ਵਿੱਚ ਹੋਇਆ। ਆਪ ਜੀ ਦੇ ਪਿਤਾ ਕੇਸਰ ਸਿੰਘ ਉਬਰਾਏ ਪ੍ਰੋਫੈਸਰ ਸਨ। ਆਪ ਜੀ ਦੀ ਮਾਤਾ ਦਾ ਨਾਉਂ ਬਲਬੀਰ ਕੌਰ ਸੀ। ਹਾਈ ਸਕੂਲ ਤੱਕ ਦੀ ਵਿਦਿਆ ਸੀ. ਬੀ. ਹਾਈ ਸਕੂਲ ਅੰਬਾਲਾ ਛਾਉਣੀ ਤੋਂ ਪ੍ਰਾਪਤ ਕੀਤੀ। ਉਚੇਰੀ ਸਿੱਖਿਆ ਜੀ ਐਮ ਐਨ ਕਾਲਜ ਅੰਬਾਲਾ ਲੁਧਿਆਣਾ ਅਤੇ ਪਟਿਆਲਾ ਤੋਂ ਪ੍ਰਾਪਤ ਕੀਤੀ। ਉਹਨਾਂ ਨੇ ਪੀਐਚਡੀ ਪੰਜਾਬੀ ਕਵੀ ਵਿਦਵਾਨ ਡਾ. ਹਰਿਭਜਨ ਸਿੰਘ ਦੀ ਅਗਵਾਈ ਹੇਠ ਦਿੱਲੀ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ। ਖੋਜ ਵਿਸ਼ਾ ਰਿਹਾ " ਪੰਜਵੀਂ ਪਾਤਿਸ਼ਾਹੀ ਗੁਰੂ ਅਰਜਨ ਦੇਵ ਸਾਹਿਬ ਜੀ ਦੀਆਂ ਰਚਨਾਵਾਂ ਵਿੱਚ ਸ਼ਿੰਗਾਰ (ਬ੍ਰਹਮ ਸੁੰਦਰਤਾ) ਦੀ ਧਾਰਨਾ 'ਤੇ ਸੀ।

20 ਸਾਲ ਦੀ ਉਮਰ ਵਿੱਚ ਮੁਕੰਦ ਲਾਲ ਨੈਸ਼ਨਲ ਕਾਲਜ ਯਮੁਨਾ ਨਗਰ ਵਿੱਚ ਲੈਕਚਰਾਰ ਲੱਗੇ। ਉਪਰੰਤ ਖ਼ਾਲਸਾ ਕਾਲਜ ਅਤੇ ਆਰਟਸ ਵਿਭਾਗ ਦਿੱਲੀ ਯੂਨੀਵਰਸਿਟੀ , ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਪੰਜਾਬੀ ਅਧਿਆਪਕ ਵਿਦਵਾਨ ਵਜੋਂ ਪ੍ਰਸਿੱਧ ਹੋਏ। ਉਹਨਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਪੰਜਾਬੀ ਅਧਿਐਨ ਸਕੂਲ ਦੇ ਪ੍ਰੋਫੈਸਰ ਅਤੇ ਚੇਅਰਮੈਨ ਵਜੋਂ ਸੇਵਾ ਨਿਭਾਈ। ਉਹ ਦੋ ਵਾਰ ਪੰਜਾਬ ਰਾਜ ਪਾਠ ਪੁਸਤਕ ਬੋਰਡ ਦੇ ਨਿਰਦੇਸ਼ਕ ਵੀ ਰਹੇ। ਜਿਥੇ ਉਹਨਾਂ ਨੇ ਕੇ 12 ਅਤੇ ਕਾਲਜ ਪੱਧਰ ਤੇ ਪੰਜਾਬ ਵਿੱਚ ਵਰਤੋ ਲਈ ਪਾਠਕ੍ਰਮ ਅਤੇ ਪਾਠ ਪੁਸਤਕਾਂ ਦੇ ਵਿਕਾਸ ਦੀ ਅਗਵਾਈ ਕੀਤੀ। ਅੰਤਰਰਾਸ਼ਟਰੀ ਪੱਧਰ ਤੇ ਵਿਦੇਸ਼ੀ ਭਾਸ਼ਾਵਾਂ ਦੇ ਟੋਕੀਓ ਯੂਨੀਵਰਸਿਟੀ ਵਿੱਚ ਪੰਜਾਬੀ ਭਾਸ਼ਾ ਦੀਆਂ ਜਮਾਤਾਂ ਪੜਾਈਆਂ। ਰਿਫ ਉਸਾਕਾ ਯੂਨੀਵਰਸਿਟੀ ਆਫ਼ ਫੋਰਨ ਸਟੱਡੀਜ ਵਿਖੇ ਸੈਮੀਨਾਰ ਅਤੇ ਗੋਸ਼ਟੀਆਂ ਕਰਵਾਈਆਂ। ਥਾਂਈਲੈਂਡ, ਯੂਨਾਈਟਿਡ ਕਿੰਗਡਮ ਅਤੇ ਸੰਯੁਕਤ ਰਾਜ ਅਮਰੀਕਾ ਵਿੱਚ ਸਿੱਖ ਵਿਰਸੇ ਦੀਆਂ ਪੰਜਾਬੀ ਜਮਾਤਾਂ ਪੜਾਈਆਂ।

ਅਗਸਤ 1993 ਵਿੱਚ ਯੂਨੀਵਰਸਿਟੀ ਕੈਲੀਫ਼ੋਰਨੀਆ ਬਰਕਲੇ ਅਮਰੀਕਾ ਵਿਖੇ ਪੰਜਾਬੀ ਪ੍ਰੋਗਰਾਮ ਲਾਗੂ ਕਰਨ ਦੇ ਮੋਢੀ ਸਨ। ਸੰਨ 1998 ਵਿੱਚ ਸੈਨਹੋਜੇ ਸਟੇਟ ਯੂਨੀਵਰਸਿਟੀ ਵਿਖੇ ਪੰਜਾਬੀ ਭਾਸ਼ਾ ਪ੍ਰੋਗਰਾਮ ਤੇ ਕੰਮ ਕੀਤਾ। ਇਸ ਸਮੇਂ ਦੌਰਾਨ ਉਹਨਾਂ ਦਾ ਅੰਦਰ ਧਰਮ ਅਤੇ ਪੰਜਾਬੀ ਭਾਈਚਾਰੇ ਦਾ ਇੱਕ ਅਦਾਰਾ ਬਣ ਗਿਆ ਮੇਰੇ ਤੋਂ ਇਲਾਵਾ ਮਹਿੰਦਰ ਸਿੰਘ ਮਦਾਨ, ਡਾ. ਇੰਦਰ ਮੋਹਨ ਸਿੰਘ, ਜੰਗ ਸਿੰਘ ਗਿਆਨੀ, ਆਜ਼ਾਦ ਜਲੰਧਰੀ, ਗੁਰਚਰਨ ਸਿੰਘ ਫਲਕ, ਹਰਭਜਨ ਸਿੰਘ ਬੈਂਸ, ਡਾ.ਰਜਿੰਦਰ ਸਿੰਘ, ਡਾ. ਅਜੀਤਪਾਲ ਸਿੰਘ, ਡਾ.ਹਰਦੇਵ ਸਿੰਘ ਮਾਂਗਟ, ਡਾ. ਅਵਤਾਰ ਸਿੰਘ ਆਦਿ ਸ਼ਾਮਲ ਸਨ। ਜਿਨ੍ਹਾਂ ਦੇ ਸਹਿਯੋਗ ਨਾਲ ਸਿੱਖ ਧਰਮ ਅਤੇ ਵਿਰਸੇ ਦੇ ਨਾਲ ਪੰਜਾਬੀ ਸਾਹਿਤ ਬਾਰੇ ਵੱਡੀਆਂ ਕਾਨਫਰੰਸਾਂ ਦਾ ਆਯੋਜਨ ਕੀਤਾ। ਜਿਸ ਵਿੱਚ ਸਿੱਖ ਅਧਿਐਨ, ਸੂਫੀਵਾਦ ਦਾ ਵਿਸ਼ਵੀਕਰਨ ਗੁਰੂ ਗ੍ਰੰਥ ਸਾਹਿਬ ਜੀ ਦਾ ਅਨਾਦਿ ਸੁਨੇਹਾ, ਗੁਰੂ ਅਰਜਨ ਦੇਵ ਸਾਹਿਬ ਜੀ ਦੇ ਜੀਵਨ ਅਤੇ ਬਾਣੀ ਰਚਨਾ ਬਾਰੇ ਆਦਿ ਵਿਸ਼ੇਸ਼ ਸਨ। ਉਹਨਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਸੀ ਕਿ ਸੈਨਹੋਜੇ ਸਟੇਟ ਯੂਨੀਵਰਸਿਟੀ ਅਮਰੀਕਾ ਦਾ ਲਾਈਬ੍ਰੇਰੀ ਦੀ ਦੂਸਰੀ ਮੰਜ਼ਲ ਤੇ ਗੁਰੂ ਨਾਨਕ ਵਿਰਾਸਤ ਨਾਉਂ ਹੇਠ ਪੰਜਾਬੀ ਪੁਸਤਕਾਂ ਅਤੇ ਹੋਰ ਦਰਸ਼ੀ ਸਾਧਨਾਂ ਨੂੰ ਜਗ੍ਹਾ ਦਿਵਾਈ। ਉਹਨਾਂ ਨੇ ਵੱਖ ਵੱਖ ਸਾਹਿਤਕ ਸੰਮੇਲਨਾਂ ਦੀ ਅਗਵਾਈ ਕੀਤੀ। ਉਹਨਾਂ ਨੇ ਆਪਣੇ ਵਿਦਿਆਰਥੀਆਂ ਨੂੰ ਗੁਰਮੁਖੀ ਲਿਪੀ ਦੇ ਪ੍ਰਯੋਗ ਦੀ ਜਾਚ ਸਿਖਾਈ ਅਤੇ ਪੰਜਾਬੀ ਮਾਂ ਬੋਲੀ ਪ੍ਰਤੀ ਉਤਸ਼ਾਹ ਭਰਿਆ। ਉਹਨਾਂ ਨੇ ਗੁਰਦੁਆਰਾ ਸਾਹਿਬ ਸੈਨਹੋਜੇ ਵਿਖੇ ਵੀ ਪੰਜਾਬੀ ਜਮਾਤਾਂ ਪੜਾਈਆਂ।

ਦੇਸ਼ ਵਿਦੇਸ਼ ਵਿੱਚ ਬਹੁਤ ਸਾਰੀਆਂ ਅਕਾਦਮਿਕ ਸੰਸਥਾਵਾਂ ਜਿਵੇਂ ਪੰਜਾਬੀ ਸਾਹਿਤ ਅਕਾਦਮੀ ਅਤੇ ਅਮਰੀਕਾ ਅਤੇ ਕੈਨੇਡਾ ਵਿੱਚ ਸੰਸਥਾਵਾਂ ਨਾਲ ਜੁੜੇ ਸਨ। ਉਹ ਧਰਮ ਅਤੇ ਵਿਰਸੇ ਦੇ ਸਾਹਿਤ ਨੂੰ ਦੇਸ਼ ਵਿਦੇਸ਼ ਵਿੱਚ ਅਦਾਨ ਪ੍ਰਦਾਨ ਰਾਹੀਂ ਪ੍ਰਫੁਲਤ ਕਰਨ ਲਈ ਇੱਕ ਪੁਲ ਦਾ ਕੰਮ ਕਰਦੇ ਸਨ।

ਉਹਨਾਂ ਦਾ ਇੱਕ ਵਿਦਵਾਨ ਅਤੇ ਅਧਿਆਪਨ ਵਿੱਚ ਉੱਘਾ ਸਤਿਕਾਰਯੋਗ ਸਥਾਨ ਸੀ, ਫਿਰ ਵੀ ਆਪ ਨਰਮ, ਸੁਭਾਅ, ਮਿਲਾਪੜੇ, ਕੋਮਲ ਮੁਸਕਰਾਹਟ, ਮਨੁੱਖਤਾ ਦੀ ਸੇਵਾ ਅਤੇ ਮੁਆਫ਼ ਕਰ ਦੇਣ ਵਾਲੇ ਗੁਣ ਸਨ। ਮਤਭੇਦ ਅਤੇ ਈਰਖਾ ਨੂੰ ਆਪਣੇ ਫਰਜ਼ ਵਿੱਚ ਰੁਕਾਵਟ ਨਹੀਂ ਬਣਨ ਦਿੱਤਾ। ਆਪਣੀ ਸਿਆਣਪ ਅਤੇ ਸਹਿਨਸ਼ੀਲਤਾ ਨਾਲ ਉਹਨਾਂ ਧਾਰਮਿਕ, ਸੱਭਿਆਚਾਰਕ ਅਤੇ ਸਾਹਿਤਕ ਵਿਰਸੇ ਪ੍ਰਤੀ ਸੁਹਿਰਦ ਫਰਜ਼ ਨਿਭਾਇਆ। ਉਹਨਾਂ ਨੂੰ ਮਜ਼ਬੂਤ ਇਰਾਦੇ ਨਾਲ ਵਿਦਿਆਰਥੀਆਂ ਅਤੇ ਭਾਈਚਾਰੇ ਨੂੰ ਹਮੇਸ਼ਾ ਜੋੜਿਆ।


ਉਹਨਾਂ ਦੇ ਭਰਾ ਅੰਮ੍ਰਿਤਪਾਲ ਸਿੰਘ ਓਹੀਓ ਯੂਨੀਵਰਸਿਟੀ ਅਮਰੀਕਾ ਵਿੱਚ ਅੰਗਰੇਜ਼ੀ ਅਤੇ ਅਫਰੀਕਨ ਅਮਰੀਕਨ ਸਟਡੀਜ ਦੇ ਉੱਘੇ ਪ੍ਰੋਫੈਸਰ ਨੇ ਆਪਣੇ ਵੱਡੇ ਭਰਾ ਨੂੰ ਕੋਮਲ ਸ਼ੇਰ ਦੱਸਿਆ ਹੈ। ਫਰਜ਼ਾਂ, ਕਦਰਾਂ ਕੀਮਤਾਂ ਦੇ ਸਟੀਲ ਪਿੰਜਰ ਵਿੱਚ ਸ਼ੇਰ ਦੇ ਨਾਲ ਇੱਕ ਲੇਲੇ ਦਾ ਨਰਮ ਦਿਲ ਵੀ ਸੀ। ਉਹਨਾਂ ਨੂੰ ਆਪਣੇ ਵਿਦਿਆਰਥੀਆਂ, ਪਰਵਾਰ , ਦੋਸਤਾਂ ਅਤੇ ਭਾਈਚਾਰੇ ਵੱਲੋਂ ਉਹਨਾਂ ਦੀ ਅਦਭੁਤ ਦੇਣ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

30 ਅਪ੍ਰੈਲ 2011 ਨੂੰ ਇੱਕ ਸ਼ਰਧਾਂਜਲੀ ਸਮਾਰੋਹ ਚਾਂਦਨੀ ਰੈਸਟਰਾਂ ਅਮਰੀਕਾ ਵਿੱਚ ਹੋਇਆ। ਰਾਜਦੂਤ ਕਰਾਮਾਤ ਉਲਾ ਗੌਰੀ ਨੇ ਆਪਣੇ ਮੂਲ ਭਾਵ ਵਿੱਚ ਕਿਹਾ ਕਿ ਅੱਜ ਇਸ ਸ਼ਰਧਾਂਜਲੀ ਸਮਾਰੋਹ ਵਿੱਚ ਇਕੱਠੇ ਹੋਏ ਲੇਖਕ ਵੱਖ ਵੱਖ ਖ਼ਿੱਤੇ, ਧਰਮ ਅਤੇ ਭਾਸ਼ਾ ਦੇ ਹਨ ਪਰ ਉਹ ਸਾਰੇ ਸਮਾਜਿਕ ਬੁਰਾਈਆਂ ਦੇ ਖ਼ਿਲਾਫ਼ ਲਿਖਦੇ ਹਨ। ਉਸੇ ਤਰ੍ਹਾਂ ਡਾ. ਆਤਮਜੀਤ ਸਿੰਘ ਨੇ ਪੰਜਾਬੀ ਮਾਂ ਬੋਲੀ ਧਰਮ ਤੇ ਵਿਰਸੇ ਨੂੰ ਪੜ੍ਹਾਇਆ ਹੈ। ਉਹਨਾਂ ਨੇ ਆਪਣੇ ਵਿਦਿਆਰਥੀਆਂ ਨੂੰ ਹਮੇਸ਼ਾ ਚੰਗੀ ਜੀਵਨ ਜਾਚ ਸਿਖਾਈ। ਉਹਨਾਂ ਨੇ ਆਪਣੇ ਹੁਨਰ ਪ੍ਰਤੀ ਹਮੇਸ਼ਾ ਬੜੀ ਹੀ ਤਨਦੇਹੀ ਅਤੇ ਇਮਾਨਦਾਰੀ ਨਾਲ ਫਰਜ਼ ਨਿਭਾਇਆ ਹੈ। ਉਹਨਾਂ ਪ੍ਰਤੀ ਸੱਚੀ ਸ਼ਰਧਾਂਜਲੀ ਇਹੀ ਹੈ ਕਿ ਉਹਨਾਂ ਦੀ ਵਿਰਾਸਤ ਨੂੰ ਹਮੇਸ਼ਾ ਅਗਾਂਹ ਤੋਰਿਆ ਜਾਵੇ। ਸਮਾਰੋਹ ਵਿੱਚ ਲੇਖਕ ਡਾ. ਅੰਮ੍ਰਿਤਜੀਤ ਸਿੰਘ, ਡਾ. ਮਹਿੰਦਰ ਸਿੰਘ ਮਦਾਨ, ਕਰਾਮਾਤ ਓਲਾ ਗੋਰੀ, ਪ੍ਰਮਿੰਦਰ ਸਿੰਘ ਪ੍ਰਵਾਨਾ ਪ੍ਰਬੰਧਕ, ਤਾਰਾ ਸਿੰਘ ਸਾਗਰ, ਕੁਲਦੀਪ ਸਿੰਘ ਢੀਂਡਸਾ, ਇਰੈਨੇ ਨੈਕਸੀਰਾ, ਲਾਲ ਸਿੰਘ ਭੱਟੀ ਢੋਲੀ, ਗੁਰਚਰਨ ਸਿੰਘ ਫਲਕ, ਅਜ਼ਾਦ ਜਲੰਧਰੀ, ਹਮੀਦਾ ਚੋਪੜਾ, ਤਾਸ਼ੀ ਜਹੀਰ, ਮੁਹੰਮਦ ਅਸ਼ਰਫ ਚੌਧਰੀ, ਮੁਹੰਮਦ ਸਲੀਮ ਅਖਤਰ, ਡਾ. ਸੁਖਮੰਦਰ ਸਿੰਘ, ਜਸਜੀਤ ਕੌਰ, ਜਨਾਰੋ ਰੋਡਕਟਿਜ, ਮਾਇਕ ਗਰਾਵਲ, ਮੁਹੰਮਦ ਅਸ਼ਰਫ ਤੂਰ, ਡਾ. ਅਵਤਾਰ ਸਿੰਘ, ਮੁਹੰਮਦ ਸਲੀਮ, ਡਾ. ਕੁਲਬੀਰ ਥਿੰਦ, ਆਗਾ ਸਈਦ ਆਦਿ ਹਾਜ਼ਰ ਸਨ।

ਅੰਤਿਕਾ : ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਪ੍ਰਭੂ ਦੀ ਹਜ਼ੂਰੀ ਵਿੱਚ ਸਤਿਕਾਰੇ ਜਾਂਦੇ ਹਨ। ਪਰਮਾਤਮਾ ਆਪ ਉਹਨਾਂ ਨੂੰ ਆਪਣੇ ਗਲ ਲਾਉਂਦਾ ਹੈ ਅੰਗ 41-42.





# ਕਿਵੇਂ ਹੋਵੇ ਬੱਚਿਆਂ ਦਾ ਬੌਧਿਕ ਵਿਕਾਸ?

ਕਮਲੇਸ਼ ਪਾਂਡੇ

ਦੁਨੀਆਂ ਦਾ ਹਰ ਵਿਅਕਤੀ ਚਾਹੁੰਦਾ ਹੈ ਕਿ ਉਸ ਦੇ ਬੱਚਿਆਂ ਦਾ ਬੌਧਿਕ ਵਿਕਾਸ ਹੋਵੇ, ਪਰ ਉਨ੍ਹਾਂ ਵਿੱਚੋਂ ਕਈਆਂ ਨੂੰ ਨਹੀਂ ਪਤਾ ਕਿ ਅਜਿਹਾ ਕਿਵੇਂ ਹੋਵੇਗਾ? ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਅਤੇ ਚੰਗੀ ਤਰ੍ਹਾਂ ਯੋਜਨਾਬੱਧ ਰੋਜ਼ਾਨਾ ਰੁਟੀਨ ਤੋਂ ਇਲਾਵਾ, ਹੋਰ ਕਿਹੜੀਆਂ ਚੀਜ਼ਾਂ ਹਨ ਜੋ ਤੁਹਾਡੇ ਬੱਚਿਆਂ ਦੀ ਬੌਧਿਕ ਯੋਗਤਾਵਾਂ ਨੂੰ ਵਿਕਸਤ ਕਰਦੀਆਂ ਹਨ? ਇੱਥੇ, ਵਿਦਿਆਰਥੀਆਂ ਦੇ ਬੋਧਾਤਮਕ ਜਾਂ ਬੌਧਿਕ ਵਿਕਾਸ ਦਾ ਅਰਥ ਹੈ ਉਨ੍ਹਾਂ ਦੀ ਸੋਚ ਅਤੇ ਤਰਕ ਕਰਨ ਦੀ ਯੋਗਤਾ ਦਾ ਬਹੁਪੱਖੀ ਵਿਕਾਸ। ਕਾਰਨ ਇਹ ਹੈ ਕਿ ਅਕਸਰ ਬੱਚੇ ਆਪਣੇ ਮਨ, ਵਿਚਾਰ ਅਤੇ ਸੋਚ ਨੂੰ ਉਸ ਕਾਲਪਨਿਕ ਸੰਸਾਰ ਨੂੰ ਸਮਝਣ ਲਈ ਕਿਵੇਂ ਸੰਗਠਿਤ ਕਰਦੇ ਹਨ ਜਿਸ ਵਿੱਚ ਉਹ ਰਹਿੰਦੇ ਹਨ, ਇਹ ਪੂਰੀ ਤਰ੍ਹਾਂ ਉਹਨਾਂ ਦੇ ਘਰੇਲੂ ਪਰਿਵਾਰਕ ਮਾਹੌਲ ਅਤੇ ਸਕੂਲ ਦੇ ਸਮੁੱਚੇ ਵਿਦਿਅਕ ਮਾਹੌਲ 'ਤੇ ਨਿਰਭਰ ਕਰਦਾ ਹੈ। ਇਸ ਲਈ ਉਨ੍ਹਾਂ ਦੇ ਚੇਤੰਨ ਵਿਕਾਸ ਨੂੰ ਕਿਵੇਂ ਉਤਸ਼ਾਹਿਤ ਕਰਨਾ ਹੈ, ਇਸ ਬਾਰੇ ਸਾਰਥਕ ਚਰਚਾ ਬਦਲਦੇ ਸਮੇਂ ਦੀ ਲੋੜ ਹੈ।

ਉਦਾਹਰਨ ਲਈ, ਕਿਸੇ ਵੀ ਮਾਤਾ ਜਾਂ ਪਿਤਾ ਜਾਂ ਦੇਖਭਾਲ ਕਰਨ ਵਾਲੇ ਨੂੰ ਆਪਣੇ ਬੱਚੇ ਦੀ ਮੌਜੂਦਾ ਬੌਧਿਕ ਸਥਿਤੀ ਨੂੰ ਸਮਝਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਬੱਚੇ ਦੇ ਬੋਧਾਤਮਕ ਜਾਂ ਬੌਧਿਕ ਵਿਕਾਸ ਲਈ ਚੰਗੀ ਤਰ੍ਹਾਂ ਯੋਜਨਾਬੱਧ ਗਤੀਵਿਧੀਆਂ ਪ੍ਰਦਾਨ ਕਰ ਸਕਣ। ਤੁਹਾਡੇ ਲਈ ਇਹ ਸਮਝਣਾ ਮਹੱਤਵਪੂਰਨ ਹੈ ਕਿ ਰਚਨਾਤਮਕ ਅਤੇ ਕਲਾਤਮਕ ਖੇਡ ਸਮੱਗਰੀ ਬੱਚਿਆਂ ਨੂੰ ਸਮੱਸਿਆ ਹੱਲ ਕਰਨ ਵਿੱਚ ਸ਼ਾਮਲ ਹੋਣ ਦੇ ਕੇ ਸਿੱਖਣ ਅਤੇ ਵਿਕਾਸ ਕਰਨ ਵਿੱਚ ਮਦਦ ਕਰਦੀ ਹੈ। ਇਸ ਟੀਚੇ ਦੀ ਪ੍ਰਾਪਤੀ ਲਈ ਉਨ੍ਹਾਂ ਦੇ ਸ਼ਬਦਾਵਲੀ ਗਿਆਨ ਨੂੰ ਵਧਾਉਣਾ, ਵਾਕ ਰਚਨਾ, ਵਸਤੂਆਂ ਦੀ ਚਰਚਾ, ਗੁੰਝਲਦਾਰ ਆਕਾਰਾਂ ਦੀ ਨਕਲ, ਤਰਕ ਅਤੇ ਬਹਿਸ ਕਰਨ ਦੀ ਸਮਰੱਥਾ ਅਤੇ 'ਕਿਉਂ ਅਤੇ ਕਿਉਂਕਿ' ਵਰਗੇ ਸ਼ਬਦਾਂ ਦੀ ਵਰਤੋਂ ਨੂੰ ਸਮਝਾਉਣਾ ਜ਼ਰੂਰੀ ਹੈ।

ਇਸ ਤੋਂ ਇਲਾਵਾ ਉਨ੍ਹਾਂ ਵਿੱਚ ਕੱਲ੍ਹ, ਅੱਜ ਅਤੇ ਕੱਲ੍ਹ ਵਰਗੇ ਸੰਕਲਪਾਂ ਦੀ ਸਮਝ ਵਿਕਸਿਤ ਕਰਨ ਦਾ ਯਤਨ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਦੱਸਿਆ ਗਿਆ ਹੈ ਕਿ ਡੈਸਕ ਜਾਂ ਮੇਜ਼ 'ਤੇ ਕਿਵੇਂ ਬੈਠਣਾ ਹੈ। ਉਨ੍ਹਾਂ ਨੂੰ ਅਨੁਸ਼ਾਸਨ ਸਿਖਾਇਆ ਜਾਂਦਾ ਹੈ ਕਿ ਆਪਣੇ ਅਧਿਆਪਕ ਦੀਆਂ ਹਦਾਇਤਾਂ ਦੀ ਪਾਲਣਾ ਕਿਵੇਂ ਕਰਨੀ ਹੈ। ਇਸ ਦੇ ਨਾਲ ਹੀ, ਇਹ ਜ਼ਰੂਰੀ ਹੈ ਕਿ ਉਹ ਕਿਸੇ ਵੀ ਸਧਾਰਨ ਕੰਮ ਨੂੰ ਸੁਤੰਤਰ ਤੌਰ 'ਤੇ ਕਿਵੇਂ ਕਰ ਸਕਣਗੇ, ਇਸ ਬਾਰੇ ਸ਼ੁਰੂਆਤੀ ਗਿਆਨ ਦਿੱਤਾ ਜਾਣਾ ਚਾਹੀਦਾ ਹੈ। ਇਸ ਤੋਂ ਬਾਅਦ, ਲੰਬੇ ਸਮੇਂ ਲਈ ਧਿਆਨ ਦੇਣ ਦੀ ਉਨ੍ਹਾਂ ਦੀ ਯੋਗਤਾ ਨੂੰ ਵਿਕਸਤ ਕਰਨ ਦੇ ਯਤਨ ਕੀਤੇ ਜਾਂਦੇ ਹਨ। ਉਹਨਾਂ ਨੂੰ ਹੋਰ ਜਿੰਮੇਵਾਰੀ ਲੈਣ ਲਈ ਉਤਸ਼ਾਹਿਤ ਕਰਨ ਦੇ ਯਤਨ ਕੀਤੇ ਜਾਂਦੇ ਹਨ, ਜਿਵੇਂ ਕਿ ਘਰੇਲੂ ਜਾਂ ਸਕੂਲ ਦਾ ਕੰਮ। ਉਹਨਾਂ ਵਿੱਚ ਅੰਸ਼, ਧਨ ਅਤੇ ਸਪੇਸ ਦੀਆਂ ਧਾਰਨਾਵਾਂ ਵਿਕਸਿਤ ਹੁੰਦੀਆਂ ਹਨ। ਉਨ੍ਹਾਂ ਦੀ ਸਮਝ, ਸਮੇਂ ਦਾ ਗਿਆਨ, ਹਫ਼ਤੇ ਦੇ ਮਹੀਨਿਆਂ ਅਤੇ ਦਿਨਾਂ ਦੇ ਨਾਵਾਂ ਦੀ ਤਰਤੀਬ ਅਤੇ ਪੁਸਤਕ ਪੜ੍ਹਨ ਦਾ ਆਨੰਦ ਲੈਣ ਦਾ ਢੰਗ ਆਪ ਹੀ ਸਮਝਾਇਆ ਜਾਂਦਾ ਹੈ।

ਕਿਉਂਕਿ, 12 ਤੋਂ 18 ਸਾਲ ਦੀ ਉਮਰ ਦੇ ਕਿਸ਼ੋਰ ਗੁੰਝਲਦਾਰ ਸੋਚ ਦੇ ਸਮਰੱਥ ਹੁੰਦੇ ਹਨ। ਇਸ ਲਈ ਹੁਣ ਉਨ੍ਹਾਂ ਨੂੰ ਸੰਭਾਵਨਾਵਾਂ ਬਾਰੇ ਅਮੂਰਤ ਸੋਚਣਾ ਚਾਹੀਦਾ ਹੈ, ਜਾਣੇ-ਪਛਾਣੇ ਸਿਧਾਂਤਾਂ ਤੋਂ ਬਹਿਸ ਕਰਨੀ ਚਾਹੀਦੀ ਹੈ, ਆਪਣੇ ਆਪ ਦੇ ਨਵੇਂ ਵਿਚਾਰ ਜਾਂ ਸਵਾਲ ਬਣਾਉਣੇ ਚਾਹੀਦੇ ਹਨ, ਸਭਿਅਤਾ ਅਤੇ ਸੱਭਿਆਚਾਰ ਦੇ ਕਈ ਦ੍ਰਿਸ਼ਟੀਕੋਣਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ, ਦੇਸ਼ ਅਤੇ ਸਮਾਜ ਦੇ ਵਿਚਾਰਾਂ ਜਾਂ ਵਿਚਾਰਾਂ ਦੀ ਤੁਲਨਾ ਕਰਨੀ ਚਾਹੀਦੀ ਹੈ ਅਤੇ ਬਹਿਸ ਕਰਨੀ ਚਾਹੀਦੀ ਹੈ ਇਸ ਲੜੀ ਰਾਹੀਂ ਦਿੱਤੀ ਜਾਂਦੀ ਹੈ। ਇਸ ਸੰਦਰਭ ਵਿੱਚ, ਉਨ੍ਹਾਂ ਦੀ ਸੋਚਣ ਪ੍ਰਕਿਰਿਆ ਬਾਰੇ ਸੋਚਣਾ, ਵਿਚਾਰ ਪ੍ਰਕਿਰਿਆਵਾਂ ਤੋਂ ਜਾਣੂ ਹੋਣਾ ਅਤੇ ਵਿਦਿਆਰਥੀਆਂ ਦੇ ਬੌਧਿਕ ਵਿਕਾਸ ਅਤੇ ਤਰੱਕੀ ਬਾਰੇ ਹੋਰ ਜਾਣਨਾ ਜ਼ਰੂਰੀ ਹੈ।

ਇਸ ਲਈ ਇਸ ਲੜੀ ਵਿੱਚ ਵਿਦਿਆਰਥੀਆਂ ਨੂੰ ਦੱਸਿਆ ਗਿਆ ਹੈ ਕਿ ਕਿਵੇਂ ਲਾਇਬ੍ਰੇਰੀ ਵਿੱਚ ਜਾਣ ਨਾਲ ਉਨ੍ਹਾਂ ਦੀ ਸ਼ਬਦਾਵਲੀ, ਕਲਪਨਾ ਅਤੇ ਸਿੱਖਣ ਦੀ ਇੱਛਾ ਸ਼ਕਤੀ ਵਿੱਚ ਵਾਧਾ ਹੋਵੇਗਾ। ਇਸ ਦੇ ਨਾਲ ਹੀ, ਲਾਇਬ੍ਰੇਰੀ ਕਾਰਡ ਬੱਚਿਆਂ ਨੂੰ ਉਧਾਰ ਲੈਣ ਅਤੇ ਜ਼ਿੰਮੇਵਾਰੀ ਦੇ ਸੰਕਲਪਾਂ ਨਾਲ ਜਾਣੂ ਕਰਵਾਉਣ ਦਾ ਵਧੀਆ ਤਰੀਕਾ ਹੈ। ਇਸ ਲਈ, ਮਾਪਿਆਂ ਅਤੇ ਸਰਪ੍ਰਸਤਾਂ ਦੀ ਜ਼ਿੰਮੇਵਾਰੀ ਹੈ ਕਿ



ਉਹ ਆਪਣੇ ਬੱਚਿਆਂ ਨੂੰ ਅਜਾਇਬ ਘਰ, ਨਵੇਂ ਆਂਢ-ਗੁਆਂਢ ਅਤੇ ਪ੍ਰਦਰਸ਼ਨੀਆਂ ਨਾਲ ਜਾਣੂ ਕਰਵਾਉਣ। ਆਪਣੇ ਬੱਚੇ ਨਾਲ ਵੱਧ ਤੋਂ ਵੱਧ ਨਿਰਵਿਘਨ ਸਮਾਂ ਬਿਤਾਓ। ਆਪਣੇ ਘਰ ਵਿੱਚ ਹੋਮਵਰਕ ਲਈ ਇੱਕ ਸਥਾਨ ਅਤੇ ਰੁਟੀਨ ਸੈੱਟ ਕਰੋ। ਜੇਕਰ ਤੁਸੀਂ ਆਪਣੇ ਬੱਚੇ ਦੀ ਤਰੱਕੀ ਬਾਰੇ ਚਿੰਤਤ ਹੋ ਤਾਂ ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰੋ। ਨਾਲ ਹੀ, ਲੰਬੇ ਸਮੇਂ ਲਈ ਟੈਲੀਵਿਜ਼ਨ, ਵੀਡੀਓ ਅਤੇ ਕੰਪਿਊਟਰ ਗੇਮਾਂ ਨੂੰ ਦੇਖਣ ਤੋਂ ਬਚੋ। ਇਸਦੇ ਨਾਲ ਹੀ, ਕਿਸ਼ੋਰ ਵਿਦਿਆਰਥੀਆਂ ਨੂੰ ਸਕੂਲ ਅਤੇ ਘਰ ਵਿੱਚ ਨਿੱਜੀ ਫੈਸਲੇ ਲੈਣ 'ਤੇ ਕੇਂਦ੍ਰਿਤ ਵਧੇਰੇ ਗੁੰਝਲਦਾਰ ਸੋਚ ਦੀ ਵਰਤੋਂ ਕਰਨ ਲਈ ਉਜਾਗਰ ਕਰੋ। ਸਮਝਾਓ ਕਿ ਉਹ ਸਕੂਲ ਦੇ ਕੰਮ ਵਿੱਚ ਰਸਮੀ ਤਰਕਪੂਰਨ ਕਾਰਵਾਈਆਂ ਦੀ ਵਰਤੋਂ ਨੂੰ ਕਿਵੇਂ ਦਿਖਾਉਣਾ ਸ਼ੁਰੂ ਕਰੇਗਾ। ਸਮਝਾਓ ਕਿ ਵਿਦਿਆਰਥੀ ਅਥਾਰਟੀ ਅਤੇ ਸਮਾਜਿਕ ਨਿਯਮਾਂ 'ਤੇ ਸਵਾਲ ਕਿਵੇਂ ਉਠਾਉਣਗੇ। ਉਹਨਾਂ ਨੂੰ ਵੱਖ-ਵੱਖ ਵਿਸ਼ਿਆਂ 'ਤੇ ਆਪਣੇ ਵਿਚਾਰ ਅਤੇ ਵਿਚਾਰ ਬਣਾਉਣਾ ਅਤੇ ਬੋਲਣਾ ਸ਼ੁਰੂ ਕਰਨਾ ਸਿਖਾਓ। ਤੁਸੀਂ ਆਪਣੇ ਬੱਚੇ ਨੂੰ ਇਸ ਬਾਰੇ ਗੱਲ ਕਰਦੇ ਸੁਣ ਸਕਦੇ ਹੋ ਕਿ ਉਹ ਕਿਹੜੀਆਂ ਖੇਡਾਂ ਜਾਂ ਸਮੂਹਾਂ ਨੂੰ ਪਸੰਦ ਕਰਦੇ ਹਨ ਅਤੇ ਉਹਨਾਂ ਨੂੰ ਪਾਲਣ-ਪੋਸ਼ਣ ਦੇ ਕਿਹੜੇ ਨਿਯਮਾਂ ਨੂੰ ਬਦਲਣਾ ਚਾਹੀਦਾ ਹੈ, ਇਸ ਲਈ ਇਸਦੇ ਸਮੁੱਚੇ ਪਹਿਲੂਆਂ ਬਾਰੇ ਇਕਸਾਰ ਦ੍ਰਿਸ਼ਟੀਕੋਣ ਵਿਕਸਿਤ ਕਰਨ ਵਿੱਚ ਉਹਨਾਂ ਦੀ ਮਦਦ ਕਰੋ।

ਇਸ ਪੜਾਅ 'ਤੇ ਵਿਦਿਆਰਥੀ ਵਧੇਰੇ ਗੁੰਝਲਦਾਰ, ਦਾਰਸ਼ਨਿਕ ਅਤੇ ਭਵਿੱਖ ਸੰਬੰਧੀ ਚਿੰਤਾਵਾਂ ਨੂੰ ਸ਼ਾਮਲ ਕਰਨ ਲਈ ਸੋਚ ਦਾ ਵਿਸਤਾਰ ਕਰਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਉਹਨਾਂ ਨੂੰ ਅਕਸਰ ਵਧੇਰੇ ਵਿਆਪਕ ਤੌਰ 'ਤੇ ਸਵਾਲ ਕੀਤੇ ਜਾਂਦੇ ਹਨ ਅਤੇ ਵਧੇਰੇ ਵਿਆਪਕ ਤੌਰ 'ਤੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਸ ਲਈ, ਉਹ ਆਪਣੀ ਰਹਿਤ ਮਰਯਾਦਾ ਬਾਰੇ ਸੋਚਦਾ ਹੈ ਅਤੇ ਇਸਨੂੰ ਬਣਾਉਣਾ ਸ਼ੁਰੂ ਕਰਦਾ ਹੈ? ਉਹ ਵੱਖ-ਵੱਖ ਸੰਭਾਵਨਾਵਾਂ ਬਾਰੇ ਸੋਚਦਾ ਹੈ ਅਤੇ ਆਪਣੀ ਪਛਾਣ ਬਣਾਉਣਾ ਸ਼ੁਰੂ ਕਰਦਾ ਹੈ। ਉਹ ਯੋਜਨਾਬੱਧ ਢੰਗ ਨਾਲ ਭਵਿੱਖ ਦੇ ਸੰਭਵ ਟੀਚਿਆਂ 'ਤੇ ਵਿਚਾਰ ਕਰਨਾ ਸ਼ੁਰੂ ਕਰਦਾ ਹੈ। ਉਸ ਦੇ ਮਨ ਵਿੱਚ ਸਵਾਲ ਉੱਠਦੇ ਹਨ ਕਿ ਮੈਂ ਕੀ ਸਮਝਦਾ ਹਾਂ? ਮੈਂ ਕੌਣ ਹਾਂ? ਮੈਂ ਕੀ ਚਾਹੁੰਦਾ ਹਾਂ?ਇਸ ਉਮਰ ਵਿੱਚ ਵਿਦਿਆਰਥੀ ਘੱਟ ਸਵੈ-ਕੇਂਦ੍ਰਿਤ ਸੰਕਲਪਾਂ ਅਤੇ ਨਿੱਜੀ ਫੈਸਲੇ ਲੈਣ 'ਤੇ ਧਿਆਨ ਕੇਂਦਰਿਤ ਕਰਨ ਲਈ ਗੁੰਝਲਦਾਰ ਸੋਚ ਦੀ ਵਰਤੋਂ ਕਰਦੇ ਹਨ। ਉਹ ਨਿਆਂ, ਇਤਿਹਾਸ, ਰਾਜਨੀਤੀ, ਗਿਆਨ ਅਤੇ ਦੇਸ਼ਭਗਤੀ ਵਰਗੇ ਵਿਸ਼ਵਵਿਆਪੀ ਸੰਕਲਪਾਂ ਬਾਰੇ ਸੋਚਦਾ ਹੈ।

# ਕਿਤੇ ਗੁਆਚਦੇ ਜਾ ਰਹੇ ਨੇ ਬੱਚਿਆਂ ਦੇ ਬਾਲ ਮਨ

## ਆਨਲਾਈਨ ਪੜ੍ਹਾਈ ਕਾਰਨ ਚਿੰਤਾ ਅਤੇ ਤਣਾਅ ਦਾ ਸ਼ਿਕਾਰ ਹੋ ਰਹੇ ਹਨ ਬੱਚੇ



ਰਾਜਿੰਦਰ ਪ੍ਰਸਾਦ ਸ਼ਰਮਾ

ਜੇਕਰ ਦੇਖਿਆ ਜਾਵੇ ਤਾਂ ਕੋਰੋਨਾ ਦੇ ਬਾਅਦ ਤੋਂ ਹੀ ਬੱਚਿਆਂ ਵਿੱਚ ਡਿਪਰੈਸ਼ਨ ਅਤੇ ਚਿੰਤਾ ਦੀ ਬਿਮਾਰੀ ਤੇਜ਼ੀ ਨਾਲ ਵੱਧ ਰਹੀ ਹੈ। ਕੋਰੋਨਾ ਦੀ ਦਹਿਸ਼ਤ, ਲਾਕਡਾਊਨ, ਘਰ ਤੋਂ ਕੰਮ ਅਤੇ ਬੱਚਿਆਂ ਦੀ ਆਨਲਾਈਨ ਪੜ੍ਹਾਈ ਦੇ ਮਾੜੇ ਪ੍ਰਭਾਵ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਔਨਲਾਈਨ ਸਟੱਡੀ ਦੇ ਕਾਰਨ, ਬੱਚੇ ਇਸ ਤਰ੍ਹਾਂ ਦੀਆਂ ਜ਼ਿਆਦਾਤਰ ਮੋਬਾਈਲ ਐਪਸ ਦੇ ਸੰਪਰਕ ਵਿੱਚ ਆਉਣ ਲੱਗ ਪਏ ਹਨ ਜੋ ਕਿਸੇ ਨਾ ਕਿਸੇ ਰੂਪ ਵਿੱਚ ਸਿੱਧੇ ਤੌਰ 'ਤੇ ਉਨ੍ਹਾਂ ਦੇ ਬਚਪਨ ਨੂੰ ਪ੍ਰਭਾਵਤ ਕਰਨ ਲੱਗ ਪਏ ਹਨ। ਜਿੱਥੇ ਬੱਚੇ ਚਾਹੇ ਜਾਂ ਨਾ ਚਾਹੇ ਔਨਲਾਈਨ ਗੇਮਾਂ ਦੇ ਆਦੀ ਹੋ ਗਏ ਹਨ, ਉੱਥੇ ਸੋਸ਼ਲ ਮੀਡੀਆ ਸਾਈਟਾਂ ਵੀ ਆਦੀ ਹੋ ਗਈਆਂ ਹਨ ਅਤੇ ਬੱਚਿਆਂ ਦੇ ਦਿਲਾਂ ਅਤੇ ਦਿਮਾਗਾਂ 'ਤੇ ਮਾੜਾ ਪ੍ਰਭਾਵ ਪਾਉਣ ਵਿੱਚ ਸਫਲ ਰਹੀਆਂ ਹਨ। ਜੇ ਅਸੀਂ ਇਸ ਨੂੰ ਵੇਖੀਏ, ਤਾਂ ਬੱਚੇ ਖੇਡਾਂ ਖੇਡਦੇ ਹੋਏ ਤਣਾਅ ਅਤੇ ਚਿੰਤਾ ਦੇ ਦੌਰ ਵਿੱਚ ਦਾਖਲ ਹੋ ਗਏ ਹਨ।



ਜੀਵਨ ਸ਼ੈਲੀ ਅਤੇ ਸਮਾਜਿਕ-ਆਰਥਿਕ ਸਥਿਤੀਆਂ ਵਿੱਚ, ਅੱਜ ਦੇ ਬੱਚਿਆਂ ਵਿੱਚ ਚਿੰਤਾ ਅਤੇ ਉਦਾਸੀ ਆਮ ਹੁੰਦੀ ਜਾ ਰਹੀ ਹੈ। ਇਹ ਦਾਅਵਾ ਮੰਨੇ-ਪ੍ਰਮੰਨੇ ਮਨੋਵਿਗਿਆਨੀ ਮੈਗਜ਼ੀਨ ਜਾਮਾ ਸਾਈਕਾਇਟਰੀ ਵਿੱਚ ਪ੍ਰਕਾਸ਼ਿਤ ਇੱਕ ਤਾਜ਼ਾ ਰਿਪੋਰਟ ਵਿੱਚ ਕੀਤਾ ਗਿਆ ਹੈ। ਅਧਿਐਨ ਦੌਰਾਨ ਮਨੋਵਿਗਿਆਨੀਆਂ ਨੇ 11 ਤੋਂ 15 ਸਾਲ ਦੀ ਉਮਰ ਦੇ ਬੱਚਿਆਂ 'ਤੇ ਅਧਿਐਨ ਕੀਤਾ ਅਤੇ ਖਾਸ ਤੌਰ 'ਤੇ ਇਹ ਸਮਝਣ ਦੀ ਕੋਸ਼ਿਸ਼ ਕੀਤੀ ਗਈ ਕਿ ਜਿਸ ਤਰ੍ਹਾਂ ਜ਼ੁਕਾਮ ਇੱਕ ਛੂਤ ਵਾਲੀ ਬਿਮਾਰੀ ਹੈ ਅਤੇ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਫੈਲਦੀ ਹੈ, ਉਸੇ ਤਰ੍ਹਾਂ ਚਿੰਤਾ ਜਾਂ ਡਿਪਰੈਸ਼ਨ ਵੀ ਇੱਕ ਵਿਅਕਤੀ ਨੂੰ ਪ੍ਰਭਾਵਿਤ ਕਰ ਸਕਦਾ ਹੈ। ਕੀ ਇਹ ਕਿਸੇ ਹੋਰ ਬੱਚੇ ਨੂੰ ਪ੍ਰਭਾਵਿਤ ਕਰ ਸਕਦਾ ਹੈ? ਅਧਿਐਨ ਵਿੱਚ ਪਾਇਆ ਗਿਆ ਕਿ ਘਬਰਾਹਟ ਜਾਂ ਗੁੱਸੇ ਤੋਂ ਪ੍ਰਭਾਵਿਤ ਬੱਚਿਆਂ ਦੇ ਲੱਛਣ ਉਨ੍ਹਾਂ ਦੇ ਸਾਥੀਆਂ ਵਿੱਚ ਵੀ ਵਿਕਸਤ ਹੁੰਦੇ ਦੇਖੇ ਗਏ ਸਨ। ਇਹ ਅਧਿਐਨ ਇੱਕ-ਦੋ ਨਹੀਂ ਸਗੋਂ ਸੱਤ ਲੱਖ ਬੱਚਿਆਂ 'ਤੇ ਵੀ ਕੀਤਾ ਗਿਆ ਹੈ। ਚਿੰਤਾ ਦੀ ਗੱਲ ਇਹ ਹੈ ਕਿ ਠੰਢ ਛੂਤਕਾਰੀ ਹੈ ਅਤੇ ਇਸ ਦੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਨੂੰ ਇਸ ਦੀ ਲਪੇਟ ਵਿੱਚ ਆਉਣ ਦੀ ਪ੍ਰਬਲ ਸੰਭਾਵਨਾ ਹੈ, ਲਗਭਗ ਇਹੀ ਸਥਿਤੀ ਚਿੰਤਾ ਅਤੇ ਉਦਾਸੀ ਨਾਲ ਦੇਖੀ ਜਾ ਰਹੀ ਹੈ। ਸਥਿਤੀ ਦੀ ਗੰਭੀਰਤਾ ਨੂੰ ਇਸ ਤੱਥ ਤੋਂ ਸਮਝਿਆ ਜਾ ਸਕਦਾ ਹੈ ਕਿ ਫਿਨਲੈਂਡ ਯੂਨੀਵਰਸਿਟੀ ਦੇ ਖੋਜਕਰਤਾਵਾਂ ਦੁਆਰਾ ਕੀਤੇ ਗਏ ਇੱਕ ਅਧਿਐਨ ਵਿੱਚ ਇਹ ਸਪੱਸ਼ਟ ਹੋ ਗਿਆ ਹੈ ਕਿ ਛੇ ਵਿੱਚੋਂ ਇੱਕ ਵਿਅਕਤੀ ਬੇਚੈਨੀ ਭਾਵ ਚਿੰਤਾ ਤੋਂ ਪ੍ਰਭਾਵਿਤ ਹੈ। ਕੋਰੋਨਾ ਤੋਂ ਬਾਅਦ ਅਜਿਹੇ ਮਰੀਜ਼ਾਂ ਦੀ ਗਿਣਤੀ 60 ਫੀਸਦੀ ਵਧ ਰਹੀ ਹੈ।

ਖੋਜਕਰਤਾਵਾਂ ਦੀ ਮੰਨੀਏ ਤਾਂ ਕੋਵਿਡ 19 ਯਾਨੀ ਕੋਰੋਨਾ ਤੋਂ ਬਾਅਦ ਸਥਿਤੀ ਤੇਜ਼ੀ ਨਾਲ ਵਿਗੜ ਗਈ ਹੈ। ਬੱਚੇ ਖਾਸ ਕਰਕੇ ਅਮੀਰਾਂ ਅਤੇ ਬਜ਼ੁਰਗਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਬੇਚੈਨੀ, ਘਬਰਾਹਟ, ਹੱਥਾਂ ਵਿੱਚ ਕਾਂਬਾ, ਇਨਸੌਮਨੀਆ, ਚਿੜਚਿੜਾਪਨ, ਤਣਾਅ, ਨਿਰਾਸ਼ਾ ਆਦਿ ਲੱਛਣ ਦਿਖਾਈ ਦੇਣ ਲੱਗਦੇ ਹਨ। ਇਸ ਕਾਰਨ ਬੱਚਿਆਂ ਵਿੱਚ ਨਕਾਰਾਤਮਕਤਾ ਵੀ ਵੱਧ ਰਹੀ ਹੈ। ਇਸ ਤੋਂ ਵੱਧ ਚਿੰਤਾ ਦੀ ਗੱਲ ਇਹ ਹੈ ਕਿ ਇਹ ਬਿਮਾਰੀ ਬੱਚਿਆਂ ਵਿੱਚ ਛੂਤ ਦੀ ਬਿਮਾਰੀ ਵਾਂਗ ਫੈਲ ਰਹੀ ਹੈ। ਕਰੋਨਾ ਦੇ ਲੌਕਡਾਊਨ ਨਾਲ ਮਾਪਿਆਂ ਦੀ ਅੰਨ੍ਹੀ ਪ੍ਰਤੀਯੋਗਤਾ ਅਤੇ ਵੱਧ ਤੋਂ ਵੱਧ ਪ੍ਰਾਪਤੀ ਦੀ ਇੱਛਾ, ਬੱਚਿਆਂ ਵਿੱਚ ਆਪਸੀ ਸਹਿਯੋਗ, ਤਾਲਮੇਲ, ਦੋਸਤੀ, ਭਾਗੀਦਾਰੀ ਦੀ ਥਾਂ ਅਸੰਵੇਦਨਸ਼ੀਲਤਾ ਅਤੇ ਗਲੇ ਕੱਟਣ ਦੇ ਮੁਕਾਬਲੇ ਦੇ ਨਤੀਜੇ ਸਾਹਮਣੇ ਆਉਣ ਲੱਗੇ ਹਨ। ਬੱਚਿਆਂ ਵਿੱਚ ਨਿਰਾਸ਼ਾ ਆਮ ਹੁੰਦੀ ਜਾ ਰਹੀ ਹੈ। ਬਾਕੀ ਕੰਮ ਸੋਸ਼ਲ ਮੀਡੀਆ ਨੇ ਪੂਰਾ ਕਰ ਲਿਆ ਹੈ। ਸੋਸ਼ਲ ਮੀਡੀਆ ਜੋ ਆਪਸੀ ਸੰਚਾਰ ਦਾ ਸਾਧਨ ਬਣ ਸਕਦਾ ਹੈ, ਤਣਾਅ ਦਾ ਵੱਡਾ ਕਾਰਨ ਬਣਦਾ ਜਾ ਰਿਹਾ ਹੈ। ਪਸੰਦ, ਨਾਪਸੰਦ ਅਤੇ ਟਿੱਪਣੀਆਂ ਬਾਲਮਨ ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਕਰ ਰਹੀਆਂ ਹਨ। ਆਨਲਾਈਨ ਪੜ੍ਹਾਈ ਕਾਰਨ ਬੱਚੇ ਮੋਬਾਈਲ ਫੋਨਾਂ ਦੇ ਆਦੀ ਹੋ ਗਏ ਹਨ ਅਤੇ ਇਸ ਦਾ ਮਾੜਾ ਅਸਰ ਵੀਡੀਓ ਗੇਮਾਂ ਦੇ ਰੂਪ 'ਚ ਦੇਖਿਆ ਜਾ ਸਕਦਾ ਹੈ, ਜੋ ਕਿ ਬੱਚਿਆਂ 'ਚ ਗੇਮਾਂ ਖੇਡਣ ਕਾਰਨ ਡਿਪ੍ਰੈਸ਼ਨ 'ਚ ਜਾਂਦੇ ਦੇਖਿਆ ਜਾ ਸਕਦਾ ਹੈ। (**ਬਾਕੀ ਸਫ਼ਾ 31 'ਤੇ**)

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035

ਪੰਜਾਬੀ ਕਹਾਣੀ

ਡਾ. ਇਕਬਾਲ ਸਿੰਘ ਸਕਰੌਦੀ

# ਉਡਾਰੂ ਹੋਏ ਬੋਟ



ਹਰਜੀਤ ਸਿੰਘ ਨੇ ਪੰਜਾਬ ਇੰਜੀਨੀਅਰਿੰਗ ਕਾਲਜ ਚੰਡੀਗੜ੍ਹ ਤੋਂ ਕੰਪਿਊਟਰ ਸਾਇੰਸ ਵਿੱਚ ਬੀ.ਟੈੱਕ. ਦੀ ਡਿਗਰੀ ਬਹੁਤ ਵਧੀਆ ਅੰਕ ਲੈ ਕੇ ਹਾਸਲ ਕਰ ਲਈ ਸੀ। ਹੁਣ ਉਸ ਨੇ ਕਈ ਵੱਡੀਆਂ ਫਰਮਾਂ ਵਿੱਚ ਨੌਕਰੀ ਲਈ ਅਪਲਾਈ ਕਰ ਦਿੱਤਾ ਸੀ। ਬੇਸ਼ੱਕ, ਅਜੇ ਤੱਕ ਉਸ ਨੂੰ ਕਿਸੇ ਵੀ ਫਰਮ ਵੱਲੋਂ ਨੌਕਰੀ ਲਈ ਸੱਦਾ ਪੱਤਰ ਨਹੀਂ ਸੀ ਮਿਲਿਆ, ਪਰ ਤਿੰਨ ਫਰਮਾਂ ਨੇ ਉਸ ਨੂੰ ਕੁਝ ਸਮੇਂ ਲਈ ਇੰਤਜ਼ਾਰ ਕਰਨ ਲਈ ਕਿਹਾ ਸੀ। ਇਹ ਤੈਅ ਸੀ ਕਿ ਦੇਰ ਸਵੇਰ ਉਸ ਨੂੰ ਕਿਸੇ ਨਾ ਕਿਸੇ ਵੱਡੀ ਫਰਮ ਵਿੱਚ ਚੰਗੀ ਨੌਕਰੀ ਲੱਗਣ ਦੀ ਪੂਰੀ ਸੰਭਾਵਨਾ ਸੀ।

ਪਰ ਉਹ ਆਪਣੇ ਸਕੂਲ ਪੜ੍ਹਦੇ ਦੋਸਤਾਂ ਸਤਿਪ੍ਰੀਤ ਸੰਧੂ ਅਤੇ ਹੇਮ ਰਾਜ ਗੋਇਲ ਦੇ ਅਜਿਹਾ ਧੱਕੇ ਚੜ੍ਹਿਆ ਕਿ ਉਸ ਨੇ ਵੀ ਕੈਨੇਡਾ ਜਾਣ ਦੀ ਜ਼ਿੱਦ ਫੜ ਲਈ। ਮੱਧਵਰਗੀ ਕਿਸਾਨੀ ਪਰਿਵਾਰ ਨਾਲ ਸਬੰਧਿਤ ਉਸ ਦੇ ਪਾਪਾ ਇੰਦਰਬੀਰ ਸਿੰਘ ਖੰਘੂੜਾ ਨੇ ਉਸ ਨੂੰ ਬਹੁਤ ਸਮਝਾਇਆ, "ਦੇਖ ਪੁੱਤਰ, ਘਰ ਦੀ ਸਾਰੀ ਸਥਿਤੀ ਤੇਰੇ ਸਾਹਮਣੇ ਐ। ਕੁੱਲ ਨੌਂ ਏਕੜ ਭੋਇੰ ਆਪਣੇ ਕੋਲ ਐ। ਦੱਬ ਘੁੱਟ ਕੇ ਬੜੀ ਮੁਸ਼ਕਲ ਨਾਲ ਘਰ ਦਾ ਦਾਲ-ਫੁਲਕਾ ਤੁਰਦੈ। ਤੇਰੀ ਪੜ੍ਹਾਈ ਉੱਤੇ ਲੱਖਾਂ ਰੁਪਈਏ ਖ਼ਰਚ ਚੁੱਕੇ ਆਂ। ਹੁਣ ਤੇਰੀ ਡਿਗਰੀ ਪੂਰੀ ਹੋ ਗਈ ਐ। ਅੱਜ ਭਲਕ 'ਚ ਤੇਰੀ ਕੋਈ ਨਾ ਕੋਈ ਨੌਕਰੀ ਲੱਗ ਜੂ ਗੀ। ਤੂੰ ਪਰਦੇਸਾਂ 'ਚ ਕਾਹਦੇ ਲਈ ਧੱਕੇ ਖਾਣੇ ਐਂ।"

ਪਰ ਯਾਰਾਂ ਦੀ ਉਹਨੂੰ ਅਜਿਹੀ ਉਂਗਲ ਲੱਗੀ ਹੋਈ ਸੀ ਕਿ ਉਹ ਕੋਈ ਵੀ ਗੱਲ ਸੁਣਨ ਸਮਝਣ ਲਈ ਰੱਤੀ ਭਰ ਵੀ ਤਿਆਰ ਨਹੀਂ ਸੀ। ਉਹਨੇ ਆਪਣੇ ਪਾਪਾ ਨੂੰ ਦੋ ਟੁੱਕ ਫ਼ੈਸਲਾ ਸੁਣਾ ਦਿੱਤਾ, "ਦੇਖੋ ਪਾਪਾ, ਜਿੰਨੀ ਕੁ ਆਪਣੇ ਕੋਲ ਜ਼ਮੀਨ ਹੈ। ਤੁਸੀਂ ਸਾਰੀ ਉਮਰ ਮਿੱਟੀ ਨਾਲ ਮਿੱਟੀ ਹੁੰਦੇ ਰਹੇ ਓ। ਆਪਣੇ ਪੱਲੇ ਕੀ ਪਿਐ? ਸਾਰੀ ਉਮਰ ਆਪਾਂ ਰੁੱਖੀ ਮਿੱਸੀ ਖਾ ਕੇ ਡੰਗ ਟਪਾਇਆ ਹੈ। ਇਸ ਲਈ ਮੈਂ ਤਾਂ ਆਈਲੈਟਸ ਕਲੀਅਰ ਕਰ ਕੇ ਕੈਨੇਡਾ ਹੀ ਜਾਣਾ ਹੈ। ਬੱਸ ਤੁਸੀਂ ਮੇਰੇ ਲਈ ਜਹਾਜ਼ ਦੀ ਟਿਕਟ ਅਤੇ ਮੇਰੀ ਦੋ ਸਮੈਸਟਰ ਦੀ ਫ਼ੀਸ ਦਾ ਪ੍ਰਬੰਧ ਕਰ ਦਿਓ। ਉਸ ਤੋਂ ਬਾਅਦ ਮੈਂ ਤੁਹਾਨੂੰ ਕਦੇ ਵੀ ਫ਼ੀਸ ਜਾਂ ਖ਼ਰਚੇ ਲਈ ਨਹੀਂ ਕਹਾਂਗਾ। ਬੱਸ, ਤੁਸੀਂ ਹੁਣ ਨੰਨਾ ਨਾ ਮਾਰੋ। ਮੈਨੂੰ ਪਤੈ, ਮੇਰਾ ਭਵਿੱਖ ਇੱਥੇ ਨਹੀਂ ਹੈ।"

ਪੁੱਤਰ ਦੀ ਜ਼ਿੱਦ ਅਤੇ ਦ੍ਰਿੜ੍ਹਤਾ ਭਰੀਆਂ ਗੱਲਾਂ ਸੁਣ ਕੇ ਉਸ ਦੇ ਪਾਪਾ ਚੁੱਪ ਕਰ ਗਏ। ਹਰਜੀਤ ਨੇ ਪਾਪਾ ਤੋਂ ਪੰਦਰਾਂ ਹਜ਼ਾਰ ਰੁਪਏ ਲੈ ਕੇ ਉਸੇ ਦਿਨ ਨੇੜਲੇ ਸ਼ਹਿਰ ਜਾ ਕੇ ਆਈਲੈਟਸ ਦੀ ਫ਼ੀਸ ਭਰ ਦਿੱਤੀ।

ਉਹ ਹਰ ਰੋਜ਼ ਆਪਣੇ ਪੁਰਾਣੇ ਸਕੂਟਰ 'ਤੇ ਕਲਾਸ ਲਾਉਣ ਸ਼ਹਿਰ ਜਾਂਦਾ। ਘਰ ਆ ਕੇ ਸਾਰਾ-ਸਾਰਾ ਦਿਨ ਆਪਣੇ ਨੋਟਸ ਦੀ ਫੋਲਾ ਫਾਲੀ ਕਰਦਾ ਰਹਿੰਦਾ। ਕਦੇ ਨੈੱਟ ਉੱਤੇ ਜਾ ਕੇ ਕੁਝ ਨਾ ਕੁਝ ਸਰਚ ਕਰਦਾ ਰਹਿੰਦਾ। ਉਹ ਦੇਰ ਰਾਤ ਤੱਕ ਪੜ੍ਹਦਾ ਰਹਿੰਦਾ।

ਇੱਕ ਦੋ ਵਾਰੀ ਰਾਤੀਂ ਢਾਈ ਪੌਣੇ ਤਿੰਨ ਵਜੇ ਉਸ ਦੇ ਬੀਜੀ ਦੀ ਜਾਗ ਖੁੱਲ੍ਹੀ। ਪੁੱਤ ਦੇ ਕਮਰੇ ਦੀ ਜਗਦੀ ਲਾਈਟ ਵੇਖ ਕੇ ਉਸ ਨੇ ਹੌਲੀ ਜਿਹੀ ਦਰਵਾਜ਼ਾ ਖੋਲ੍ਹਿਆ। ਪੁੱਤ ਨੂੰ ਪੜ੍ਹਾਈ ਵਿੱਚ ਮਗਨ ਵੇਖ ਕੇ ਉਸ ਨੂੰ ਖ਼ੁਸ਼ੀ ਭਰੀ ਤਸੱਲੀ ਹੋਈ ਕਿ ਉਹ ਬਹੁਤ ਸਖ਼ਤ ਮਿਹਨਤ ਕਰ ਰਿਹਾ ਹੈ। ਉਹ ਉਸ ਨੂੰ ਬੁਲਾਏ ਬਿਨਾਂ ਚੁੱਪਚਾਪ ਮੁੜ ਆਈ ਸੀ। ਅਗਲੀ ਰਾਤ ਫਿਰ ਸਵੇਰੇ ਤਿੰਨ ਵਜੇ ਉਹਦੇ ਬੀਜੀ ਦੀ ਅੱਖ ਖੁੱਲ੍ਹ ਗਈ। ਉਹ ਹੌਲੀ ਜਿਹੀ ਪੁੱਤ ਦੇ ਕਮਰੇ ਵਿੱਚ ਚਲੀ ਗਈ। ਬੀਜੀ ਨੇ ਉਹਦੇ ਵਾਲ਼ਾਂ ਵਿੱਚ ਪਿਆਰ ਨਾਲ ਹੱਥ ਫੇਰਦਿਆਂ ਆਖਿਆ, "ਪੁੱਤ ਹਰੀ, ਬਹੁਤ ਰਾਤ ਹੋ ਗਈ। ਤੂੰ ਕੱਲ੍ਹ ਸਵੇਰੇ ਆਪਣੀ ਕਲਾਸ ਲਾਉਣ ਸ਼ਹਿਰ ਵੀ ਜਾਣਾ ਹੈ। ਹੁਣ ਤੈਨੂੰ ਆਰਾਮ ਕਰਨਾ ਚਾਹੀਦਾ ਹੈ।"

ਮਾਂ ਦੀਆਂ ਮੋਹ ਅਤੇ ਪਿਆਰ ਭਰੀਆਂ ਗੱਲਾਂ ਸੁਣ ਕੇ ਉਹ ਬੋਲਿਆ, "ਬੀਜੀ, ਬੱਸ ਮੇਰਾ ਥੋੜ੍ਹਾ ਜਿਹਾ ਕੰਮ ਬਾਕੀ ਹੈ। ਕੱਲ੍ਹ ਨੂੰ ਮੇਰੇ ਸਰ ਨੇ ਸਾਡਾ ਟੈਸਟ ਲੈਣਾ ਹੈ। ਬੱਸ, ਉਸੇ ਦੀ ਤਿਆਰੀ ਵਿੱਚ ਲੱਗਾ ਹਾਂ। ਬੀਜੀ, ਤੁਸੀਂ ਮੇਰੀ ਸਿਹਤ ਜਾਂ ਨੀਂਦ ਲਈ ਕੋਈ ਫ਼ਿਕਰ ਨਾ ਕਰਿਆ ਕਰੋ। ਮੈਂ ਬਿਲਕੁਲ ਠੀਕ ਹਾਂ। ਨਾਲੇ ਕੁਝ ਹਾਸਲ ਕਰਨ ਲਈ ਨੀਂਦ ਅਤੇ ਸੁਖ ਦਾ ਤਿਆਗ ਤਾਂ ਕਰਨਾ ਹੀ ਹੁੰਦਾ ਹੈ। ਦੂਜਾ, ਆਪਣੇ ਘਰ ਦੀ ਸਾਰੀ ਸਥਿਤੀ ਮੇਰੇ ਸਾਹਮਣੇ ਹੈ। ਪਾਪਾ ਨੇ ਪਹਿਲਾਂ ਹੀ ਮੇਰੀ ਪੜ੍ਹਾਈ ਉੱਤੇ ਲੱਖਾਂ ਰੁਪਈਏ ਖ਼ਰਚ ਕਰ ਦਿੱਤੇ ਹਨ। ਬੱਸ, ਹੁਣ ਇਹ ਆਖ਼ਰੀ ਹੰਭਲਾ ਮਾਰ ਕੇ ਮੈਂ ਆਪਣੀ ਮੰਜ਼ਿਲ ਫ਼ਤਹਿ ਕਰਨੀ ਚਾਹੁੰਦਾ ਹਾਂ। ਮੇਰੀ ਇੱਕੋ ਇੱਕ ਦਿਲੀ ਤਮੰਨਾ ਹੈ ਕਿ ਆਪਣੇ ਪੈਰਾਂ ਉੱਤੇ ਖੜ੍ਹੋ ਕੇ ਬੀਜੀ ਪਾਪਾ ਦੀ ਝੋਲ਼ੀ ਵਿੱਚ ਉਹ ਸਾਰੀਆਂ ਖ਼ੁਸ਼ੀਆਂ ਪਾ ਸਕਾਂ ਜਿਹੜੀਆਂ ਉਨ੍ਹਾਂ ਆਪਣੀ ਸਾਰੀ ਉਮਰ ਮੇਰੀ ਪੜ੍ਹਾਈ ਕਾਰਨ ਕੁਰਬਾਨ ਕੀਤੀਆਂ ਹਨ।"

ਪੁੱਤ ਦੀਆਂ ਸੂਝ ਅਤੇ ਸਿਆਣਪ ਭਰੀਆਂ ਗੱਲਾਂ ਸੁਣ ਕੇ ਮਾਂ ਨੇ ਉਸ ਨੂੰ ਆਪਣੀ ਹਿੱਕ ਨਾਲ ਘੁੱਟ ਲਿਆ। ਫਿਰ ਉਹ ਬੋਲੀ, "ਹਰੀ, ਜੇ ਤੂੰ ਹੋਰ ਲੰਮੇ ਸਮੇਂ ਤੱਕ ਪੜ੍ਹਾਈ ਕਰਨੀ ਹੈ ਤਾਂ ਮੈਂ ਤੇਰੇ ਲਈ ਚਾਹ ਦਾ ਕੱਪ ਬਣਾ ਦਿਆਂ?"

"ਨਹੀਂ ਬੀਜੀ। ਮੇਰਾ ਕੰਮ ਬੱਸ ਖ਼ਤਮ ਹੀ ਹੋਣ ਵਾਲਾ ਹੈ। ਤੁਸੀਂ ਜਾ ਕੇ ਆਰਾਮ ਕਰੋ। ਮੈਂ ਵੀ ਥੋੜ੍ਹੀ ਦੇਰ ਬਾਅਦ ਸੌਂ ਜਾਣਾ ਹੈ।" ਪੁੱਤਰ ਨੇ ਆਖਿਆ। ਉਹ ਚੁੱਪਚਾਪ ਉੱਠ ਕੇ ਆਪਣੇ ਬਿਸਤਰੇ 'ਤੇ ਆ ਪਈ।

ਲਗਪਗ ਚਾਰ ਮਹੀਨਿਆਂ ਬਾਅਦ ਹਰਜੀਤ ਦਾ ਆਈਲੈਟਸ ਦਾ ਰਿਜਲਟ ਐਲਾਨ ਦਿੱਤਾ ਗਿਆ ਸੀ। ਉਸ ਨੇ ਸਖ਼ਤ ਮਿਹਨਤ ਕਰਕੇ ਪਹਿਲੀ ਵਾਰੀ ਵਿੱਚ ਹੀ ਸਾਢੇ ਸੱਤ ਬੈਂਡ ਹਾਸਲ ਕਰ ਲਏ ਸਨ। ਨਤੀਜਾ ਸੁਣ ਕੇ ਉਸ ਦੇ ਬੀਜੀ ਪਾਪਾ ਨੂੰ ਬਹੁਤ ਜ਼ਿਆਦਾ ਖ਼ੁਸ਼ੀ ਹੋਈ। ਦੋ ਮਹੀਨਿਆਂ ਬਾਅਦ ਉਸ ਦਾ ਵੀਜ਼ਾ ਲੱਗ ਗਿਆ। ਨੌਂ ਅਗਸਤ ਨੂੰ ਦਿੱਲੀ ਹਵਾਈ ਅੱਡੇ ਤੋਂ ਸਵੇਰੇ ਸੱਤ ਵਜੇ ਉਸ ਦੀ ਉਡਾਣ ਸੀ।

ਅੱਠ ਅਗਸਤ ਦੀ ਰਾਤ ਦਸ ਵਜੇ ਉਹ ਆਪਣੇ ਬੀਜੀ ਪਾਪਾ ਨਾਲ ਦਿੱਲੀ ਹਵਾਈ ਅੱਡੇ ਜਾਣ ਲਈ ਘਰੋਂ ਚੱਲਿਆ। ਉਸ ਦੇ ਦਾਦਾ ਦਾਦੀ ਅਤੇ ਛੋਟੀ ਭੈਣ ਹੁਸਨਪ੍ਰੀਤ ਵੀ ਨਾਲ ਜਾਣ ਦੀ ਜ਼ਿੱਦ ਕਰ ਰਹੇ ਸੀ, ਪਰ ਲੰਮਾ ਸਫ਼ਰ ਹੋਣ ਕਾਰਨ ਉਹ ਉਨ੍ਹਾਂ ਤਿੰਨਾਂ ਨੂੰ ਘਰ ਹੀ ਛੱਡ ਗਏ।

ਸਵੇਰੇ ਪੰਜ ਵਜੇ ਉਸ ਦੀ ਹਵਾਈ ਅੱਡੇ ਅੰਦਰ ਐਂਟਰੀ ਸੀ। ਉਹ ਖ਼ੁਸ਼ੀ ਦੇ ਰੌਂਅ ਵਿੱਚ ਪੂਰਾ ਚਹਿਕ ਰਿਹਾ ਸੀ। ਉਸ ਦੇ ਪਾਪਾ ਵੀ ਪੂਰੀ ਚੜ੍ਹਦੀ ਕਲਾ ਵਿੱਚ ਸਨ, ਪਰ ਬੀਜੀ ਦੀਆਂ ਅੱਖਾਂ ਵਿਚਲੀ ਚਮਕ ਕਿਧਰੇ ਲੋਪ ਹੋ ਚੁੱਕੀ ਸੀ। ਲੱਖ ਕੋਸ਼ਿਸ਼ ਕਰਨ ਦੇ ਬਾਵਜੂਦ ਉਸ ਦੀਆਂ ਅੱਖਾਂ ਵਿੱਚੋਂ ਪਾਣੀ ਵਹਿ ਰਿਹਾ ਸੀ ਜਿਵੇਂ ਵਿਦੇਸ਼ੀ ਧਰਤੀ ਨੇ ਉਸ ਦੀਆਂ ਆਂਦਰਾਂ ਕੱਢ ਲਈਆਂ ਹੋਣ।

ਇੱਕ ਵਾਰੀ ਤਾਂ ਇੰਦਰਬੀਰ ਦੇ ਦਿਲ ਵਿੱਚ ਆਇਆ ਕਿ ਉਹ ਪਤਨੀ ਨੂੰ ਹੌਸਲਾ ਦੇਵੇ। ਅੱਗੇ ਹੋ ਕੇ ਉਸ ਦੀਆਂ ਅੱਖਾਂ ਵਿੱਚੋਂ ਵਹਿੰਦੀ ਗੰਗਾ ਜਮਨਾ ਨੂੰ ਸਾਫ਼ ਕਰ ਦੇਵੇ। ਉਸ ਨੂੰ ਆਪਣੀ ਹਿੱਕ ਨਾਲ ਲਾ ਕੇ ਘੁੱਟ ਲਵੇ। ਪਰ ਜਵਾਨ ਪੁੱਤ ਦੇ ਸਾਹਮਣੇ ਖੜ੍ਹਾ ਹੋਣ ਅਤੇ ਲੋਕਾਂ ਦੀ ਭੀੜ ਕਾਰਨ ਉਹ ਕੁਝ ਵੀ ਨਾ ਕਰ ਸਕਿਆ। ਬੇਸ਼ੱਕ, ਉਸ ਨੇ ਆਪਣੇ ਮਨ ਨੂੰ ਬਹੁਤ ਕਰੜਾ ਕਰ ਕੇ ਰੱਖਿਆ ਹੋਇਆ ਸੀ। ਪਰ ਪਰਦੇਸ ਜਾ ਰਹੇ ਪੁੱਤਰ ਦੀ ਪਿੱਠ ਵੇਖ ਕੇ ਉਸ ਦਾ ਆਪਣਾ ਚਿੱਤ ਵੀ ਗੋਤੇ ਖਾ ਰਿਹਾ ਸੀ।

ਸਾਮਾਨ ਦੀ ਚੈਕਿੰਗ ਅਤੇ ਕਲੀਅਰੈਂਸ ਹੋ ਚੁੱਕੀ ਸੀ। ਹਰਜੀਤ ਜਹਾਜ਼ ਵੱਲ ਜਾਣ ਤੋਂ ਪਹਿਲਾਂ ਆਖ਼ਰੀ ਵਾਰੀ ਆਪਣੇ ਬੀਜੀ ਪਾਪਾ ਨੂੰ ਦੂਰੋਂ ਹੀ ਬਾਏ ਕਰਨ ਲਈ ਮੁੜਿਆ। ਸਾਹਮਣੇ ਆਪਣੇ ਬੀਜੀ ਪਾਪਾ ਦੀਆਂ ਉਦਾਸ ਅਤੇ ਵੀਰਾਨ ਅੱਖਾਂ ਤੱਕ ਕੇ ਉਸ ਦਾ ਸਖ਼ਤ ਮਨ ਵੀ ਡੋਲ ਗਿਆ। ਉਸ ਨੇ ਦੂਰੋਂ ਹੀ ਦੋਵੇਂ ਹੱਥਾਂ ਨਾਲ ਬੀਜੀ ਪਾਪਾ ਜੀ ਨੂੰ ਸਤਿ ਸ੍ਰੀ ਅਕਾਲ ਬੁਲਾਈ। ਫਿਰ ਉਹ ਉਨ੍ਹਾਂ ਵੱਲ ਪਿੱਠ ਕਰ ਕੇ ਆਪਣੀਆਂ ਅੱਖਾਂ ਵਿੱਚ ਆਏ ਹੰਝੂਆਂ ਨੂੰ ਪੂੰਝਣ ਲੱਗ ਪਿਆ ਸੀ।

ਸਵੇਰੇ ਸਵਾ ਸੱਤ ਵਜੇ ਦੋਵੇਂ ਜੀਅ ਚੁੱਪਚਾਪ ਆ ਕੇ ਕਿਰਾਏ ਦੀ ਗੱਡੀ ਵਿੱਚ ਆ ਬੈਠੇ ਸਨ। ਡਰਾਈਵਰ ਨੇ ਦੋਵਾਂ ਦੇ ਉਤਰੇ ਚਿਹਰੇ ਵੇਖ ਲਏ ਸਨ। ਆਮ ਤੌਰ 'ਤੇ ਉਹ ਏਅਰਪੋਰਟ ਉੱਤੇ ਆਪਣੇ ਧੀ ਜਾਂ ਪੁੱਤਰ ਨੂੰ ਚੜ੍ਹਾਉਣ ਆਏ ਮਾਪਿਆਂ ਨੂੰ ਵਧਾਈਆਂ ਦੇ ਦਿੰਦਾ ਸੀ। ਵਧਾਈ ਦੇ ਰੂਪ ਵਿੱਚ ਉਸ ਨੂੰ ਪੰਜ ਚਾਰ ਸੌ ਰੁਪਏ ਸ਼ਗਨ ਦੇ ਮਿਲ ਜਾਂਦੇ ਸਨ। ਦੋਵਾਂ ਜੀਆਂ ਦੀ ਹਾਲਤ ਵੇਖ ਕੇ ਅੱਜ ਧਰਮਪਾਲ ਦੇ ਮੂੰਹੋਂ ਕੋਈ ਵੀ ਸ਼ਬਦ ਨਹੀਂ ਸੀ ਨਿਕਲਿਆ। ਉਸ ਨੇ ਚੁੱਪਚਾਪ ਗੱਡੀ ਸਟਾਰਟ ਕਰ ਲਈ। ਉਸ ਨੇ ਆਪਣੇ ਦੋਵੇਂ ਹੱਥ ਜੋੜੇ। ਅੱਖਾਂ ਬੰਦ ਕੀਤੀਆਂ। ਬੁੱਲ੍ਹਾਂ ਵਿੱਚ ਕੁਝ ਫੁਸਫੁਸਾਇਆ। ਅਗਲੇ ਪਲਾਂ ਵਿੱਚ ਗੱਡੀ ਸਰਪਟ ਦੌੜ ਰਹੀ ਸੀ। ਲਗਪਗ ਅੱਧੇ ਘੰਟੇ ਬਾਅਦ ਇੰਦਰਬੀਰ ਨੇ ਬੋਝਲ ਮਾਹੌਲ ਨੂੰ ਸੁਖਾਵਾਂ ਕਰਨ ਦੀ ਚਾਹ ਨਾਲ ਪਤਨੀ ਨੂੰ ਸੁਣਾ ਕੇ ਆਖਿਆ, "ਚਲੋ, ਕੁਦਰਤ ਦਾ ਲੱਖ-ਲੱਖ ਸ਼ੁਕਰ ਐ ਕਿ ਸਾਡਾ ਪੁੱਤ ਸੁੱਖੀ-ਸਾਂਦੀ ਜਹਾਜ਼ ਚੜ੍ਹਿਆ ਏ। ਨਹੀਂ ਤਾਂ ਹਰ ਰੋਜ਼ ਧੋਖੇਬਾਜ਼ ਏਜੰਟਾਂ ਦੇ ਧੱਕੇ ਚੜ੍ਹੇ ਮੁੰਡੇ ਕੁੜੀਆਂ ਦੀ ਕੋਈ ਉੱਘ ਸੁੱਘ ਹੀ ਨਹੀਂ ਨਿਕਲਦੀ ਕਿ ਉਹ ਕਿੱਥੇ ਗਏ? ਬਹੁਤਿਆਂ ਨੂੰ ਤਾਂ ਇਨ੍ਹਾਂ ਠੱਗੀ ਠੋਰੀ ਵਾਲੇ ਏਜੰਟਾਂ ਦੇ ਆਪਣੇ ਦਲਾਲ ਹੀ ਮਾਰ ਮੁਕਾਉਂਦੇਹਨ। ਜਾਂ ਗ਼ਲਤ ਢੰਗ ਨਾਲ ਭੇਜੇ ਬੇਗਾਨੇ ਦੇਸ਼ ਦੀ ਪੁਲੀਸ ਨੂੰ ਜਾਣਕਾਰੀ ਦੇ ਕੇ ਗ੍ਰਿਫ਼ਤਾਰ ਕਰਵਾ ਦਿੰਦੇ ਹਨ। ਲੋਕਾਂ ਦੇ ਪੁੱਤ ਧੀ ਬੇਗਾਨੇ ਦੇਸ਼ ਦੀਆਂ ਜੇਲ੍ਹਾਂ ਵਿੱਚ ਸੜ੍ਹਦੇ ਰਹਿੰਦੇ ਹਨ, ਮਾੜੀ ਕਿਸਮਤ ਵਾਲੇ। ਅਜਿਹੇ ਪਾਖੰਡੀ ਏਜੰਟਾਂ ਦੇ ਝਾਂਸੇ ਵਿੱਚ ਆ ਕੇ ਬਹੁਤ ਸਾਰੀਆਂ ਮੁਟਿਆਰਾਂ ਤਾਂ ਆਪਣਾ ਜਤ ਸਤ ਗੁਆ ਬਹਿੰਦੀਆਂ ਹਨ। ਉਹ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹੋ ਜਾਂਦੀਆਂ ਹਨ ਜਿਸ ਬਾਰੇ ਉਨ੍ਹਾਂ ਵਿਚਾਰੀਆਂ ਨੇ ਕਦੇ ਕਲਪਨਾ ਵੀ ਨਹੀਂ ਕੀਤੀ ਹੁੰਦੀ। ਆਮ ਤੌਰ 'ਤੇ ਅਜਿਹੇ ਗੰਦੇ ਅਤੇ ਗ਼ਲੀਜ਼ ਮਾਹੌਲ ਵਿੱਚੋਂ ਕੋਈ ਬਾਹਰ ਹੀ ਨਹੀਂ ਨਿਕਲ ਸਕਦੀ। ਜੇਕਰ ਉਨ੍ਹਾਂ ਵਿੱਚੋਂ ਕੁਝ ਇੱਕ ਨੂੰ ਬਾਹਰ ਨਿਕਲਣ ਦਾ ਮੌਕਾ ਵੀ ਮਿਲਦਾ ਹੈ, ਤਦ ਵੀ ਉਹ ਸ਼ਰਮ ਦੀਆਂ ਮਾਰੀਆਂ ਆਪਣੇ ਮਾਪਿਆਂ ਨਾਲ ਕੋਈ ਰਾਬਤਾ ਕਾਇਮ ਨਹੀਂ ਕਰਦੀਆਂ। ਹਾਲਾਂਕਿ ਆਪਣੀ ਇਸ ਹਾਲਤ ਲਈ ਉਨ੍ਹਾਂ ਦਾ ਕੋਈ ਕਸੂਰ ਵੀ ਨਹੀਂ ਹੁੰਦਾ। ਵਿਚਾਰੀਆਂ ਦੇ ਮਾਪੇ ਵੀ ਸਬਰ ਦਾ ਘੁੱਟ ਭਰ ਕੇ ਚੁੱਪ-ਚਾਪ ਬੈਠ ਜਾਂਦੇ ਹਨ। ਕਿਹੜਾ ਕਿਸੇ ਦਾ ਕੋਈ ਜ਼ੋਰ ਚੱਲਦੈ!"

ਪਤੀ ਦੀ ਲੰਮੀ ਚੌੜੀ ਗੱਲਬਾਤ ਸੁਣ ਕੇ ਵੀ ਪਤਨੀ ਨੇ ਕੋਈ ਹੁੰਗਾਰਾ ਨਾ ਭਰਿਆ। ਉਸ ਨੂੰ ਇੰਝ ਮਹਿਸੂਸ ਹੋ ਰਿਹਾ ਸੀ, ਜਿਵੇਂ ਉਸ ਦਾ ਸਰੀਰ ਹੀ ਗੱਡੀ ਦੀ ਸੀਟ ਉੱਤੇ ਰੱਖਿਆ ਹੋਵੇ, ਰੂਹ ਤਾਂ ਉਸ ਦੀ ਉਸ ਦੇ ਪੁੱਤ ਨਾਲ ਹੀ ਚਲੀ ਗਈ ਸੀ।

ਡਰਾਈਵਰ ਨੇ ਉਸ ਦੀਆਂ ਸਾਰੀਆਂ ਗੱਲਾਂ ਬੜੇ ਧਿਆਨ ਨਾਲ ਸੁਣੀਆਂ ਸਨ। ਉਹ ਬੋਲਿਆ, "ਹਾਂ ਜੀ, ਸਰਦਾਰ ਸਾਹਿਬ, ਤੁਸੀਂ ਬਿਲਕੁਲ ਸੱਚੀਆਂ ਗੱਲਾਂ ਕਹੀਆਂ ਹਨ। ਪਰ ਮੈਨੂੰ ਇੱਕ ਗੱਲ ਦੀ ਸਮਝ ਨਹੀਂ ਆਉਂਦੀ ਕਿ ਇਨ੍ਹਾਂ ਧੋਖੇਬਾਜ਼ ਪਾਖੰਡੀ ਏਜੰਟਾਂ ਨੇ ਇੰਨੇ ਸਾਲਾਂ ਤੋਂ ਆਪਣਾ ਜਾਲ ਬੁਣਿਆ ਹੋਇਆ ਹੈ। ਸਾਡੀਆਂ ਸਰਕਾਰਾਂ, ਵੱਡੇ-ਵੱਡੇ ਅਫ਼ਸਰ, ਪੁਲਿਸ ਦੇ ਅਧਿਕਾਰੀ ਇਨ੍ਹਾਂ ਖਿਲਾਫ਼ ਕੋਈ ਕਾਰਵਾਈ ਕਿਉਂ ਨਹੀਂ ਕਰਦੇ? ਇਨ੍ਹਾਂ ਨੂੰ ਜੇਲ੍ਹਾਂ ਵਿੱਚ ਬੰਦ ਕਰ ਕੇ ਸਜ਼ਾਵਾਂ ਕਿਉਂ ਨਹੀਂ ਦਿੰਦੇ? ਆਮ ਲੋਕੀਂ ਜਾਗਰੂਕ ਹੋ ਕੇ ਇਨ੍ਹਾਂ ਨੂੰ ਧੌਣ ਤੋਂ ਕਿਉਂ ਨਹੀਂ ਫੜਦੇ?"

"ਨਹੀਂ ਨਹੀਂ, ਧਰਮਪਾਲ ਇਹੋ ਜਿਹੀ ਕੋਈ ਗੱਲ ਨਹੀਂ। ਇਨ੍ਹਾਂ ਲੋਕਾਂ ਖਿਲਾਫ਼ ਕਾਰਵਾਈ ਤਾਂ ਹੁੰਦੀ ਹੈ। ਪਰ ਇਹ ਲੋਕ ਆਪਣੇ ਧਨ ਦੌਲਤ ਅਤੇ ਉੱਪਰ ਤੱਕ ਹਿੱਸੇਦਾਰੀ ਹੋਣ ਕਾਰਨ ਬਚ ਜਾਂਦੇ ਹਨ। ਇਨ੍ਹਾਂ ਲੋਕਾਂ ਨੇ ਤਾਂ ਮੱਕੜੀ ਵਾਲਾ ਅਜਿਹਾ ਤਾਣਾ ਤਣਿਆ ਹੋਇਆ ਹੈ ਕਿ ਸਾਡੇ ਭੋਲ਼ੇ-ਭਾਲ਼ੇ ਲੋਕਾਂ ਦੇ ਸਾਊ ਧੀਆਂ ਪੁੱਤਰ ਇਨ੍ਹਾਂ ਦੇ ਜਾਲ਼ ਵਿੱਚ ਖ਼ੁਦ-ਬ-ਖ਼ੁਦ ਆ ਫਸਦੇ ਹਨ। ਜੇਕਰ ਸਾਡੇ ਨੌਜਵਾਨ ਪੂਰੀ ਮਿਹਨਤ ਕਰਨ, ਸਹੀ ਢੰਗ ਨਾਲ ਆਪਣੀ ਫਾਈਲ ਲਾਉਣ ਤਾਂ ਉਹ ਇੱਕ ਨੰਬਰ ਵਿੱਚ ਵਿਦੇਸ਼ ਚਲੇ ਜਾਂਦੇ ਹਨ। ਉੱਥੇ ਜਾ ਕੇ ਸਖ਼ਤ ਮਿਹਨਤ ਕਰ ਕੇ ਸੁਖ ਦੀ ਰੋਟੀ ਖਾਂਦੇ ਹਨ।" ਇੰਦਰਬੀਰ ਨੇ ਕਿਹਾ।

ਅਜੇ ਉਨ੍ਹਾਂ ਸੌ ਕੁ ਕਿਲੋਮੀਟਰ ਦਾ ਸਫ਼ਰ ਤੈਅ ਕੀਤਾ ਸੀ ਕਿ ਧਰਮਪਾਲ ਨੇ ਇੱਕ ਬਹੁਤ ਵੱਡਾ ਢਾਬਾ ਵੇਖ ਕੇ ਗੱਡੀ ਰੋਕ ਲਈ। ਗੱਡੀ ਵਿੱਚੋਂ ਉਤਰਨ ਤੋਂ ਪਹਿਲਾਂ ਉਹ ਬੋਲਿਆ, "ਸਰਦਾਰ ਸਾਹਿਬ! ਮੈਂ ਤਾਂ ਕੱਲ੍ਹ ਸਵੇਰੇ ਵੀ ਅੰਮ੍ਰਿਤਸਰ ਏਅਰਪੋਰਟ ਤੋਂ ਸਵਾਰੀਆਂ ਲੈ ਕੇ ਆਇਆ ਸੀ। ਉਨ੍ਹਾਂ ਨੂੰ ਘਰੀਂ ਛੱਡ ਕੇ ਸਿੱਧਾ ਥੋਡੇ ਕੋਲ਼ੇ ਆ ਗਿਆ ਸੀ। ਮੈਨੂੰ ਤਾਂ ਹੁਣ ਬਹੁਤ ਜ਼ੋਰ ਦੀ ਭੁੱਖ ਲੱਗੀ ਹੈ। ਤੁਸੀਂ ਵੀ ਆਪਣੀ ਲੋੜ ਅਨੁਸਾਰ ਚਾਹ ਪਾਣੀ ਪੀ ਲਉ।"

"ਹਾਂ ਹਾਂ, ਕਿਉਂ ਨਹੀਂ! ਜ਼ਰੂਰ।" ਸਰਦਾਰ ਨੇ ਆਖਿਆ। ਫਿਰ ਉਸ ਨੇ ਆਪਣੀ ਪਤਨੀ ਨੂੰ ਕਿਹਾ, "ਸੁਖਜੀਤ, ਆ ਜਾਓ ਬਾਹਰ। ਆਪਾਂ ਵੀ ਇੱਕ-ਇੱਕ ਪਰੌਂਠਾ ਇੱਥੇ ਹੀ ਛਕ ਲੈਂਦੇ ਹਾਂ। ਘਰ ਵੜਦਿਆਂ ਨੂੰ ਤਾਂ ਦੁਪਹਿਰਾ ਢਲ਼ ਜਾਣੈਂ।" ਪਤੀ ਦੇ ਕਹਿਣ 'ਤੇ ਉਹ ਚੁੱਪਚਾਪ ਗੱਡੀ ਵਿੱਚੋਂ ਬਾਹਰ ਆ ਗਈ।

ਫ੍ਰੈੱਸ਼ ਹੋ ਕੇ ਉਹ ਇੱਕ ਮੇਜ਼ ਕੋਲ ਆ ਬੈਠੇ। ਸਰਦਾਰ ਨੇ ਬੈਰੇ ਨੂੰ ਨਾਸ਼ਤਾ ਲਿਆਉਣ ਲਈ ਆਖ ਦਿੱਤਾ। ਪੰਜ ਕੁ ਮਿੰਟਾਂ ਵਿੱਚ ਹੀ ਉਹ ਗਰਮ-ਗਰਮ ਪਰੌਂਠੇ, ਦਹੀਂ ਅਤੇ ਮੱਖਣ ਦੀ ਟਿੱਕੀ ਲੈ ਆਇਆ। ਸਰਦਾਰ ਨੇ ਤਾਂ ਪੂਰੀ ਰੀਝ ਨਾਲ ਨਾਸ਼ਤਾ ਕੀਤਾ, ਪਰ ਸੁਖਜੀਤ ਨੇ ਦੋ ਕੁ ਬੁਰਕੀਆਂ ਖਾ ਕੇ ਥਾਲ਼ੀ ਉਸੇ ਤਰ੍ਹਾਂ ਪਰ੍ਹੇ ਸਰਕਾਅ ਦਿੱਤੀ। ਉਸ ਨੇ ਇੱਕ ਕੱਪ ਚਾਹ ਹੀ ਪੀਤੀ।

ਜਦੋਂ ਸਰਦਾਰ ਨੇ ਵੇਟਰ ਤੋਂ ਬਿੱਲ ਮੰਗਵਾਇਆ ਤਾਂ ਚਾਰ ਸੌ ਤੀਹ ਰੁਪਏ ਦਾ ਬਿੱਲ ਵੇਖ ਕੇ ਉਸ ਨੂੰ ਬਹੁਤ ਜ਼ਿਆਦਾ ਹੈਰਾਨੀ ਹੋਈ। ਫਿਰ ਉਸ ਨੇ ਆਪਣੇ ਆਪ ਹੀ ਲੱਖਣ ਲਾ ਲਿਆ ਕਿ ਆਖ਼ਰ ਧਰਮਪਾਲ ਦਾ ਹਿੱਸਾ ਵੀ ਤਾਂ ਢਾਬੇ ਵਾਲੇ ਨੇ ਕੱਢਣਾ ਹੈ।

ਚੱਲਦੀ ਗੱਡੀ ਵਿੱਚ ਡਰਾਈਵਰ ਨੇ ਢਾਬੇ ਵਾਲੇ ਦੇ ਚੰਗੇ ਨਾਸ਼ਤੇ, ਚੰਗੇ ਅਤੇ ਨਿੱਘੇ ਸੁਭਾਅ ਦੀ ਬਹੁਤ ਤਾਰੀਫ਼ ਕੀਤੀ। ਸਰਦਾਰ ਵੱਲੋਂ ਕੋਈ ਹੁੰਗਾਰਾ ਨਾ ਆਉਣ ਕਾਰਨ ਉਹ ਪੁੱਛ ਹੀ ਬੈਠਾ, "ਸਰਦਾਰ ਸਾਹਿਬ, ਤੁਹਾਨੂੰ ਇਸ ਢਾਬੇ ਵਾਲੇ ਦਾ ਨਾਸ਼ਤਾ ਕਿਵੇਂ ਲੱਗਾ? ਇੱਥੋਂ ਦੀ ਸਾਫ਼ ਸਫ਼ਾਈ ਅਤੇ ਪ੍ਰਬੰਧ ਕਿਵੇਂ ਲੱਗਾ?"

ਸਰਦਾਰ ਨੇ ਖੰਘੂਰਾ ਮਾਰ ਕੇ ਆਪਣਾ ਗਲਾ ਸਾਫ਼ ਕੀਤਾ। ਪਹਿਲਾਂ ਤਾਂ ਉਹਦੇ ਮਨ ਵਿੱਚ ਆਇਆ ਕਿ ਸਾਫ਼-ਸਾਫ਼ ਕਹਿ ਦੇਵੇ ਇਹ ਢਾਬੇ ਵਾਲਾ ਤਾਂ ਪੂਰੀ ਛਿੱਲ ਲਾਹੁੰਦਾ ਹੈ। ਫਿਰ ਉਸ ਨੇ ਸਿਆਣਪ ਵਰਤਦਿਆਂ ਆਖਿਆ, "ਹਾਂ ਬਈ ਧਰਮਪਾਲ, ਢਾਬੇ ਵਾਲੇ ਦੀ ਕੋਈ ਰੀਸ ਨਹੀਂ। ਖਾਣ ਪੀਣ, ਬੋਲ ਚਾਲ, ਤੌਰ ਤਰੀਕਾ, ਸਾਫ਼ ਸਫ਼ਾਈ, ਗੱਡੀਆਂ ਦੀ ਪਾਰਕਿੰਗ ਲਈ ਖੁੱਲ੍ਹੀ ਮੋਕਲੀ ਥਾਂ, ਸਭ ਕੁਝ ਲਾਜਵਾਬ ਹੈ। ਆਖ਼ਰ ਨੈਸ਼ਨਲ ਹਾਈਵੇ ਉੱਤੇ ਇੰਨਾ ਵੱਡਾ ਢਾਬਾ ਦਿਨ ਰਾਤ ਚਲਾਉਣਾ ਕਿਹੜਾ ਸੌਖਾ ਪਿਐ! ਇਹ ਵੀ ਕੋਈ ਦਿਲ ਗੁਰਦੇ ਵਾਲਾ ਬੰਦਾ ਹੀ ਕਰ ਸਕਦੈ। ਮਾੜਾ-ਧੀੜਾ ਬੰਦਾ ਤਾਂ ਸੋਚ ਵੀ ਨਹੀਂ ਸਕਦਾ।" ਫਿਰ ਉਸ ਨੇ ਡਰਾਈਵਰ ਤੋਂ ਪੁੱਛਿਆ, "ਧਰਮਪਾਲ, ਤੇਰੇ ਕੋਲੋਂ ਉਹਨੇ ਨਾਸ਼ਤੇ ਦੇ ਕਿੰਨੇ ਪੈਸੇ ਲਏ ਨੇ?"

"ਸਰਦਾਰ ਸਾਹਿਬ, ਮੇਰਾ ਤਾਂ ਇੱਧਰ ਦਿੱਲੀ ਹਵਾਈ ਅੱਡੇ ਗੇੜਾ ਲੱਗਦਾ ਈ ਰਹਿੰਦੈ। ਮੈਂ ਤਾਂ ਮਹੀਨੇ ਬਾਅਦ 'ਕੱਠੇ ਈ ਪੈਸੇ ਦੇ ਦਿੰਦਾ ਹਾਂ, ਜਿੰਨੇ ਬਣ ਜਾਂਦੇ ਐ। ਬਾਕੀ ਸੇਠ ਦਾ ਸੁਭਾਅ ਬੜਾ ਚੰਗੈ। ਮਜਾਲ ਐ ਕਦੇ ਇੱਕ ਪੈਸੇ ਦਾ ਵੀ ਫ਼ਰਕ ਪੈ ਜਾਵੇ।" ਡਰਾਈਵਰ ਦੀ ਗੱਲ ਸੁਣ ਕੇ ਉਹ ਚੁੱਪ ਕਰ ਗਿਆ। ਸ਼ਾਮੀਂ ਸਵਾ ਚਾਰ ਵਜੇ ਉਹ ਆਪਣੇ ਪਿੰਡ ਆ ਵੜੇ।

ਹੁਸਨਪ੍ਰੀਤ ਆਪਣੇ ਬੀਜੀ ਪਾਪਾ ਨੂੰ ਪਾਣੀ ਦੇਣ ਲਈ ਟਰੇਅ ਵਿੱਚ ਦੋ ਗਲਾਸ ਰੱਖ ਕੇ ਲੈ ਆਈ। ਦੋਵਾਂ ਨੇ ਪਾਣੀ ਦੇ ਭਰੇ ਗਲਾਸ ਚੁੱਕ ਲਏ। ਜਿਉਂ ਹੀ ਉਨ੍ਹਾਂ ਪਾਣੀ ਪੀ ਕੇ ਖ਼ਾਲੀ ਗਲਾਸ ਮੇਜ਼ ਉੱਤੇ ਰੱਖੇ, ਧੀ ਦੀਆਂ ਹੰਝੂਆਂ ਨਾਲ ਭਰੀਆਂ ਅੱਖਾਂ ਵੇਖ ਕੇ ਮਾਂ ਨੇ ਉਸ ਨੂੰ ਆਪਣੇ ਸੀਨੇ ਨਾਲ ਘੁੱਟ ਲਿਆ। ਮਾਂ ਧੀ ਦੀਆਂ ਅੱਖਾਂ ਵਿੱਚੋਂ ਵਹਿੰਦੇ ਹੰਝੂਆਂ ਨੂੰ ਵੇਖ ਕੇ ਇੰਦਰਬੀਰ ਦਾ ਵੀ ਮਨ ਭਰ ਆਇਆ।

ਪੰਜ ਕੁ ਮਿੰਟਾਂ ਵਿੱਚ ਤਿੰਨੋਂ ਜੀਅ ਸਹਿਜ ਹੋ ਗਏ ਸਨ। ਉਸੇ ਵੇਲੇ ਹਰਜੀਤ ਦੇ ਦਾਦੇ ਅਜੀਤ ਸਿੰਘ ਦੀ ਆਵਾਜ਼ ਆਈ, "ਪੁੱਤ ਇੰਦਰ, ਆ ਗਏ ਤੁਸੀਂ! ਚੜ੍ਹਾ ਆਏ ਮੇਰੇ ਪੋਤੇ ਨੂੰ ਜਹਾਜ਼!" ਬਾਪੂ ਜੀ ਦੀ ਆਵਾਜ਼ ਸੁਣ ਕੇ ਦੋਵੇਂ ਜੀਅ ਉਨ੍ਹਾਂ ਦੇ ਕਮਰੇ ਵਿੱਚ ਚਲੇ ਗਏ। ਦੋਵਾਂ ਨੇ ਬਾਪੂ ਅਤੇ ਬੇਬੇ ਜੀ ਦੇ ਪੈਰੀਂ ਹੱਥ ਲਾਏ। ਦੋਵਾਂ ਤੋਂ ਆਸ਼ੀਰਵਾਦ ਲੈ ਕੇ ਉਹ ਉਨ੍ਹਾਂ ਕੋਲ ਹੀ ਬੈਠ ਗਏ। ਪੁੱਤ ਨੇ ਸਹਿਜ ਹੁੰਦਿਆਂ ਆਖਿਆ, "ਹਾਂ ਬਾਪੂ ਜੀ, ਚੜ੍ਹਾ ਆਏ ਆਂ ਥੋਡੇ ਲਾਡਲੇ ਪੋਤੇ ਨੂੰ ਜਹਾਜ਼। ਬਾਪੂ ਜੀ, ਤੁਸੀਂ ਮਨ ਹੌਲਾ ਨਾ ਕਰੋ। ਹੁਣ ਤਾਂ ਸਾਰੇ ਮੁੰਡੇ ਕੁੜੀਆਂ ਆਪਣਾ ਚੋਗ਼ਾ ਚੁਗਣ ਵਿਦੇਸ਼ੀ ਧਰਤੀ ਉੱਤੇ ਹੀ ਜਾਂਦੇ ਨੇ। ਜਦੋਂ ਸਾਡੇ ਦੇਸ਼ ਦੀਆਂ ਸਰਕਾਰਾਂ ਨੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਚੰਗੀ ਯੋਜਨਾਬੰਦੀ ਹੀ ਨਹੀਂ ਕੀਤੀ ਤਾਂ ਉਹ ਵਿਦੇਸ਼ੀਂ ਨਾ ਜਾਣ ਤਾਂ ਹੋਰ ਕੀ ਕਰਨ?" ਪੁੱਤ ਦੀਆਂ ਗੱਲਾਂ ਸੁਣ ਕੇ ਬਾਪੂ ਬੇਬੇ ਚੁੱਪ ਕਰ ਗਏ। ਇੰਨੇ ਨੂੰ ਹੁਸਨਪ੍ਰੀਤ ਸਾਰਿਆਂ ਲਈ ਚਾਹ ਬਣਾ ਕੇ ਲੈ ਆਈ ਸੀ। ਚਾਹ ਪੀਂਦਿਆਂ ਸਾਰੇ ਛੋਟੀਆਂ-ਛੋਟੀਆਂ ਗੱਲਾਂ ਕਰ ਕੇ ਇੱਕ ਦੂਜੇ ਦੇ ਉਦਾਸ ਦਿਲ ਨੂੰ ਧਰਵਾਸ ਦੇ ਰਹੇ ਸਨ।

ਐਤਵਾਰ ਦਾ ਦਿਨ ਸੀ। ਨਵੰਬਰ ਮਹੀਨੇ ਦੀ ਇੱਕ ਤਰੀਕ ਸੀ। ਵਿਹੜੇ ਵਿੱਚ ਖੜ੍ਹੇ ਅਸ਼ੋਕਾ ਟ੍ਰੀ ਕੋਲੋਂ ਲੰਘਦਿਆਂ ਇੰਦਰਬੀਰ ਨੂੰ ਛੋਟੇ ਬੋਟਾਂ ਦੀ ਚੀਂ ਚੀਂ ਦੀ ਆਵਾਜ਼ ਸੁਣਾਈ ਦਿੱਤੀ। ਉਸ ਨੇ ਝੁਕ ਕੇ ਗਹੁ ਨਾਲ ਵੇਖਿਆ। ਬੁਲਬੁਲ ਆਪਣੇ ਆਲ੍ਹਣੇ ਵਿੱਚ ਛੋਟੇ-ਛੋਟੇ ਦੋ ਬੋਟਾਂ ਨੂੰ ਚੋਗਾ ਦੇ ਰਹੀ ਸੀ। ਘਰ ਦਾ ਖੁੱਲ੍ਹਾ ਬੂਹਾ ਛੱਡ ਕੇ ਉਹ ਅੰਦਰ ਮੁੜ ਆਇਆ ਸੀ। ਪਤਨੀ ਨੇ ਉਸ ਨੂੰ ਮੁੜ ਅੰਦਰ ਆਇਆ ਵੇਖ ਕੇ ਪੁੱਛਿਆ, "ਕੀ ਗੱਲ, ਖੇਤ ਨੀਂ ਗਏ?"

"ਖੇਤ ਤਾਂ ਜਾ ਰਿਹਾ ਸੀ। ਆਪਣੇ ਅਸ਼ੋਕਾ ਟ੍ਰੀ 'ਤੇ ਬੁਲਬੁਲ ਨੇ ਦੋ ਬੋਟ ਕੱਢੇ ਨੇ। ਉਨ੍ਹਾਂ ਦੀ ਆਵਾਜ਼ ਸੁਣ ਕੇ ਮੁੜ ਆਇਆ ਮੈਂ ਤਾਂ।" ਉਹ ਬੋਲਿਆ।

"ਹਾਂ, ਹਰੀ ਦੇ ਬਾਪੂ। ਮੈਂ ਹਰ ਸਾਲ ਵੇਖਦੀ ਆਂ। ਅੱਠਵੇਂ, ਨੌਵੇਂ ਮਹੀਨੇ ਗੁਲ ਤੇ ਬੁਲਬੁਲ ਦਾ ਜੋੜਾ ਆਪਣੇ ਅਸ਼ੋਕਾ ਟ੍ਰੀ 'ਤੇ ਆਪਣਾ ਆਲ੍ਹਣਾ ਪਾਉਂਦਾ ਹੈ। ਆਏ ਸਾਲ ਬੁਲਬੁਲ ਦੋ ਆਂਡੇ ਦਿੰਦੀ ਐ। ਕੁਝ ਦਿਨਾਂ ਪਿੱਛੋਂ ਉਨ੍ਹਾਂ ਵਿੱਚੋਂ ਬੋਟ ਕੱਢ ਲੈਂਦੀ ਐ। ਪੰਜ ਸੱਤ ਦਿਨਾਂ ਵਿੱਚ ਬੋਟ ਉਡਾਰ ਹੋ ਜਾਂਦੇ ਐ। ਜਦੋਂ ਛੋਟੇ ਬੋਟ ਆਲ੍ਹਣੇ 'ਚੋਂ ਉਡਾਰੀ ਭਰਨ ਜੋਗੇ ਹੋ ਜਾਂਦੇ ਐ, ਉਹ ਤਾਂ ਫੁਰਰ ਕਰ ਕੇ ਉੱਡ ਜਾਂਦੇ ਐ। ਪਿੱਛੋਂ ਮੈਂ ਉਦਾਸ ਅਤੇ ਖ਼ਾਲੀ ਨਜ਼ਰਾਂ ਨਾਲ ਗੁਲ ਅਤੇ ਬੁਲਬੁਲ ਨੂੰ ਏਥੇ ਅਸ਼ੋਕਾ ਟ੍ਰੀ 'ਤੇ ਈ ਬੈਠੇ ਦੇਖਦੀ ਆਂ।" ਪਤਨੀ ਬੋਲੀ।

ਉਸ ਨੂੰ ਲੱਗਿਆ ਜਿਵੇਂ ਪਤਨੀ ਦੀਆਂ ਗੱਲਾਂ ਸੁਣ ਕੇ ਆਪਣੇ ਪੁੱਤ ਨੂੰ ਪਰਦੇਸ ਤੋਰਨ ਕਾਰਨ ਉਸ ਦੇ ਮਨ ਉੱਤੇ ਪਿਆ ਸਾਰਾ ਬੋਝ ਉਤਰ ਗਿਆ ਹੋਵੇ। ਉਹ ਪੂਰੇ ਰੌਂਅ ਨਾਲ ਚੱਕਵੇਂ ਪੈਰੀਂ ਖੇਤ ਨੂੰ ਤੁਰ ਪਿਆ।

# ਮੇਰੀ ਕਲਮ

## ਬਹੁਤਾ ਬਰਸਿਆ ਨਾ ਕਰ
### ਜਸਵੰਤ ਕੜਿਆਲ

ਤੂੰ ਭੰਡਾਰਿਆਂ
ਖੀਰ-ਪੂੜਿਆਂ ਦੇ
ਐਵੇਂ ਮਗਰ ਨਾ ਲੱਗਿਆ ਕਰ
ਬਹੁਤਾ ਬਰਸਿਆ ਨਾ ਕਰ
ਸੋਚਿਆ ਕਰ
ਸਾਰੇ ਘਰਾਂ ਦੀਆਂ ਛੱਤਾਂ
ਪੱਕੀਆਂ ਨਹੀਂ ਹੁੰਦੀਆਂ
ਪੁੱਤਾਂ ਵਾਂਗ
ਪਾਲੀਆ ਫ਼ਸਲਾਂ
ਹਾਲੇ ਕੱਟੀਆਂ ਨਹੀਂ ਹੁੰਦੀਆਂ
ਤੂੰ ਜਦ ਬਰਸਦਾ
ਮਾਂ ਦਾ ਬਾਲਣ ਗਿੱਲਾ ਕਰ ਜਾਨਾਂ
ਬਾਪੂ ਦੀ ਦਿਹਾੜੀ ਮਾਰ ਦਿੰਨਾਂ
ਤੇ ਕੱਚੇ ਕੋਠਿਆਂ 'ਚੋਂ ਪਾਣੀ ਕੱਢਦਿਆਂ
ਭੈਣਾਂ ਦੇ ਲੱਕ ਦੁਖਣ ਲਾ ਦਿੰਨਾਂ
ਡੱਡੂਆਂ ਦੀ ਗੜੈਂ-ਗੜੈਂ
ਮੋਰਾਂ ਦੀਆਂ ਕੂਕਾਂ ਸੁਣ
ਮਹਿਲ ਤਾਂ ਜਸ਼ਨ ਮਨਾਉਂਦੇ ਹੋਣਗੇ
ਪਰ
ਸਾਡੀਆਂ ਤਾਂ ਧਾਹਾਂ ਨਿਕਲ ਜਾਂਦੀਆਂ ਨੇ
ਰਹਿਮ ਕਰਿਆ ਕਰ
ਹਰ ਥਾਂ ਇੱਕੋ ਜਿਹਾ ਨਾ ਵਰ੍ਹਿਆ ਕਰ
ਜਲ ਥਲ ਨੂੰ ਮੌਤ ਮੰਜ਼ਰ ਨਾ ਕਰਿਆ ਕਰ
ਤੈਨੂੰ ਪਤਾ ?
ਪਥਰੇਲ 'ਤੇ ਪੱਥੀਆਂ ਇੱਟਾਂ
ਜਦ ਖੁਰਦੀਆਂ ਨੇ
ਅੰਦਰੋਂ ਬੜਾ ਕੁਝ ਖੋਰ ਦਿੰਦੀਆਂ ਨੇ
ਤੇ ਉਸੇ ਦਿਨ
ਸਾਡੇ ਵਿਹੜੇ ਸ਼ੁਰੂ ਹੋ ਜਾਂਦਾ
ਭੁੱਖ ਨੰਗ ਦਾ ਗਿੱਧਾ
ਜਦ ਕਦੇ
ਚਾਵਾਂ ਦੀ ਸਤਰੰਗੀ ਪੀਂਘ
ਅੰਬਰੀਂ ਪਈ
ਤਾਂ ਜ਼ਰੂਰ ਦੱਸਾਂਗੇ
ਬਸ ਤੂੰ ਹਾਲੇ
ਬਹੁਤਾ ਬਰਸਿਆ ਨਾ ਕਰ
ਬਹੁਤਾ ਵਰ੍ਹਿਆ ਨਾ ਕਰ
ਖ਼ਿਆਲ ਰੱਖਿਆ ਕਰ।

## ਗ਼ਜ਼ਲ
### ਮਨਿੰਦਰ ਕੌਰ ਬਸੀ

ਹਰ ਰਿਸ਼ਤੇ ਦੀ ਆਪਣੀ ਮਜਬੂਰੀ ਹੁੰਦੀ ਹੈ
ਪਰ ਅਕਸਰ ਹੀ ਕੋਈ ਹੱਦ ਜ਼ਰੂਰੀ ਹੁੰਦੀ ਹੈ
ਉਂਝ ਆਖੀਆਂ ਹੁੰਦੀਆਂ ਨੇ ਲੱਖਾਂ ਹੀ ਗੱਲਾਂ
ਪਰ ਕੋਈ ਗੱਲ ਕਹਿਆਂ ਵੀ ਅਧੂਰੀ ਹੁੰਦੀ ਹੈ
ਅੱਖਾਂ ਅੰਦਰ ਕਿੰਨੇ ਸੁਪਨੇ ਆਣ ਕੇ ਛੁਪ ਜਾਂਦੇ
ਇਸ਼ਕ 'ਚ ਜਾਪੇ ਹਰ ਇੱਕ ਸ਼ਾਮ ਸੰਧੂਰੀ ਹੁੰਦੀ ਹੈ
ਦਿਲ ਵਿੱਚ ਰੱਖਦੇ ਨੇ ਉਲ਼ਫ਼ਤ ਪਰ ਮੂੰਹੋਂ ਕਹਿੰਦੇ ਨਾ
ਹੁਸਨ ਦੇ ਪੱਲੇ ਆਈ ਬਸ ਮਗ਼ਰੂਰੀ ਹੁੰਦੀ ਹੈ
ਫਿੱਕੇ ਰੰਗ ਵੀ ਗੂੜ੍ਹੇ ਗੂੜ੍ਹੇ ਜਾਪਣ ਲਗਦੇ ਨੇ
ਸੱਚ ਜਾਣੀਂ ਇਹ ਇਸ਼ਕੇ ਦੀ ਸਰੂਰੀ ਹੁੰਦੀ ਹੈ
ਹੁੰਦੀ ਏ ਪਿਆਰੇ ਦੇ ਹੱਥ ਵਿੱਚ ਜੀਵਨ ਦੀ ਡੋਰੀ
ਉਸ ਦੇ ਹੀ ਹੱਥ ਸੱਧਰਾਂ ਦੀ ਕਸਤੂਰੀ ਹੁੰਦੀ ਹੈ

## ਗ਼ਜ਼ਲ
### ਡਾ. ਹਰਨੇਕ ਸਿੰਘ ਕਲੇਰ

ਸਿਰ 'ਤੇ ਤਪਦਾ ਸੂਰਜ ਹੁੰਦਾ, ਹੇਠਾਂ ਕਾਲੀ ਰਾਤ ਰਹੀ।
ਰੋਟੀ ਦੀ ਥਾਂ ਹੱਥਾਂ ਉੱਤੇ, ਅੱਟਣਾਂ ਵੱਤ ਸੁਗਾਤ ਰਹੀ।
ਸਾਨੂੰ ਵੀ ਤਾਂ ਚੰਗੇ ਲਗਦੇ, ਬੁੱਲ੍ਹੀਆਂ ਉੱਤੇ ਹਾਸੇ,
ਜਦ ਵੀ ਮਿਲਦੇ ਹਰ ਦਮ ਮੁਕਦੀ, ਖ਼ਰਚ ਜਮ੍ਹਾਂ ਤੇ ਬਾਤ ਰਹੀ।
ਮਾਲੀ ਲੋਚੇ ਬਸ ਇੱਕ ਰੰਗ ਖਿੜੇ, ਸਾਰੀ ਫੁਲਵਾੜੀ ਵਿੱਚ,
ਫਿਰ ਵੀ ਨਿੱਤ ਨਵੇਂ ਰੰਗ ਸਦਾ, ਵੰਡਦੀ ਹੈ ਕਾਇਨਾਤ ਰਹੀ।
ਇਸ ਯੁੱਗ 'ਚ ਪੁਸਤਕ ਬਾਝੋਂ, ਕੈਸੀ ਕਰਨ ਪੜ੍ਹਾਈ ਪਾੜ੍ਹੇ,
ਨਾ ਫੱਟੀ, ਨਾ ਕੈਦਾ ਹੱਥ 'ਚ, ਨਾ ਹੀ ਕਲਮ, ਦਵਾਤ ਰਹੀ।
ਜਿਉਂਦੇ ਜੀਅ ਰਿਹਾ ਜੋ ਸੜਦਾ, ਛਾਵਾਂ ਵੰਡਣ ਵਾਲਾ ਸੀ,
ਉਸਦੀ ਲੱਕੜ ਸਦਕਾ ਸਜਦੀ, ਹੈ ਹੁਣ ਤੱਕ ਸਬ੍ਹਾਤ ਰਹੀ।

## ਮੇਰਾ ਸਾਉਣ
### ਜਸਵੰਤ ਧਾਪ

ਕਾਲੀਆਂ ਘਟਾਵਾਂ ਦੇ ਫਰਾਟੇ ਮੈਨੂੰ ਯਾਦ ਨੇ
ਸਾਉਣ ਦੀਆਂ ਝੜੀਆਂ, ਛਰਾਟੇ ਮੈਨੂੰ ਯਾਦ ਨੇ
ਕਾਨਿਆਂ ਦੀ ਛੱਤ ਵਿੱਚ ਕਣੀਆਂ ਦਾ ਨੱਚਣਾ
ਬਾਲਿਆਂ ਸ਼ਤੀਰੀਆਂ ਦਾ ਦੁੱਖ ਵਿੱਚ ਹੱਸਣਾ
ਛੱਪੜ ਦਾ ਗਾਰਾ, ਕਹੀ, ਬਾਟੇ ਮੈਨੂੰ ਯਾਦ ਨੇ
ਸਾਉਣ ਦੀਆਂ ਝੜੀਆਂ, ਛਰਾਟੇ ਮੈਨੂੰ ਯਾਦ ਨੇ
ਤੀਆਂ ਵਿੱਚ ਉੱਠੀ ਹਰ ਅੱਡੀ ਕਿੱਥੇ ਭੁੱਲਦੀ
ਨੱਚਦੀ ਭੰਬੀਰੀ ਬਿੱਲੋ ਨੱਢੀ ਕਿੱਥੇ ਭੁੱਲਦੀ
ਝਾਂਜਰਾਂ ਦੇ ਉਹਦੇ ਛਣਕਾਟੇ ਮੈਨੂੰ ਯਾਦ ਨੇ
ਸਾਉਣ ਦੀਆਂ ਝੜੀਆਂ, ਛਰਾਟੇ ਮੈਨੂੰ ਯਾਦ ਨੇ
ਹਾਣੀਆਂ ਦੇ ਨਾਲ ਵਿੱਚ ਬਾਰਿਸ਼ਾਂ ਦੇ ਭਿੱਜਣਾ
ਵਾਹੋਦਾਹੀ ਭੱਜਣਾ ਤੇ ਝੱਗਿਆਂ ਨੂੰ ਖਿੱਚਣਾ
ਬਚਪਨ ਵਾਲੇ ਸਾਰੇ ਵਾਧੇ ਘਾਟੇ ਮੈਨੂੰ ਯਾਦ ਨੇ
ਸਾਉਣ ਦੀਆਂ ਝੜੀਆਂ, ਛਰਾਟੇ ਮੈਨੂੰ ਯਾਦ ਨੇ
ਪਿੱਪਲ ਦੇ ਪੱਤੇ ਦਾਦੀ ਮੇਰੇ ਤੋਂ ਮੰਗਾਉਂਦੀ ਸੀ
ਪੱਤਿਆਂ ਦੇ ਨਾਲ ਪੂੜੇ ਸਿਰੇ ਦੇ ਬਣਾਉਂਦੀ ਸੀ
ਖਾ ਕੇ ਫਿਰ ਲਏ ਝੂਟੇ ਮਾਟੇ ਮੈਨੂੰ ਯਾਦ ਨੇ
ਸਾਉਣ ਦੀਆਂ ਝੜੀਆਂ, ਛਰਾਟੇ ਮੈਨੂੰ ਯਾਦ ਨੇ
ਫਿਰਨੀ ਦੇ ਪਿੱਪਲ ਤੇ ਆਰਿਆਂ ਦਾ ਫਿਰਨਾ
'ਕੱਲੇ 'ਕੱਲੇ ਦਿਲ ਵਿੱਚੋਂ ਹੰਝੂਆਂ ਦਾ ਕਿਰਨਾ
ਚਿਹਰਿਆਂ ਦੀ ਸੁੰਨ ਤੇ ਸੰਨਾਟੇ ਮੈਨੂੰ ਯਾਦ ਨੇ
ਸਾਉਣ ਦੀਆਂ ਝੜੀਆਂ, ਛਰਾਟੇ ਮੈਨੂੰ ਯਾਦ ਨੇ
ਕਾਵਾਂ ਤੇ ਬਨੇਰਿਆਂ ਨਾਲ ਗੱਲਾਂ ਰਹਿੰਦੀ ਕਰਦੀ
ਬਾਪੂ ਦੀ ਉਡੀਕ ਵਿੱਚ ਬੇਬੇ ਹਾਉਕੇ ਭਰਦੀ
ਭੁੜਕੇ ਪਰਾਤ ਵਿੱਚ ਆਟੇ ਮੈਨੂੰ ਯਾਦ ਨੇ
ਸਾਉਣ ਦੀਆਂ ਝੜੀਆਂ, ਛਰਾਟੇ ਮੈਨੂੰ ਯਾਦ ਨੇ
ਘੋੜਾ ਕੌਡੀ, ਬਾਰੀ ਅਤੇ ਲੁਕਣ ਛਪਾਈ ਦੇ
ਧਾਪ ਲਏ ਤੀਆਂ ਉੱਤੇ ਮਜ਼ੇ ਮੀਟੀ ਲਾਈ ਦੇ
ਛਿਟੀਆਂ 'ਚ ਅੜੇ ਲੀੜੇ ਪਾਟੇ ਮੈਨੂੰ ਯਾਦ ਨੇ
ਸਾਉਣ ਦੀਆਂ ਝੜੀਆਂ, ਛਰਾਟੇ ਮੈਨੂੰ ਯਾਦ ਨੇ

## ਜ਼ਿੰਦਗੀ ਇੱਕ ਬੁਝਾਰਤ
### ਲੈਕਚਰਾਰ ਅਜੀਤ ਖੰਨਾ

ਜ਼ਿੰਦਗੀ ਬੁਝਾਰਤ ਹੈ
ਰੇਤ ਤੇ ਇਮਾਰਤ ਹੈ
ਕਦੋਂ ਕੀ ਹੋ ਜਾਣਾ
ਕਿਸ ਪਲ ਕੀ ਖੋ ਜਾਣਾ
ਇਹ ਗੁੱਝੀ ਕਹਾਣੀ ਹੈ
ਮਿੰਟਾਂ 'ਚ ਮਾਰੂਥਲ
ਸਕਿੰਟਾਂ 'ਚ ਪਾਣੀ ਐ
ਇਹ ਜਿੰਦਗੀ ਦੀ
ਗੁੱਝੀ ਕਹਾਣੀ ਐ
ਮੈਨੂੰ ਤਾਂ ਇੰਝ ਜਾਪੇ
ਭੇਤਾਂ ਦੀ ਰਾਣੀ ਹੈ
ਦੁੱਖਾਂ ਸੁੱਖਾਂ ਦੀ ਕਿਤਾਬ ਐ
ਮਾਸਾ ਨਾ ਹਿਸਾਬ ਐ
ਜ਼ਿੰਦਗੀ ਰੂਹਾਂ ਦਾ ਮੇਲ ਐ
ਰਿਸ਼ਤਿਆਂ ਦਾ ਖੇਲ ਐ
ਉਲਝੀ ਤਾਣੀ ਐ
ਗੰਧਲਾ ਪਾਣੀ ਐ
ਦੁਨੀਆਂ ਛਾਣੀ ਐ
ਅੱਜ ਤੱਕ ਜ਼ਿੰਦਗੀ ਦੀ
ਬੁੱਝੀ ਨਾ ਕਹਾਣੀ ਐ

## ਕਵਿਤਾ
### ਸੰਦੀਪ ਸਿੰਘ



ਕਈਆਂ ਘਰਾਂ ਦੇ ਨੂਰ ਮੌਤ ਹਵਾਲੇ ਕੀਤੇ ਨੇ
ਬਾਪੂ ਹੋ ਗਿਆ ਮਜਬੂਰ ਕਫ਼ਨ ਆਪੇ ਓਹਨੇ ਸੀਤੇ ਨੇ
ਮਾਵਾਂ ਗਈਆਂ ਹਾਰ ਆਪਣੇ ਪੁੱਤਾਂ ਸਾਹਮਣੇ
ਇਸ ਭੈੜੇ ਚਿੱਟੇ ਨੇ ਕਈ ਘਰ ਕਾਲ਼ੇ ਕੀਤੇ ਨੇ

ਰੀਸੋ-ਰੀਸ ਸੂਹੇ ਰੰਗ ਕਾਲ਼ੇ ਧੂਤ ਹੋ ਗਏ
ਗਾਡਰ ਵਰਗੇ ਸਰੀਰ ਵਾਂਗਰ ਤੀਲੇ ਹੋ ਗਏ
ਕਿਸੇ ਨੇ ਖੁਦ ਜਾ ਹੋਣੀ ਦਾ ਕੁੰਡਾ ਖੜਕਾਇਆ
ਕਿਸੇ ਦੇ ਚਾਚੇ-ਤਾਏ ਨੇ ਹੀ ਆਪ ਕੰਡੇ ਬੀਜੇ ਨੇ
ਇਸ ਭੈੜੇ ਚਿੱਟੇ ਨੇ ਕਈ ਘਰ ਕਾਲ਼ੇ ਕੀਤੇ ਨੇ

ਚੜ੍ਹਦੀ ਉਮਰੇ ਪੁੱਤ ਚਿੱਟੇ ਨੇ ਖਾ ਲਿਆ
ਕਈ ਯਾਰ ਬੇਲੀਆਂ ਨੇ ਚਾਵਾਂ ਨਾਲ ਲਾ ਲਿਆ
ਭੈਣ ਕਰੇ ਅਰਜ਼ਾਂ ਤੂੰ ਮੁੜ ਆ ਵੇ ਵੀਰਿਆ
ਰੋਂਦੀ-ਰੋਂਦੀ ਨੇ ਸਿਹਰਾ ਬੰਨ ਸਿਵਿਆਂ ਨੂੰ ਤੋਰਿਆ
ਮਾਂ ਨੇ ਅਰਥੀ ਤੋਂ ਪਾਣੀ ਵਾਰ ਕੇ ਪੀਤੇ ਨੇ
ਇਸ ਭੈੜੇ ਚਿੱਟੇ ਨੇ ਕਈ ਘਰ ਕਾਲ਼ੇ ਕੀਤੇ ਨੇ

## ਗ਼ਜ਼ਲ
### ਕੁਲਵੰਤ ਰਿਖੀ

ਜਦ ਉਂਗਲੀ ਨੂਰਾਨੀ ਫਿਰਦੀ ਰਬਾਬ 'ਤੇ
ਅੰਮ੍ਰਿਤ ਦੀ ਕੂਲ੍ਹ ਫੁੱਟਦੀ ਧਰਤੀ ਬੇ-ਆਬ 'ਤੇ
ਤਿੜਕੇ ਜੋ ਸ਼ੀਸ਼ੇ 'ਚੋਂ ਵੀ ਤਕਦਾ ਸਬੂਤਾ ਚਿਹਰਾ
ਸਦਕੇ ਕਿਉਂ ਨਾ ਜਾਵਾਂ ਮੈਂ ਉਸ ਦੇ ਖ਼ਾਬ 'ਤੇ
ਜੋ ਆਖ ਦਿੰਦੇ ਦਿਲ ਦੀ ਤੂੰ ਫੋਲ ਦੇਖੀਂ ਪੰਨੇ
ਉਹ ਲਫ਼ਜ਼ ਕਿਧਰੇ ਹੈ ਨਾ ਤੇਰੀ ਕਿਤਾਬ 'ਤੇ
ਜਿਸਦੇ ਫੁੱਲਾਂ ਦੀ ਖੁਸ਼ਬੂ ਰੂਹ ਮਹਿਕਦੀ ਕੀਤੀ
ਕੰਡੇ ਵੀ ਬੇਸ਼ੁਮਾਰ ਸੀ ਓਸੇ ਗੁਲਾਬ 'ਤੇ
ਤੂੰ ਸਾਹ ਵੀ ਮੇਰੇ ਗਿਣਦਾ ਇਹ ਜ਼ਿੰਦਗੀ ਕੀ ਹੋਈ
ਹੈਰਤ ਹੈ ਬਹੁਤ ਯਾਰਾ ਤੇਰੇ ਹਿਸਾਬ 'ਤੇ
ਸੀਨੇ 'ਚ ਅੱਗ ਜਿਸਦੇ ਪਿੱਛੇ ਰਿਖੀ ਨਾ ਮੁੜਦੇ
ਗਾਥਾ ਸਿਦਕ ਦੀ ਲਿਖਣ ਵਗਦੇ ਚਨਾਬ 'ਤੇ

## ਆਦਤ
### ਹਰਮੀਤ ਸਿਵੀਆਂ

ਆਦਤ ਨਹੀਂ ਕਿਸੇ ਨੂੰ ਕੱਟਣ ਦੀ।
ਪਰ ਜ਼ਿੱਦ ਇੱਥੋਂ ਕੁਝ ਖੱਟਣ ਦੀ।
ਨਾ ਧੌਣ 'ਚ ਕਿੱਲਾ ਰੱਖਦੇ ਹਾਂ,
ਨਾ ਆਦਤ ਜੁੱਤੀ ਚੱਟਣ ਦੀ।
ਨਾ ਕਿਸੇ ਨੂੰ ਮੰਦੜੇ ਬੋਲ ਕਹੇ,
ਨਾ ਆਦਤ ਛੱਜ ਪਾ ਛੱਟਣ ਦੀ।
ਨਾ ਪੱਗ ਨੂੰ ਕਦੇ ਹੱਥ ਪਾਇਆ,
ਨਾ ਲੋੜ ਪਈ ਦਾੜ੍ਹੀ ਪੱਟਣ ਦੀ।
ਸਮਤਲ ਆਪਣੀ ਗੈਰਤ ਰੱਖੀ,
ਨਾ ਲੋੜ ਪਈ ਵੇਚਣ ਵੱਟਣ ਦੀ।
ਨਾ ਆਪਣੀ ਗੁੱਡੀ ਲਹਿਣ ਦੇਣੀ,
ਨਾ ਲੋੜ ਹੈ ਕਿਸੇ ਦੀ ਕੱਟਣ ਦੀ।
ਸਦਾ ਕਦਰ ਕਿਰਤ ਦੀ ਕਰੀਏ,
ਕਿਰਤੀ ਹੱਥਾਂ ਦੇ ਅੱਟਣ ਦੀ।
ਸਿਵੀਆਂ ਜਿੱਥੇ ਬਸ ਗਰਜ਼ਾਂ ਨੇ,
ਆਦਤ ਉੱਥੋਂ ਦੜ ਵੱਟਣ ਦੀ।

## ਬਾਪੂ ਦਾ ਪਿਆਰ
### ਗੁਰਿੰਦਰ ਸਿੰਘ ਸੰਧੂਆਂ

ਮੁੱਢ ਤੋਂ ਵਿਧਾਨ ਹੈ ਜੋ ਔਰਤਾਂ ਲਈ ਬਣਿਆ,
ਛੱਡਕੇ ਹੀ ਜਾਣਾ ਪੈਂਦਾ ਬਾਪੂ ਦਾ ਦੁਆਰ ਜੀ।
ਦਿਲ ਵਾਲੇ ਟੁਕੜੇ ਨੂੰ ਭੇਜਦੇ ਵਿਆਹ ਕੇ ਜਦੋਂ,
ਕੰਬਦਾ ਸਰੀਰ ਉਦੋਂ ਟੁੱਟੇ ਜਿਵੇਂ ਤਾਰ ਜੀ।
ਧੱਕ ਧੱਕ ਸੀਨਾ ਕਰੇ ਛੱਡਕੇ ਦੁਆਰ ਤੁਰੇ,
ਭੁੱਬਾਂ ਮਾਰ ਰੋਵੇ ਉਦੋਂ ਅੱਲੜ ਮੁਟਿਆਰ ਜੀ।
ਫੁੱਲਾਂ ਵਾਲੇ ਝੋਲੇ ਵਿੱਚ, ਜਦੋਂ ਹੈ ਸੰਧਾਰਾ ਆਉਂਦਾ,
ਭਰਿਆ ਹੁੰਦਾ ਹੈ ਵਿੱਚ, ਬਾਪੂ ਦਾ ਪਿਆਰ ਜੀ।
ਬੇਬੇ ਜੀ ਫੜਾਵੇ ਝੋਲਾ ਜਾ ਕੇ ਜਦੋਂ ਲਾਡਲੀ ਨੂੰ,
ਤਨ ਮਨ ਖਿੜ ਜਾਂਦਾ ਕਰਕੇ ਦੀਦਾਰ ਜੀ।
ਚਾਹ ਪਾਣੀ ਦੇ ਕੇ ਫੇਰ ਕੋਲ ਆਣ ਬੈਠਦੀ ਧੀ,
ਸਾਰਿਆਂ ਜੀਆਂ ਦੀ ਲੈਂਦੀ ਬੇਬੇ ਕੋਲੋਂ ਸਾਰ ਜੀ।
ਜੁਗ ਜੁਗ ਜਿਊਣ ਧੀਆਂ ਜੱਗ ਉੱਤੇ ਸਦਾ ਵੀਰੋ,
ਪਵੇ ਨਾ ਭਰਾਵੋ ਕੋਈ ਇਨ੍ਹਾਂ ਉੱਤੇ ਕੋਈ ਮਾਰ ਜੀ।
ਫੁੱਲਾਂ ਵਾਲੇ ਝੋਲੇ ਵਿੱਚ, ਜਦੋਂ ਹੈ ਸੰਧਾਰਾ ਆਉਂਦਾ,
ਭਰਿਆ ਹੁੰਦਾ ਹੈ ਵਿੱਚ, ਬਾਪੂ ਦਾ ਪਿਆਰ ਜੀ।
ਸਾਉਣ ਦੇ ਮਹੀਨੇ ਜਦੋਂ ਪੀਪਾ ਲੈ ਕੇ ਬੇਬੇ ਜਾਂਦੀ,
ਕਰਦੇ ਨੇ ਪੂਰੀ ਸੇਵਾ ਨਾਲੇ ਸਤਿਕਾਰ ਜੀ।
ਸਮੇਂ ਵਿੱਚੋਂ ਸਮਾਂ ਕੱਢ ਜਾਂਵਦੇ ਮਿਲਣ ਲੋਕ,
ਖੁਸ਼ੀ ਗ਼ਮੀ ਹੋਵੇ ਭਾਵੇਂ ਕੋਈ ਤਿਉਹਾਰ ਜੀ।
ਆਪਣੇ ਲਈ ਤਾਂ ਕੁਝ ਮੰਗਦੀਆਂ ਨਹੀਂ ਧੀਆਂ
ਵੱਖਰੀ ਤਾਸੀਰ ਵੇਖੋ ਬਖ਼ਸ਼ੀ ਦਾਤਾਰ ਜੀ।
ਫੁੱਲਾਂ ਵਾਲੇ ਝੋਲੇ ਵਿੱਚ, ਜਦੋਂ ਹੈ ਸੰਧਾਰਾ ਆਉਂਦਾ,
ਭਰਿਆ ਹੁੰਦਾ ਹੈ ਵਿੱਚ, ਬਾਪੂ ਦਾ ਪਿਆਰ ਜੀ।
ਖੁਸ਼ੀ ਖੁਸ਼ੀ ਰਹਿਣ ਸਦਾ ਵੱਸਦੀਆਂ ਧੀਆਂ ਵੀਰੋ,
ਦੋਵੇਂ ਹੱਥ ਜੋੜ ਅਰਦਾਸ ਮੇਰੀ ਕਰਤਾਰ ਜੀ।
ਇੱਕੋ ਘਰ ਰਹਿਕੇ 'ਕੱਠੇ ਖੇਡੀਆਂ ਭਰਾਵਾਂ ਸੰਗ,
ਲੱਭਣੀ ਨਾ ਕਿਤੋਂ ਐਸੀ ਮਸਤ ਬਹਾਰ ਜੀ।
ਧੀਆਂ ਤੇ ਪੁੱਤਰ ਭਾਈ ਕਿਰਪਾ ਦਾਤਾਰ ਵਾਲੀ,
ਓਹਦਿਆਂ ਰੰਗਾਂ ਤੋਂ ਜਾਈਏ ਸਦਾ ਬਲਿਹਾਰ ਜੀ।
ਫੁੱਲਾਂ ਵਾਲੇ ਝੋਲੇ ਵਿੱਚ, ਜਦੋਂ ਹੈ ਸੰਧਾਰਾ ਆਉਂਦਾ,
ਭਰਿਆ ਹੁੰਦਾ ਹੈ ਵਿੱਚ, ਬਾਪੂ ਦਾ ਪਿਆਰ ਜੀ।
ਨਾਰੀ ਬਾਝੋਂ ਚੱਲਦੀ ਨਹੀਂ ਗੱਡੀ ਸੰਸਾਰ ਵਾਲੀ
ਇਸ ਤੋਂ ਹੀ ਪੈਦਾ ਹੋਏ ਜੋਧੇ ਬਲਕਾਰ ਜੀ।
ਮਾਂ ਭੈਣ ਪਤਨੀ ਤੇ ਧੀ ਭਿੰਨ ਭਿੰਨ ਰੂਪ ਨਾਰੀ
ਜਿਹੋ ਜਿਹਾ ਨਾਮ ਮਿਲੇ ਕਰੇ ਕੰਮ ਕਾਰ ਜੀ।
ਗੁਣਾਂ ਦੀ ਪਿਟਾਰੀ ਨਾਲੇ ਸੁੱਘੜ ਸਿਆਣੀ ਹੋਵੇ
ਮੰਨਦੇ ਸੁਲੱਖਣੀ ਨੇ ਨਾਰਾਂ ਵਿੱਚੋਂ ਨਾਰ ਜੀ।
ਫੁੱਲਾਂ ਵਾਲੇ ਝੋਲੇ ਵਿੱਚ, ਜਦੋਂ ਹੈ ਸੰਧਾਰਾ ਆਉਂਦਾ,
ਭਰਿਆ ਹੁੰਦਾ ਹੈ ਵਿੱਚ, ਬਾਪੂ ਦਾ ਪਿਆਰ ਜੀ।
ਉੱਤਮ ਪ੍ਰਾਣੀ ਜਾਣੋ ਧੀਆਂ ਨੂੰ ਪੜ੍ਹਾਵੇ ਜਿਹੜਾ
ਸਮੇਂ ਨਾਲ ਵਿੱਦਿਆ ਦੇ ਅੱਖਰ ਜੋ ਚਾਰ ਜੀ।
ਸ਼ਰਧਾ ਦੇ ਨਾਲ ਜਿਹੜੇ, ਕਰਦੇ ਨੇ ਦਾਨ ਲੋਕੀਂ,
ਆਂਵਦੀ ਨਾ ਤੋਟ ਕਦੇ, ਉਹਨੂੰ ਸੰਸਾਰ ਜੀ।
ਚੰਮ ਨੂੰ ਨਾ ਪੁੱਛੇ ਕੋਈ ਕੰਮ ਦੀ ਕਦਰ ਪੈਂਦੀ,
ਸੰਧੂਆਂ ਤੂੰ ਘੁੰਮੀ ਭਾਵੇਂ ਮੁਲਕ ਹਜ਼ਾਰ ਜੀ।
ਫੁੱਲਾਂ ਵਾਲੇ ਝੋਲੇ ਵਿੱਚ, ਜਦੋਂ ਹੈ ਸੰਧਾਰਾ ਆਉਂਦਾ,
ਭਰਿਆ ਹੁੰਦਾ ਹੈ ਵਿੱਚ, ਬਾਪੂ ਦਾ ਪਿਆਰ ਜੀ।

# ਹਰੇਕ ਭਾਰਤੀ ਦਾ ਦਰਦ: ਉਲੰਪਿਕ ਖੇਡ ’ਚ ਵਿਨੇਸ਼ ਕਿਉਂ ਨਾ ਹੋਈ ਸਫ਼ਲ ?



ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ



ਅਜੋਕੀਆਂ ਸਮੁੱਚੀਆਂ ਖੇਡਾਂ (ਪੈਰਿਸ ਉਲੰਪਿਕ) ਵਿੱਚ ਜਿਹੜਾ ਧਿਆਨ ਪਹਿਲਵਾਨੀ ਵਿੱਚ ਭਾਰਤੀ ਬੇਟੀ ਨੇ ਖਿੱਚਿਆ ਸੀ, ਉਸ ’ਤੇ ਤਰ੍ਹਾਂ-ਤਰ੍ਹਾਂ ਦੀਆਂ ਸਭ ਪਾਸਿਉਂ ਚਿੰਤਾਵਾਂ ਅਤੇ ਟਿੱਪਣੀਆਂ ਦੀ ਹਨੇਰੀ ਆਈ ਹੋਈ ਹੈ। ਉਹ ਘਟਨਾ ਹਰਿਆਣਵੀ ਬੇਟੀ ਵਿਨੇਸ਼ ਫੋਗਾਟ ਨਾਲ ਪੈਰਿਸ ਉਲੰਪਿਕ ਖੇਡਾਂ ਦੌਰਾਨ ਵਾਪਰੀ ਹੈ, ਜਿਸ ਘਟਨਾ ਨੇ ਸਭ ਭਾਰਤੀਆਂ ਨੂੰ ਇਕਦਮ ਹੈਰਾਨ ਪ੍ਰੇਸ਼ਾਨ ਕਰ ਰੱਖਿਆ ਹੈ। ਇਸ ’ਤੇ ਅੱਜਕੱਲ੍ਹ ਹਮਦਰਦੀ ਦੇ ਰੂਪ ਵਿੱਚ ਵੱਖ-ਵੱਖ ਟਿੱਪਣੀਆਂ ਹੋ ਰਹੀਆਂ ਹਨ।

ਬੇਟੀ ਵਿਨੇਸ਼ ਫੋਗਾਟ, ਜਿਸ ਨੂੰ ਉਨ੍ਹਾਂ ਦੇ ਪਿਤਾ ਜੀ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਚਾਚਾ ਜੀ ਨੇ ਇਸ ਬਾਬਤ ਧਰਮ ਨਿਭਾਇਆ। ਬੇਟੀ ਖੇਡਦੀ-ਖੇਡਦੀ ਅੱਜ ਉਨੱਤੀ ਸਾਲ ਦੀ ਹੋ ਚੁੱਕੀ ਹੈ, ਜਿਸ ਨੇ ਆਪਣੇ ਭਾਰ ਦੇ ਬਰਾਬਰ ਵੱਖ-ਵੱਖ ਸਮੇਂ ਵੱਖ-ਵੱਖ ਦੇਸ਼ਾਂ ਵੱਲੋਂ ਗੇਮਾਂ ਵਿੱਚ ਹਿੱਸਾ ਲੈ ਕੇ ਅਣਗਿਣਤ ਤਗਮੇ ਜਿੱਤੇ ਹਨ। ਇਨ੍ਹਾਂ ਵਿੱਚ ਚਾਂਦੀ, ਕਾਂਸੀ ਅਤੇ ਸੋਨੇ ਦੇ ਹਨ। ਵਿਨੇਸ਼ ਫੋਗਾਟ ਨੇ ਹਾਰ ਕਦੇ ਨਾ ਮੰਨੀ ਸੀ ਨਾ ਹੀ ਕਦੇ ਦੇਖੀ ਸੀ। ਹੁਣ ਵੀ ਪੈਰਿਸ ਉਲੰਪਿਕ ਖੇਡਾਂ ਵਿੱਚ ਭਲਵਾਨੀ ਵਿੱਚ ਉਹ ਸੋਨੇ ਦੇ ਤਗਮੇ ਦੇ ਬਿਲਕੁਲ ਨੇੜੇ ਸੀ। ਕਾਰਨ, ਜਿਸ ਤਰ੍ਹਾਂ ਵਿਨੇਸ਼ ਫੋਗਾਟ ਨੇ ਸੈਮੀਫਾਈਨਲ ਵਿੱਚ ਆਪਣੀ ਵਿਰੋਧੀ ਨੂੰ ਪਿਛਲੇ ਮਿੰਟਾਂ ਵਿੱਚ ਹਰਾ ਕੇ ਉਸ ਪਹਿਲਵਾਨ ਲੇਡੀ ਤੋਂ ਜਿੱਤੀ, ਜਿਸ ਨੇ ਵੀ ਕਦੇ ਹਾਰ ਨਹੀਂ ਸੀ ਦੇਖੀ। ਉਹ ਤਕਰੀਬਨ ਬਿਆਸੀ (82) ਵਾਰ ਜਿੱਤਦੀ ਆਈ ਸੀ। ਪਰ ਇਸ ਨੂੰ ਤੁਸੀਂ ਕੀ ਕਹਿ ਸਕਦੇ ਹੋ ਚੁਰੰਜਾ ਕਿਲੋ ਭਾਰ ਵਿੱਚ ਖੇਡਦੀ-ਖੇਡਦੀ ਆਪਣਾ ਭਾਰ ਘਟਾ ਕੇ ਪੰਜਾਹ ਕਿਲੋ ਵਿੱਚ ਸੈਮੀਫਾਈਨਲ ਜਿੱਤ ਗਈ।

ਪਰ ਜਦੋਂ ਫਾਈਨਲ ਵਿੱਚ ਖੇਡਣ ਵਾਸਤੇ ਭਾਰ ਜੋਖਿਆ ਗਿਆ ਤਾਂ ਉਹ ਪੰਜਾਹ ਕਿਲੋ ਸੌ ਗ੍ਰਾਮ ਨਿਕਲਿਆ। ਇਹ ਸਭ ਵਿਨੇਸ਼ ਫੋਗਾਟ ਖਿਡਾਰਨ ਤੋਂ ਇਲਾਵਾ ਬਾਕੀ ਨਾਲ ਗਏ ਸਟਾਫ ਮੈਂਬਰਾਂ ਦੇ ਧਿਆਨ ਵਿੱਚ ਸੀ, ਜਿਸ ਕਰਕੇ ਹਰਿਆਣਵੀ ਬੇਟੀ ਫਾਈਨਲ ਖੇਡਣ ਤੋਂ ਪਹਿਲੀ ਰਾਤ, ਹਰ ਤਰੀਕੇ ਨਾਲ ਆਪਣਾ ਭਾਰ ਘਟਾਉਣ ਦੀ ਕੋਸ਼ਿਸ਼ ਕਰਦੀ ਰਹੀ, ਭਾਰੀ ਕਸਰਤ ਤੋਂ ਇਲਾਵਾ ਇੱਥੋਂ ਤੱਕ ਉਸ ਨੇ ਆਪਣੇ ਨੌਹਾਂ ਸਮੇਤ ਕੁਝ ਵਾਲ ਵੀ ਕਟਾ ਦਿੱਤੇ, ਆਪਣਾ ਖ਼ੂਨ ਵੀ ਕਢਾਇਆ। ਸੂਤਰ ਦੱਸਦੇ ਹਨ ਕਿ ਬਹੁਤ ਵਾਰ ਭਾਰ ਘਟਦਾ-ਘਟਦਾ ਇੱਕ ਸਟੇਜ ’ਤੇ ਆਣ ਕੇ ਰੁਕ ਜਾਂਦਾ ਹੈ। ਹਰਿਆਣਵੀ ਬੇਟੀ ਨਾਲ ਵੀ ਅਜਿਹਾ ਹੀ ਹੋਇਆ। ਵਿਨੇਸ਼ ਫੋਗਾਟ ਤੇ ਉਸ ਦੀ ਟੀਮ ਸਮੁੱਚੇ ਸਿਰ ਦੇ ਵਾਲ ਕੱਟਣ ਲਈ ਉਸਤਰਾ ਫੇਰਨ ਲਈ ਵੀ ਤਿਆਰ ਸਨ, ਪਰ ਵਾਲਾਂ ਦਾ ਭਾਰ ਬਹੁਤ ਘੱਟ ਹੋਣ ਕਰਕੇ ਅਜਿਹਾ ਨਹੀਂ ਹੋ ਸਕਿਆ।


ਸੌ ਗ੍ਰਾਮ ਕਰਕੇ ਉਸ ਨੂੰ ਉਲੰਪਿਕ ਵਿੱਚੋਂ ਬਾਹਰ ਦਾ ਰਸਤਾ ਦਿਖਾਇਆ। ਬਾਅਦ ਵਿੱਚ ਵੱਖ-ਵੱਖ ਪਾਰਟੀਆਂ ਅਤੇ ਸਰਕਾਰ ਵੱਲੋਂ ਅਤੇ ਦੇਸ਼ ਦੀਆਂ ਵੱਖ-ਵੱਖ ਸ਼ਖਸੀਅਤਾਂ ਵੱਲੋਂ ਵੱਖ-ਵੱਖ ਬਿਆਨ ਦੇ ਕੇ ਆਪੋ-ਆਪਣੀ ਹਮਦਰਦੀ ਪ੍ਰਗਟਾਈ ਗਈ। ਕਈਆਂ ਨੇ ਇਸ ਪਿੱਛੇ ਕੋਈ ਸਾਜ਼ਿਸ਼ ਦੱਸੀ, ਪਰ ਅਸੀਂ ਕਿਸੇ ਸਾਜ਼ਿਸ਼ ਨੂੰ ਨਹੀਂ ਮੰਨਦੇ। ਇਡੀ ਵੱਡੀ ਸੰਸਥਾ ਅਜਿਹਾ ਕੰਮ ਕਿਵੇਂ ਕਰ ਸਕਦੀ ਹੈ ? ਵੱਡੇ-ਵੱਡੇ ਖਿਡਾਰੀਆਂ, ਇੱਥੋਂ ਤਕ ਵਿਨੇਸ਼ ਫੋਗਾਟ ਦੀ ਭੈਣ ਤੇ ਚਾਚੇ ਨੇ ਇੱਕ ਇੰਟਰਵਿਊ ਵਿੱਚ ਕਿਸੇ ਅਜਿਹੀ ਸਾਜ਼ਿਸ਼ ਤੋਂ ਇਨਕਾਰ ਕੀਤਾ ਹੈ। ਉਂਝ ਮੌਜੂਦਾ ਕੇਂਦਰੀ ਸਰਕਾਰ ਨੇ ਵੀ ਆਪਣਾ ਬਣਦਾ ਫਰਜ਼ ਪੂਰਾ ਨਹੀਂ ਕੀਤਾ। ਉਲਟ ਪਾਰਲੀਮੈਂਟ ਵਿੱਚ ਖੇਡ ਮੰਤਰੀ ਨੇ ਇੱਕ ਛੋਟੀ ਜਿਹੀ ਗੱਲ ਕਰਕੇ ਆਪਣੀ ਪੁਜ਼ੀਸ਼ਨ ਹਾਸੋਹੀਣੀ ਬਣਾਈ ਕਿ ਅਸੀਂ ਵਿਨੇਸ਼ ਫੋਗਾਟ ’ਤੇ ਅੱਜ ਤੱਕ ਸੱਤਰ ਲੱਖ ਤੋਂ ਵੱਧ ਖ਼ਰਚ ਚੁੱਕੇ ਹਾਂ। ਇੰਨਾ ਖਰਚਾ ਤਾਂ ਵਜ਼ੀਰ ਛੋਟੇ-ਛੋਟੇ ਹਵਾਈ ਯਾਤਰਾ ਕਰਕੇ ਆਮ ਫਜ਼ੂਲ-ਖ਼ਰਚੀ ਕਰਦੇ ਰਹਿੰਦੇ ਹਨ। ਉਲੰਪਿਕ ਖੇਡਾਂ ਦੌਰਾਨ ਅਸੂਲਾਂ ਮੁਤਾਬਕ ਹਰ ਖਿਡਾਰੀ ਨੂੰ ਆਪਣਾ ਭਾਰ ਜੋਖਣ ਵਾਸਤੇ ਪੰਦਰਾਂ ਮਿੰਟ ਦਾ ਸਮਾਂ ਦਿੱਤਾ ਜਾਂਦਾ ਹੈ। ਖਿਡਾਰੀ ਜਦੋਂ ਚਾਹੇ ਜਿੰਨੀ ਵਾਰੀ ਮਰਜ਼ੀ ਚਾਹੇ ਮਿਥੇ ਸਮੇਂ ਵਿੱਚ ਆਪਣਾ ਭਾਰ ਜੋਖ ਸਕਦਾ ਹੈ, ਕੋਈ ਮਨਾਹੀ ਨਹੀਂ। ਬਾਕੀ ਗੱਲ ਰਹੀ ਸਾਜ਼ਿਸ਼ ਦੀ, ਕੋਈ ਸਾਥੀ, ਹਮਦਰਦ ਜਿਹੜੇ ਨਾਲ ਹੁੰਦੇ ਹਨ, ਕਿਸੇ ਨੂੰ ਕੁਝ ਖੁਆ ਨਹੀਂ ਸਕਦੇ, ਨਾ ਹੀ ਮਜਬੂਰ ਕਰ ਸਕਦੇ ਹਨ। ਹਮਦਰਦ, ਹਮਦਰਦੀ ਦਿਖਾਉਣ ਵਾਸਤੇ ਅਜਿਹੀਆਂ ਗੱਲਾਂ ਕਰਦੇ ਰਹਿੰਦੇ ਹਨ। ਚੋਟੀ ਦੇ ਕੋਚ ਅਤੇ ਖਿਡਾਰੀ ਦੱਸਦੇ ਹਨ ਕਿ ਅਜਿਹੇ ਸਮੇਂ ਤਾਂ ਖਿਡਾਰੀ ਦੰਦਾਂ ਨੂੰ ਬਰੱਸ਼ ਕਰਨ ਵੇਲੇ ਵੀ ਅਜਿਹਾ ਖਿਆਲ ਰੱਖਦੇ ਹਨ ਕਿ ਕਿਤੇ ਕੁਰਲੀ ਕਰਦੇ ਸਮੇਂ ਪਾਣੀ ਦਾ ਘੁੱਟ ਪੇਟ ਅੰਦਰ ਪ੍ਰਵੇਸ਼ ਨਾ ਹੋ ਜਾਵੇ।

ਉਂਝ ਅਜਿਹੇ ਵਕਤ ਸਭ ਨੂੰ ਖਿਡਾਰੀ ਨਾਲ ਹਮਦਰਦੀ ਹੋਣੀ ਸੁਭਾਵਿਕ ਹੁੰਦੀ ਹੈ। ਕਾਰਨ, ਹਰ ਖਿਡਾਰੀ ਸਮੁੱਚੇ ਦੇਸ਼ ਲਈ ਖੇਡ ਰਿਹਾ ਹੁੰਦਾ ਹੈ। ਤਗਮਾ ਜਿੱਤਣ ਤੋਂ ਬਾਅਦ ਉਹ ਖਿਡਾਰੀ ਜਿੱਥੇ ਆਪਣੇ ਲਈ ਖੁਸ਼ੀ ਪ੍ਰਾਪਤ ਕਰਦਾ ਹੈ, ਉੱਥੇ ਸਮੁੱਚੇ ਦੇਸ਼ ਦਾ ਨਾਂਅ ਉੱਚਾ ਕਰਦਾ ਹੈ। ਆਪਣੇ ਸੂਬੇ, ਆਪਣੇ ਪਿੰਡ ਅਤੇ ਆਪਣੇ ਮਾਂ-ਬਾਪ ਸਮੇਤ ਆਪਣੇ ਕੋਚ ਦਾ ਨਾਂਅ ਉੱਚਾ ਕਰਦਾ ਹੈ। ਪ੍ਰਧਾਨ ਮੰਤਰੀ ਤੋਂ ਲੈ ਕੇ ਵਿਰੋਧੀ ਧਿਰ ਦੇ ਵੱਖ-ਵੱਖ ਨੇਤਾਵਾਂ ਨੇ ਵਿਨੇਸ਼ ਫੋਗਾਟ ਨਾਲ ਹਮਦਰਦੀ ਪ੍ਰਗਟਾ ਕੇ ਬੇਟੀ ਨੂੰ ਹੌਸਲਾ ਦਿੱਤਾ ਹੈ। ਪਰ ਸੌ ਗ੍ਰਾਮ ਭਾਰ ਦੀ ਖੇਡ ਨੇ ਬੇਟੀ ਨੂੰ ਅੰਦਰੋਂ ਤੋੜ ਦਿੱਤਾ ਹੈ, ਜਿਸ ਨੇ ਸੈਮੀਫਾਈਨਲ ਜਿੱਤਣ ਕਰਕੇ ਚਾਂਦੀ ਤਗਮੇ ਦੀ ਮੰਗ ਕੀਤੀ ਸੀ, ਜੋ ਉਲੰਪਿਕ ਅਸੂਲਾਂ ਮੁਤਾਬਕ ਨਹੀਂ ਮੰਨੀ ਗਈ। ਉਸ ਨੇ ਮਾਂ ਨੂੰ ਸੰਬੋਧਨ ਹੁੰਦਿਆਂ ਆਪਣਾ ਦੁੱਖ ਰੋਇਆ ਹੈ ਕਿ ਮਾਂ ਕੁਸ਼ਤੀ ਜਿੱਤ ਗਈ ਹੈ, ਮੈਂ ਹਾਰ ਗਈ ਹਾਂ।

(ਬਾਕੀ ਸਫ਼ਾ 30 ’ਤੇ)

## ਵਿਨੇਸ਼ ਫੋਗਾਟ ਭਾਵੁਕ ਹੋਕੇ ਬੋਲੀ ‘ਮੇਰੀ ਵਾਰੀ ਲੱਗਦੈ ਰੱਬ ਸੁੱਤਾ ਰਹਿ ਗਿਆ’ !

### ਹੁਣ ਚਾਂਦੀ ਦਾ ਵੀ ਨਹੀਂ ਮਿਲਿਆ ਤ਼ਗਮਾ



ਰੈਸਲਰ ਵਿਨੇਸ਼ ਫੋਗਾਟ ਦੀ ਸਿਲਵਰ ਮੈਡਲ ਅਪੀਲ ਖ਼ਾਰਜ ਹੋਣ ਦੇ ਬਾਅਦ ਭਾਵੁਕ ਪੋਸਟ ਲਿਖੀ ਹੈ । ਉਨ੍ਹਾਂ ਨੇ ਇੰਸਟਰਾਗਰਾਮ ਐਕਾਉਂਟ ’ਤੇ ਰੋਂਦੇ ਹੋਏ ਫੋਟੋ ਪਾਈ ਅਤੇ ਗਾਇਕ ਬੀ ਪ੍ਰਾਕ ਦਾ ਗਾਣਾ ‘ਮੇਰੀ ਵਾਰੀ ਤਾਂ ਲੱਗਦਾ, ਤੂੰ ਰੱਬ ਸੁੱਤਾ ਰਹਿ ਗਿਆ’। ਇਸ ਤੋਂ ਪਹਿਲਾਂ ਬੁੱਧਵਾਰ 14 ਅਗਸਤ ਨੂੰ ਕੋਰਟ ਆਫ਼ ਆਬਿਟ੍ਰੇਸ਼ਨ ਫਾਰ ਸਪੋਰਟਸ ਨੇ ਦੀ ਪੈਰਿਸ ਉਲੰਪਿਕ ਵਿੱਚ ਸਾਂਝੇ ਸਿਲਵਰ ਮੈਡਲ ਦੀ ਮੰਗ ਨੂੰ ਖਾਰਜ ਕਰ ਦਿੱਤਾ ਸੀ ।

ਵਿਨੇਸ਼ ਨੇ ਰੈਸਲਿੰਗ ਵਿੱਚ 50 ਕਿਲੋਗ੍ਰਾਮ ਮਹਿਲਾ ਕੈਟਾਗਰੀ ਵਿੱਚ 3 ਮੈਚ ਜਿੱਤ ਕੇ ਫਾਈਨਲ ਵਿੱਚ ਥਾਂ ਬਣਾਈ ਸੀ ।8 ਅਗਸਤ ਨੂੰ ਫਾਈਨਲ ਹੋਣਾ ਸੀ ਪਰ ਮੈਚ ਤੋਂ ਪਹਿਲਾਂ ਉਲੰਪਿਕ ਕਮੇਟੀ ਨੇ ਵਿਨੇਸ਼ ਦੇ 100 ਗਰਾਮ ਜ਼ਿਆਦਾ ਵਜ਼ਨ ਦੀ ਵਜ੍ਹਾ ਕਰਕੇ ਡਿਸਕੁਆਲੀਫਾਈ ਕਰ ਦਿੱਤਾ ਸੀ ।

**ਭਾਰਤੀ ਉਲੰਪਿਕ ਸੰਘ ਦੇ ਵਕੀਲ ਨੇ ਕਿਹਾ ਡਿਟੇਲ ਦਾ ਇੰਤਜ਼ਾਰ**

ਕੋਰਟ ਆਫ਼ ਆਬਿਟ੍ਰੇਸ਼ਨ ਫਾਰ ਸਪੋਰਟਸ ਵਿੱਚ ਭਾਰਤੀ ਉਲੰਪਿਕ ਸੰਘ ਦੇ ਵਕੀਲ ਵਿਧੁਸ਼ਪਤ ਸਿੰਘਾਨਿਆ ਨੇ ਕਿਹਾ ਕਿ ਹੁਣ ਤੱਕ ਡਿਟੇਲ ਆਦੇਸ਼ ਨਹੀਂ ਮਿਲਿਆ ਹੈ। ਸਿਰਫ਼ ਇੱਕ ਲਾਈਨ ਦਾ ਹੁਕਮ ਹੈ ਵਿਨੇਸ਼ ਦੀ ਅਪੀਲ ਖ਼ਾਰਜ,ਅਦਾਲਤ ਨੇ ਕੋਈ ਕਾਰਨ ਨਹੀਂ ਦੱਸਿਆ ਹੈ। ਇਸ ਨੂੰ ਕਿਉਂ ਖਾਰਜ ਕੀਤਾ ਹੈ ਅਤੇ ਇੰਨਾ ਸਮਾਂ ਕਿਉਂ ਲਿਆ ਗਿਆ ਹੈ। ਅਸੀਂ ਹੈਰਾਨ ਅਤੇ ਨਿਰਾਸ਼ ਹਾਂ। ਸਾਨੂੰ ਉਮੀਦ ਹੈ ਕਿ ਡੀਟੇਲ ਹੁਕਮ 10-15 ਦਿਨਾਂ ਦੇ ਅੰਦਰ ਆਵੇਗਾ । ਕੋਰਟ ਆਫ਼ ਆਬਿਟ੍ਰੇਸ਼ਨ ਫਾਰ ਸਪੋਰਟਸ ਦੇ ਖ਼ਿਲਾਫ਼ ਸਵਿਸ ਫੇਡਰਲ ਟ੍ਰਿਬਿਉਨਲ ਵਿੱਚ 30 ਦਿਨਾਂ ਦੇ ਅੰਦਰ ਅਪੀਲ ਕੀਤੀ ਜਾ ਸਕਦੀ ਹੈ। ਡੀਟੇਲ ਹੁਕਮ ਤੋਂ ਬਾਅਦ 30 ਦਿਨ ਦਾ ਸਮਾਂ ਸ਼ੁਰੂ ਹੋ ਜਾਵੇਗਾ। ਹਰੀਸ਼ ਸਾਲਵੇ ਸਾਡੇ ਨਾਲ ਹਨ, ਉਹ ਸਾਨੂੰ ਗਾਈਡ ਕਰਨਗੇ। ਅਸੀਂ ਉਨ੍ਹਾਂ ਦੇ ਨਾਲ ਬੈਠ ਕੇ ਅਪੀਲ ਦੀ ਪਟੀਸ਼ਨ ਤਿਆਰ ਕਰਾਂਗੇ ।

ਭਾਰਤੀ ਉਲੰਪਿਕ ਐਸੋਸੀਏਸ਼ਨ ਦੀ ਪ੍ਰਧਾਨ ਪੀ.ਟੀ. ਊਸ਼ਾ ਨੇ ਕੋਰਟ ਆਫ਼ ਆਬਿਟ੍ਰੇਸ਼ਨ ਫਾਰ ਸਪੋਰਟਸ ਨੇ ਨਤੀਜਿਆਂ ’ਤੇ ਨਰਾਜ਼ਗੀ ਜਤਾਈ ਸੀ। ਉਨ੍ਹਾਂ ਨੇ ਯੂਨਾਈਟਿਡ ਵਰਲਡ ਰੈਸਲਿੰਗ ਅਤੇ ਕੌਮਾਂਤਰੀ ਉਲੰਪਿਕ ਕਮੇਟੀ ਦੇ ਫੈਸਲੇ ’ਤੇ ਹੈਰਾਨੀ ਜਤਾਈ ਹੈ ।

# ਫ਼ੀਫ਼ਾ ਵਿਸ਼ਵ ਕੱਪ ਬਨਾਮ ਭਾਰਤੀ ਫੁੱਟਬਾਲ ਦੀ ਸਥਿਤੀ

ਬੀਰਪਾਲ ਗਿੱਲ

ਵਿਸ਼ਵ ਵਿੱਚ ਸਭ ਤੋਂ ਵੱਧ ਖੇਡੀ ਜਾਂਦੀ ਖੇਡ ਫੁੱਟਬਾਲ ਦਾ ਮਹਾਕੁੰਭ ਫ਼ੀਫਾ ਵਿਸ਼ਵ ਕੱਪ 11 ਜੂਨ ਤੋਂ 19 ਜੁਲਾਈ 2026 ਤੱਕ ਅਮਰੀਕਾ, ਮੈਕਸੀਕੋ ਅਤੇ ਕੈਨੇਡਾ ਦੀ ਧਰਤੀ ’ਤੇ ਕਰਵਾਇਆ ਜਾ ਰਿਹਾ ਹੈ। ਇਸ ਵਿੱਚ ਦਾਖ਼ਲਾ ਲੈਣ ਦੀ ਪ੍ਰਕਿਰਿਆ ਚੱਲ ਰਹੀ ਹੈ, ਜਿਸ ਦੇ ਤਹਿਤ ਭਾਰਤ ਇੱਕ ਵਾਰ ਫਿਰ ਵਿਸ਼ਵ ਪੱਧਰੀ ਖੇਡ ਮਹਾਂਕੁੰਭ ਵਿੱਚ ਭਾਗ ਲੈਣ ਤੋਂ ਅਸਮਰੱਥ ਹੋ ਗਿਆ ਹੈ।

ਬੀਤੇ ਦਿਨੀਂ ਫ਼ੀਫਾ ਵਿਸ਼ਵ ਕੱਪ ਦੇ ਦਾਖ਼ਲੇ ਲਈ ਭਾਰਤ ਨੂੰ ਕਤਰ ਵੱਲੋਂ 2-1 ਗੋਲਾਂ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਭਾਰਤੀ ਖਿਡਾਰੀਆਂ ਦੁਆਰਾ ਖੇਡਿਆ ਗਿਆ ਮੈਚ ਕਾਬਲੇ-ਤਾਰੀਫ਼ ਸੀ, ਭਾਵੇਂ ਚੰਗਾ ਮੁਕਾਬਲਾ ਕਰਦੇ ਤਕਨੀਕੀ ਕਾਰਨਾਂ ਕਰ ਕੇ ਹਾਰ ਦਾ ਮੂੰਹ ਦੇਖਣਾ ਪਿਆ।

ਫ਼ੀਫਾ ਵਿਸ਼ਵ ਕੱਪ ਦੀ ਸ਼ੁਰੂਆਤ ਦੂਜੇ ਵਿਸ਼ਵ ਯੁੱਧ ਤੋਂ ਪਹਿਲਾਂ ਉਰੂਗਾਵੇ ਵਿਖੇ 1930 ਵਿੱਚ ਹੋਈ। ਇਸ ਨੂੰ ਸ਼ੁਰੂ ਕਰਨ ਦਾ ਫ਼ੈਸਲਾ ਐਮਸਟਰਡਮ ਵਿਖੇ ਫ਼ੀਫਾ ਕਾਂਗਰਸ ਵਲੋਂ ਕੀਤਾ ਗਿਆ। ਇਸ ਕਮੇਟੀ ਵੱਲੋਂ ਫੁੱਟਬਾਲ ਦੇ ਪੱਧਰ ਨੂੰ ਹੋਰ ਉੱਚਾ ਚੁੱਕਣ ਲਈ ਉਲੰਪਿਕ ਖੇਡਾਂ ਵਿੱਚ ਫੁੱਟਬਾਲ ਪ੍ਰਤੀ ਲੋਕਾਂ ਪਿਆਰ ਦੇਖਦੇ ਹੋਏ ਅੰਤਰ-ਰਾਸ਼ਟਰੀ ਫੁੱਟਬਾਲ ਫ਼ੀਫਾ ਵਿਸ਼ਵ ਕੱਪ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। ਜਿਸ ਸ਼ੁਰੂਆਤੀ ਖੇਡਾਂ ਦਾ ਸਿਹਰਾ ਦੋ ਵਾਰ 1924 ਅਤੇ 1928 ਦੀ ਲਗਾਤਾਰ ਉਲੰਪਿਕ ਜੇਤੂ ਉਰੂਗਾਵੇ ਨੂੰ ਜਾਂਦਾ ਹੈ। ਇਸ ਵਿਸ਼ਵ ਪੱਧਰੀ ਫੁੱਟਬਾਲ ਮਹਾਂਕੁੰਭ ਸੰਸਾਰ ਵਿੱਚ ਚੱਲਦਿਆਂ 94 ਸਾਲ ਹੋ ਗਏ ਹਨ, ਭਾਰਤੀ ਫੁੱਟਬਾਲ ਟੀਮ ਇੱਕ ਵਾਰੀ ਵੀ ਆਪਣੀ ਦਾਖ਼ਲਾ ਪ੍ਰਕਿਰਿਆ ਨੂੰ ਪੂਰਾ ਨਹੀਂ ਸਕੀ। ਅੱਜ ਤੋਂ 70 ਕੁ ਸਾਲ ਪਹਿਲਾਂ ਭਾਰਤੀ ਫੁੱਟਬਾਲ ਵਿੱਚ ਏਸ਼ੀਆਈ ਖੇਡਾਂ ਵਿੱਚ ਚੰਗਾ ਦਬਦਬਾ ਸੀ, 1947 ਤੋਂ ਬਆਦ ਆਜ਼ਾਦ ਭਾਰਤ 20 ਕੁ ਸਾਲ ਚੰਗੀ ਫੁੱਟਬਾਲ ਖੇਡਿਆ, ਉਸ ਤੋਂ ਬਾਅਦ ਪੱਛੜਦਾ ਹੀ ਨਜ਼ਰ ਆਇਆ। ਭਾਰਤ ਏਸ਼ੀਆਈ ਖੇਡਾਂ 1951,1962 ਵਿੱਚ ਸੋਨ ਤ਼ਗਮਾ ਤੇ 1970 ਵਿੱਚ ਕਾਂਸ਼ੀ ਦਾ ਤ਼ਗਮਾ ਜਿੱਤਣ ਵਿੱਚ ਕਾਮਯਾਬ ਹੋ ਗਿਆ ਸੀ। ਇਸ ਦੇ ਨਾਲ-ਨਾਲ ਉਲੰਪਿਕ ਖੇਡਾਂ ਵਿੱਚ ਸ਼ਮੂਲੀਅਤ ਕਰਦਾ ਰਿਹਾ ਹੈ। ਭਾਰਤ ਦੇ ਪੁਰਸ਼ ਫੁੱਟਬਾਲ ਖਿਡਾਰੀਆਂ ਨੇ ਲੰਦਨ ਉਲੰਪਿਕ-1948 ਵਿੱਚ ਪਹਿਲੀ ਵਾਰ ਉਲੰਪਿਕ ਖੇਡਾਂ ’ਚ ਪ੍ਰਵੇਸ਼ ਕੀਤਾ ਸੀ, ਭਾਰਤ ਨੇ ਇਨ੍ਹਾਂ ਖੇਡਾਂ ਵਿੱਚ




ਫਰਾਂਸ ਨਾਲ ਸ਼ਲਾਘਾਯੋਗ ਪ੍ਰਦਰਸ਼ਨ ਕਰਦਾ ਹੋਇਆ 2-1 ਨਾਲ ਹਾਰ ਕੇ 11ਵਾਂ ਸਥਾਨ ਪ੍ਰਾਪਤ ਕੀਤਾ ਸੀ। ਹੇਲੰਸਕੀ ਉਲੰਪਿਕ-1952 ਵਿੱਚ ਭਾਰਤੀ ਫੁੱਟਬਾਲ ਖਿਡਾਰੀਆਂ ਦਾ ਪ੍ਰਦਰਸ਼ਨ ਨਿਰਾਸ਼ਾਜਨਕ ਰਿਹਾ, ਟੀਮ ਨੂੰ ਯੁਗੋਸਲਾਵੀਆ ਤੋਂ 10-1 ਗੋਲਾਂ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਖੇਡਾਂ ’ਚ ਭਾਰਤ ਨੂੰ 25ਵੇਂ ਸਥਾਨ ਨਾਲ ਸੰਤੁਸ਼ਟ ਹੋਣਾ ਪਿਆ ਸੀ। ਮੈਲਬੌਰਨ ਉਲੰਪਿਕ-1956 ਵਿੱਚ ਭਾਰਤ ਨੇ ਚੰਗੀ ਖੇਡ ਦਾ ਪ੍ਰਦਰਸ਼ਨ ਕਰਦਿਆਂ ਪਹਿਲੇ ਹੀ ਮੈਚ ਵਿੱਚ ਅਸਟ੍ਰੇਲੀਆ ਨੂੰ 4-2 ਨਾਲ ਹਰਾਇਆ। ਭਾਰਤ ਆਪਣੀਆਂ ਜਿੱਤਾਂ ਦਾ ਝੰਡਾ ਬੁਲੰਦ ਕਰਦਾ ਸੈਮੀਫਾਈਨਲ ਵਿੱਚ ਪਹੁੰਚ ਗਿਆ ਜਿੱਥੇ ਉਸਦਾ ਮੁਕਾਬਲਾ ਯੁਗੋਸਲਾਵੀਆ ਨਾਲ ਹੋਣਾ ਸੀ।

ਭਾਰਤੀ ਖਿਡਾਰੀ ਚਾਰ ਸਾਲ ਪਹਿਲਾਂ ਯੁਗੋਸਲਾਵੀਆ ਕੋਲੋਂ 10-1 ਨਾਲ ਹਾਰ ਗਏ ਸਨ, ਭਾਰਤ ਨੂੰ ਇਸ ਟੀਮ ਨੂੰ ਜਿੱਤਣਾ ਸੌਖਾ ਨਹੀਂ ਸੀ। ਇਸ ਮੈਚ ਦੌਰਾਨ ਭਾਰਤੀ ਖਿਡਾਰੀ ਆਪਣੀ ਹਾਰ ਦਾ ਬਦਲਾ ਲੈਣ ਲਈ, ਜਦੋ-ਜਹਿਦ ਕਰਦੇ 4-1 ਗੋਲਾਂ ਨਾਲ ਹਾਰ ਗਏ। ਇਸ ਉਲੰਪਿਕ ਵਿੱਚ ਕਾਂਸੀ ਦੇ ਤ਼ਗਮੇ ਦੀ ਦੌੜ ਲਈ ਭਾਰਤ ਦਾ ਮੁਕਾਬਲਾ ਬੁਲਗਾਰੀਆ ਨਾਲ ਹੋਣਾ ਸੀ। ਭਾਰਤ ਪਹਿਲੀ ਵਾਰ ਤ਼ਗਮੇ ਦੀ ਦੌੜ ਵਿੱਚ ਸ਼ਾਮਿਲ ਸੀ, ਆਪਣੀ ਖੇਡ ਦਾ ਚੰਗਾ ਪ੍ਰਦਰਸ਼ਨ ਕਰਦਾ 3-0 ਗੋਲਾਂ ਨਾਲ ਹਾਰ ਗਿਆ ਤੇ ਚੌਥਾ ਸਥਾਨ ਪ੍ਰਾਪਤ ਕਰਨ ਵਿੱਚ ਕਾਮਯਾਬ ਰਿਹਾ ਸੀ।

ਭਾਰਤੀ ਫੁੱਟਬਾਲ ਦਾ ਉਲੰਪਿਕ ਅਤੇ ਏਸ਼ੀਆਈ ਖੇਡਾਂ ਵਿੱਚ 1948 ਤੋਂ 1970 ਤੱਕ ਦਾ ਸਫ਼ਰ ਬੜਾ ਹੀ ਅਹਿਮ ਰਿਹਾ ਹੈ। ਭਾਰਤੀ ਖਿਡਾਰੀ ਤਕਨੀਕੀ ਪੱਖ ਤੋਂ ਕਾਫ਼ੀ ਕਮਜ਼ੋਰ ਨਜ਼ਰ ਆ ਰਹੇ ਹਨ। ਖੇਡ ਸਹੂਲਤਾਂ ਅਤੇ ਤਕਨੀਕੀ ਘਾਟ ਬਦੌਲਤ ਟੀਮ ਨੂੰ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਕੋਈ ਇੱਕ ਕਾਰਨ ਵੀ ਹੋ ਸਕਦਾ ਹੈ। ਅੱਜ ਵਿਸ਼ਵ ਪੱਧਰੀ ਖੇਡਾਂ ਵਿੱਚ ਭਾਗ ਲੈਣ ਲਈ ਖੇਡ ਮੈਦਾਨਾਂ ਤੋਂ ਲੈ ਕੇ ਖਿਡਾਰੀਆਂ ਦੀਆਂ ਮੁੱਢਲੀਆਂ ਲੋੜਾਂ ਨੂੰ ਸਮਝਣ ਦੀ ਲੋੜ ਹੈ ।

# ਨਾਇਕਾਵਾਂ, ਜਿਹਨਾਂ ਦੱਖਣ ਤੋਂ ਸ਼ੁਰੂਆਤ ਕਰਕੇ ਬਾਲੀਵੁੱਡ ’ਤੇ ਰਾਜ ਕੀਤਾ






ਹਿੰਦੀ ਫ਼ਿਲਮ ਸਨਅਤ ਵਿੱਚ ਇਸ ਤਰ੍ਹਾਂ ਦੀਆਂ ਕਈ ਨਾਇਕਾਵਾਂ ਹਨ ਜਿਨ੍ਹਾਂ ਨੇ ਆਪਣੇ ਐਕਟਿੰਗ ਕੈਰੀਅਰ ਦੀ ਸ਼ੁਰੂਆਤ ਦੱਖਣ ਭਾਰਤ ਦੀਆਂ ਫ਼ਿਲਮਾਂ ਤੋਂ ਕੀਤੀ ਪਰ ਬਾਅਦ ਵਿੱਚ ਆਪਣੀ ਐਕਟਿੰਗ ਅਤੇ ਖ਼ੂਬਸੂਰਤੀ ਦੇ ਦਮ ’ਤੇ ਬਾਲੀਵੁੱਡ ਵਿੱਚ ਵੀ ਰਾਜ ਕੀਤਾ।

ਇਸ ਸੂਚੀ ਵਿੱਚ ਸਭ ਤੋਂ ਪਹਿਲਾ ਅਤੇ ਅਹਿਮ ਨਾਂਅ ਸਾਬਕਾ ਮਿਸ ਵਰਲਡ ਐਸ਼ਵਰਿਆ ਰਾਏ ਦਾ ਆਉਂਦਾ ਹੈ।ਐਸ਼ਵਰਿਆ ਨੇ ਆਪਣੇ ਫ਼ਿਲਮੀ ਕੈਰੀਅਰ ਦੀ ਸ਼ੁਰੂਆਤ ਦੱਖਣ ਭਾਰਤ ਦੀ ਫ਼ਿਲਮ ‘ਈਰੂਵਰ’ ਤੋਂ ਕੀਤੀ ਸੀ। ਇਸ ਫ਼ਿਲਮ ਵਿੱਚ ਉਹ ਅਭਿਨੇਤਾ ਮੋਹਨ ਲਾਲ ਦੇ ਨਾਲ ਨਜ਼ਰ ਆਈ ਸੀ।

ਬਹੁਤ ਘੱਟ ਉਮਰ ਵਿੱਚ ਮਾਡਲਿੰਗ ਸ਼ੁਰੂ ਕਰਨ ਵਾਲੀ ਐਸ਼ਵਰਿਆ ਰਾਏ ਬੱਚਨ ਐਕਟਿੰਗ ਦੇ ਨਾਲ ਨਾਲ ਆਪਣੀ ਖ਼ੂਬਸੂਰਤੀ ਕਾਰਨ ਚਰਚਾ ਵਿੱਚ ਰਹਿੰਦੀ ਹੈ।ਅੱਜ ਉਹ ਬਾਲੀਵੁੱਡ ਦੀਆਂ ਸਭ ਤੋਂ ਮਹਿੰਗੀਆਂ ਨਾਇਕਾਵਾਂ ਵਿਚੋਂ ਇੱਕ ਹੈ ।ਉਹ ਇੱਕ ਫ਼ਿਲਮ ਲਈ 10 ਕਰੋੜ ਅਤੇ ਅੰਡੋਰਸਮੈਂਟ ਲਈ 2 ਤੋਂ 3 ਕਰੋੜ ਤੱਕ ਫ਼ੀਸ ਲੈਂਦੀ ਹੈ।

ਪਿਛਲੀ ਫ਼ਿਲਮ ‘ਤੇਰੀ ਬਾਤੋਂ ਮੇਂ ਐਸਾ ਉਲਝਾ ਜੀਆ’ (2024) ਵਿੱਚ ਇੱਕ ਰੋਬੋਟ ਦੇ ਰੂਪ ਵਿੱਚ ਨਜ਼ਰ ਆ ਚੁੱਕੀ ਕ੍ਰਿਤੀ ਸੈਨਨ, ਟਾਈਗਰ ਸ਼ਰਾਫ ਨਾਲ ‘ਹੀਰੋਪੰਤੀ’ (2014) ਤੋਂ ਬਾਲੀਵੁੱਡ ਵਿੱਚ ਡਬਿਊ ਕਰਨ ਤੋਂ ਪਹਿਲਾਂ ਮਹੇਸ਼ ਬਾਬੂ ਦੀ ਫ਼ਿਲਮ ‘ਨੇਨੋਕਾਦੀਨ’ (2014) ਤੋਂ ਆਪਣੇ ਐਕਟਿੰਗ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ।



33 ਸਾਲ ਦੀ ਹੋ ਚੁੱਕੀ ਕ੍ਰਿਤੀ ਅੱਜ ਪਿੱਛੇ ਮੁੜ ਕੇ ਦੇਖਦੀ ਹੈ ਤਾਂ ਆਪਣੇ ਖੱਟੇ-ਮਿੱਠੇ ਤੇ ਉਤਾਰ-ਚੜ੍ਹਾਅ ਵਾਲੇ ਸਫ਼ਰ ’ਤੇ ਉਸ ਨੂੰ ਵਿਸ਼ਵਾਸ ਨਹੀਂ ਆਉਂਦਾ ਕਿ ਉਸ ਨੇ ਏਨਾ ਕੁਝ ਹਾਸਿਲ ਕਰ ਲਿਆ ਹੈ। 28 ਨਵੰਬਰ, 1988 ਨੂੰ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਵਿੱਚ ਪੈਦਾ ਹੋਈ ਯਾਮੀ ਗੌਤਮ ਨੂੰ ਕਾਲਜ ਦੇ ਦਿਨਾਂ ਵਿੱਚ ਉਨ੍ਹਾਂ ਦੀ ਬੇਪਨਾਹ ਖ਼ੂਬਸੂਰਤੀ ਕਾਰਨ ਬਿਊਟੀ ਕੁਈਨ ਚੰਡੀਗੜ੍ਹ ਦੇ ਤੌਰ ’ਤੇ ਚੁਣਿਆ ਗਿਆ। ਉਸ ਤੋਂ ਬਾਅਦ ਦਿਲਕਸ਼ ਯਾਮੀ ਗੌਤਮ ਨੇ ਕਿਸੇ ਤਾਜ਼ਾ ਹਵਾ ਦੇ ਝੌਂਕੇ ਵਾਂਗ ਮਾਡਲਿੰਗ ਦੀ ਦੁਨੀਆਂ ਵਿੱਚ ਦਾਖਲਾ ਲਿਆ। ਯਾਮੀ ਨੇ ਕੰਨੜ ਫ਼ਿਲਮ ‘ਉੱਲਾਸ ਉਤਸਾਹ’ ਨਾਲ ਫ਼ਿਲਮੀ ਦੁਨੀਆਂ ਵਿੱਚ ਕਦਮ ਰੱਖਦੇ ਹੋਏ ਦੱਖਣ ਭਾਰਤ ਦੀਆਂ ਕਈ ਫ਼ਿਲਮਾਂ ਵਿੱਚ ਕੰਮ ਕੀਤਾ ਸੀ। ਇਸ ਤੋਂ ਬਾਅਦ ਯਾਮੀ



ਨੇ ਸਾਲ 2012 ਵਿੱਚ ਫ਼ਿਲਮ ‘ਵਿੱਕੀ ਡੋਨਰ’ ਨਾਲ ਬਾਲੀਵੁੱਡ ਵਿੱਚ ਡੈਬਿਊ ਕੀਤਾ। ਉਸ ਤੋਂ ਬਾਅਦ ਉਸ ਨੇ ਬਾਲੀਵੁੱਡ ਦੀਆਂ ਕਈ ਫ਼ਿਲਮਾਂ ਵਿੱਚ ਸ਼ਾਨਦਾਰ ਕਿਰਦਾਰ ਨਿਭਾਉਂਦੇ ਹੋਏ ਜ਼ਬਰਦਸਤ ਧੂਮ ਮਚਾਈ। ਪਿਛਲੇ ਦਿਨੀਂ ਰਿਲੀਜ਼ ਹੋਈ ਫ਼ਿਲਮ ‘ਆਰਟੀਕਲ 370’ ਨੂੰ ਲੈ ਕੇ ਯਾਮੀ ਬੇਹੱਦ ਚਰਚਾ ਵਿੱਚ ਹੈ।

1 ਅਗਸਤ, 1988 ਨੂੰ ਇੱਕ ਸਿੱਖ ਪਰਿਵਾਰ ਵਿੱਚ ਜਨਮੀ ਤਾਪਸੀ ਪੰਨੂੰ ਨੇ ਤੇਲਗੂ ਫ਼ਿਲਮ ‘ਝੁੰਮਾਨਡੀ ਨਾਦਾਂ’ (2010) ਤੋਂ ਐਕਟਿੰਗ ਕੈਰੀਅਰ ਦੀ ਸ਼ੁਰੂਆਤ ਕਰਨ ਤੋਂ ਬਾਅਦ ਉਥੋਂ ਦੀਆਂ ਲਗਭਗ ਦੋ ਦਰਜਨ ਤੋਂ ਜ਼ਿਆਦਾ ਤੇਲਗੂ, ਤਾਮਿਲ ਅਤੇ ਮਲਿਆਲਮ ਫ਼ਿਲਮਾਂ ਵਿੱਚ ਕੰਮ ਕੀਤਾ।

ਫ਼ਿਲਮ ‘ਚਸ਼ਮੇ ਬੱਦੂਰ’ (2013) ਤੋਂ ਤਾਪਸੀ ਨੇ ਹਿੰਦੀ ਸਿਨੇਮਾ ਵਿੱਚ ਆਗਮਨ ਕੀਤਾ। ਉਸ ਤੋਂ ਬਾਅਦ ‘ਬੇਬੀ’ ਅਤੇ ‘ਪਿੰਕ’ ਤੋਂ ਉਸ ਨੂੰ ਪ੍ਰਸੰਸਾ ਮਿਲੀ। ਹਿੰਦੀ ਸਿਨੇ ਜਗਤ ਵਿੱਚ ‘ਜੁੜਵਾਂ-2’, ‘ਬਦਲਾ’, ‘ਨਾਮ ਸ਼ਬਾਨਾ’ ਅਤੇ ‘ਸ਼ਾਬਾਸ਼ ਮਿੱਠੂ’ ਵਰਗੀਆਂ ਕਈ ਸ਼ਾਨਦਾਰ ਫ਼ਿਲਮਾਂ ਵਿੱਚ ਉਹ ਨਜ਼ਰ ਆ ਚੁੱਕੀ ਹੈ।ਅੱਜ ਉਹ ਦੱਖਣ ਭਾਰਤ ਦੀ ਤਰ੍ਹਾਂ ਹਿੰਦੀ ਸਿਨੇਮਾ ਜਗਤ ਦਾ ਮੰਨਿਆ ਪ੍ਰਮੰਨਿਆ ਨਾਂਅ ਹੈ ।

ਆਖ਼ਰੀ ਵਾਰ ਸਿਧਾਰਤ ਮਲਹੋਤਰਾ ਨਾਲ ਫ਼ਿਲਮ ‘ਯੋਧਾ’ ਵਿੱਚ ਨਜ਼ਰ ਆਈ ਬਾਲੀਵੁੱਡ ਦੀ ਅਤਿ ਖ਼ੂਬਸੂਰਤ, ਗਲੈਮਰਸ, ਫਿਟਨੈੱਸ ਅਤੇ ਬੋਲਡ ਅਦਾਕਾਰਾ ਦਿਸ਼ਾ ਪਟਾਨੀ ਆਪਣੀ ਖ਼ੂਬਸੂਰਤੀ ਅਤੇ ਸਟਾਈਲ ਨੂੰ ਲੈ ਕੇ ਹਮੇਸ਼ਾ ਹੀ ਚਰਚਾ ਵਿੱਚ ਬਣੀ ਰਹਿੰਦੀ ਹੈ। ਉਸ ਦੀ ਦਿੱਖ ਹਮੇਸ਼ਾ ਪ੍ਰਭਾਵਿਤ ਕਰਨ ਵਾਲੀ ਹੁੰਦੀ ਹੈ ।

ਦਿਸ਼ਾ ਪਟਾਨੀ ਨੇ ਤੇਲਗੂ ਫ਼ਿਲਮ ‘ਲੋਫਰ’ (2015) ਤੋਂ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ। ਕਿਹਾ ਜਾਂਦਾ ਹੈ ਕਿ ਦਿਸ਼ਾ ਦੀ ਕਿਸੇ ਐਡ ਫ਼ਿਲਮ ਨੂੰ ਦੇਖਣ ਤੋਂ ਬਾਅਦ ਕਰਨ ਜੌਹਰ ਦਾ ਉਸ ’ਤੇ ਧਿਆਨ ਗਿਆ ਸੀ।

**ਇਸ ਤਰ੍ਹਾਂ ਦਿਸ਼ਾ ਨੂੰ ‘ਐਮ.ਐਸ. ਧੋਨੀ** : ਦ ਅਨਟੋਲਡ ਸਟੋਰੀ’ (2016) ਜ਼ਰੀਏ ਬਾਲੀਵੁੱਡ ਵਿੱਚ ਖ਼ੁਦ ਨੂੰ ਸਾਬਤ ਕਰਨ ਦਾ ਮੌਕਾ ਮਿਲਿਆ। ਇਸ ਫ਼ਿਲਮ ਵਿੱਚ ਦਿਸ਼ਾ ਨੇ ਐੱਮ.ਐੱਸ. ਧੋਨੀ ਬਣੇ, ਸਵਰਗੀ ਐਕਟਰ ਸੁਸ਼ਾਂਤ ਰਾਜਪੂਤ ਦੀ ਪਹਿਲੀ ਗਰਲਫ੍ਰੈਂਡ ਦਾ ਸਪੋਰਟਿੰਗ ਰੋਲ ਨਿਭਾਇਆ ਸੀ। ਦੀਪਿਕਾ ਪਾਦੂਕੋਨ ਨੇ ਦੱਖਣ ਭਾਰਤ ਦੀ ਫ਼ਿਲਮ ‘ਐਸ਼ਵਰਿਆ’ (2006) ਤੋਂ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ। ਇਸ ਤੋਂ ਬਾਅਦ ਠੀਕ ਇੱਕ ਸਾਲ ਬਾਅਦ ਫਰਹਾ ਖਾਨ ਵੱਲੋਂ ਨਿਰਦੇਸ਼ਿਤ ਫ਼ਿਲਮ ‘ਓਮ ਸ਼ਾਂਤੀ ਓਮ’ (2007) ਵਿੱਚ ਸ਼ਾਹਰੁਖ ਖਾਨ ਦੇ ਨਾਲ ਫ਼ਿਲਮ ਕੀਤੀ ਅਤੇ ਫਿਰ ਉਸ ਨੇ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ।

**ਦੇਸੀ ਗਰਲ ਪ੍ਰਿਅੰਕਾ ਚੋਪੜਾ ‘ਦ ਹੀਰੋ** : ਲਵ ਸਟੋਰੀ ਆਫ਼ ਏ ਸਪਾਈ’ (2003) ਤੋਂ ਹਿੰਦੀ ਸਿਨੇ ਜਗਤ ਵਿੱਚ ਆਪਣੇ ਕੈਰੀਅਰ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਦੱਖਣ ਦੀਆਂ ਫ਼ਿਲਮ “ਮੂਵੀ ਥਾਮੀਜਾਨ” ਕਰ ਚੁੱਕੀ ਸੀ। ਇਸ ਫ਼ਿਲਮ ਵਿੱਚ ਉਹ ਤਾਮਿਲ ਸਟਾਰ ਥਲਾਪਤੀ ਵਿਜੈ ਨਾਲ ਨਜ਼ਰ ਆਈ ਸੀ।

# ਸਿੱਖ ਕਿਰਦਾਰ ਨਿਭਾ ਕੇ ਖ਼ੁਸ਼ ਹੈ ਪਵਨ ਮਲਹੋਤਰਾ



ਨੋਨਿਕਾ ਸਿੰਘ

‘ਜਬ ਵੀ ਮੈੱਟ’, ‘ਭਾਗ ਮਿਲਖਾ ਭਾਗ’, ‘ਟੱਬਰ’ ਤੇ ਆਪਣੇ ਹਾਲੀਆ ਵੈੱਬ ਸ਼ੋਅ ‘ਪਿਲ’ ਵਿੱਚ ਇੱਕ ਵਾਰ ਫਿਰ ਤੋਂ ਦਸਤਾਰ ਸਜਾਉਣ ਦਾ ਮੌਕਾ ਮਿਲਣ ’ਤੇ ਅਦਾਕਾਰ ਪਵਨ ਮਲਹੋਤਰਾ ਖ਼ੁਸ਼ ਹੈ। ਉਹ ਕਹਿੰਦਾ ਹੈ ਕਿ ਉਸ ਨੂੰ ਸਿੱਖ ਕਿਰਦਾਰ ਨਿਭਾਉਣਾ ਚੰਗਾ ਲੱਗਦਾ ਹੈ ਕਿਉਂਕਿ ਇਸ ਰਾਹੀਂ ਉਹ ਆਪਣੀਆਂ ਜੜ੍ਹਾਂ ਤੇ ਆਪਣੇ ਬਜ਼ੁਰਗਾਂ ਦੀ ਧਰਤੀ ਨਾਲ ਮੁੜ ਤੋਂ ਜੁੜਦਾ ਹੈ।

ਅਦਾਕਾਰੀ ਦੀ ਲੰਮੀ ਪਾਰੀ ’ਚ ਤਰ੍ਹਾਂ-ਤਰ੍ਹਾਂ ਦੀਆਂ ਭੂਮਿਕਾਵਾਂ ਨਿਭਾ ਚੁੱਕਿਆ ਬਹੁਮੁਖੀ ਤੇ ਗੁਣੀ ਅਦਾਕਾਰ ਪਵਨ ਮਲਹੋਤਰਾ ਮੰਨਦਾ ਹੈ ਕਿ ‘ਕਦੇ ਨਰਮ ਕਦੇ ਗਰਮ’ ਇਹੀ ਇੱਕ ਅਦਾਕਾਰ ਦਾ ਕੰਮ ਹੈ। ਆਪਣੀ ਹਾਲ ਹੀ ’ਚ ਰਿਲੀਜ਼ ਹੋਈ ਵੈੱਬ ਸੀਰੀਜ਼ ‘ਪਿਲ’ ’ਚ ਇੱਕ ਵਾਰ ਮੁੜ ਤੋਂ ਖ਼ਲਨਾਇਕ ਦੀ ਭੂਮਿਕਾ ਨਿਭਾ ਰਿਹਾ ਮਲਹੋਤਰਾ ਕਹਿੰਦਾ ਹੈ, “ਨਕਾਰਾਤਮਕ ਕਿਰਦਾਰ ਕਿਸੇ ਵੀ ਹੋਰ ਭੂਮਿਕਾ ਨਾਲੋਂ ਘੱਟ ਜਾਂ ਵੱਧ ਚੁਣੌਤੀਪੂਰਨ ਨਹੀਂ ਹੁੰਦੇ।” ਇਸ ਸੀਰੀਜ਼ ’ਚ ਉਹ ਇੱਕ ਲਾਲਚੀ ਫਾਰਮਾ ਕਾਰੋਬਾਰੀ ਦਾ ਕਿਰਦਾਰ ਅਦਾ ਕਰ ਰਿਹਾ ਹੈ।

ਚੀਜ਼ਾਂ ਦੇਖਣ ਨੂੰ ਸਰਲ ਪਰ ਅੰਦਰੋਂ ਜਟਿਲ ਹਨ ਅਤੇ ਇਸ ਰਹੱਸ ਨੂੰ ਕਹਾਣੀ ਤੇ ਰਾਜ ਕੁਮਾਰ ਗੁਪਤਾ ਵਰਗੇ ਨਿਰਦੇਸ਼ਕ ਨੇ ਪਰਦੇ ’ਤੇ ਬਾਖ਼ੂਬੀ ਪੇਸ਼ ਕੀਤਾ ਹੈ। ਗੁਪਤਾ ਸਾਨੂੰ ‘ਨੋ ਵਨ ਕਿਲਡ ਜੈਸਿਕਾ’ ਵਰਗੀ ਦਮਦਾਰ ਫਿਲਮ ਦੇ ਚੁੱਕੇ ਹਨ। ਪਵਨ ਮੁਤਾਬਕ ਕਿਰਦਾਰ ਤੱਕ ਜਾਂਦਾ ਰਾਹ ਰੌਸ਼ਨ ਹੁੰਦਾ ਹੈ, ਹਾਲਾਂਕਿ ਇਹ ਅਦਾਕਾਰ ’ਤੇ ਹੈ ਕਿ ਉਹ ਇਸ ਨੂੰ ਕਿਵੇਂ ਦੇਖਦਾ ਅਤੇ ਪਾਰ ਕਰਦਾ ਹੈ। ਕੌਮੀ ਪੁਰਸਕਾਰ ਜੇਤੂ ਅਭਿਨੇਤਾ ਪਵਨ ਮਲਹੋਤਰਾ ਮੁਤਾਬਕ ਅਦਾਕਾਰੀ ਸੋਚ-ਵਿਚਾਰ ਵਾਲਾ ਕੰਮ ਹੈ, ਪਰ ਉਹ ਨਾਲ ਹੀ ਮੰਨਦਾ ਹੈ ਕਿ ਇਸ ਨੂੰ ‘ਭੋਲੇ ਮਨ ਨਾਲ ਵੀ ਸਿਰੇ ਚੜ੍ਹਾਇਆ’ ਜਾ ਸਕਦਾ ਹੈ। ਇਸ ਲਈ ਪ੍ਰਕਿਰਿਆ ਕੁਦਰਤੀ ਤੇ ਸਹਿਜ, ਦੋਵੇਂ ਤਰ੍ਹਾਂ ਦੀ ਹੋਣੀ ਚਾਹੀਦੀ ਹੈ। ਪਰ ਉਸ ਨੂੰ ਖਿੱਝ ਵੀ ਆਉਂਦੀ ਹੈ ਜਦ ਲੋਕ ਕਹਿੰਦੇ ਹਨ ਕਿ, “ਉਹ ਪੰਜਾਬੀ ਕਿਰਦਾਰ ਬਹੁਤ ਚੰਗੇ ਕਰ ਲੈਂਦਾ ਹੈ ਜਾਂ ਗੰਭੀਰ ਭੂਮਿਕਾਵਾਂ ਵਧੀਆ ਕਰ ਲੈਂਦਾ ਹੈ.’ ਅਤੇ ਨਾਲ ਹੀ ਜਿਹੜੇ ਕਹਿੰਦੇ ਹਨ ਕਿ ਲਓ ਇੱਕ ਵਾਰ ਫਿਰ ਤੋਂ ਦਸਤਾਰਧਾਰੀ ਸਿੱਖ ਦਾ ਕਿਰਦਾਰ ਕੀਤਾ ਹੈ, ਉਨ੍ਹਾਂ ਬਾਰੇ ਉਹ ਮਨ ਹੀ ਮਨ ਸੋਚ ਕੇ ਹੈਰਾਨ ਹੁੰਦਾ ਹੈ ਕਿ, “ਕੀ ਭਲਾ ਸਾਰੇ ਹੀ ਸਿੱਖ ਕਿਰਦਾਰ ਇੱਕੋ ਜਿਹੇ ਹੋ ਸਕਦੇ ਹਨ ?”

ਓਟੀਟੀ ’ਤੇ ਉਸ ਨੇ ਪੰਜ ਲੜੀਵਾਰਾਂ ਵਿੱਚੋਂ ਤਿੰਨ ’ਚ ਦਸਤਾਰਧਾਰੀ ਸਿੱਖ ਦਾ ਕਿਰਦਾਰ ਨਿਭਾਇਆ ਹੈ, ਜਿਨ੍ਹਾਂ ਵਿੱਚ ਕਾਫ਼ੀ ਸਰਾਹਿਆ ਗਿਆ ਵੈੱਬ ਸ਼ੋਅ ‘ਟੱਬਰ’ ਵੀ ਸ਼ਾਮਲ ਹੈ। ਪਰ, ਉਹ ਨਾਲ ਹੀ ਦੱਸਦਾ ਹੈ ਕਿ ਕਿਵੇਂ ਸਾਰੇ ਕਿਰਦਾਰ, ਜਿਨ੍ਹਾਂ ’ਚ ‘ਜਬ ਵੀ ਮੈੱਟ’ ਤੇ ‘ਭਾਗ ਮਿਲਖਾ ਭਾਗ’ ਵਾਲੇ ਸਿੱਖ ਕਿਰਦਾਰ ਵੀ ਸ਼ਾਮਲ ਹਨ, ਬਿਲਕੁਲ ਵੱਖੋ-ਵੱਖਰੇ ਸਨ। ਹਾਲਾਂਕਿ ਦਿੱਲੀ ਦਾ ਜੰਮਪਲ ਇਹ ਪੰਜਾਬੀ ਫਿਲਮੀ ਪਰਦੇ ’ਤੇ ਕਿਸੇ ਸਿੱਖ ਦੀ ਭੂਮਿਕਾ ਨਿਭਾ ਕੇ ਖ਼ੁਸ਼ ਹੁੰਦਾ ਹੈ। ਇਹ ਕਿਰਦਾਰ ਉਸ ਨੂੰ ਆਪਣੀਆਂ ਜੜ੍ਹਾਂ ਤੇ ਬਜ਼ੁਰਗਾਂ ਦੀ ਧਰਤੀ ਨਾਲ ਮੁੜ ਤੋਂ ਜੋੜਨ ਵਿੱਚ ਸਹਾਈ ਹੁੰਦੇ ਹਨ, ਤੇ ਗੁਰੂਆਂ ਨਾਲ ਵੀ ਜੋੜਦੇ ਹਨ ਜਿਨ੍ਹਾਂ ਨੇ ਪੰਜਾਬੀਆਂ ਨੂੰ ਬਹਾਦਰੀ ਦੇ ਨਾਲ-ਨਾਲ ਕਈ ਹੋਰ ਸਬਕ ਦਿੱਤੇ ਹਨ।

ਭਾਵੇਂ ‘ਜੀਓ ਸਿਨੇਮਾ’ ’ਤੇ ਰਿਲੀਜ਼ ਹੋਇਆ ਸ਼ੋਅ ‘ਪਿਲ’ ਫਾਰਮਾ ਉਦਯੋਗ ਵੱਲੋਂ ਵਰਤੇ ਜਾਂਦੇ ਫਰੇਬੀ ਢੰਗ-ਤਰੀਕਿਆਂ ਤੇ ਅਨੈਤਿਕ ਡਰੱਗ ਪ੍ਰੀਖਣਾਂ ਦੇ ਅਹਿਮ ਮੁੱਦੇ ਨੂੰ ਉਭਾਰਦਾ ਹੈ, ਪਰ ਪਵਨ ਮਲਹੋਤਰਾ ਮੁਤਾਬਕ ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਜਾਣਬੁੱਝ ਕੇ ਅਜਿਹੇ ਸਮਾਜਿਕ ਮਹੱਤਵ ਵਾਲੇ ਵਿਸ਼ੇ ਚੁਣਦਾ ਹੈ। ਉਹ ਜ਼ੋਰ ਦੇ ਕੇ ਕਹਿੰਦਾ ਹੈ, “ਤੁਸੀਂ ਕਿਸ ਚੀਜ਼ ਦਾ ਹਿੱਸਾ ਹੋ, ਇਹ ਤੱਥ ਬੇਸ਼ੱਕ ਮਹੱਤਵਪੂਰਨ ਹੈ, ਪਰ ਇੱਕ ਅਦਾਕਾਰ ਵਜੋਂ ਮੈਂ ਹਰ ਵਿਧਾ ਵਿੱਚ ਕੰਮ ਕਰਨਾ ਪਸੰਦ ਕਰਦਾ ਹਾਂ।”

ਉਸ ਲਈ ਮਸਾਲਾ ਫਿਲਮ ‘ਮੁਬਾਰਕਾਂ’ ਵੀ ਓਨੀ ਹੀ ਮਹੱਤਵਪੂਰਨ ਹੈ ਜਿੰਨੀ ਗੰਭੀਰ ਸ਼੍ਰੇਣੀ ਦੀ ‘ਸਲੀਮ ਲੰਗੜੇ ਪੇ ਮਤ ਰੋ।’ ਇੱਕ ਅਜਿਹੇ ਅਦਾਕਾਰ ਵਜੋਂ, ਜਿਸ ਨੇ ਮੁਸਲਿਮ ਕਿਰਦਾਰ ਵੀ ਨਿਭਾਏ ਹਨ, ਜਿਨ੍ਹਾਂ ’ਚ ਵਿਵਾਦਾਂ ਵਿੱਚ ਘਿਰਿਆ ‘72 ਹੂਰੇਂ’ ਵਿਚਲਾ ਰੋਲ ਵੀ ਸ਼ਾਮਲ ਹੈ, ਪਵਨ ਨੂੰ ਨਹੀਂ ਲੱਗਦਾ ਕਿ ਉਸ ਨੂੰ ਫਿਲਮ ’ਚ ਕਿਸੇ ਫ਼ਿਰਕੇ ਨੂੰ ਇਸ ਤਰ੍ਹਾਂ ਦਿਖਾਉਣ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ। ਉਹ ਕਹਿੰਦਾ ਹੈ “ਬਲੈਕ ਫਰਾਈਡੇਅ ਦੇ ਟਾਈਗਰ ਮੈਮਨ ਵਰਗੇ ਕਈ ਕਿਰਦਾਰ ਅਸਲੀ ਕਹਾਣੀਆਂ ’ਤੇ ਆਧਾਰਿਤ ਹਨ ਤੇ ਅਜਿਹਾ ਕਿਤੇ ਵੀ ਨਹੀਂ ਹੈ ਕਿ ਅਸੀਂ ਇਸਲਾਮ ਜਾਂ ਮੁਸਲਮਾਨਾਂ ਨੂੰ ਬਦਨਾਮ ਕਰ ਰਹੇ ਹਾਂ।”

ਭਾਵੇਂ ਉਹ ਕਹਿ ਸਕਦਾ ਹੈ ਕਿ “ਮੈਂ ਬਹੁਤ ਡਰਿਆ ਹੋਇਆ ਅਦਾਕਾਰ ਹਾਂ” ਤੇ ਹਰੇਕ ਨਵੀਂ ਭੂਮਿਕਾ ਨੂੰ ਇਸ ਤਰ੍ਹਾਂ ਹੰਢਾਉਂਦਾ ਹਾਂ, ਜਿਵੇਂ ਕਿ ਪਹਿਲੀ ਵਾਰ ਅਭਿਨੈ ਕਰ ਰਿਹਾ ਹੋਵਾਂ, ਪਰ ਜੋਖ਼ਮ ਲੈਣ ਤੋਂ ਉਹ ਨਹੀਂ ਡਰਦਾ। ਉਹ ਨਾ ਸਿਰਫ਼ ‘ਲਾਪਤਾ ਲੇਡੀਜ਼’ ਵਰਗੀਆਂ ਚੰਗੀਆਂ ਫਿਲਮਾਂ ਦੀ ਖੁੱਲ੍ਹ ਕੇ ਸਿਫ਼ਤ ਕਰਦਾ ਹੈ, ਬਲਕਿ ਦੂਜੇ ਅਦਾਕਾਰਾਂ ਨੂੰ ਵੀ ਸਲਾਹੁੰਦਾ ਹੈ ਅਤੇ ਮਹਿਸੂਸ ਕਰਦਾ ਹੈ ਕਿ ‘ਪਿਲ’ ਵਿਚਲਾ ਉਸ ਦਾ ਸਹਿ-ਅਦਾਕਾਰ ਰਿਤੇਸ਼ ਦੇਸ਼ਮੁਖ ਬਹੁਤ ਚੰਗਾ ਅਭਿਨੇਤਾ ਹੈ, ਜਿਸ ਦੀ ਪ੍ਰਤਿਭਾ ਨੂੰ ਹਜੇ ਤੱਕ ਪੂਰੀ ਤਰ੍ਹਾਂ ਵਰਤਿਆ ਨਹੀਂ ਜਾ ਸਕਿਆ।

ਜਿੱਥੋਂ ਤੱਕ ਪਵਨ ਮਲਹੋਤਰਾ ਦੇ ਨਿੱਜੀ ਸਫ਼ਰ ਦਾ ਸਵਾਲ ਹੈ, ਉਸ ਨੂੰ ਕਈ ਚੋਟੀ ਦੇ ਨਿਰਦੇਸ਼ਕਾਂ ਨਾਲ ਕੰਮ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ ਜਿਨ੍ਹਾਂ ’ਚ ਸਈਦ ਅਖ਼ਤਰ ਮਿਰਜ਼ਾ, ਗੌਤਮ ਘੋਸ਼, ਰਾਕੇਸ਼ ਓਮਪ੍ਰਕਾਸ਼ ਮਹਿਰਾ, ਇਮਤਿਆਜ਼ ਅਲੀ ਵਰਗਿਆਂ ਦੇ ਨਾਂ ਸ਼ਾਮਲ ਹਨ। ਸਪੱਸ਼ਟ ਹੈ ਕਿ ਉਹ ਲਗਭਗ ਹਰ ਤਰ੍ਹਾਂ ਦਾ ਰੋਲ ਅਦਾ ਕਰ ਚੁੱਕਾ ਹੈ ਤੇ ਹੁਣ ਕੋਈ ਖ਼ਾਸ ਇੱਛਾ ਬਾਕੀ ਨਹੀਂ ਹੈ। ‘ਨੁੱਕੜ’ ਦਾ ਅਦਾਕਾਰ ਬਸ ਇਹੀ ਚਾਹੁੰਦਾ ਹੈ ਕਿ ਸਫ਼ਰ ਜਾਰੀ ਰਹੇ ਤੇ ਜਲਦੀ ਹੀ ਉਹ ਟੀਵੀਐੱਫ ਦੇ ਸ਼ੋਅ ‘ਕੋਰਟ ਕਚਿਹਰੀ’ ਵਿੱਚ ਨਜ਼ਰ ਆਵੇਗਾ। ਪਵਨ ਵਿਆਪਕ ਦ੍ਰਿਸ਼ਟੀਕੋਣ ਰੱਖਦਾ ਹੈ। ਉਹ ਉੱਭਰਦੇ ਹੋਏ ਕਲਾਕਾਰਾਂ ਨੂੰ ਹਮੇਸ਼ਾ ਕਹਿੰਦਾ ਹੈ, “ਚਿੱਤਰਹਾਰ ਵਿੱਚ ਹੀ ਨਾ ਅਟਕੇ ਰਹੋ” ‘ਮੇਰਾ ਕੀ ਸੀਨ ਹੈ’, “ਇਸ ਵਿਚਾਰ ਨੂੰ ਅੜਿੱਕਾ ਨਾ ਬਣਨ ਦਿਓ” ਸੀਨ ਤੋਂ ਹਟ ਕੇ ਫਿਲਮ ਨੂੰ ਸੰਪੂਰਨ ਰੂਪ ’ਚ ਦੇਖੋ ਕਿਉਂਕਿ ਜੇ ਇਹ ਫਿਲਮ ਚੱਲੇਗੀ ਤਾਂ ਤੁਸੀਂ ਵੀ ਚੱਲੋਗੇ।”

“ਤੁਸੀਂ ਕਿਸ ਚੀਜ਼ ਦਾ ਹਿੱਸਾ ਹੋ, ਇਹ ਬਹੁਤ ਮਹੱਤਵਪੂਰਨ ਹੈ, ਪਰ ਇੱਕ ਅਦਾਕਾਰ ਵਜੋਂ ਮੈਂ ਹਰ ਵਿਧਾ ਦਾ ਰੋਲ ਕਰਨਾ ਚਾਹਾਂਗਾ। ਇਹ ਜ਼ਿੰਦਗੀ ਹੈ ਤੇ ਹਰ ਤਰ੍ਹਾਂ ਦੇ ਲੋਕ ਇਸ ’ਚ ਹਨ। ਜਿਹੜੀ ਚੀਜ਼ ਇੱਕ ਬੰਦੇ ਨੂੰ ਚੰਗੀ ਲੱਗਦੀ ਹੈ, ਉਹ ਦੂਜੇ ਲਈ ਜ਼ਹਿਰ ਹੋ ਸਕਦੀ ਹੈ। ਇਹ ਸਾਰੀ ਦ੍ਰਿਸ਼ਟੀਕੋਣ ਦੀ ਗੱਲ ਹੈ, ਪਰ ਤੁਹਾਨੂੰ ਇਹ ਸਮਝਣਾ ਪਏਗਾ ਕਿ ਕਹਾਣੀ ਕੀ ਕਹਿਣ ਦੀ ਕੋਸ਼ਿਸ਼ ਕਰ ਰਹੀ ਹੈ। ਲਾਇਬ੍ਰੇਰੀ ’ਚ ਕਿਤਾਬਾਂ ਦੇਖ-ਦੇਖ ਕੇ ਕੋਈ ਅਭਿਨੇਤਾ ਨਹੀਂ ਬਣਦਾ। ਜੀਵਨ ਇੱਕ ਵਗਦਾ ਹੋਇਆ ਪਾਣੀ ਹੈ, ਦਰਅਸਲ ਜ਼ਮੀਨ ਨਾਲ ਜੁੜਿਆ ਬੰਦਾ ਨਿੱਤ ਨਵਾਂ ਸਬਕ ਸਿੱਖਦਾ ਹੈ।”

## ਹਰੇਕ ਭਾਰਤੀ ਦਾ ਦਰਦ ਉਲੰਪਿਕ ਖੇਡ ’ਚ

ਬੇਟੀ ਨੇ ਭਾਵੁਕ ਹੋ ਕੇ ਇਸ ਗੇਮ ਨੂੰ ਸਦਾ ਲਈ ਅਲਵਿਦਾ ਆਖ ਦਿੱਤਾ ਹੈ। ਉਸ ਨੇ ਕਿਹਾ ਕਿ ਮੈਂ ਆਪਣੀ ਉਮਰ ਮੁਤਾਬਕ ਆਪਣੀ ਸਾਰੀ ਦੀ ਸਾਰੀ ਸ਼ਕਤੀ ਝੋਕ ਦਿੱਤੀ ਹੈ।ਮੈਂ ਕਦੇ ਵੀ ਇਸ ਤੋਂ ਵੱਧ ਨਹੀਂ ਕਰ ਸਕਦੀ। ਇਸ ਕਰਕੇ ਹਮਦਰਦੀ ਵੀ ਨਿਰਾਸ਼ ਹੋਏ ਹਨ। ਪਰਿਵਾਰ, ਪਿੰਡ ਸਮੇਤ ਸਭ ਅਜਿਹੇ ਐਲਾਨ ਤੋਂ ਨਿਰਾਸ਼ਾ ਦੇ ਆਲਮ ਵਿੱਚ ਹਨ। ਇਹ ਅਲੱਗ ਗੱਲ ਹੈ ਕਿ ਉਨ੍ਹਾਂ ਦੇ ਚਾਚਾ ਜੀ ਅਤੇ ਹਮਦਰਦ ਨੇੜੂਆਂ ਨੇ ਉਸ ਨੂੰ ਅਜਿਹਾ ਕਰਨ ਤੋਂ ਰੋਕਣ ਲਈ ਜ਼ਿੰਮਾ ਲਿਆ ਹੈ। ਸਭ ਨੇ ਦੇਖਿਆ ਪਿਛਲੇ ਸਮੇਂ ਖਿਡਾਰੀਆਂ ਨਾਲ ਦਿੱਲੀ ਧਰਨੇ ਦੌਰਾਨ ਭਾਜਪਾ ਆਗੂਆਂ ਸਮੇਤ ਭਲਵਾਨਾਂ ਨਾਲ ਕੀ ਕੁਝ ਨਹੀਂ ਹੋਇਆ। ਤਰ੍ਹਾਂ-ਤਰ੍ਹਾਂ ਦੀਆਂ ਪਹਿਲਵਾਨ ਧੀਆਂ ਨੂੰ ਗੱਲਾਂ ਸੁਣਨੀਆਂ ਪਈਆਂ।ਲੰਮਾ ਧਰਨਾ ਦੇਣ ਦੇ ਬਾਵਜੂਦ ਉਨ੍ਹਾਂ ਦੀ ਸ਼ਿਕਾਇਤ ਦੇ ਅਧਾਰ ’ਤੇ ਕੋਈ ਐੱਫ ਆਈ ਆਰ ਸੰਬੰਧਿਤ ਭਾਜਪਾ ਆਗੂ ਖ਼ਿਲਾਫ਼ ਦਰਜ ਨਹੀਂ ਹੋਈ।ਅਗਰ ਹੋਈ ਤਾਂ ਉਹ ਉੱਪਰਲੀ ਅਦਾਲਤ ਦੇ ਕਹਿਣ ’ਤੇ ਹੋਈ ਹੈ।ਅੱਜ ਤੱਕ ਸੰਬੰਧਿਤ ਮੁਦਈਆਂ ਅਤੇ ਗਵਾਹਾਂ ਨੂੰ ਧਮਕੀਆਂ ਮਿਲ ਰਹੀਆਂ ਹਨ। ਅਜਿਹੇ ਵਾਤਾਵਰਣ ਵਿੱਚੋਂ ਨਿਕਲ ਕੇ ਬੇਟੀ ਵਿਨੇਸ਼ ਫੋਗਾਟ ਵਰਗੀਆਂ ਧੀਆਂ ਸੋਨੇ ਦੇ ਤਗਮਿਆਂ ਨੂੰ ਉਲੰਪਿਕ ਖੇਡਾਂ ਵਿੱਚ ਹੱਥ ਪਾਉਣ ਲਈ ਜੇ ਪਹੁੰਚੀਆਂ ਹਨ, ਇਹ ਉਨ੍ਹਾਂ ਦਾ ਹੌਸਲਾ ਹੀ ਹੈ ਕਿ ਉਹ ਸਭ ਕੁਝ ਮਾੜਾ ਬੀਤਣ ਦੇ ਬਾਅਦ ਸਿਖਰ ਤੱਕ ਪਹੁੰਚੀਆਂ ਅਤੇ ਪਹੁੰਚੇ ਹਨ, ਜਿਸ ਕਰਕੇ ਸਭ ਖਿਡਾਰੀ ਵਧਾਈ ਦੇ ਹੱਕਦਾਰ ਹਨ।

ਅੱਜ ਦੇ ਦਿਨ ਸਭ ਤੋਂ ਚੰਗੀ ਕੋਸ਼ਿਸ਼ ਹਰਿਆਣੇ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਹੈ। ਉਨ੍ਹਾਂ ਹੌਸਲਾ ਦਿੰਦਿਆਂ ਆਖਿਆ ਹੈ ਕਿ ਸੌ ਗ੍ਰਾਮ ਵੱਧ ਭਾਰ, ਜਿਸ ਕਰਕੇ ਉਹ ਜਿੱਤ ਕੇ ਹਾਰੀ ਹੈ, ਅਸੀਂ ਉਸ ਦਾ ਸਵਾਗਤ ਜੇਤੂਆਂ ਵਾਂਗ ਕਰਾਂਗੇ ਅਤੇ ਬਣਦੀਆਂ ਸਹੂਲਤਾਂ ਉਸ ਦੀ ਝੋਲੀ ਪਾਵਾਂਗੇ। ਭਾਵੇਂ ਇਹ ਸਭ ਚੋਣਾਂ ਕਰਕੇ ਹੋਇਆ ਹੈ, ਬਾਵਜੂਦ ਇਸ ਦੇ ਅਜਿਹੇ ਐਲਾਨ ਦਾ ਸਵਾਗਤ ਕਰਨਾ ਬਣਦਾ ਹੈ।

***

## ਕਿਵੇਂ ਹੋਵੇ ਬੰਗਲਾਦੇਸ਼ ’ਚ ਘੱਟ ਗਿਣਤੀ ਭਾਈਚਾਰੇ

ਸੰਨ 2017 ਵਿੱਚ ਮੀਆਂਮਾਰ ਵਿੱਚ ਫੌਜ ਵੱਲੋਂ ਰੋਹੰਗਿਆ ਮੁਸਲਿਮ ਭਾਈਚਾਰੇ ਦੇ ਨਸਲਘਾਤ ਕਰਕੇ ਲੱਖਾਂ ਲੋਕ ਬੰਗਲਾਦੇਸ਼ ਅਤੇ ਭਾਰਤ ਅੰਦਰ ਘੁਸੇ।ਸੂਝ-ਬੂਝ ਨਾਲ ਸ਼ੇਖ ਹਸੀਨਾ ਨੇ ਰੋਹੰਗਿਯਾ ਸਮੱਸਿਆ ਨੂੰ ਸੰਭਾਲਿਆ। ਚਿਟਾਗਾਂਗ ਵਿਖੇ ਵੱਡੇ ਪੈਮਾਨੇ ’ਤੇ ਘਰ ਉਸਾਰ ਕੇ ਵਸਾਇਆ। ਖਾਣ-ਪੀਣ, ਕੰਮਕਾਜ ਦਾ ਪ੍ਰਬੰਧ ਕੀਤਾ।ਇਸ ਕੰਮ ਨੂੰ ਕੌਮਾਂਤਰੀ ਪੱਧਰ ’ਤੇ ਸਲਾਹਿਆ ਗਿਆ।

**ਸੱਤਾ ਖਰਾਬੀਆਂ:** ਲੇਕਿਨ ਸ਼ੇਖ ਹਸੀਨਾ ਦੀ ਸੱਤਾ ਵਿੱਚ ਬਣੇ ਰਹਿਣ ਦੀ ਭੁੱਖ ਨੇ ਵੱਡੀਆਂ ਚੁਣੌਤੀਆਂ ਪੈਦਾ ਕੀਤੀਆਂ। ਇਨ੍ਹਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਅਵੱਗਿਆ, ਗੈਰ-ਸੰਵਿਧਾਨਿਕ ਕਤਲ, ਵਿਰੋਧੀਆਂ ਅਤੇ ਪੱਤਰਕਾਰਾਂ ਨੂੰ ਅਚਾਨਕ ਗਾਇਬ ਕਰਨਾ, ਡਿਕਟੇਟਰਾਨਾ ਬਿਰਤੀ ਧਾਰਨ ਕਰਨਾ ਸ਼ਾਮਲ ਹੈ।ਰੂਸ-ਯੂਕ੍ਰੇਨ ਜੰਗ ਕਰਕੇ ਤੇਲ ਅਤੇ ਖਾਣ-ਪੀਣ ਦੀਆਂ ਵਸਤਾਂ ਵਿੱਚ ਵਾਧਾ ਹੋਣ ਕਰਕੇ ਕੌਮਾਂਤਰੀ ਮੁਦਰਾ ਕੋਸ਼ ਤੋਂ 4.7 ਬਿਲੀਅਨ ਡਾਲਰ ਕਰਜ਼ਾ ਲਿਆ ਗਿਆ।ਅਮਰੀਕਾ ਨੂੰ ਫੌਜੀ ਅੱਡੇ ਸਥਾਪਿਤ ਕਰਨੋਂ ਨਾਂਹ ਕਰਨ ’ਤੇ ਸੀ.ਆਈ.ਏ.ਨੇ ਪਾਕਿਸਤਾਨ ਦੀ ਬਦਨਾਮ ਖੁਫੀਆ ਏਜੰਸੀ ਆਈ.ਐੱਸ.ਆਈ.ਨਾਲ ਗਾਂਢਾ-ਸਾਂਢਾ ਕਰਕੇ ਅੰਦਰੂਨੀ ਤੋੜ ਫੋੜ ਸ਼ੁਰੂ ਕੀਤੀ। ਦੇਸ਼ ਵਿੱਚ 1.80 ਕਰੋੜ ਲੋਕ ਬੇਰੋਜ਼ਗਾਰ ਹੋ ਗਏ। ਨੌਕਰੀਆਂ ਵਿੱਚ ਦੇਸ਼ ਅਜ਼ਾਦੀ ਵੇਲੇ ਮੁਕਤੀ ਬਾਈਨੀ ਸੰਬੰਧਿਤ ਪਰਿਵਾਰ ਮੈਂਬਰਾਂ ਨੂੰ 30 ਪ੍ਰਤੀਸ਼ਤ ਕੋਟਾ ਅਲਾਟ ਕਰਨ ਦੀ ਨੀਤੀ ਸ਼ੇਖ ਹਸੀਨਾ ਅਤੇ ਸਰਕਾਰ ਦੇ ਗਲੇ ਦੀ ਹੱਡੀ ਸਾਬਤ ਹੋਈ।ਡਿਕਟੇਟਰਾਨਾ ਸੋਚ ਤਹਿਤ ਉਸ ਨੇ ਸੁਪਰੀਮ ਕੋਰਟ ਵੱਲੋਂ ਇਸਦੀ ਨਜ਼ਰਸਾਨੀ ਤੋਂ ਵੀ ਟਾਲਾ ਵੱਟ ਲਿਆ।ਦਮਨਕਾਰੀ ਜਬਰ ਤਹਿਤ 450 ਲੋਕ ਮਾਰੇ ਗਏ, ਹਜ਼ਾਰਾਂ ਜ਼ਖ਼ਮੀ ਹੋਏ। ਆਖਿਰ ਮੁਜ਼ਾਹਿਰਾਕਾਰੀ ਸਫ਼ਲ ਰਹੇ।

**ਭਾਰਤ ਉੱਕਿਆ:** ਭਾਰਤੀ ਉਪ ਮਹਾਂਦੀਪ ਵਿੱਚ ਘੱਟ ਗਿਣਤੀਆਂ ਵਿਰੁੱਧ ‘ਮਹਾਂਭਾਰਤ’ ਵਾਂਗ ਪੁਰਾਣੀ ਜੁਗਾਂਤਰ ਪ੍ਰਵਿਰਤੀ ਹੈ।ਦੇਸ਼ ਦੀ ਵੰਡ ਵੇਲੇ 10 ਲੱਖ ਲੋਕਾਂ ਦਾ ਪੰਜਾਬ ਵਿੱਚ ਘਾਣ, ਨਵੰਬਰ 84 ਵਿੱਚ ਦਿੱਲੀ ਤੇ ਹੋਰਨੀਂ ਥਾਈਂ ਸਿੱਖ ਘੱਟ ਗਿਣਤੀ ਦਾ ਘਾਣ, ਸੰਨ 2002 ਗੋਧਰਾ ਕਾਂਡ ਬਾਅਦ ਗੁਜਰਾਤ ਘਾਣ।ਪੂਰਬੀ ਪਾਕਿਸਤਾਨ (ਬੰਗਲਾਦੇਸ਼) ਵਿੱਚ ਅਜ਼ਾਦੀ ਵੇਲੇ 40 ਪ੍ਰਤੀਸ਼ਤ ਹਿੰਦੂ ਵਸਦੇ ਸਨ, ਅੱਜ ਸਿਰਫ 8 ਪ੍ਰਤੀਸ਼ਤ, ਭਾਵ 1 ਕਰੋੜ 30 ਲੱਖ। ਹਰ ਰਾਜ ਪਲਟੇ ਵੇਲੇ ਹਿੰਦੂ, ਅਹਿਮਦੀਏ, ਸਿੱਖ ਨਿਸ਼ਾਨਾ ਬਣੇ। ਵਿਸ਼ਵ ਵਿੱਚ 57 ਮੁਸਲਿਮ ਰਾਸ਼ਟਰ ਹਨ ਪਰ ਸ਼ੇਖ ਹਸੀਨਾ ਨੂੰ ਪਨਾਹ ਭਾਰਤ ਨੇ ਦਿੱਤੀ। ਯੂ. ਕੇ. ਵੱਲੋਂ ਨਾਂਹ ਕਰ ਦਿੱਤੀ ਗਈ, ਜਿੱਥੇ ਉਸ ਨੇ ਕਰੀਬ 200 ਬਿਲੀਅਨ ਨਿਵੇਸ਼ ਕਰ ਰੱਖਿਆ ਹੈ।ਅਮਰੀਕਾ ਵੱਲੋਂ ਵੀਜ਼ਾ ਰੱਦ, ਅਖੇ ਅੱਡੇ ਨਹੀਂ ਦਿੱਤੇ। ਭਾਰਤ ਨੂੰ ਸ਼ੇਖ ਹਸੀਨਾ ਨੂੰ ਪਨਾਹ ਦੇਣ ਤੋਂ ਪਹਿਲਾਂ ਆਪਣੇ ਨਾਗਰਿਕਾਂ ਅਤੇ ਹਿੰਦੂ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਣਾਉਣੀ ਜ਼ਰੂਰੀ ਸੀ।ਇੱਥੇ ਲੂੰ ਕੰਡੇ ਖੜ੍ਹੇ ਕਰਨ ਵਾਲੀ ਦਾਸਤਾਨ ਬਿਆਨ ਨਹੀਂ ਕੀਤੀ ਜਾ ਸਕਦੀ।

****

## ਸਮਾਜਿਕ ਏਕਤਾ ਨਾਲ ਹੀ ਘਟੇਗੀ ਹਿੰਸਾ

ਸਿੱਖਣ ਦੇ ਮਾਹੌਲ ਅਤੇ ਅਧਿਆਪਕਾਂ ਦੀ ਸਿਖਲਾਈ ਨੂੰ ਵਧਾ ਕੇ, ਇਸਨੇ ਬੱਚਿਆਂ ਲਈ ਵਿਦਿਅਕ ਮੌਕਿਆਂ ਵਿੱਚ ਸੁਧਾਰ ਕੀਤਾ, ਉਹਨਾਂ ਨੂੰ ਕੱਟੜਪੰਥੀ ਪ੍ਰਭਾਵਾਂ ਲਈ ਘੱਟ ਕਮਜ਼ੋਰ ਬਣਾਇਆ। ਕੁਝ ਰਾਜਾਂ, ਜਿਵੇਂ ਕੇਰਲਾ, ਨੇ ਕੱਟੜਪੰਥੀ ਵਿਚਾਰਧਾਰਾ ਤੋਂ ਪ੍ਰਭਾਵਿਤ ਵਿਅਕਤੀਆਂ ਦੇ ਮੁੜ ਵਸੇਬੇ ’ਤੇ ਧਿਆਨ ਕੇਂਦ੍ਰਿਤ ਕਰਨ ਵਾਲੇ ਡੀ-ਰੈਡੀਕਲਾਈਜ਼ੇਸ਼ਨ ਪ੍ਰੋਗਰਾਮ ਲਾਗੂ ਕੀਤੇ ਹਨ। ਇਹ ਪਹਿਲਕਦਮੀਆਂ ਸਲਾਹ-ਮਸ਼ਵਰੇ, ਵੋਕੇਸ਼ਨਲ ਸਿਖਲਾਈ ਅਤੇ ਪੁਨਰ-ਏਕੀਕਰਨ ਸਹਾਇਤਾ ਪ੍ਰਦਾਨ ਕਰਦੀਆਂ ਹਨ, ਵਿਅਕਤੀਆਂ ਨੂੰ ਸਮਾਜ ਵਿੱਚ ਮੁੜ ਏਕੀਕ੍ਰਿਤ ਕਰਨ ਵਿੱਚ ਮਦਦ ਕਰਦੀਆਂ ਹਨ।

ਹਿੰਸਾ ਦਾ ਮੁਕਾਬਲਾ ਕਰਨ ਵਿੱਚ ਵਿਕਾਸ ਪ੍ਰੋਗਰਾਮਾਂ ਦੀ ਸਫਲਤਾ ਉਹਨਾਂ ਦੀ ਅਨੁਕੂਲਤਾ, ਭਾਈਚਾਰਕ ਭਾਗੀਦਾਰੀ ਅਤੇ ਨਿਰੰਤਰ ਮੁਲਾਂਕਣ ਵਿੱਚ ਹੈ।ਅੰਤਰੀਵ ਕਾਰਕਾਂ ਨੂੰ ਸੰਬੋਧਿਤ ਕਰਕੇ, ਸਮਾਜਿਕ ਏਕਤਾ ਨੂੰ ਉਤਸ਼ਾਹਿਤ ਕਰਨ ਅਤੇ ਸਿੱਖਿਆ ਅਤੇ ਆਰਥਿਕ ਵਿਕਾਸ ਦੇ ਮੌਕੇ ਪ੍ਰਦਾਨ ਕਰਕੇ, ਇਹ ਪਹਿਲਕਦਮੀਆਂ ਭਾਰਤ ਦੇ ਕਮਜ਼ੋਰ ਖੇਤਰਾਂ ਵਿੱਚ ਮਹੱਤਵਪੂਰਨ ਪ੍ਰਭਾਵ ਪਾ ਸਕਦੀਆਂ ਹਨ। ਇਕੱਠੇ ਮਿਲ ਕੇ, ਇਹ ਯਤਨ ਵਧੇਰੇ ਸੰਮਲਿਤ, ਸਹਿਣਸ਼ੀਲ ਅਤੇ ਲਚਕੀਲੇ ਸਮਾਜਾਂ ਦੇ ਨਿਰਮਾਣ ਵਿੱਚ ਯੋਗਦਾਨ ਪਾਉਂਦੇ ਹਨ, ਅੰਤ ਵਿੱਚ ਹਿੰਸਾ ਦੇ ਪ੍ਰਭਾਵਾਂ ਨੂੰ ਘਟਾਉਂਦੇ ਹਨ ਅਤੇ ਸਥਾਈ ਸਕਾਰਾਤਮਕ ਤਬਦੀਲੀ ਨੂੰ ਉਤਸ਼ਾਹਿਤ ਕਰਦੇ ਹਨ।

****

## ਸਮਾਜ ਨੂੰ ਸ਼ਰਮਸਾਰ ਕਰਦੀਆਂ ਜਿਨਸੀ ਸ਼ੋਸ਼ਣ

ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਸਭ ਤੋਂ ਪਹਿਲਾਂ ਘਰ-ਘਰ ਫੈਲ ਰਹੀ ਅਸ਼ਲੀਲਤਾ ਦਾ ਵਿਰੋਧ ਕੀਤਾ ਜਾਵੇ।ਔਰਤਾਂ ਨੂੰ ਉਪਭੋਗ ਦੀ ਵਸਤੂ ਸਮਝਣ ਦੀ ਬਜਾਏ ਸਮਾਜ ਵਿੱਚ ਉਨ੍ਹਾਂ ਨੂੰ ਬਣਦਾ ਸਨਮਾਨ ਦੇਣ ਲਈ ਸਾਰਥਕ ਕਦਮ ਚੁੱਕਣੇ ਚਾਹੀਦੇ ਹਨ।

ਪਰਿਵਾਰ ਦੀ ਔਰਤ ਨੂੰ ਖੁਦ ਨੂੰ ਕਮਜ਼ੋਰ ਸਮਝਣ ਦੀ ਬਜਾਏ ਆਪਣੇ ਮਨ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਘਟਨਾਵਾਂ ਵਿਰੁੱਧ ਖੁੱਲ੍ਹ ਕੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਇਸ ਦੀ ਸ਼ੁਰੂਆਤ ਸਮਾਜ ਦੀ ਪਹਿਲੀ ਇਕਾਈ ਪਰਿਵਾਰ ਤੋਂ ਹੋਣੀ ਚਾਹੀਦੀ ਹੈ।ਮੁੱਢ ਤੋਂ ਹੀ ਬੱਚੀਆਂ ਦੇ ਮਨ ਵਿੱਚ ਸਮਾਜਿਕ ਅੱਤਿਆਚਾਰਾਂ ਵਿਰੁੱਧ ਲੜਨ ਦੀ ਸ਼ਕਤੀ ਪੈਦਾ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਉਹ ਭਵਿੱਖ ਵਿੱਚ ਨਾ ਤਾਂ ਅੱਤਿਆਚਾਰ ਬਰਦਾਸ਼ਤ ਕਰੇਗਾ ਅਤੇ ਨਾ ਹੀ ਅੱਤਿਆਚਾਰ ਹੁੰਦਾ ਦੇਖ ਸਕੇਗਾ। ਸਮਾਜ ਵਿੱਚ ਅਜਿਹੀ ਹਿੰਮਤ ਪੈਦਾ ਕਰਨੀ ਪਵੇਗੀ ਕਿ ਜਿੱਥੇ ਵੀ ਘਰ, ਗਲੀ, ਮੁਹੱਲੇ, ਵਿੱਦਿਅਕ ਅਦਾਰੇ, ਬੱਸ ਜਾਂ ਕਿਤੇ ਵੀ ਬਾਲ ਯੌਨ ਸ਼ੋਸ਼ਣ ਦੀ ਘਟਨਾ ਵਾਪਰਦੀ ਹੈ, ਉਨ੍ਹਾਂ ਅਪਰਾਧੀਆਂ ਵਿਰੁੱਧ ਸਮੂਹਿਕ ਕਾਰਵਾਈ ਕੀਤੀ ਜਾਵੇ।ਆਪਣੇ ਹੱਕਾਂ ਪ੍ਰਤੀ ਜਾਗਰੂਕਤਾ ਅਤੇ ਆਪਣੀ ਕਮਜ਼ੋਰੀ ਦੇ ਅਹਿਸਾਸ ਦੀ ਬਲੀ ਦੇਣੀ ਪਵੇਗੀ, ਤਾਂ ਹੀ ਔਰਤਾਂ ਅਤੇ ਲੜਕੀਆਂ ’ਤੇ ਘਰੇਲੂ ਅਤੇ ਸਮਾਜਿਕ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਈ ਜਾ ਸਕਦੀ ਹੈ।

****

## ਭਾਰਤ ’ਚ ਸਿੱਖ ਨਿਸ਼ਾਨੇ ਉੱਪਰ

ਜਿਸਨੇ ਸਤਿਆਰਥ ਵਿੱਚ ਗੁਰੂ ਨਾਨਕ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤਾਂ ਬਾਰੇ ਇਤਰਾਜ਼ ਯੋਗ ਸ਼ਬਦ ਵਰਤੇ।ਗਿਆਨੀ ਦਿੱਤ ਸਿੰਘ ਨੇ ਇਸ ਫਿਰਕੂ ਵਿਚਾਰਧਾਰਾ ਦਾ ਪਰਦਾਫਾਸ਼ ਕੀਤਾ ਸੀ। ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਸਾਹਿਬ ਨੂੰ ਭਾਸ਼ਾ ਵਿਭਾਗ ਦੀ ਇਸ ਫਿਰਕੂ ਨੀਤੀ ਬਾਰੇ ਨੋਟਿਸ ਲੈਣਾ ਚਾਹੀਦਾ ਹੈ।ਪੰਜਾਬ ਸਰਕਾਰ ਨੂੰ ਇਸ ਫਿਰਕੂ ਅਫਸਰਸ਼ਾਹੀ ਬਾਰੇ ਸਖਤ ਕਾਰਵਾਈ ਕਰਨੀ ਚਾਹੀਦੀ ਹੈ।

ਦੂਸਰੀ ਘਟਨਾ ਇਸੇ ਹਫਤੇ ਮੁੰਬਈ ਦੀ ਲੋਕਲ ਰੇਲ੍ਹ ਵਿੱਚ ਇਕ ਸਿੱਖ ਟੀ.ਟੀ.ਈ ਜਸਬੀਰ ਸਿੰਘ ਨਾਲ ਕੁੱਟਮਾਰ ਦੀ ਵਾਪਰੀ। ਇੱਕ ਬੇਟਿਕਟੇ ਫਿਰਕੂ ਯਾਤਰੀ ਵੱਲੋਂ ਟਰੈਵਲਿੰਗ ਟਿਕਟ ਇੰਸਪੈਕਟਰ ਨਾਲ ਕੁੱਟਮਾਰ ਕੀਤੀ ਹੈ। ਟੀ.ਟੀ.ਈ ਨੇ ਉਸ ਨੂੰ ਜ਼ੁਰਮਾਨਾ ਭਰਨ ਲਈ ਕਿਹਾ, ਜਿਸ ਤੋਂ ਬਾਅਦ ਅਨਿਕੇਤ ਭੋਸਲੇ ਨਾਮੀ ਫਿਰਕੂ ਗੁੰਡੇ ਨੇ ਜੁਰਮਾਨੇ ਨੂੰ ਲੈ ਕੇ ਬਹਿਸ ਕਰਨੀ ਸ਼ੁਰੂ ਕਰ ਦਿੱਤੀ ਅਤੇ ਬਾਅਦ ਵਿੱਚ ਉਸ ਨੇ ਕੁਟਮਾਰ ਕੀਤੀ ਤੇ ਦਾੜੀ ਵੀ ਖਿਚੀ।ਇਸ ਹਮਲੇ ਵਿੱਚ ਟੀ.ਟੀ.ਈ ਦੀ ਕਮੀਜ਼ ਵੀ ਪਾੜ ਦਿੱਤੀ ਗਈ ਹੈ।ਇਸ ਤੋਂ ਬਾਅਦ ਰੇਲਵੇ ਸੁਰੱਖਿਆ ਬਲਾਂ ਦੇ ਜਵਾਨਾਂ ਨੇ ਉਸ ਨੂੰ ਨਾਲਸੋਪਾਰਾ ਸਟੇਸ਼ਨ ’ਤੇ ਰੇਲ ਗੱਡੀ ਤੋਂ ਉਤਾਰ ਲਿਆ ਅਤੇ ਬਾਅਦ ’ਚ ਯਾਤਰੀ ਨੇ ਆਪਣੀ ਗਲਤੀ ਮੰਨ ਲਈ ਅਤੇ ਲਿਖਤੀ ਮੁਆਫ਼ੀ ਮੰਗਦਿਆਂ ਜਸਬੀਰ ਸਿੰਘ ਨੂੰ 1,500 ਦਾ ਭੁਗਤਾਨ ਵੀ ਕੀਤਾ। ਪਰ ਪੁਲਿਸ ਨੇ ਇਸ ਫਿਰਕੂ ਗੁੰਡੇ ਤੇ ਉਸਦੇ ਸਾਥੀਆਂ ਉਪਰ ਕੇਸ ਦਰਜ ਨਹੀਂ ਕੀਤਾ।ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਘਟਨਾ ਦੀ ਨਿੰਦਾ ਕੀਤੀ ਹੈ ਤੇ ਕਿਹਾ ਕਿ ਫਿਰਕੂ ਗੁੰਡਿਆਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਮੁਸਲਮਾਨਾਂ ਬਾਅਦ ਸਿੱਖ ਫਿਰਕੂਆਂ ਦੇ ਨਿਸ਼ਾਨੇ ਉਪਰ ਹਨ।ਸਰਕਾਰ ਵੀ ਸਿੱਖਾਂ ਨਾਲ ਵਿਤਕਰਾ ਤੇ ਅਨਿਆਂ ਕਰ ਰਹੀ ਹੈ।ਬੰਦੀ ਸਿੱਖ ਛੱਡੇ ਨਹੀਂ ਜਾ ਰਹੇ।ਸੌਦਾ ਸਾਧ ਦੀ ਘੜੀ ਮੁੜੀ ਜਮਾਨਤ ਕੀਤੀ ਜਾ ਰਹੀ ਹੈ। ਇਸ ਨਾਲ ਸਰਕਾਰ ਵਿਰੁੱਧ ਸਿੱਖ ਜਗਤ ਵਿੱਚ ਰੋਸ ਫੈਲ ਰਿਹਾ ਹੈ।

## ਆਖ਼ਿਰ ਮਾਇਆਵਤੀ ਨੂੰ ਬਹੁਜਨ

ਪਾਰਟੀ ਅਹੁਦੇਦਾਰਾਂ ਮੁਤਾਬਿਕ, ਸੁਪਰੀਮ ਕੋਰਟ ਦੇ ਰਾਖਵਾਂਕਰਨ ਫ਼ੈਸਲੇ ਦਾ ਮੁੱਦਾ ਚੁੱਕਣ ਤੋਂ ਇਲਾਵਾ ਬਸਪਾ ਨੇ ਪਾਰਟੀ ਵਲੋਂ ਕੀਤੀਆਂ ਜਾਂਦੀਆਂ

ਨਿਯੁਕਤੀਆਂ ’ਚ ਜਾਤੀਗਤ ਸਮੀਕਰਨਾਂ ’ਤੇ ਵੀ ਧਿਆਨ ਦੇਣ ਦਾ ਫ਼ੈਸਲਾ ਕੀਤਾ ਹੈ। ਉੱਤਰ ਪ੍ਰਦੇਸ਼ ਵਿਚ ਕੁਝ ਜ਼ਿਲ੍ਹਾ ਇਕਾਈਆਂ ਵਿਚ ਅੱਧ ਨਾਲੋਂ ਜ਼ਿਆਦਾ ਜ਼ਿੰਮੇਵਾਰੀਆਂ ਦਲਿਤ ਅਤੇ ਅਤਿ ਪੱਛੜੇ ਭਾਈਚਾਰੇ ਦੇ ਆਗੂਆਂ ਨੂੰ ਸੌਂਪ ਦਿੱਤੀਆਂ ਗਈਆਂ ਹਨ, ਜਿਸ ਨਾਲ ਬਦਲਾਅ ਦੇਖਿਆ ਜਾ ਰਿਹਾ ਹੈ। ਇਸ ਨੂੰ ਹੋਰਨਾਂ ਜ਼ਿਲ੍ਹਿਆਂ ਅਤੇ ਰਾਜ ਇਕਾਈਆਂ ਵਿੱਚ ਵੀ ਲਾਗੂ ਕੀਤਾ ਜਾਣਾ ਵਾਲਾ ਹੈ।

***

## ਜੰਮੂ ਕਸ਼ਮੀਰ : ਦਹਿਸ਼ਤਗਰਦੀ ਤੋਂ ਲੋਕਤੰਤਰ

ਵਿਧਾਨ ਸਭਾ ਚੋਣਾਂ ਵਿੱਚ ਅੱਤਵਾਦੀ ਵਿਘਨ ਪਾਉਣ ਦਾ ਪੂਰਾ ਯਤਨ ਕਰਨਗੇ।ਜਿਸ ਕਾਰਨ ਇਹਨਾਂ ਚੋਣਾਂ ਦੌਰਾਨ ਭਾਰਤ ਸਰਕਾਰ ਨੂੰ ਸਖ਼ਤ ਸੁਰੱਖਿਆ ਪ੍ਰਬੰਧ ਕਰਨੇ ਪੈਣਗੇ।ਪਿਛਲੇ ਕੁਝ ਸਮੇਂ ਤੋਂ ਅੱਤਵਾਦੀਆਂ ਨੇ ਵੀ ਆਪਣੀ ਰਣਨੀਤੀ ਬਦਲ ਲਈ ਹੈ, ਹੁਣ ਉਹ ਕਸ਼ਮੀਰ ਦੀ ਥਾਂ ਹਿੰਦੂ ਬਹੁਲਤਾ ਵਾਲੇ ਇਲਾਕੇ ਜੰਮੂ ਵਿੱਚ ਵਧੇਰੇ ਹਿੰਸਕ ਵਾਰਦਾਤਾਂ ਕਰ ਰਹੇ ਹਨ।ਇਸੇ ਕਾਰਨ ਹੀ ਵੱਖ ਵੱਖ ਇਲਾਕਿਆਂ ਤੋਂ ਜੰਮੂ ਕਸ਼ਮੀਰ ਵਿੱਚ ਵਿਧਾਨ ਸਭਾ ਚੋਣਾਂ ਕਰਵਾਏ ਜਾਣ ਦੀ ਮੰਗ ਉਠ ਰਹੀ ਸੀ। ਜੰਮੂ-ਕਸ਼ਮੀਰ ਵਿੱਚ ਵਿਧਾਨ ਸਭਾ ਚੋਣਾਂ, ਲੋਕ ਸਭਾ ਚੋਣਾਂ ਤੋਂ ਬਾਅਦ ਹੋਣਾ ਯਕੀਨਨ ਲੋਕਤੰਤਰ ਨੂੰ ਹੋਰ ਮਜ਼ਬੂਤ ਕਰੇਗਾ ਕਿਉਂਕਿ ਲੋਕ ਸਭਾ ਚੋਣਾਂ ਦੌਰਾਨ ਵੀ ਉੱਥੇ ਲੋਕਾਂ ਵਿੱਚ ਚੋਣਾਂ ਪ੍ਰਤੀ ਬਹੁਤ ਉਤਸ਼ਾਹ ਦਿਖਾਈ ਦਿੱਤਾ ਸੀ। ਮੁੱਖ ਚੋਣ ਕਮਿਸ਼ਨ ਨੇ ਕਿਹਾ ਸੀ ਕਿ ਵਿਧਾਨ ਸਭਾ ਹਲਕਿਆਂ ਦੀ ਹੱਦਬੰਦੀ, ਵੋਟਰ ਸੂਚੀਆਂ ਦੀ ਸੋਧ-ਸੁਧਾਈ ਹੋ ਚੁੱਕੀ ਹੈ। ਇਸ ਦੇ ਬਾਵਜੂਦ ਜਮਹੂਰੀ ਪ੍ਰਕਿਰਿਆ ਵਿੱਚ ਕਸ਼ਮੀਰੀਆਂ ਦੇ ਇਸ ਭਰੋਸੇ ਨੂੰ ਬਰਕਰਾਰ ਰੱਖਣ ਲਈ ਕੇਂਦਰ ਸਰਕਾਰ ਨੂੰ ਇਸ ਦਿਸ਼ਾ ਵਿੱਚ ਨਿਸ਼ਠਾ ਨਾਲ ਕੰਮ ਕਰਨ ਦੀ ਜ਼ਰੂਰਤ ਹੈ।ਭਾਰਤ ਦਾ ਕਹਿਣਾ ਹੈ ਕਿ ਜੰਮੂ ਕਸ਼ਮੀਰ ਦੇ ਲੋਕ ਅਮਨ ਚਾਹੁੰਦੇ ਹਨ ਅਤੇ ਭਾਰਤ ਸਰਕਾਰ ਕਸ਼ਮੀਰ ਵਿੱਚ ਅਮਨ ਦੀ ਬਹਾਲੀ ਲਈ ਕੰਮ ਕਰ ਰਹੀ ਹੈ। ਇਸੇ ਨੀਤੀ ਤਹਿਤ ਹੀ ਹੁਣ ਜੰਮੂ ਕਸ਼ਮੀਰ ਵਿੱਚ ਵਿਧਾਨ ਸਭਾ ਚੋਣਾਂ ਕਰਵਾਈਆਂ ਜਾ ਰਹੀਆਂ ਹਨ ਤਾਂ ਕਿ ਉਥੋਂ ਦੇ ਲੋਕਾਂ ਨੂੰ ਆਪਣੇ ਨੁਮਾਇੰਦੇ ਚੁਣੇ ਜਾਣ ਦਾ ਹੱਕ ਮਿਲੇ।

****

## ਵਿਸ਼ਵ ਜੰਗ ਦਾ ਪਹਿਲਾ

ਇਸ ਸੰਧੀ ਤਹਿਤ ਰੂਸ ਅਤੇ ਅਮਰੀਕਾ ਵੱਧ ਤੋਂ ਵੱਧ 1550 ਪਰਮਾਣੂ ਮਿਜ਼ਾਈਲਾਂ, 700 ਲੰਬੀ ਦੂਰੀ ਦੀਆਂ ਮਿਜ਼ਾਈਲਾਂ ਅਤੇ ਬੰਬਾਰਾਂ ਨੂੰ ਤਿਆਰ ਹਾਲਤ ਵਿੱਚ ਰੱਖ ਸਕਦੇ ਹਨ। ਦੋਵੇਂ ਦੇਸ਼ ਇਹ ਪਤਾ ਕਰਨ ਲਈ ਇੱਕ ਦੂਜੇ ਦੇ ਪ੍ਰਮਾਣੂ ਟਿਕਾਣਿਆਂ ਦਾ ਦੌਰਾ ਕਰ ਸਕਦੇ ਹਨ ਕਿ ਕੀ ਕੋਈ ਸੰਧੀ ਦੇ ਨਿਯਮਾਂ ਦੀ ਉਲੰਘਣਾ ਤਾਂ ਨਹੀਂ ਕਰ ਰਿਹਾ ।ਇੱਕ ਸਾਲ ਵਿੱਚ ਅਜਿਹੇ 18 ਦੌਰੇ ਹੋ ਸਕਦੇ ਹਨ।2011 ਵਿੱਚ ਹਸਤਾਖਰ ਕੀਤੇ ਗਏ ਸੰਧੀ ਨੂੰ 2021 ਵਿੱਚ ਹੋਰ 5 ਸਾਲਾਂ ਲਈ ਵਧਾ ਦਿੱਤਾ ਗਿਆ ਸੀ।ਹੁਣ ਇਹ ਸੰਧੀ ਫਰਵਰੀ 2026 ਤੱਕ ਹੀ ਮਨਜ਼ੂਰ ਹੈ। ਮਾਰਚ 2020 ਵਿੱਚ ਕੋਵਿਡ ਮਹਾਂਮਾਰੀ ਦੇ ਕਾਰਨ, ਦੋਵਾਂ ਦੇਸ਼ਾਂ ਵਿਚਕਾਰ ਪ੍ਰਮਾਣੂ ਸਾਈਟ ਦੇ ਦੌਰੇ ਰੁਕ ਗਏ ਸਨ। ਅਮਰੀਕਾ ਅਤੇ ਰੂਸ ਨਵੰਬਰ 2022 ਵਿੱਚ ਸਾਈਟ ਵਿਜ਼ਿਟ ਮੁੜ ਸ਼ੁਰੂ ਕਰਨ ਲਈ ਮਿਸਰ ਵਿੱਚ ਮਿਲਣ ਲਈ ਸਹਿਮਤ ਹੋਏ ਸਨ।ਪਰ, ਰੂਸ ਨੇ ਇਸ ਬੈਠਕ ਨੂੰ ਯੂਕਰੇਨ ਵਿੱਚ ਅਮਰੀਕਾ ਦੀ ਦਖਲਅੰਦਾਜ਼ੀ ਕਾਰਨ ਮੁਲਤਵੀ ਕਰ ਦਿੱਤਾ ਅਤੇ ਉਦੋਂ ਤੋਂ ਰੂਸ ਲਗਾਤਾਰ ਟਾਲ ਰਿਹਾ ਹੈ।ਪਰ ਰੂਸ ਅਤੇ ਅਮਰੀਕਾ ਦੇ ਮੌਜੂਦਾ ਰੁਖ ਨੂੰ ਦੇਖਦੇ ਹੋਏ ਅਜਿਹਾ ਨਹੀਂ ਲੱਗਦਾ ਕਿ ਸੰਧੀ ਅੱਗੇ ਵਧੇਗੀ। ਖ਼ਾਸਕਰ, ਰੂਸ ਅਜਿਹਾ ਨਹੀਂ ਚਾਹੁੰਦਾ ਹੈ।ਜੇਕਰ ਅਜਿਹਾ ਹੁੰਦਾ ਹੈ ਤਾਂ ਦੁਨੀਆ ਵਿਚ ਇਕ ਵਾਰ ਫਿਰ ਤੋਂ ਪ੍ਰਮਾਣੂ ਹਥਿਆਰਾਂ ਦੀ ਦੌੜ ਸ਼ੁਰੂ ਹੋਣ ਦੀ ਸੰਭਾਵਨਾ ਹੈ।

ਯੂਕਰੇਨ ਨਾਲ ਜੰਗ ਤੋਂ ਬਾਅਦ ਰੂਸ ਨੂੰ ਲੱਗਦਾ ਹੈ ਕਿ ਉਸ ਨੂੰ ਆਪਣੇ ਹਥਿਆਰਾਂ ਦੀ ਖੇਪ ਵਧਾਉਣ ਦੀ ਲੋੜ ਹੈ। ਇਹ ਨਵੀਂ ਸਟਾਰਟ ਸੰਧੀ ਦੁਆਰਾ ਅੜਿੱਕਾ ਪਾਇਆ ਜਾ ਰਿਹਾ ਹੈ।ਦੂਜੇ ਪਾਸੇ ਅਮਰੀਕਾ ਇਸ ਜੰਗ ਵਿੱਚ ਖੁੱਲ੍ਹ ਕੇ ਯੂਕਰੇਨ ਦੇ ਨਾਲ ਹੈ ਅਤੇ ਉਸ ਨੂੰ ਹਥਿਆਰ ਵੀ ਦੇ ਰਿਹਾ ਹੈ।ਇਸ ਲਈ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਫਰਵਰੀ 2023 ਵਿੱਚ ਹੀ ਇਸ ਸੰਧੀ ਤੋਂ ਹਟਣ ਦਾ ਐਲਾਨ ਕੀਤਾ ਸੀ। ਹਾਲਾਂਕਿ ਪੁਤਿਨ ਦੇ ਇਸ ਬਿਆਨ ਤੋਂ ਬਾਅਦ ਰੂਸ ਦੇ ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਕੀਤਾ ਸੀ ਕਿ ਸੰਧੀ ਦੇ ਮੁਤਾਬਕ ਰੂਸ ਜੰਗ ਲਈ ਤਿਆਰ ਪ੍ਰਮਾਣੂ ਮਿਜ਼ਾਈਲਾਂ ਅਤੇ ਹਥਿਆਰਾਂ ਦੀ ਗਿਣਤੀ @ਤੇ ਪਾਬੰਦੀਆਂ ਦਾ ਪਾਲਣ ਕਰਦਾ ਰਹੇਗਾ।ਕੁਝ ਰਿਪੋਰਟਾਂ ਵਿੱਚ, ਅਮਰੀਕੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਰੂਸ ਨਵੇਂ ਹਥਿਆਰ ਤਿਆਰ ਕਰ ਰਿਹਾ ਹੈ। ਇਸ ਦੇ ਨਾਲ ਹੀ ਅਮਰੀਕੀ ਅਧਿਕਾਰੀ ਇਹ ਵੀ ਤਿਆਰੀ ਕਰ ਰਹੇ ਹਨ ਕਿ ਜੇਕਰ ਸੰਧੀ ਅੱਗੇ ਨਹੀਂ ਵਧਦੀ ਤਾਂ ਉਹ ਤੁਰੰਤ ਨਵੇਂ ਹਥਿਆਰ ਤਿਆਰ ਕਰਨ ਦੀ ਲੋੜ ਹੈ ਤਾਂ ਜੋ ਰੂਸ ’ਤੇ ਦਬਾਅ ਬਣਾਇਆ ਜਾ ਸਕੇ। ਅਮਰੀਕਾ ਦਾ ਕਹਿਣਾ ਹੈ ਕਿ ਰੂਸ ਨੇ ਕੁਝ ਪਰਮਾਣੂ ਹਥਿਆਰ ਬਣਾਏ ਹਨ ਜੋ ਉਪਗ੍ਰਹਿਆਂ ਨੂੰ ਨਸ਼ਟ ਕਰ ਸਕਦੇ ਹਨ, ਜਿਨ੍ਹਾਂ ਨੂੰ ਉਹ ਆਰਬਿਟ ਵਿੱਚ ਤਾਇਨਾਤ ਕਰਨ ਜਾ ਰਿਹਾ ਹੈ।ਦੂਜੇ ਪਾਸੇ ਰੂਸ ਨੇ ਇਸ ਸੰਧੀ ਨੂੰ ਖਤਮ ਕਰਨ ਦੀ ਖੁੱਲ੍ਹ ਕੇ ਚਿਤਾਵਨੀ ਦਿੱਤੀ ਹੈ।ਅਜਿਹੇ ’ਚ ਇਹ ਸੰਧੀ ਸਮੇਂ ਤੋਂ ਪਹਿਲਾਂ ਹੀ ਕਮਜ਼ੋਰ ਹੋ ਗਈ ਹੈ ਅਤੇ ਰੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਦੋਵੇਂ ਦੇਸ਼ ਅੰਦਰੂਨੀ ਤੌਰ ’ਤੇ ਇਕ-ਦੂਜੇ ਖਿਲਾਫ ਤਿਆਰੀ ਕਰ ਰਹੇ ਹਨ।

ਦ ਇਕਨਾਮਿਸਟ ਦੇ ਮੁਤਾਬਕ,ਸੈਂਟਰ ਫਾਰ ਆਰਮਜ ਕੰਟਰੋਲ ਐਂਡ ਨਾਨ ਪਲੋਰੇਫਿਰੇਸ਼ਨ ਦੇ ਸੀਨੀਅਰ ਨੀਤੀ ਨਿਰਦੇਸ਼ਕ ਜੌਹਨ ਏਰੋਥ ਨੇ ਵਾਸ਼ਿੰਗਟਨ ਪੋਸਟ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ ਕਿ ਰੂਸ ਦਾ ਸੰਧੀ ਤੋਂ ਆਪਣੇ ਆਪ ਨੂੰ ਪਿੱਛੇ ਹਟਣ ਦਾ ਐਲਾਨ ਅਮਰੀਕਾ ’ਤੇ ਦਬਾਅ ਬਣਾਉਣ ਦੀ ਚਾਲ ਵੀ ਹੋ ਸਕਦਾ ਹੈ। ਬ੍ਰਿਟਿਸ਼ ਅਖਬਾਰ ਗਾਰਡੀਅਨ ਨਾਲ ਇੱਕ ਇੰਟਰਵਿਊ ਵਿੱਚ, ਸੰਯੁਕਤ ਰਾਸ਼ਟਰ ਦੇ ‘ਇਨਸਟੀਚਿਊਟ ਫਾਰ ਡਿਸਆਰਮਾਮੈਂਟ ਰਿਸਰਚ’ ਦੇ ‘ਸੈਂਟਰ ਆਫ ਆਰਮਜ਼ ਕੰਟਰੋਲ ਐਂਡ ਸਟ੍ਰੈਟਜਿਕ ਵੈਪਨਸ ਪ੍ਰੋਗਰਾਮ’ ਦੇ ਸੀਨੀਅਰ ਖੋਜਕਾਰ ਐਂਡਰੀ ਬਾਕਲਿਟਸਕੀ ਵੀ ਇਸੇ ਦਿਸ਼ਾ ਵੱਲ ਇਸ਼ਾਰਾ ਕਰਦੇ ਹਨ। ਉਸ ਦਾ ਕਹਿਣਾ ਹੈ ਕਿ ਰੂਸ ਸੰਧੀ ਤੋਂ ਹੋਰ ਪਿੱਛੇ ਹਟ ਸਕਦਾ ਹੈ। ਇਹ ਤੈਅ ਹੈ ਕਿ ਉਹ ਅਮਰੀਕਾ ਪ੍ਰਤੀ ਸਖ਼ਤ ਰੁਖ਼ ਅਪਣਾਏਗਾ।

ਇਸ ਲਈ ਇਹ ਜ਼ਰੂਰੀ ਹੈ ਕਿ ਰੂਸ ਯੂਕਰੇਨ ਤੇ ਖਾਸ ਤੌਰ ’ਤੇ ਗਾਜ਼ਾ ਵਿੱਚ ਜੰਗ ਸਮੇਤ ਚੱਲ ਰਹੇ ਹੋਰ ਯੁੱਧ ਖਤਮ ਕਰਨ ਲਈ ਕੂਟਨੀਤਕ ਯਤਨ ਵਧਾਏ ਜਾਣ। ਕੁਝ ਅਫਰੀਕੀ ਦੇਸ਼ਾਂ ਵਿੱਚ ਝਗੜੇ ਸੁਲਝਾਉਣ ਅਤੇ ਦੱਖਣੀ ਏਸ਼ੀਆ ਵਿੱਚ ਗੱਲਬਾਤ ਦੀ ਲੋੜ ਹੈ। ਗੁਟ ਨਿਰਲੇਪ ਲਹਿਰ ਦੀ ਅਣਹੋਂਦ ਵਿੱਚ ਬ੍ਰਿਕਸ ਕੁਝ ਭੂਮਿਕਾ ਨਿਭਾ ਸਕਦਾ ਹੈ, ਭਾਵੇਂ ਇਹ ਨਾਟੋ ਦੀ ਪਸੰਦ ਨਾ ਹੋਵੇ।

ਹੁਣ ਸਮਾਂ ਆ ਗਿਆ ਹੈ ਕਿ ਪਰਮਾਣੂ ਹਥਿਆਰ ਰੱਖਣ ਵਾਲੇ ਦੇਸ਼ਾਂ ਨੂੰ ਪਰਮਾਣੂ ਹਥਿਆਰਾਂ ਦੀ ਮਨਾਹੀ ਦੀ ਸੰਧੀ ਵਿੱਚ ਸ਼ਾਮਲ ਹੋਣ ਦੀ ਅਪੀਲ ਕਰਨ ਲਈ ਕੌਮਾਂਤਰੀ ਪੱਧਰ ’ਤੇ ਪਹਿਲਕਦਮੀ ਕੀਤੀ ਜਾਵੇ। ਉਨ੍ਹਾਂ ਨੂੰ ਸਾਰੀ ਪਰਮਾਣੂ ਸੰਚਾਲਿਤ ਹਥਿਆਰ ਪ੍ਰਣਾਲੀ ਨੂੰ ਹਾਈ ਅਲਰਟ ਤੋਂ ਦੂਰ ਰੱਖਣ ਲਈ ਸਹਿਮਤ ਕਰਨਾ ਪਏਗਾ। ਇਸ ਬਾਰੇ ਕੂਟਨੀਤਕ ਪਹਿਲਕਦਮੀਆਂ ਦੀ ਘਾਟ ਘਾਤਕ ਹੋ ਸਕਦੀ ਹੈ ਤੇ ਹਜ਼ਾਰਾਂ ਸਾਲ ਦੀ ਮਿਹਨਤ ਨਾਲ ਉਸਾਰੀ ਆਧੁਨਿਕ ਮਨੁੱਖੀ ਸਭਿਅਤਾ ਦੀ ਤਬਾਹੀ ਦਾ ਕਾਰਨ ਬਣ ਸਕਦੀ ਹੈ।ਇਸ ਸੰਬੰਧ ਵਿਚ ਸਿਖ ਧਰਮ ਵਾਲਿਆਂ ਨੂੰ ਵਿਸ਼ਵ ਪੱਧਰ ਉਪਰ ਹੋਰਨਾਂ ਧਰਮਾਂ ਨਾਲ ਮਿਲਕੇ ਵਿਸ਼ਵ ਸ਼ਾਂਤੀ ਦੀ ਮੁਹਿੰਮ ਚਲਾਉਣ ਦੀ ਲੋੜ ਹੈ।

***

## ਮਹਿੰਗਾਈ, ਬੇਰੁਜ਼ਗਾਰੀ, ਸੁਸਤ ਆਰਥਿਕਤਾ ਕਾਰਨ

ਇਹ ਸੰਕਟ ਚੀਨੀ ਸਰਕਾਰ ਦੇ ਜਨਮ ਦਰ ਨੂੰ ਵਧਾਉਣ ਦੇ ਇਰਾਦੇ ਨੂੰ ਵਿਗਾੜ ਰਿਹਾ ਹੈ। ਚੀਨ ਵਿੱਚ ਬੱਚੇ ਪੈਦਾ ਕਰਨ ਲਈ ਵਿਆਹ ਲਾਜ਼ਮੀ ਹੈ, ਜਿਸ ’ਚ ਮਾਤਾ-ਪਿਤਾ ਨੂੰ ਆਪਣੇ ਬੱਚੇ ਨੂੰ ਰਜਿਸਟਰ ਕਰਨ ਅਤੇ ਸਰਕਾਰੀ ਲਾਭ ਪ੍ਰਾਪਤ ਕਰਨ ਲਈ ਇੱਕ ਵਿਆਹ ਸਰਟੀਫਿਕੇਟ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ। ਪਰ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਚੀਨ ਵਿੱਚ ਹੌਲੀ ਵਿਕਾਸ ਕਾਰਨ ਨੌਕਰੀਆਂ ਘਟ ਰਹੀਆਂ ਹਨ ਅਤੇ ਨੌਜਵਾਨ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹਨ।ਅਜਿਹੀ ਸਥਿਤੀ ਵਿੱਚ ਬਹੁਤ ਸਾਰੇ ਚੀਨੀ ਨੌਜਵਾਨ ਇਕੱਲੇ ਰਹਿਣ ਜਾਂ ਦੇਰ ਨਾਲ ਵਿਆਹ ਕਰਨ ਦੀ ਚੋਣ ਕਰ ਰਹੇ ਹਨ। ਚੀਨ ਵਿੱਚ 2014 ਤੋਂ ਬਾਅਦ ਵਿਆਹਾਂ ਦੀ ਗਿਣਤੀ ’ਚ ਕਮੀ ਆ ਰਹੀ ਹੈ। ਕੋਵਿਡ ਮਹਾਮਾਰੀ ਦੀਆਂ ਪਾਬੰਦੀਆਂ ਵਿੱਚ ਢਿੱਲ ਦੇਣ ਤੋਂ ਬਾਅਦ 2023 ’ਚ ਇਸ ਵਿੱਚ ਕੁਝ ਵਾਧਾ ਹੋਇਆ ਸੀ, ਜੋ ਹੁਣ ਫਿਰ ਤੋਂ ਘਟਣਾ ਸ਼ੁਰੂ ਹੋ ਗਿਆ ਹੈ।

ਚੀਨ ਵਿੱਚ ਮਾਹਿਰ ਭਵਿੱਖਬਾਣੀ ਕਰ ਰਹੇ ਹਨ ਕਿ ਇਸ ਸਾਲ ਵਿਆਹ ਦਰ 1980 ਤੋਂ ਬਾਅਦ ਸਭ ਤੋਂ ਘੱਟ ਹੋ ਸਕਦੀ ਹੈ। ਵਿਆਹ ਰਜਿਸਟ੍ਰੇਸ਼ਨਾਂ ਵਿੱਚ ਗਿਰਾਵਟ ਕਾਰਨ ਨੌਜਵਾਨਾਂ ਦੀ ਆਬਾਦੀ ਘਟ ਰਹੀ ਹੈ।ਇਸ ਦੇ ਨਾਲ ਹੀ ਵਿਆਹ ਯੋਗ ਆਬਾਦੀ ਵਿੱਚ ਔਰਤਾਂ ਦੇ ਮੁਕਾਬਲੇ ਮਰਦਾਂ ਦੀ ਵੱਧ ਗਿਣਤੀ ਅਤੇ ਵਿਆਹਾਂ ਦੇ ਵੱਧ ਖਰਚੇ ਵੀ ਵਿਆਹਾਂ ਦੀ ਦਰ ਨੂੰ ਘਟਾ ਰਹੇ ਹਨ। ਅਜਿਹੇ ਵਿੱਚ ਚੀਨ ਨੂੰ ਜਨਮ ਦਰ ਵਿੱਚ ਗਿਰਾਵਟ ਨੂੰ ਰੋਕਣ ਲਈ ਵੱਡੇ ਪੱਧਰ ’ਤੇ ਕਦਮ ਚੁੱਕਣ ਦੀ ਸਲਾਹ ਦਿੱਤੀ ਜਾ ਰਹੀ ਹੈ।

## ਕੰਟਰੈਕਟ ਵਿਆਹ ਲਈ ਅੰਡਰ ਗ੍ਰੈਜੂਏਟ ਦੀ

ਕੰਟਰੈਕਟ ਮੈਰਿਜ ਤੇ ਵੱਟੇ ਦੇ ਵਿਆਹਾਂ ਦੀ ਵਿਦੇਸ਼ੀ ਕਾਨੂੰਨ ਘਾੜਿਆਂ ਨੂੰ ਵੀ ਬਾਅਦ ਵਿੱਚ ਹੀ ਭਿਣਕ ਪੈਂਦੀ ਹੈ।' ਪਹਿਲਾਂ ਵਿਦੇਸ਼ ਤੋਂ ਆਏ ਪੱਕੇ ਮੁੰਡੇ ਜਾਂ ਕੁੜੀ ਨੂੰ ਲੱਖਾਂ ਰੁਪਏ ਦੇਣ ਅਤੇ ਵਿਆਹ ਉੱਤੇ ਪੱਲਿਓਂ ਖਰਚ ਕਰਕੇ ਬਾਕੀ ਟੱਬਰ ਜਹਾਜ਼ ਚੜ੍ਹਨ ਦਾ 'ਜੁਗਾੜ' ਕਰਦਾ ਸੀ ਪਰ ਵਿਦੇਸ਼ਾਂ ਵਿੱਚ ਇਮੀਗ੍ਰੇਸ਼ਨ ਨਿਯਮਾਂ ਦੇ ਬਦਲਣ ਨਾਲ ਪੰਜਾਬੀਆਂ ਨੇ ਵੀ 'ਨਿਯਮ' ਬਦਲ ਲਏ ਹਨ। ਹੁਣ ਆਈਲੈਟਸ ਵਿੱਚ ਲਏ ਚੰਗੇ ਬੈਂਡ ਵਿਦੇਸ਼ੀ ਧਰਤੀ ਉੱਤੇ ਉਤਰਨ ਦਾ ਸਾਧਨ ਬਣ ਗਏ ਹਨ। ਇਸ ਤਰ੍ਹਾਂ ਦੇ ਜੁਗਾੜ ਵਿਆਹ ਵਿਦੇਸ਼ਾਂ ਵਿੱਚ ਸਪਾਊਸ ਵੀਜ਼ੇ ਜਾਂ ਪਰਿਵਾਰਕ ਵੀਜ਼ੇ ਦੀ ਦੁਰਵਰਤੋਂ ਦੀ ਸਟੀਕ ਮਿਸਾਲ ਹੈ। ਇਹ ਜੁਗਾੜੂ ਵਿਆਹ ਵਿਚੋਲਿਆਂ ਰਾਹੀਂ ਨਹੀਂ ਸਗੋਂ ਪੰਜਾਬੀ ਅਖ਼ਬਾਰਾਂ ਵਿੱਚ ਵਿਆਹਾਂ ਸਬੰਧੀ ਇਸ਼ਤਿਹਾਰਾਂ ਰਾਹੀ ਵੀ ਹੁੰਦੇ ਹਨ। ਹੁਣ ਬੈਂਡਾਂ ਵਾਲੀ ਗ੍ਰੈਜੂਏਟ ਲੜਕੀ ਦੀ ਡਿਮਾਂਡ ਵਧ ਗਈ ਹੈ।

ਪਟਿਆਲਾ ਦੀ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਗਿਆਨ ਸਿੰਘ ਦਾ ਕਹਿਣਾ ਹੈ ਕਿ ਆਈਲੈਟਸ ਵਾਲੇ ਵਿਆਹ ਦਾ ਰੁਝਾਨ ਪੂਰੇ ਪੰਜਾਬ ਵਿੱਚ ਦੇਖਣ ਨੂੰ ਮਿਲ ਰਿਹਾ ਹੈ। ਉਹ ਆਖਦੇ ਹਨ, 'ਇਸ ਦਾ ਕਾਰਨ ਪੰਜਾਬ ਵਿੱਚ ਰੋਜ਼ਗਾਰ ਦੀ ਘਾਟ ਅਤੇ ਕੈਨੇਡਾ ਦੀ ਚਕਾਚੌਂਧ। ਕੁੜੀ ਜਦੋਂ ਕੈਨੇਡਾ ਪਹੁੰਚ ਜਾਂਦੀ ਹੈ ਤਾਂ ਮੁੰਡਾ ਅਤੇ ਕੁੜੀ ਦੇ ਵਿਚਾਰਾਂ ਵਿੱਚ ਫਰਕ ਆਉਣ ਕਾਰਨ ਮਾਮਲੇ ਉਲਝ ਜਾਂਦੇ ਹਨ। ਆਈਲੈਟਸ ਵਾਲੇ ਜ਼ਿਆਦਾ ਵਿਆਹ ਪੰਜਾਬ ਵਿੱਚ ਜਨਰਲ ਵਰਗ ਵਿੱਚ ਹੋ ਰਹੇ ਹਨ। ਮੁੰਡਿਆਂ ਦੀ ਘੱਟ ਪੜਾਈ ਅਤੇ ਆਈਲੈਟਸ ਵਿੱਚ ਬੈਂਡ (ਸਕੌਰ) ਨਾ ਆਉਣ ਕਾਰਨ ਅਕਸਰ ਉਹ ਕੁੜੀਆਂ ਦੇ ਨਾਲ ਵਿਆਹ ਦੇ ਸਹਾਰੇ ਕੈਨੇਡਾ ਜਾਣ ਬਾਰੇ ਸੋਚਦੇ ਹਨ।'

****

## ਕਿਤੇ ਗੁਆਚਦੇ ਜਾ ਰਹੇ ਨੇ

ਖੇਡਾਂ ਬੱਚਿਆਂ ਵਿੱਚ ਤਣਾਅ ਦਾ ਕਾਰਨ ਬਣ ਰਹੀਆਂ ਹਨ। ਇਹ ਗੰਭੀਰ ਸਮੱਸਿਆ ਸਮਾਜ ਵਿਗਿਆਨੀਆਂ ਦੇ ਸਾਹਮਣੇ ਦਸਤਕ ਦੇ ਰਹੀ ਹੈ। ਸਥਿਤੀ ਵਿਗੜਨ ਤੋਂ ਪਹਿਲਾਂ ਸਮੱਸਿਆ ਦੀ ਗੰਭੀਰਤਾ ਨੂੰ ਸਮਝਣ ਦੀ ਲੋੜ ਹੈ। ਦਾਦਾ-ਦਾਦੀ ਅਤੇ ਨਾਨਾ-ਨਾਨੀ ਪਿੱਛੇ ਰਹਿ ਗਏ ਹਨ, ਮਾਪੇ ਵੀ ਪਰਿਵਾਰ ਨਾਲ ਛੁੱਟੀਆਂ ਬਿਤਾਉਣ ਦੀ ਬਜਾਏ ਕਿਤੇ ਘੁੰਮਣ ਨੂੰ ਤਰਜੀਹ ਦੇਣ ਲੱਗ ਪਏ ਹਨ, ਜਿਸ ਕਾਰਨ ਪਰਿਵਾਰ ਅਤੇ ਪਰਿਵਾਰ ਤੋਂ ਮਿਲੇ ਸੰਸਕਾਰ ਖਤਮ ਹੁੰਦੇ ਜਾ ਰਹੇ ਹਨ। ਛੋਟੇ ਪਰਿਵਾਰਾਂ ਅਤੇ ਸਿਰਫ਼ ਇੱਕ ਬੱਚੇ ਕਾਰਨ ਬਹੁਤ ਸਾਰੇ ਪਰਿਵਾਰਕ ਰਿਸ਼ਤੇ ਇਤਿਹਾਸ ਦੀ ਗੱਲ ਬਣ ਜਾਣ ਤਾਂ ਇਹ ਕੋਈ ਅਸੰਭਵ ਗੱਲ ਨਹੀਂ ਹੋਵੇਗੀ। ਸਥਿਤੀ ਦਿਨੋ-ਦਿਨ ਵਿਗੜਦੀ ਜਾ ਰਹੀ ਹੈ ਅਤੇ ਇਸ ਦੇ ਸਿੱਟੇ ਦਿਨੋ-ਦਿਨ ਸਾਹਮਣੇ ਆ ਰਹੇ ਹਨ। ਬਹੁਤ ਜ਼ਿਆਦਾ ਤਣਾਅ ਕਾਰਨ ਬੱਚੇ ਖ਼ੁਦਕੁਸ਼ੀ ਵਰਗੇ ਕਦਮ ਚੁੱਕਦੇ ਦੇਖੇ ਜਾ ਰਹੇ ਹਨ। ਜਿੱਥੋਂ ਤੱਕ ਬਦਲੇ ਦੀ ਭਾਵਨਾ, ਹਰ ਗੱਲਬਾਤ 'ਤੇ ਗੁੱਸੇ ਹੋਣਾ, ਥੋੜਾ ਜਿਹਾ ਗੁੱਸਾ ਆਦਿ ਦੀ ਗੱਲ ਹੈ ਤਾਂ ਬਸ ਨਾ ਪੁੱਛੋ। ਬਹੁਤ ਜ਼ਿਆਦਾ ਲਾਲਸਾ ਵੀ ਤਣਾਅ ਦਾ ਕਾਰਨ ਬਣ ਰਹੀ ਹੈ। ਫਿਰ ਉਹ ਆਪਣੇ ਬੱਚਿਆਂ ਨੂੰ ਦੂਜੇ ਦੇ ਬੱਚਿਆਂ ਦੀ ਤਰੱਕੀ ਲਈ ਪ੍ਰੇਰਿਤ ਕਰਨ ਦੀ ਬਜਾਏ ਇਸ ਤਰ੍ਹਾਂ ਪ੍ਰਤੀਕਿਰਿਆ ਕਰਦਾ ਹੈ ਕਿ ਬੱਚੇ ਉਤਸ਼ਾਹਿਤ ਹੋਣ ਦੀ ਬਜਾਏ ਨਿਰਾਸ਼ ਹੋਣ ਲੱਗਦੇ ਹਨ। ਅਜਿਹੀ ਸਥਿਤੀ ਵਿੱਚ ਸਮਾਜ ਵਿਗਿਆਨੀਆਂ ਅਤੇ ਮਨੋਵਿਗਿਆਨੀਆਂ ਦੇ ਸਾਹਮਣੇ ਹੋਰ ਵੀ ਚੁਣੌਤੀਪੂਰਨ ਸਮਾਂ ਆ ਗਿਆ ਹੈ। ਇਸ ਦਾ ਹੱਲ ਸਮੇਂ ਸਿਰ ਲੱਭਣਾ ਹੋਵੇਗਾ, ਨਹੀਂ ਤਾਂ ਜਿਸ ਤਰ੍ਹਾਂ ਨਾਲ ਦੁਨੀਆ ਦੇ ਦੇਸ਼ਾਂ ਵਿੱਚ ਛੋਟੀ ਉਮਰ ਵਿੱਚ ਹੀ ਬੱਚੇ ਹਿੰਸਕ ਹੁੰਦੇ ਦੇਖੇ ਜਾ ਰਹੇ ਹਨ, ਉਸ ਨੂੰ ਘਟਾਉਣ ਦੀ ਬਜਾਏ ਸਥਿਤੀ ਗੰਭੀਰ ਰੂਪ ਵਿੱਚ ਵਿਗੜ ਜਾਵੇਗੀ। ਸਾਨੂੰ ਇਸ ਦਾ ਹੱਲ ਲੱਭਣਾ ਪਵੇਗਾ ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਮਾਫ਼ ਨਹੀਂ ਕਰਨਗੀਆਂ।

ਦਰਅਸਲ, ਇਹ ਸਮੱਸਿਆ ਹੋਰ ਵੀ ਗੰਭੀਰ ਹੋ ਜਾਂਦੀ ਹੈ ਕਿਉਂਕਿ ਇਸ ਦੇ ਪ੍ਰਭਾਵ ਕਿਸੇ ਛੂਤ ਦੀ ਬਿਮਾਰੀ ਵਾਂਗ ਦੇਖੇ ਜਾ ਰਹੇ ਹਨ। ਕਿਹਾ ਜਾਂਦਾ ਹੈ ਕਿ ਕੰਪਨੀ ਦਾ ਅਸਰ ਹੁੰਦਾ ਹੈ, ਇਸ ਲਈ ਇਸ ਦਾ ਸਿੱਧਾ ਅਸਰ ਉਨ੍ਹਾਂ ਦੇ ਨਾਲ ਰਹਿਣ ਵਾਲੇ ਬੱਚਿਆਂ 'ਤੇ ਪੈਂਦਾ ਹੈ। ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ ਬੱਚਿਆਂ ਦੇ ਬਾਲ ਮਨ ਕਿਤੇ ਗੁਆਚਦੇ ਜਾ ਰਹੇ ਹਨ। ਇਹ ਸਮਾਜ ਲਈ ਵੱਡੀ ਚੁਣੌਤੀ ਹੈ ਅਤੇ ਇਸ ਦਾ ਹੱਲ ਘਰ ਤੋਂ ਹੀ ਲੱਭਣਾ ਹੋਵੇਗਾ।

***

## ਹਸੀਨਾ ਦਾ ਪਤਨ ਅਤੇ ਬੰਗਲਾਦੇਸ਼ ਦਾ ਭਵਿੱਖ

ਸਰਕਾਰ ਜਿਵੇਂ ਆਪਣੇ ਸਿਆਸੀ ਵਿਰੋਧੀਆਂ ਨੂੰ ਨੱਪਣ ਲਈ ਲੱਕ ਬੰਨ੍ਹ ਕੇ ਜੁਟੀ ਹੋਈ ਸੀ, ਉਸ ਤੋਂ ਵੀ ਆਮ ਲੋਕ ਦੁਖੀ ਸਨ। ਬੰਗਲਾਦੇਸ਼ੀ ਅਰਥਚਾਰੇ ਨੂੰ ਕੁਝ ਸਮੇਂ ਤੋਂ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਖ਼ਾਸਕਰ ਵਿਦੇਸ਼ੀ ਕਰੰਸੀ ਦਾ ਸੰਕਟ ਹੈ। ਜਦੋਂ ਅਰਥਚਾਰੇ ਦੀ ਕਾਰਗੁਜ਼ਾਰੀ ਚੰਗੀ ਹੁੰਦੀ ਹੈ ਤਾਂ ਨਾਗਰਿਕ ਉਨ੍ਹਾਂ ਨੂੰ ਮਿਲੀ ਰਹੀ ਜਮਹੂਰੀ ਥਾਂ ਵੱਲ ਬਹੁਤਾ ਧਿਆਨ ਨਹੀਂ ਦਿੰਦੇ ਪਰ ਜਦੋਂ ਅਰਥਚਾਰੇ ਦੀ ਹਾਲਤ ਵਿਗੜਨ ਲਗਦੀ ਹੈ ਤਾਂ ਨੌਕਰੀਆਂ, ਰੁਜ਼ਗਾਰ ਅਤੇ ਸਿਆਸੀ ਆਜ਼ਾਦੀ ਜਿਹੇ ਸਰੋਕਾਰ ਬਹੁਤ ਅਹਿਮ ਬਣ ਜਾਂਦੇ ਹਨ। ਸਰਕਾਰ ਨੇ ਵਿਦਿਆਰਥੀ ਅੰਦੋਲਨ ਨਾਲ ਗ਼ਲਤ ਢੰਗ ਨਾਲ ਨਜਿੱਠ ਕੇ ਅਤੇ ਪ੍ਰਦਰਸ਼ਨਕਾਰੀਆਂ ਨੂੰ ਆਪਣੇ ਸਿਆਸੀ ਵਿਰੋਧੀ ਕਰਾਰ ਦੇ ਕੇ ਸੰਕਟ ਹੋਰ ਮਘਾ ਦਿੱਤਾ। ਫ਼ੌਜ ਦੇ ਮੁਖੀ ਨੇ ਅੰਤਰਿਮ ਸਰਕਾਰ ਕਾਇਮ ਕਰਨ ਦਾ ਐਲਾਨ ਕਰ ਦਿੱਤਾ।

ਬੰਗਲਾਦੇਸ਼ ਦੀ ਫ਼ੌਜ ਸੱਤਾ ਦੀ ਕਮਾਨ ਬਹੁਤੀ ਦੇਰ ਆਪਣੇ ਹੱਥਾਂ ਵਿੱਚ ਸੰਭਾਲ ਕੇ ਨਹੀਂ ਰੱਖ ਸਕਦੀ ਕਿਉਂਕਿ ਇਹ ਸੰਯੁਕਤ ਰਾਸ਼ਟਰ ਸ਼ਾਂਤੀ ਮਿਸ਼ਨਾਂ ਦੀ ਵੱਡੀ ਲਾਭਪਾਤਰ ਹੈ ਅਤੇ ਸੰਯੁਕਤ ਰਾਸ਼ਟਰ ਅਜਿਹੀ ਵਿਵਸਥਾ ਨੂੰ ਬਹੁਤਾ ਪਸੰਦ ਨਹੀਂ ਕਰਦਾ। ਜਿਵੇਂ 2007 ਵਿੱਚ ਕਾਇਮ ਮੁਕਾਮ ਸਰਕਾਰ ਦੇ ਕਾਰਜਕਾਲ ਵੇਲੇ ਦੇਖਿਆ ਗਿਆ ਸੀ, ਫ਼ੌਜ ਪਿਛਲੀ ਸੀਟ 'ਤੇ ਬੈਠ ਕੇ ਸੱਤਾ ਚਲਾਉਣਾ ਪਸੰਦ ਕਰਦੀ ਹੈ। ਬਹਰਹਾਲ, ਜਿੱਥੋਂ ਤੱਕ ਭਾਰਤ ਦਾ ਤਾਅਲੁਕ ਹੈ, ਦੁਵੱਲੇ ਰਿਸ਼ਤੇ ਨਵੀਂ ਸਰਕਾਰ ਬਣਨ 'ਤੇ ਹੀ ਨਿਰਭਰ ਕਰਨਗੇ ਅਤੇ ਰੋਸ ਪ੍ਰਦਰਸ਼ਨ ਤੇ ਅਰਾਜਕਤਾ ਬੰਦ ਹੋਣ 'ਤੇ ਹੀ ਨਵੀਂ ਸਰਕਾਰ ਬਣਨ ਦਾ ਰਾਹ ਸਾਫ਼ ਹੋਵੇਗਾ।

*ਲੇਖਕ ਮਨੋਹਰ ਪਰੀਕਰ ਇੰਸਟੀਚਿਊਟ ਫਾਰ ਡਿਫੈਂਸ ਸਟੱਡੀਜ਼ ਐਂਡ ਅਨੈਲਸਿਸ ਦੇ ਐਸੋਸੀਏਟ ਫੈਲੋ ਹਨ।

***

## ਭਾਰਤ 'ਚ ਮਨੁੱਖੀ ਅਜ਼ਾਦੀ ਤੇ ਲੋਕ ਅਧਿਕਾਰ

ਇਨ੍ਹਾਂ ਕੋਡਾਂ ਨਾਲ ਟਰੇਡ ਯੂਨੀਅਨ ਲਹਿਰ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਆਮ ਲੋਕ ਮਹਿੰਗਾਈ, ਗ਼ਰੀਬੀ ਅਤੇ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਹਨ। ਬੇਰੁਜ਼ਗਾਰੀ ਦੀ ਸਭ ਤੋਂ ਵੱਧ ਮਾਰ ਨੌਜਵਾਨਾਂ ਨੂੰ ਪੈ ਰਹੀ ਹੈ। ਆਮ ਬੇਰੁਜ਼ਗਾਰੀ ਦੀ ਦਰ ਨੇ ਪਿਛਲੇ 45 ਸਾਲਾਂ ਦਾ ਰਿਕਾਰਡ ਤੋੜ ਕੇ 6.5 ਫ਼ੀਸਦੀ ਦਾ ਅੰਕੜਾ ਹਾਸਲ ਕਰ ਲਿਆ ਹੈ। ਦੇਸ਼ ਵਿੱਚ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਦਰ 22 ਫ਼ੀਸਦੀ ਤੋਂ ਵੱਧ ਹੈ। ਪੰਜਾਬ ਵਰਗੇ ਸੂਬੇ ਵਿੱਚ ਇਹ ਦਰ 29 ਫ਼ੀਸਦੀ ਰਿਕਾਰਡ ਕੀਤੀ ਗਈ ਹੈ। ਇਸ ਵਧ ਰਹੀ ਆਰਥਿਕ ਨਾਬਰਾਬਰੀ, ਗਰੀਬੀ ਅਤੇ ਬੇਰੁਜ਼ਗਾਰੀ ਨੇ ਆਮ ਵਿਅਕਤੀ ਵਾਸਤੇ ਚੋਣਾਂ ਲੜਨਾ ਅਸੰਭਵ ਕਰ ਦਿੱਤਾ ਹੈ। ਚੋਣਾਂ ਵਿੱਚ ਕਰੋੜਾਂ ਰੁਪਏ ਖਰਚ ਕਰਨ ਦੀ ਸਮਰੱਥਾ ਸਿਰਫ਼ ਉਪਰਲੇ 10 ਫ਼ੀਸਦੀ ਵਿਅਕਤੀਆਂ ਕੋਲ ਹੀ ਰਹਿ ਗਈ ਹੈ ਆਮ ਵਿਅਕਤੀ ਇਸ ਦੌੜ ਤੋਂ ਬਾਹਰ ਹੋ ਗਏ ਹਨ। ਇਸ ਕਰਕੇ ਰਾਜਨੀਤਕ, ਸਮਾਜਿਕ ਅਤੇ ਆਰਥਿਕ ਵਰਤਾਰਾ ਆਮ ਨਾਗਰਿਕਾਂ ਦੇ ਖ਼ਿਲਾਫ਼ ਭੁਗਤ ਰਿਹਾ ਹੈ। ਟੈਕਸ ਨਾਲ ਸਬੰਧਿਤ ਨੀਤੀਆਂ ਵਿੱਚ ਆਮ ਲੋਕਾਂ ਅਤੇ ਮੱਧ ਵਰਗ ਤੋਂ ਟੈਕਸ ਉਗਰਾਹੇ ਜਾਂਦੇ ਹਨ ਅਤੇ ਇਨ੍ਹਾਂ ਨੂੰ ਸਰਕਾਰੀ ਖਰਚੇ ਦੇ ਰੂਪ ਵਿੱਚ ਅਮੀਰਾਂ ਦੇ ਮੁਫਾਦਾਂ ਵਾਸਤੇ ਵਰਤਿਆ ਜਾਂਦਾ ਹੈ।

ਅਮੀਰ ਕਾਰੋਬਾਰੀਆਂ ਦੇ ਕਰਜ਼ੇ ਮਾਫ਼ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਟੈਕਸ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ। ਲੋਕਾਂ ਵਿੱਚ ਵਧ ਰਹੀ ਬੇਚੈਨੀ ਨੂੰ ਕਾਬੂ ਪਾਉਣ ਲਈ ਲੋਕਾਂ ਦੇ ਜਮਹੂਰੀ ਹੱਕ ਅਤੇ ਸ਼ਹਿਰੀ ਆਜ਼ਾਦੀਆਂ ਨੂੰ ਖੋਹਿਆ ਜਾ ਰਿਹਾ ਹੈ। ਲੋਕਾਂ ਵਿੱਚ ਧਰਮ, ਜਾਤ, ਲਿੰਗ ਅਤੇ ਇਲਾਕੇ ਦੇ ਆਧਾਰ 'ਤੇ ਵੰਡੀਆਂ ਪਾਈਆਂ ਜਾ ਰਹੀਆਂ ਹਨ। ਇਹ ਵਰਤਾਰਾ 1991 ਦੀਆਂ ਆਰਥਿਕ ਨੀਤੀਆਂ ਤੋਂ ਸ਼ੁਰੂ ਹੋਇਆ ਅਤੇ 2014 ਤੋਂ ਬਹੁਤ ਤੇਜ਼ੀ ਨਾਲ ਸਰਕਾਰ ਵਲੋਂ ਅੱਗੇ ਤੋਰਿਆ ਗਿਆ ਹੈ। ਅਗਸਤ 2014 ਵਿੱਚ ਕੇਂਦਰ ਸਰਕਾਰ ਵਲੋਂ ਯੋਜਨਾ ਕਮਿਸ਼ਨ ਨੂੰ ਖਤਮ ਕਰਕੇ ਦੇਸ਼ ਵਿੱਚ ਯੋਜਨਾਬੱਧ ਤਰੀਕੇ ਨਾਲ ਵਿਕਾਸ ਦਾ ਭੋਗ ਪਾ ਦਿੱਤਾ ਗਿਆ ਸੀ ਅਤੇ ਵੱਡੇ ਪੱਧਰ 'ਤੇ ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਦਾ ਧੰਦਾ ਜ਼ੋਰਾਂ-ਸ਼ੋਰਾਂ ਨਾਲ ਚਲਾਇਆ ਗਿਆ ਹੈ।

ਸਮੇਂ ਦੀ ਜ਼ਰੂਰਤ ਹੈ ਕਿ ਇਸ ਸਾਰੇ ਵਰਤਾਰੇ ਨੂੰ ਸਮਝਿਆ ਜਾਵੇ ਅਤੇ ਦੇਸ਼ ਦੇ ਰਾਜਨੀਤਕ, ਸਮਾਜਿਕ ਅਤੇ ਆਰਥਿਕ ਸਿਸਟਮ ਨੂੰ ਆਮ ਲੋਕਾਂ ਦੇ ਹੱਕ ਵਿੱਚ ਮੋੜਾ ਦੇਣ ਦੇ ਉਪਰਾਲੇ ਕੀਤੇ ਜਾਣ। ਸਿਆਸੀ ਪਾਰਟੀਆਂ ਦੇ ਬਹੁਤੇ ਲੀਡਰਾਂ ਨੇ ਸਿਆਸਤ ਨੂੰ ਵਪਾਰ ਬਣਾ ਰੱਖਿਆ ਹੈ ਅਤੇ ਉਹ ਪਾਰਟੀਆਂ ਬਦਲ ਬਦਲ ਕੇ ਚੋਣਾਂ ਜਿੱਤ ਰਹੇ ਹਨ। ਇਸ ਕਰਕੇ ਜ਼ਰੂਰੀ ਹੈ ਕਿ ਦੇਸ਼ ਵਿੱਚ ਨਵੀਂ ਚੇਤਨਤਾ ਅਤੇ ਵਚਨਬੱਧਤਾ ਨਾਲ ਲੋਕ ਲਹਿਰ ਉਸਾਰੀ ਜਾਵੇ। 2020-21 ਦੇ ਕਿਸਾਨ ਅੰਦੋਲਨ ਤੋਂ ਸਬਕ ਸਿੱਖਦੇ ਹੋਏ ਐਸੀ ਲਹਿਰ ਪੈਦਾ ਕਰਨਾ ਸੰਭਵ ਹੈ। ਇਹ ਕਾਰਜ ਔਖਾ ਹੈ ਪਰ ਇਸ ਲਈ ਦੇਸ਼ ਵਿਚ ਅਧਾਰ ਜ਼ਰੂਰ ਬਣਦਾ ਜਾ ਰਿਹਾ ਹੈ। ਸਮਾਜਿਕ ਅਤੇ ਆਰਥਿਕ ਸਿਸਟਮ ਨੂੰ ਲੋਕ ਪੱਖੀ ਮੋੜਾ ਸਿਰਫ ਲੋਕਾਂ ਦੇ ਉਸਾਰੂ ਉਭਾਰ ਨਾਲ ਹੀ ਮਿਲ ਸਕਦਾ ਹੈ।

****

## 'ਆਪ' ਸਰਕਾਰ ਕਾਰਨ ਪੰਜਾਬ ਨੂੰ ਵੱਡੇ ਆਰਥਿਕ,

ਜਿਨ੍ਹਾਂ ਪਰਿਵਾਰਾਂ ਦੀ ਆਰਥਿਕ ਸਥਿਤੀ ਕੁਝ ਬਿਹਤਰ ਹੈ, ਉਹ ਆਪਣੇ ਬੱਚਿਆਂ ਨੂੰ ਨਿੱਜੀ ਸਕੂਲਾਂ ਵਿੱਚ ਹੀ ਦਾਖਲ ਕਰਵਾਉਣਾ ਬਿਹਤਰ ਸਮਝਦੇ ਹਨ। ਜਦੋਂਕਿ ਸਰਕਾਰ ਜ਼ੋਰ-ਸ਼ੋਰ ਨਾਲ ਸਕੂਲ ਆਫ਼ ਐਮੀਨੈਂਸ ਸਕੀਮ ਅਧੀਨ ਖੋਲ੍ਹੇ ਗਏ 118 ਸਕੂਲਾਂ ਸੰਬੰਧੀ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰਦੀ ਹੋਈ ਰਾਜ ਵਿੱਚ ਸਿੱਖਿਆ ਕ੍ਰਾਂਤੀ ਆ ਜਾਣ ਦਾ ਦਾਅਵਾ ਕਰ ਰਹੀ ਹੈ। ਇਨ੍ਹਾਂ ਸਕੂਲਾਂ ਦੀ ਹਕੀਕਤ ਵੀ ਇਹ ਹੈ ਕਿ ਇਨ੍ਹਾਂ ਵਿੱਚ ਨਵੇਂ ਅਧਿਆਪਕ ਘੱਟ ਹੀ ਭਰਤੀ ਕੀਤੇ ਗਏ ਹਨ, ਸਗੋਂ ਇਧਰੋਂ-ਉਧਰੋਂ ਹੋਰ ਸਕੂਲਾਂ ਤੋਂ ਲਿਆ ਕੇ ਇਨ੍ਹਾਂ ਵਿੱਚ ਨਿਯੁਕਤੀਆਂ ਕੀਤੀਆਂ ਗਈਆਂ ਹਨ। ਇਸ ਦੇ ਬਾਵਜੂਦ ਇਨ੍ਹਾਂ ਵਿੱਚ ਅਧਿਆਪਕਾਂ ਅਤੇ ਹੋਰ ਅਮਲੇ ਦੀ ਘਾਟ ਪਾਈ ਜਾ ਰਹੀ ਹੈ।

ਇਸੇ ਤਰ੍ਹਾਂ ਸਰਕਾਰ ਸਿਹਤ ਕ੍ਰਾਂਤੀ ਦੇ ਨਾਂਅ 'ਤੇ ਆਪਣੇ ਕੁਝ ਸੈਂਕੜੇ ਖੋਲ੍ਹੇ ਗਏ ਮੁਹੱਲਾ ਕਲੀਨਿਕਾਂ ਸੰਬੰਧੀ ਦਿਨ-ਰਾਤ ਪ੍ਰਚਾਰ ਕਰ ਰਹੀ ਹੈ। ਇਨ੍ਹਾਂ ਵਿੱਚ ਪ੍ਰਤੀ ਮਰੀਜ਼ ਕਮਿਸ਼ਨ ਦੇ ਹਿਸਾਬ ਨਾਲ ਡਾਕਟਰ ਅਤੇ ਹੋਰ ਅਮਲਾ ਰੱਖਿਆ ਗਿਆ ਹੈ ਅਤੇ ਇਨ੍ਹਾਂ ਵਿੱਚ ਮਰੀਜ਼ਾਂ ਦੇ ਵੱਖ-ਵੱਖ ਬਿਮਾਰੀਆਂ ਦੇ ਟੈਸਟ ਕਰਨ ਦਾ ਕੰਮ ਨਿੱਜੀ ਲੈਬਾਰਟਰੀਆਂ ਨੂੰ ਦਿੱਤਾ ਗਿਆ ਹੈ। ਰਾਜ ਵਿੱਚ ਡਾਕਟਰਾਂ, ਨਰਸਾਂ ਅਤੇ ਫਾਰਮਾਸਿਸਟਾਂ ਦੀ ਪੱਕੀ ਭਰਤੀ ਕਰਨ ਦੀ ਥਾਂ 'ਤੇ ਇਕ ਤਰ੍ਹਾਂ ਨਾਲ ਸਿਹਤ ਸੇਵਾਵਾਂ ਦਾ ਸਰਕਾਰ ਨੇ ਨਿੱਜੀਕਰਨ ਹੀ ਕਰ ਦਿੱਤਾ ਹੈ। ਰਾਜ ਦੇ ਜ਼ਿਲ੍ਹਾ, ਤਹਿਸੀਲ ਤੇ ਬਲਾਕ ਪੱਧਰ ਦੇ ਹਸਪਤਾਲਾਂ ਅਤੇ ਹੋਰ ਦਿਹਾਤੀ ਖੇਤਰਾਂ ਦੇ ਮੁਢਲੇ ਸਿਹਤ ਕੇਂਦਰਾਂ ਦੀ ਹਾਲਤ ਬੇਹੱਦ ਖ਼ਸਤਾ ਹੈ। ਲੁਧਿਆਣਾ ਸ਼ਹਿਰ ਦੇ ਵੱਡੇ ਸਿਵਲ ਹਸਪਤਾਲ ਵਿੱਚ ਵੀ ਅਨੇਕਾਂ ਘਾਟਾਂ ਪਾਈਆਂ ਜਾ ਰਹੀਆਂ ਹਨ। ਲੁਧਿਆਣਾ ਦੇ ਹਸਪਤਾਲ ਵਿੱਚ ਤਾਂ ਵੱਡੀ ਪੱਧਰ 'ਤੇ ਚੂਹੇ ਹੋਣ ਦੀਆਂ ਅਨੇਕਾਂ ਵੀਡੀਓਜ਼ ਵਾਇਰਲ ਹੋਈਆਂ ਹਨ। ਫ਼ਰੀਦਕੋਟ ਵਿੱਚ ਬਾਬਾ ਫ਼ਰੀਦ ਮੈਡੀਕਲ ਯੂਨੀਵਰਸਿਟੀ ਨਾਲ ਸੰਬੰਧਿਤ ਹਸਪਤਾਲ ਵਿੱਚ ਕੈਂਸਰ ਦਾ ਇਲਾਜ ਕਰਵਾ ਰਹੇ ਮਰੀਜ਼ਾਂ ਨੂੰ ਏ.ਸੀ. ਦੀ ਸਹੂਲਤ ਪ੍ਰਾਪਤ ਕਰਨ ਲਈ ਵੀ ਜੱਦੋ-ਜਹਿਦ ਕਰਨੀ ਪਈ ਹੈ। ਵੱਡੇ ਸਰਕਾਰੀ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਪੀਣ ਵਾਲੇ ਸਾਫ਼ ਪਾਣੀ, ਸਾਫ਼-ਸੁਥਰੇ ਬੈੱਡਾਂ ਅਤੇ ਲੋੜੀਂਦੀਆਂ ਦਵਾਈਆਂ ਪ੍ਰਾਪਤ ਕਰਨ ਵਿਚ ਮੁਸ਼ਕਿਲਾਂ ਆ ਰਹੀਆਂ ਹਨ ਅਤੇ ਬਹੁਤੀ ਵਾਰ ਮਰੀਜ਼ਾਂ ਨੂੰ ਬਾਹਰ ਤੋਂ ਦਵਾਈਆਂ ਲਿਆਉਣ ਲਈ ਮਜਬੂਰ ਹੋਣਾ ਪੈਂਦਾ ਹੈ

ਰਾਜ ਦੀ ਸੱਤਾ ਸੰਭਾਲਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਵੱਡੀ ਪੱਧਰ 'ਤੇ ਨਸ਼ਿਆਂ 'ਤੇ ਕਾਬੂ ਪਾਉਣ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ ਸੀ। ਹੁਣ ਤੱਕ ਭਾਵੇਂ ਸਰਕਾਰ ਨੇ ਆਪਣਾ ਲਗਭਗ ਢਾਈ ਸਾਲ ਦਾ ਕਾਰਜਕਾਲ ਪੂਰਾ ਕਰ ਲਿਆ ਹੈ ਪਰ ਨਸ਼ਿਆਂ ਦੇ ਰੁਝਾਨ 'ਤੇ ਇਸ ਵਲੋਂ ਕਾਬੂ ਨਹੀਂ ਪਾਇਆ ਜਾ ਸਕਿਆ। ਹਰ ਰੋਜ਼ ਨੌਜਵਾਨਾਂ ਦੇ ਵਧੇਰੇ ਨਸ਼ਾ ਲੈਣ ਕਾਰਨ ਮਰਨ ਦੀਆਂ ਖ਼ਬਰਾਂ ਆ ਰਹੀਆਂ ਹਨ। ਖੇਤੀ ਸੰਕਟ ਪਹਿਲਾਂ ਨਾਲੋਂ ਵੀ ਗੰਭੀਰ ਹੋਇਆ ਨਜ਼ਰ ਆ ਰਿਹਾ ਹੈ। ਸਵਾਨੀਨਾਥਨ ਕਮਿਸ਼ਨ ਦੀ ਰਿਪੋਰਟ ਮੁਤਾਬਿਕ ਸੀ2+50 ਫ਼ੀਸਦੀ ਮੁਨਾਫ਼ੇ ਦੇ ਅਧਾਰ 'ਤੇ ਫ਼ਸਲਾਂ ਦੇ ਸਮਰਥਨ ਮੁੱਲ ਦੇਣ ਤੋਂ ਕੇਂਦਰ ਸਰਕਾਰ ਲਗਾਤਾਰ ਇਨਕਾਰੀ ਹੋਈ ਬੈਠੀ ਹੈ। ਕਿਸਾਨ ਕੇਂਦਰ ਸਰਕਾਰ ਵਿਰੁੱਧ ਸੰਘਰਸ਼ ਕਰਨ ਲਈ ਮਜਬੂਰ ਹਨ। ਇਸ ਦੇ ਨਾਲ-ਨਾਲ ਕੁਦਰਤੀ ਅਤੇ ਗ਼ੈਰ-ਕੁਦਰਤੀ ਆਫ਼ਤਾਂ ਕਾਰਨ ਕਿਸਾਨਾਂ ਦੀਆਂ ਫ਼ਸਲਾਂ ਦਾ ਹੋ ਰਿਹਾ ਨੁਕਸਾਨ ਵੀ ਕਿਸਾਨਾਂ ਦਾ ਲੱਕ ਤੋੜ ਰਿਹਾ ਹੈ। ਇਸੇ ਕਾਰਨ ਕਰਜ਼ੇ ਵਿੱਚ ਡੁੱਬੇ ਕਿਸਾਨਾਂ ਵਲੋਂ ਵੀ ਖ਼ੁਦਕੁਸ਼ੀਆਂ ਕਰਨ ਦੀਆਂ ਖ਼ਬਰਾਂ ਨਿਰੰਤਰ ਆ ਰਹੀਆਂ ਹਨ। ਰਾਜ ਵਿੱਚ ਖੇਤੀ ਆਧਾਰਿਤ ਸਨਅਤਾਂ ਅਤੇ ਹੋਰ ਸਨਅਤਾਂ ਲਵਾਉਣ ਦੇ ਮਾਮਲੇ ਵਿੱਚ ਸਰਕਾਰ ਨੂੰ ਕੋਈ ਬਹੁਤੀ ਸਫਲਤਾ ਨਹੀਂ ਮਿਲੀ। ਇਸੇ ਕਾਰਨ ਰਾਜ ਵਿੱਚ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਹੋ ਰਹੇ, ਉਹ ਆਪਣਾ ਇਥੇ ਕੋਈ ਭਵਿੱਖ ਨਾ ਹੋਣ ਕਾਰਨ ਸਿੱਖਿਆ ਹਾਸਿਲ ਕਰਨ ਦੇ ਬਹਾਨੇ ਵਿਦੇਸ਼ਾਂ ਨੂੰ ਹਿਜਰਤ ਕਰੀ ਜਾ ਰਹੇ ਹਨ। ਝੋਨੇ ਦੀ ਖੇਤੀ ਅਤੇ ਕਈ ਹੋਰ ਕਾਰਨਾਂ ਕਰਕੇ ਧਰਤੀ ਹੇਠਲੇ ਪਾਣੀ ਦਾ ਵੀ ਸੰਕਟ ਪੈਦਾ ਹੋ ਗਿਆ ਹੈ। ਜੇਕਰ ਰਾਜ ਸਰਕਾਰ ਕੇਂਦਰ ਤੋਂ ਪੰਜਾਬ ਲਈ ਬਦਲਵੀਆਂ ਫ਼ਸਲਾਂ 'ਤੇ ਆਧਾਰਿਤ ਨਵੀਂ ਖੇਤੀ ਨੀਤੀ ਹਾਸਲ ਕਰਨ ਤੇ ਇਸ ਨੂੰ ਲਾਗੂ ਕਰਨ ਲਈ ਵਿਸ਼ੇਸ਼ ਪੈਕੇਜ ਹਾਸਲ ਨਾ ਕਰ ਸਕੀ ਤਾਂ ਖੇਤੀ ਦਾ ਸੰਕਟ ਬਰਕਰਾਰ ਰਹੇਗਾ ਤੇ ਲੋਕਾਂ ਨੂੰ ਪੀਣ ਲਈ ਵੀ ਪਾਣੀ ਨਹੀਂ ਮਿਲੇਗਾ।

ਨੌਜਵਾਨਾਂ ਵਿਚ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਹੋਣ ਕਾਰਨ ਉਨ੍ਹਾਂ ਦਾ ਇਕ ਵੱਡਾ ਹਿੱਸਾ ਜੁਰਮਾਂ ਦੀ ਦੁਨੀਆ ਵਿੱਚ ਪ੍ਰਵੇਸ਼ ਕਰ ਗਿਆ ਹੈ। ਨਸ਼ੇ ਖਾਣ, ਨਸ਼ੇ ਵੇਚਣ, ਨਸ਼ਿਆਂ ਦੀ ਪੂਰਤੀ ਲਈ ਲੁੱਟ-ਮਾਰ ਅਤੇ ਚੋਰੀਆਂ-ਚਕਾਰੀਆਂ ਕਰਨ ਵਿੱਚ ਨੌਜਵਾਨਾਂ ਦਾ ਇਕ ਵਰਗ ਲੱਗਾ ਹੋਇਆ ਹੈ। ਰਾਜ ਵਿੱਚ ਗੈਂਗਸਟਰਵਾਦ ਅਤੇ ਫਿਰੌਤੀਆਂ ਵਸੂਲਣ ਦੇ ਵਧ-ਫੁਲ ਰਹੇ ਧੰਦੇ ਦੀਆਂ ਜੜ੍ਹਾਂ ਵੀ ਨੌਜਵਾਨਾਂ ਦੀ ਬੇਰੁਜ਼ਗਾਰੀ ਵਿਚ ਹਨ। ਇਸ ਕਾਰਨ ਅਮਨ-ਕਾਨੂੰਨ ਦੀ ਸਥਿਤੀ ਏਨੀ ਖ਼ਰਾਬ ਹੋ ਚੁੱਕੀ ਹੈ ਕਿ ਲੋਕ ਘਰਾਂ ਵਿੱਚ ਵੀ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ। ਮੁੱਖ ਮੰਤਰੀ ਦਾ ਇਸ ਸੰਬੰਧੀ ਕੋਈ ਬਿਆਨ ਵੀ ਘੱਟ ਹੀ ਆਉਂਦਾ ਹੈ।

ਆਪ ਸਰਕਾਰ ਭ੍ਰਿਸ਼ਟਾਚਾਰ ਨੂੰ ਕਾਬੂ ਕਰਨ ਵਿੱਚ ਵੀ ਬੁਰੀ ਤਰ੍ਹਾਂ ਨਾਕਾਮ ਹੋ ਗਈ ਹੈ। ਬਹੁਤੇ ਸਰਕਾਰੀ ਵਿਭਾਗਾਂ ਵਿੱਚ ਵੱਡੀ ਪੱਧਰ 'ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ। ਅੱਜਕਲ੍ਹ ਆਂਗਨਵਾੜੀਆਂ ਵਿੱਚ ਬੱਚੇ ਘਟੀਆ ਉੱਲੀ ਲੱਗਾ ਦਲੀਆ ਤੇ ਰਿਫਾਈਂਡ ਦੀ ਬਣੀ ਘਟੀਆ ਪਜ਼ੀਰੀ ਖਾਣ ਲਈ ਮਜਬੂਰ ਹਨ। ਪਹਿਲਾਂ ਪਜੀਰੀ ਦੇਸੀ ਘਿਓ ਦੀ ਰਾਜ ਦੇ ਮਿਲਕਫੈੱਡ ਦੇ ਪਲਾਂਟਾਂ ਵਿੱਚ ਬਣਦੀ ਸੀ ਪਰ ਹੁਣ ਸਰਕਾਰ ਨੇ 240 ਕਰੋੜ ਦਾ ਇਹ ਠੇਕਾ ਮਾਰਕਫੈੱਡ ਰਾਹੀਂ ਚੰਡੀਗੜ੍ਹ ਦੀ ਇਕ ਨਿੱਜੀ ਕੰਪਨੀ ਨੂੰ ਦੇ ਦਿੱਤਾ ਹੈ, ਜੋ ਘਟੀਆ ਪਜੀਰੀ ਸਪਲਾਈ ਕਰ ਰਹੀ ਹੈ। ਇਸ 'ਤੇ ਰਾਜ ਦੇ ਸੰਬੰਧਿਤ ਅਧਿਕਾਰੀ ਖਾਮੋਸ਼ ਹਨ। ਸੋਸ਼ਲ ਮੀਡੀਆ 'ਤੇ ਲਗਾਤਾਰ ਵੀਡੀਓਜ਼ ਵਾਇਰਲ ਹੋ ਰਹੀਆਂ ਹਨ।

ਰਾਜ ਸਰਕਾਰ ਦੇ ਅਧਿਕਾਰੀਆਂ ਦੀ ਨਾਕਸ ਕਾਰਗੁਜ਼ਾਰੀ ਕਾਰਨ ਸੜਕਾਂ ਦੇ ਬਹੁਤ ਸਾਰੇ ਕੇਂਦਰੀ ਪ੍ਰਾਜੈਕਟਾਂ ਦਾ ਕੰਮ ਰਾਜ ਵਿੱਚ ਠੱਪ ਹੋ ਗਿਆ ਹੈ। ਜਿਨ੍ਹਾਂ ਪ੍ਰਾਜੈਕਟਾਂ ਦਾ ਕੰਮ ਹੋ ਰਿਹਾ ਹੈ, ਉਥੇ ਠੇਕੇਦਾਰਾਂ ਨੂੰ ਧਮਕੀਆਂ ਮਿਲ ਰਹੀਆਂ ਹਨ। ਜਿਸ ਤਰ੍ਹਾਂ ਕਿ ਅਸੀਂ ਆਰੰਭ ਵਿੱਚ ਲਿਖਿਆ ਹੈ ਕਿ ਰਾਜ ਦੀਆਂ ਉਪਰੋਕਤ ਹਕੀਕਤਾਂ ਮੁੱਖ ਮੰਤਰੀ, ਉਨ੍ਹਾਂ ਦੇ ਮੰਤਰੀ ਮੰਡਲ ਅਤੇ ਪ੍ਰਸ਼ਾਸਨਿਕ ਅਮਲੇ ਦੇ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ। ਜੇਕਰ ਉਹ ਰਾਜ ਦੇ ਵੱਖ-ਵੱਖ ਮਸਲਿਆਂ ਨੂੰ ਹੱਲ ਵੱਲ ਧਿਆਨ ਨਹੀਂ ਦਿੰਦੇ ਤਾਂ ਇਥੇ ਲੋਕਾਂ ਵਿਚ ਵਧ ਰਹੀ ਬੇਚੈਨੀ ਗੰਭੀਰ ਰੂਪ ਧਾਰਨ ਕਰ ਸਕਦੀ ਹੈ। ਇਸ ਲਈ ਮੁੱਖ ਮੰਤਰੀ ਨੂੰ ਹਰਿਆਣਾ ਦੀਆਂ ਚੋਣਾਂ ਲੜਨ ਦਾ ਫ਼ਿਕਰ ਅਤੇ ਬੰਗਲਾਦੇਸ਼ ਦੇ ਘਟਨਾਕ੍ਰਮ ਦਾ ਜ਼ਿਕਰ ਛੱਡ ਕੇ ਆਪਣੇ ਰਾਜ ਦੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ। ਇਸ ਸਮੇਂ ਦੀ ਸਥਿਤੀ ਇਹ ਹੈ ਕਿ ਮੰਤਰੀ ਮੰਡਲ ਦੀਆਂ ਮੀਟਿੰਗਾਂ ਵੀ ਬਕਾਇਦਾ ਨਹੀਂ ਹੋ ਰਹੀਆਂ। ਲੋਕਾਂ ਵਿਚ ਵਧ ਰਹੀ ਬੇਚੈਨੀ ਅਤੇ ਨਿਰਾਸ਼ਾ ਰਾਜ ਵਿੱਚ ਅਣਸੁਖਾਵੇਂ ਹਾਲਾਤ ਪੈਦਾ ਕਰ ਸਕਦੀ ਹੈ। ਪੰਜਾਬ ਦੀਆਂ ਉਪਰੋਕਤ ਚਿੰਤਾਜਨਕ ਸਥਿਤੀਆਂ ਇਹ ਮੰਗ ਕਰਦੀਆਂ ਹਨ ਕਿ ਰਾਜ ਦੀਆਂ ਸਾਰੀਆਂ ਸਿਆਸੀ ਪਾਰਟੀਆਂ, ਬੁੱਧੀਜੀਵੀ, ਲੇਖਕ ਤੇ ਪੱਤਰਕਾਰ ਜਿਹੜੇ ਪੰਜਾਬ ਨੂੰ ਮੁੜ ਤੋਂ ਖ਼ੁਸ਼ਹਾਲ ਅਤੇ ਵੱਸਦਾ-ਰਸਦਾ ਦੇਖਣਾ ਚਾਹੁੰਦੇ ਹਨ, ਉਹ ਆਪਣੇ ਸਾਰੇ ਮਤਭੇਦਾਂ ਨੂੰ ਭੁਲਾ ਕੇ ਇਕ ਮੰਚ 'ਤੇ ਆਉਣ। ਪੰਜਾਬ ਦੇ ਪੇਚੀਦਾ ਮੱਸਲਿਆਂ ਦੇ ਹੱਲ ਲਈ ਗਹਿਰੀ ਵਿਚਾਰ ਚਰਚਾ ਕੀਤੀ ਜਾਏ ਅਤੇ ਇਕ ਘੱਟੋ-ਘੱਟ ਆਮ ਸਹਿਮਤੀ ਵਾਲਾ ਪ੍ਰੋਗਰਾਮ ਵੀ ਤਿਆਰ ਕੀਤਾ ਜਾਏ। ਫਿਰ ਉਸ ਦੇ ਆਧਾਰ 'ਤੇ ਇਕ ਲਹਿਰ ਉਸਾਰਨ ਲਈ ਲੋਕਾਂ ਤਕ ਪਹੁੰਚ ਕੀਤੀ ਜਾਏ। ਜੇਕਰ ਅਜੋਕੀਆਂ ਸਥਿਤੀਆਂ ਵਿੱਚ ਸਿਆਸਤਦਾਨ ਤੇ ਜਾਗਰੂਕ ਨਾਗਰਿਕ ਉਦਾਸੀਨ ਬਣੇ ਰਹਿੰਦੇ ਹਨ ਤਾਂ ਪੰਜਾਬ ਨੂੰ ਵੱਡੇ ਆਰਥਿਕ ਸੰਕਟ, ਸਮਾਜਿਕ ਸੰਕਟ ਤੇ ਵਾਤਾਵਰਨ ਸੰਕਟ ਦਾ ਸਾਹਮਣਾ ਕਰਨਾ ਪਵੇਗਾ। ਇਕ ਤਰ੍ਹਾਂ ਨਾਲ ਪੰਜਾਂ ਦਰਿਆਵਾਂ ਦੀ ਇਸ ਧਰਤੀ 'ਤੇ ਸਮੁੱਚਾ ਪੰਜਾਬੀ ਵਸੇਬੀ ਹੀ ਖ਼ਤਰੇ ਵਿੱਚ ਪੈ ਸਕਦਾ ਹੈ। ਇਸੇ ਕਰਕੇ ਸਾਨੂੰ ਸਭ ਨੂੰ ਮਿਲ ਜੁਲ ਕੇ ਆਪਣੀ ਸਭ ਤੋਂ ਵੱਡੀ ਵਿਰਾਸਤ ਪੰਜਾਬ ਲਈ ਸੋਚਣਾ ਅਤੇ ਕੰਮ ਕਰਨਾ ਚਾਹੀਦਾ ਹੈ।

***

## ਨਸ਼ਿਆਂ ਨੂੰ ਰੋਕਣ ਲਈ ਲੋਕ ਪੱਖੀ ਲਹਿਰ

ਰਸਾਇਣਕ ਨਸ਼ਿਆਂ ਦੇ ਨਾਲ-ਨਾਲ ਸ਼ਰਾਬ ਵੀ ਸਰੀਰਕ ਨਿਰਭਰਤਾ ਪੈਦਾ ਕਰਦੀ ਹੈ। ਲੰਬੇ ਸਮੇਂ ਤੋਂ ਜ਼ਿਆਦਾ ਸ਼ਰਾਬ ਪੀਣ ਨਾਲ ਸਰੀਰ ਨੂੰ ਹਰ ਰੋਜ਼ ਅਲਕੋਹਲ ਦੀ ਜ਼ਰੂਰਤ ਹੁੰਦੀ ਹੈ। ਸ਼ਰਾਬ ਨੂੰ ਛੱਡਣ ਨਾਲ ਭਾਰ ਘਟਣਾ, ਸਰੀਰ ਦੀ ਬਣਤਰ ਵਿੱਚ ਸੁਧਾਰ, ਪੇਟ ਦੀ ਘੱਟ ਚਰਬੀ, ਟ੍ਰਾਈਗਲਿਸਰਾਈਡਸ (ਖੂਨ ਵਿੱਚ ਚਰਬੀ ਦੇ ਕਣਾਂ ਵਿੱਚੋਂ ਇੱਕ) ਵਿੱਚ ਸੁਧਾਰ ਦੇਖਣ ਨੂੰ ਮਿਲ ਸਕਦਾ ਹੈ।

ਹਾਈ ਬਲੱਡ ਪ੍ਰੈਸ਼ਰ, ਦਿਲ ਦੀ ਬਿਮਾਰੀ, ਸਟ੍ਰੋਕ, ਜਿਗਰ ਦੀ ਬਿਮਾਰੀ, ਅਤੇ ਪਾਚਨ ਸਮੱਸਿਆਵਾਂ, ਛਾਤੀ, ਮੂੰਹ, ਗਲੇ, ਨਾੜੀਆਂ, ਵੌਇਸ ਬਾਕਸ, ਜਿਗਰ, ਕੋਲਨ ਅਤੇ ਗੁਦਾ ਦਾ ਕੈਂਸਰ ਵੀ ਹੋ ਸਕਦਾ ਹੈ। 2009 ਦੇ ਅੰਕੜਿਆਂ ਦੇ ਆਧਾਰ 'ਤੇ ਸੰਯੁਕਤ ਰਾਜ ਵਿੱਚ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦਾ ਅੰਦਾਜ਼ਨ 3.5% (ਲਗਭਗ 19,500) ਮੌਤਾਂ ਸ਼ਰਾਬ ਨਾਲ ਸੰਬੰਧਿਤ ਸਨ।

ਛਾਤੀ ਦਾ ਕੈਂਸਰ: ਅਧਿਐਨਾਂ ਨੇ ਲਗਾਤਾਰ ਸ਼ਰਾਬ ਦਾ ਸੇਵਨ ਕਰਨ ਵਾਲੀਆਂ ਔਰਤਾਂ ਵਿੱਚ ਛਾਤੀ ਦੇ ਕੈਂਸਰ ਦੇ ਵਧੇ ਹੋਏ ਜੋਖਮ ਨੂੰ ਪਾਇਆ ਹੈ।

ਬਹੁਤ ਜ਼ਿਆਦਾ ਅਲਕੋਹਲ ਦੀ ਵਰਤੋਂ ਨੇ 2015-2019 ਤਕ ਸੰਯੁਕਤ ਰਾਜ ਅਮਰੀਕਾ ਵਿੱਚ ਹਰ ਸਾਲ 140,000 ਤੋਂ ਵੱਧ ਮੌਤਾਂ ਹੋ ਜਾਂਦੀਆਂ ਹਨ। ਵਿਸ਼ਵ ਭਰ ਵਿੱਚ 2019 ਵਿੱਚ ਲਗਭਗ 2.6 ਮਿਲੀਅਨ ਮੌਤਾਂ ਸ਼ਰਾਬ ਦੇ ਸੇਵਨ ਕਾਰਨ ਹੋਈਆਂ। ਵਾਇਰ ਸਟਾਫ (26 ਜੂਨ 2024) ਮੁਤਾਬਕ ਵਿਸ਼ਵ ਸਿਹਤ ਸੰਗਠਨ ਦੀ ਇੱਕ ਨਵੀਂ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਭਾਰਤ ਵਿੱਚ ਸ਼ਰਾਬ ਨਾਲ ਹੋਣ ਵਾਲੀਆਂ ਮੌਤਾਂ ਦੀ ਦਰ ਚੀਨ ਨਾਲੋਂ ਦੁੱਗਣੀ ਹੈ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਦੁਆਰਾ ਉਜਾਗਰ ਕੀਤੇ ਗਏ ਰੁਝਾਨਾਂ ਵਿੱਚੋਂ ਇੱਕ ਇਹ ਹੈ ਕਿ 15-19 ਸਾਲ ਦੀ ਉਮਰ ਦੇ ਭਾਰਤੀ ਨੌਜਵਾਨਾਂ ਵਿੱਚ ਸ਼ਰਾਬ ਪੀਣ ਦੀ ਪ੍ਰਵਿਰਤੀ ਹੈ। ਵਿਸ਼ਵ ਸਿਹਤ ਸੰਗਠਨ ਰਿਪੋਰਟ ਅਗਲੇ ਛੇ ਸਾਲਾਂ ਵਿੱਚ ਭਾਰਤ ਵਿੱਚ ਪ੍ਰਤੀ ਵਿਅਕਤੀ ਸ਼ਰਾਬ ਦੀ ਖਪਤ ਵਿੱਚ ਤੇਜ਼ੀ ਨਾਲ ਵਾਧੇ ਦੀ ਭਵਿੱਖਬਾਣੀ ਕਰਦੀ ਹੈ।

ਇਮਿਊਨ (ਕੁਦਰਤੀ ਸੁਰੱਖਿਆ) ਸਿਸਟਮ ਦੇ ਕਮਜ਼ੋਰ ਹੋਣ ਨਾਲ ਬਿਮਾਰ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਸਿੱਖਣ ਅਤੇ ਯਾਦਦਾਸ਼ਤ ਦੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਮਾਨਸਿਕ ਸਮੱਸਿਆਵਾਂ, ਡਿਪਰੈਸ਼ਨ ਅਤੇ ਚਿੰਤਾ ਸਮੇਤ ਸਮਾਜਿਕ ਸਮੱਸਿਆਵਾਂ, ਪਰਿਵਾਰਕ ਸਮੱਸਿਆਵਾਂ, ਨੌਕਰੀ ਨਾਲ ਸੰਬੰਧਿਤ ਸਮੱਸਿਆਵਾਂ, ਅਤੇ ਬੇਰੁਜ਼ਗਾਰੀ ਸ਼ਾਮਲ ਹੈ। ਹਿੰਸਾ, ਜਿਸ ਵਿੱਚ ਕਤਲ, ਖ਼ੁਦਕੁਸ਼ੀ, ਜਿਣਸੀ ਹਮਲਾ, ਅਤੇ ਗੂੜ੍ਹੇ ਸਾਥੀ ਦੀ ਹਿੰਸਾ ਸ਼ਾਮਲ ਹੈ ਖ਼ਤਰਨਾਕ ਜਿਣਸੀ ਵਿਵਹਾਰ ਦੇ ਨਤੀਜੇ ਵਜੋਂ ਅਣਇੱਛਤ ਗਰਭ ਅਵਸਥਾ ਜਾਂ ਜਿਣਸੀ ਤੌਰ 'ਤੇ ਸੰਚਾਰਿਤ ਬਿਮਾਰੀਆਂ ਹੋ ਸਕਦੀਆਂ ਹਨ, ਜਿਸ ਵਿੱਚ ਐੱਚਆਈਵੀ ਵੀ ਸ਼ਾਮਲ ਹੈ। ਸ਼ਰਾਬ ਗਰਭਵਤੀ ਔਰਤਾਂ ਵਿੱਚ ਗਰਭਪਾਤ ਅਤੇ ਮਰੇ ਹੋਏ ਭਰੂਣ ਦਾ ਕਾਰਨ ਬਣਦੀ ਹੈ।

ਨੈਸ਼ਨਲ ਕੈਂਸਰ ਇੰਸਟੀਚਿਊਟ ਦੇ ਅਨੁਸਾਰ: ਇਕ ਸਪਸ਼ਟ ਵਿਗਿਆਨਕ ਸਹਿਮਤੀ ਹੈ ਕਿ ਸ਼ਰਾਬ ਪੀਣ ਨਾਲ ਕਈ ਕਿਸਮਾਂ ਦੇ ਕੈਂਸਰ ਹੋ ਸਕਦੇ ਹਨ। ਪੂੰਜੀਵਾਦ ਦੀਆਂ ਸਭ ਤੋਂ ਵੱਡੀਆਂ ਬੇਈਮਾਨੀਆਂ ਵਿੱਚੋਂ ਇੱਕ ਇਹ ਮੰਨਣਾ ਹੈ ਕਿ ਮੁਨਾਫੇ ਦਾ ਉਦੇਸ਼ ਅਸਲ ਖਪਤਕਾਰਾਂ ਦੀਆਂ ਲੋੜਾਂ ਨਾਲ ਮੇਲ ਖਾਂਦਾ ਹੈ। ਪੂੰਜੀਵਾਦ ਦੇ ਸਮਰਥਕ ਦਾਅਵਾ ਕਰਦੇ ਹਨ ਕਿ ਜੇਕਰ ਕੋਈ ਉਦਯੋਗ ਜਾਂ ਕੰਪਨੀ ਵਧਦੀ ਹੈ ਤਾਂ ਇਸਦਾ ਮਤਲਬ ਹੈ ਕਿ ਖਪਤਕਾਰ ਅਸਲ ਵਿੱਚ ਉਹ ਉਤਪਾਦ ਚਾਹੁੰਦੇ ਹਨ, ਜੋ ਉਹ ਵਿਸ਼ੇਸ਼ ਕੰਪਨੀ ਜਾਂ ਉਦਯੋਗ ਪੈਦਾ ਕਰਦਾ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ਅੱਜ ਦਾ ਮੁੱਦਾ
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com